PANJAB TIMES
£2
# ਪੰਜਾਬ ਟਾਈਮਜ਼
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
9th - 16th July 2026 • Issue No. 3138
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 01332 372851 • www.panjabtimes.uk • Email: panjabtimes@aol.com

IAB
FOR FREE INITIAL ADVICE
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!


Immigration Advice Bureau
Tel: 020 8571 6680
www.iabl.co.uk

# ਅਕਾਲ ਤਖ਼ਤ ਦੀ ਅਥਾਰਟੀ ਨੂੰ ਵੰਗਾਰਨਾ ਬਰਦਾਸ਼ਤ ਨਹੀਂ

# ਪੰਥਕ ਇਕੱਠ ਵਿਚ ਭਗਵੰਤ ਮਾਨ ਵਿਰੁੱਧ ਗੁਰਮਤਾ ਪਾਸ

- ਸ਼੍ਰੋਮਣੀ ਕਮੇਟੀ ਦੀ ਵੱਡੀ ਰਣਨੀਤੀ: ਪੰਥ ਵਿਰੋਧੀ ਸਾਜ਼ਿਸ਼ਾਂ ਦੇ ਟਾਕਰੇ ਲਈ ਪਿੰਡ-ਪਿੰਡ ਗਠਿਤ ਹੋਣਗੀਆਂ 'ਗੁਰਸਿੱਖ ਕਮੇਟੀਆਂ'
- ਚੰਡੀਗੜ੍ਹ-ਮੋਹਾਲੀ ਦੇ 'ਆਈ.ਟੀ. ਸੈਂਟਰਾਂ' ਨੂੰ ਜਥੇਦਾਰ ਗੜਗੱਜ ਦੀ ਚਿਤਾਵਨੀ: 10 ਦਿਨਾਂ ਵਿਚ ਬੰਦ ਕਰੋ ਭੰਡੀ ਪ੍ਰਚਾਰ
- ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ 24 ਜੁਲਾਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਚੱਲੇਗੀ 'ਖ਼ਾਲਸਾ ਵਹੀਰ'





## ਡਰਬੀ ਵਿਖੇ ਸਿੱਖ ਅਜਾਇਬਘਰ ਅਤੇ ਸ਼ਹੀਦੀ ਯਾਦਗਾਰ 'ਫਤਹਿ ਦਰਵਾਜ਼ਾ' ਦੇ ਦਰਸ਼ਨ ਕਰਨ ਉਪਰੰਤ ਖਡੂਰ ਸਾਹਿਬ ਵਾਲੇ ਬਾਬਾ ਸੇਵਾ ਸਿੰਘ ਜੀ ਵੱਲੋਂ ਸਿੰਘ ਸਭਾ ਦੇ ਸੇਵਾਦਾਰਾਂ ਦੀ ਸ਼ਲਾਘਾ





ਖਡੂਰ ਸਾਹਿਬ ਵਿਖੇ 'ਨਿਸ਼ਾਨ–ਏ–ਸਿੱਖੀ' ਮਿਨਾਰ ਬਨਾਉਣ ਵਾਲੇ ਬਾਬਾ ਸੇਵਾ ਸਿੰਘ ਜੀ ਨੇ ਬੀਤੇ ਮੰਗਲਵਾਰ ਨੂੰ ਸਿੱਖ ਅਜਾਇਬ ਘਰ ਅਤੇ 1984 ਦੇ ਸ਼ਹੀਦਾਂ ਦੀ ਯਾਦਗਾਰ 'ਫਤਹਿ ਦਰਵਾਜ਼ਾ' ਦੇ ਦਰਸ਼ਨ ਕੀਤੇ। ਉਹਨਾਂ ਦਰਸ਼ਨ ਕਰਨ ਉਪਰੰਤ ਕਿਹਾ ਕਿ ਸਿੰਘ ਸਭਾ ਦੇ ਸੇਵਾਦਾਰਾਂ ਦਾ ਇਹ ਬਹੁਤ ਵਧੀਆ ਯਤਨ ਹੈ, ਇਸ ਨਾਲ ਅਗਲੀਆਂ ਪੀੜ੍ਹੀਆਂ ਨੂੰ ਸਿੱਖ ਇਤਿਹਾਸ ਦੇ ਜ਼ਾਹਰਾ ਤੌਰ ਤੇ ਦਰਸ਼ਨ ਹੁੰਦੇ ਹਨ। ਇਸ ਮੌਕੇ ਉਹਨਾਂ ਦਾ ਸਤਿਕਾਰ ਕਰਦੇ ਹੋਏ, ਖੱਬੇ ਤੋਂ ਪ੍ਰਭਜੋਤ ਸਿੰਘ, ਭਾਈ ਲਖਵੀਰ ਸਿੰਘ, ਰਾਜਿੰਦਰ ਸਿੰਘ ਪੁਰੇਵਾਲ ਚੇਅਰਮੈਨ ਅਜਾਇਬਘਰ, ਰਘਬੀਰ ਸਿੰਘ ਪ੍ਰਧਾਨ ਸਿੰਘ ਸਭਾ ਡਰਬੀ, ਬਾਬਾ ਸੇਵਾ ਸਿੰਘ ਜੀ, ਦਇਆ ਸਿੰਘ ਪ੍ਰਧਾਨ ਸ੍ਰੀ ਗੁਰੂ ਹਰਿ ਰਾਏ ਸਾਹਿਬ ਗੁਰਦੁਆਰਾ ਵੈਸਟ ਬ੍ਰਾਮਵਿਚ, ਪ੍ਰੋ: ਦਲਜੀਤ ਸਿੰਘ ਵਿਰਕ ਅਤੇ ਹੋਰ ਪਤਵੰਤੇ ਸੱਜਣ

## ਨਿੱਝਰ ਕਤਲ ਸਮੇਤ ਅੰਤਰਰਾਸ਼ਟਰੀ ਅਪਰਾਧਿਕ ਨੈੱਟਵਰਕ ਖ਼ਿਲਾਫ਼ ਅਮਰੀਕਾ ਦੀ ਵੱਡੀ ਕਾਰਵਾਈ

ਲਾਰੈਂਸ ਬਿਸ਼ਨੋਈ, ਜੱਗੂ ਭਗਵਾਨਪੁਰੀਆ ਸਮੇਤ 37 ਮੁਲਜ਼ਮ ਨਾਮਜ਼ਦ, ਜਿਹਨਾਂ ਚੋਂ 24 ਕੀਤੇ ਗ੍ਰਿਫਤਾਰ – ਪੰਜਾਬ ਦੇ ਪੁਲਿਸ ਅਧਿਕਾਰੀ ਗੁਰਿੰਦਰਜੀਤ ਸਿੰਘ 'ਤੇ ਵੀ ਗੰਭੀਰ ਦੋਸ਼ – ਅੰਤਰਰਾਸ਼ਟਰੀ ਪੱਧਰ 'ਤੇ ਕੀਤੇ ਜਾ ਰਹੇ ਕਤਲਾਂ ਅਤੇ ਫਿਰੌਤੀਆਂ ਨੂੰ ਠੱਲ੍ਹ ਪੈਣ ਦੇ ਆਸਾਰ

## ਭਾਈ ਖਾਲੜਾ ਦੇ ਸੰਘਰਸ਼ ਅਤੇ ਸ਼ਹਾਦਤ ਤੇ ਬਣੀ ਫਿਲਮ 'ਸਤਲੁੱਜ' ਨੇ ਸਰਕਾਰੀ ਸ਼ਹਿ 'ਤੇ ਪੰਜਾਬ ਪੁਲਿਸ ਦੇ ਕੀਤੇ ਜ਼ੁਲਮਾਂ ਤੋਂ ਚੁੱਕਿਆ ਪਰਦਾ

ਪੰਜਾਬ ਵਿੱਚ 1984 ਤੋਂ 1995 ਦੇ ਦਹਾਕੇ ਵਿੱਚ ਪੰਜਾਬ ਪੁਲਿਸ ਵੱਲੋਂ ਸਰਕਾਰੀ ਸਰਪ੍ਰਸਤੀ ਹੇਠ ਸਿੱਖਾਂ ਦੇ ਅਣਮਨੁੱਖੀ ਕਤਲੇਆਮ ਬਾਰੇ ਦਲਜੀਤ ਦੁਸਾਂਝ ਦੀ ਫਿਲਮ ਸਤਲੁਜ ਦੀ ਇਸ ਸਮੇਂ ਦੁਨੀਆ ਭਰ ਵਿੱਚ ਸਭ ਤੋਂ ਵੱਧ ਚਰਚਾ ਹੈ। ਇਸ ਬਾਰੇ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਦੱਸਿਆ ਕਿ ਸ: ਜਸਵੰਤ ਸਿੰਘ ਖਾਲੜਾ ਨੇ ਆਖਰੀ ਭਾਸ਼ਨ ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ ਵਿਖੇ ਦਿੱਤਾ ਸੀ ਅਤੇ ਪੰਜਾਬ ਟਾਈਮਜ਼ ਨੇ ਉਹਨਾਂ ਦੀ ਆਖਰੀ ਇੰਟਰਵਿਊ ਛਾਪੀ ਸੀ। ਇਸ ਦੌਰਾਨ ਉਹਨਾਂ ਨੂੰ ਇਥੇ ਯੂ ਕੇ 'ਚ ਰੁਕ ਜਾਣ ਵੀ ਅਸੀਂ ਆਖਿਆ ਸੀ, ਪਰ ਸ: ਖਾਲੜਾ ਨੂੰ ਆਪਣੇ ਨਾਲ ਵਾਪਰਨ ਵਾਲੀ ਹੋਣੀ ਦਾ ਅਹਿਸਾਸ ਹੋਣ ਦੇ ਬਾਵਜੂਦ ਉਹ ਆਪਣੇ ਮਿਸ਼ਨ ਲਈ ਦ੍ਰਿੜ ਸਨ, ਤੇ ਪੰਜਾਬ ਜਾ ਕੇ ਸ਼ਹੀਦ ਹੋ ਗਏ।



# ਗਲਾਸਗੋ ਵਿੱਚ ਨਵੀਂ ਫਿਲਮ ਦੀ ਸ਼ੂਟਿੰਗ ਕਰਦੇ ਆਏ ਕਪਿਲ ਸ਼ਰਮਾ




ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) - ਸਕਾਟਲੈਂਡ ਦਾ ਸਭ ਤੋਂ ਵੱਡਾ ਸ਼ਹਿਰ ਗਲਾਸਗੋ ਇਨ੍ਹੀਂ ਦਿਨੀਂ ਬਾਲੀਵੁੱਡ ਫਿਲਮਾਂ ਦੀ ਸ਼ੂਟਿੰਗ ਦਾ ਕੇਂਦਰ ਬਣਿਆ ਹੋਇਆ ਹੈ। ਸ਼ਹਿਰ ਦੀਆਂ ਵੱਖ-ਵੱਖ ਸੜਕਾਂ ਅਤੇ ਪ੍ਰਸਿੱਧ ਥਾਵਾਂ ਤੇ ਫਿਲਮ ਦੀ ਸ਼ੂਟਿੰਗ ਦੌਰਾਨ ਬਾਲੀਵੁੱਡ ਦੇ ਕਈ ਮਸ਼ਹੂਰ ਸਿਤਾਰੇ ਦੇਖੇ ਗਏ। ਇੱਕ ਫਿਲਮ ਦੀ ਸ਼ੂਟਿੰਗ ਦੌਰਾਨ ਮਸ਼ਹੂਰ ਕਾਮੇਡੀਅਨ ਅਤੇ ਅਦਾਕਾਰ ਕਪਿਲ ਸ਼ਰਮਾ,ਅਭਿਨੇਤਰੀ ਰਵੀਨਾ ਟੰਡਨ, ਅਦਾਕਾਰ ਮਨੀਸ਼ ਪੌਲ, ਗੁਲਸ਼ਨ ਦੇਵੈਆ ਹੋਰ ਕਈ ਕਲਾਕਾਰ ਗਲਾਸਗੋ ਵਿੱਚ ਵੇਖੇ ਗਏ। ਇਸ ਫਿਲਮ ਵਿੱਚ ਕਪਿਲ ਸ਼ਰਮਾ ਦੇ ਨਾਲ ਰਵੀਨਾ ਟੰਡਨ ਅਤੇ ਗੁਲਸ਼ਨ ਦੇਵੈਆ ਵੀ ਅਹਿਮ ਭੂਮਿਕਾਵਾਂ ਨਿਭਾ ਰਹੇ ਹਨ। ਸਿਤਾਰਿਆਂ ਦੀ ਇੱਕ ਝਲਕ ਪਾਉਣ ਲਈ ਵੱਡੀ ਗਿਣਤੀ ਵਿੱਚ ਪ੍ਰਸ਼ੰਸਕ ਸ਼ੂਟਿੰਗ ਵਾਲੀਆਂ ਥਾਵਾਂ ਤੇ ਪਹੁੰਚੇ ਅਤੇ ਉਨ੍ਹਾਂ ਨਾਲ ਤਸਵੀਰਾਂ ਵੀ ਖਿੱਚਵਾਈਆਂ। ਜਾਣਕਾਰੀ ਮੁਤਾਬਕ ਇਹ ਸ਼ੂਟਿੰਗ ਕਪਿਲ ਸ਼ਰਮਾ ਦੀ ਨਵੀਂ ਫਿਲਮ ਲਈ ਕੀਤੀ ਜਾ ਰਹੀ ਹੈ। ਗਲਾਸਗੋ ਦੀਆਂ ਇਤਿਹਾਸਕ ਇਮਾਰਤਾਂ, ਖ਼ੂਬਸੂਰਤ ਗਲੀਆਂ ਅਤੇ ਯੂਰਪੀ ਅੰਦਾਜ਼ ਦੀ ਵਾਸਤੁਕਲਾ ਕਾਰਨ ਇਹ ਸ਼ਹਿਰ ਅੰਤਰਰਾਸ਼ਟਰੀ ਫਿਲਮ ਨਿਰਮਾਤਾਵਾਂ ਦੀ ਪਹਿਲੀ ਪਸੰਦ ਬਣਦਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਵੀ ਕਈ ਹਾਲੀਵੁੱਡ ਅਤੇ ਬਾਲੀਵੁੱਡ ਪ੍ਰੋਜੈਕਟਾਂ ਦੀ ਸ਼ੂਟਿੰਗ ਇੱਥੇ ਹੋ ਚੁੱਕੀ ਹੈ।

## ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।**




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

PANJAB TIMES, BRIDLE GATE LANE, DERBY, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...

| | |
|---|---|
| ਗੋਡਾ | Knee |
| ਹੱਡੀ | Bone |
| ਕੱਪੜੇ | Cloths |
| ਦਸਤਾਰ | Turban |
| ਪਗੜੀ | Turban |
| ਕੋਟ | Coat |
| ਕਮੀਜ਼ | Shirt |
| ਪੈਂਟ | Pant |
| ਜਰਾਬ | Sock |
| ਪਜਾਮਾ | Pajama |
| ਸਲਵਾਰ | Women's Trousers |
| ਸ਼ਾਲ | Shawl |
| ਸਿਹਤ ਸੰਬੰਧੀ | Health |
| ਬੀਮਾਰੀ | Disease |
| ਬੀਮਾਰ | Patient |
| ਦਰਦ | Pain |
| ਕਮਜ਼ੋਰੀ | Weakness |
| ਦਿਲ-ਕਚਾ | Nausea |
| ਉਲਟੀ | Vomiting |
| ਬੁਖਾਰ | Fever |
| ਜ਼ੁਕਾਮ | Cold |
| ਹੈਜ਼ਾ | Cholera |
| ਚੇਚਕ | Small Pox |
| ਸੱਟ / ਚੋਟ | Hit |
| ਜ਼ਖਮ | Wound |

Sikhya - Gurmukhi iii V1.1

### -ਮਾਮਲਾ ਭਾਈ ਖਾਲੜਾ ’ਤੇ ਬਣੀ ਫਿਲਮ ‘ਸਤਲੁਜ’ ’ਤੇ ਪਾਬੰਦੀ: ਜੀ5 ਤੋਂ ਹਟਾਉਣ ਦਾ-

# ਭਾਈ ਖਾਲੜਾ ਦੇ ਸੰਘਰਸ਼ ਤੇ ਸ਼ਹਾਦਤ ਦੇ ਸੱਚ ਤੋਂ ਕਿਉਂ ਭੈਅ-ਭੀਤ ਨੇ ਸਰਕਾਰਾਂ ?

### ✪ ਪੰਜਾਬੀਆਂ ਤੇ ਪੰਥਕ ਜਥੇਬੰਦੀਆਂ ਵਿਚ ਭਾਰੀ ਰੋਸ, ਦਿਲਜੀਤ ਬੋਲੇ-‘ਸੱਚ ਦਬਾਇਆ ਨਹੀਂ ਜਾ ਸਕਦਾ’



**ਨਿਊਜ਼ ਵਿਸ਼ਲੇਸ਼ਣ**

ਮਨੁੱਖੀ ਅਧਿਕਾਰਾਂ ਦੀ ਗੱਲ ਕਰਨ ਵਾਲੀ ਅਤੇ ਪੰਜਾਬ ਦੇ ਕਾਲੇ ਦੌਰ ਦੇ ਅਣਕਹੇ ਪੰਨਿਆਂ ਨੂੰ ਪਰਦੇ ’ਤੇ ਲਿਆਉਣ ਵਾਲੀ ਫਿਲਮ ‘ਸਤਲੁਜ’ (ਪੁਰਾਣਾ ਨਾਮ ਪੰਜਾਬ ’95 / ਘੱਲੂਘਾਰਾ) ਨੂੰ 3 ਜੁਲਾਈ 2026 ਨੂੰ ਜੀ5 ਓਟੀਟੀ ਪਲੇਟਫਾਰਮ ’ਤੇ ਰਿਲੀਜ਼ ਹੋਣ ਦੇ ਮਹਿਜ਼ ਦੋ ਦਿਨਾਂ ਬਾਅਦ ਹੀ ਭਾਰਤ ਵਿੱਚ ਹਟਾ ਦਿੱਤਾ ਗਿਆ ਸੀ। ਇਹ ਘਟਨਾ ਇੱਕ ਵਾਰ ਫਿਰ ਇਹ ਸਵਾਲ ਖੜ੍ਹਾ ਕਰਦੀ ਹੈ ਕਿ ਜਦੋਂ ਕੋਈ ਫਿਲਮ ਇਤਿਹਾਸਕ ਦਸਤਾਵੇਜ਼ਾਂ ਅਤੇ ਅਦਾਲਤੀ ਸੱਚਾਈਆਂ ’ਤੇ ਆਧਾਰਿਤ ਹੈ, ਮਨੁੱਖੀ ਅਧਿਕਾਰਾਂ ਦਾ ਨੈਰੇਟਿਵ ਸਿਰਜਦੀ ਹੋਈ ਪੁਲਸੀਆ ਸਟੇਟ ਦੀ ਸਚਾਈ ਉਜਾਗਰ ਕਰਦੀ ਹੈ, ਤਾਂ ਸਰਕਾਰਾਂ ਉਸ ਦੇ ਪ੍ਰਗਟਾਵੇ ਤੋਂ ਇੰਨੀਆਂ ਭੈਅ--ਭੀਤ ਕਿਉਂ ਹੋ ਜਾਂਦੀਆਂ ਹਨ? ਓਟੀਟੀ ਪਲੇਟਫਾਰਮ ਜੀ5 ਨੇ ਇੱਕ ਅਧਿਕਾਰਤ ਬਿਆਨ ਜਾਰੀ ਕਰਕੇ ਫਿਲਮ ਹਟਾਉਣ ਦੀ ਪੁਸ਼ਟੀ ਕੀਤੀ ਹੈ। ਕੰਪਨੀ ਨੇ ਕਿਹਾ, “ਮੌਜੂਦਾ ਹਾਲਾਤ ਅਤੇ ਘਟਨਾਕ੍ਰਮ ਨੂੰ ਦੇਖਦੇ ਹੋਏ, ‘ਸਤਲੁਜ’ ਫਿਲਮ ਅਗਲੀ ਸੂਚਨਾ ਤੱਕ ਭਾਰਤ ਵਿੱਚ ਉਪਲਬਧ ਨਹੀਂ ਰਹੇਗੀ। ਅਸੀਂ ਕਾਨੂੰਨੀ ਪ੍ਰਕਿਰਿਆ ਅਨੁਸਾਰ ਹਰ ਢੁਕਵੇਂ ਰਸਤੇ ਦੀ ਪੜਤਾਲ ਕਰ ਰਹੇ ਹਾਂ ਤਾਂ ਜੋ ਇਸ ਫਿਲਮ ਨੂੰ ਜਲਦੀ ਤੋਂ ਜਲਦੀ ਮੁੜ ਆਪਣੇ ਦਰਸ਼ਕਾਂ ਤੱਕ ਪਹੁੰਚਾਇਆ ਜਾ ਸਕੇ।”

ਭਾਈ ਜਸਵੰਤ ਸਿੰਘ ਖਾਲੜਾ ਦੇ ਪਤਨੀ ਪਰਮਜੀਤ ਕੌਰ ਖਾਲੜਾ ਨੇ ਇਲਜ਼ਾਮ ਵੀ ਲਾਇਆ ਸੀ ਕਿ ਫ਼ਿਲਮ ਕੈਨੇਡਾ ਦੇ ਟੋਰਾਂਟੋ ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ (2023) ਲਈ ਚੁਣੀ ਗਈ ਸੀ ਪਰ ਇਸ ਨੂੰ ਉੱਥੇ ਦਿਖਾਉਣ ਨਹੀਂ ਦਿੱਤਾ ਗਿਆ। ਫਿਲਮ ਦੇ ਨਿਰਦੇਸ਼ਕ ਹਨੀ ਤ੍ਰੇਹਨ ਨੇ ਫ਼ਿਲਮ ਦੇ ਰਿਲੀਜ਼ ਟਲਣ ਨੂੰ ਲੈਕੇ ਕਿਹਾ ਸੀ, “ਮੈਨੂੰ ਆਪ ਨਹੀਂ ਪਤਾ ਕਿ ਫਿਲਮ ਕਿਉਂ ਨਹੀਂ ਰਿਲੀਜ਼ ਹੋ ਰਹੀ। ਹਾਲਾਂਕਿ ਸਾਰੀ ਦੀ ਸਾਰੀ ਫਿਲਮ ਕਾਨੂੰਨੀ ਦਸਤਾਵੇਜਾਂ ਉੱਤੇ ਬਣੀ ਹੋਈ ਫਿਲਮ ਹੈ।”

ਸਰਕਾਰ ਫਿਲਮ ਚੱਲਣ ਕਿਉਂ ਨਹੀਂ ਦੇ ਰਹੀ?-ਦਿਲਜੀਤ ਦੁਸਾਂਝ ਦੀ ਫ਼ਿਲਮ ‘ਸਤਲੁਜ’ ਨੂੰ ਓਟੀਟੀ ਪਲੇਟਫਾਰਮ ਜੀ5 ਤੋਂ ਹਟਾਏ ਜਾਣ ਦੇ ਵਿਵਾਦ ਵਿਚਕਾਰ, ਕੇਂਦਰ ਸਰਕਾਰ ਦੇ ਪ੍ਰਤੀਨਿਧੀਆਂ ਦਾ ਮੰਨਣਾ ਹੈ ਕਿ ਸਰਕਾਰ ਨੂੰ ਇਹ ਡਰ ਹੈ ਕਿ ਫਿਲਮ ਦੇ ਕੁਝ ਹਿੱਸੇ “ਦੇਸ਼ ਵਿਰੋਧੀ ਅਨਸਰਾਂ” ਵੱਲੋਂ ਆਪਣੇ ਹਿੱਤਾਂ ਲਈ ਵਰਤੇ ਜਾ ਸਕਦੇ ਹਨ।

ਫਿਲਮ ਵਿੱਚ 80 ਅਤੇ 90 ਦੇ ਦਹਾਕੇ ਦੌਰਾਨ ਪੰਜਾਬ ਵਿੱਚ ਹੋਏ ਪੁਲਿਸ ਜਬਰ, ਝੂਠੇ ਮੁਕਾਬਲਿਆਂ ਅਤੇ ਲਾਵਾਰਿਸ ਲਾਸ਼ਾਂ ਦੇ ਸੰਵੇਦਨਸ਼ੀਲ ਮੁੱਦੇ ਨੂੰ ਚੁੱਕਿਆ ਗਿਆ ਹੈ। ਸਰਕਾਰ ਦਾ ਮੰਨਣਾ ਹੈ ਕਿ ਅਜਿਹੇ ਬਿਰਤਾਂਤ ਨੂੰ ਜਨਤਕ ਕਰਨ ਨਾਲ ਅਮਨ-ਕਾਨੂੰਨ ਦੀ ਸਥਿਤੀ ਪ੍ਰਭਾਵਿਤ ਹੋ ਸਕਦੀ ਹੈ। ਇਸੇ ਕਾਰਨ ਪਹਿਲਾਂ ਇਸ ’ਤੇ 120 ਕੱਟ ਲਗਾਉਣ, ਨਾਮ ਬਦਲਣ (ਪੰਜਾਬ ’95 ਤੋਂ ਸਤਲੁਜ) ਅਤੇ ਗੁਰਬਾਣੀ ਦੇ ਉਚਾਰਣ ਵਰਗੇ ਹਵਾਲੇ ਹਟਾਉਣ ਦੀ ਮੰਗ ਕੀਤੀ ਗਈ ਸੀ।

ਪਰ ਨਿਰਮਾਤਾਵਾਂ ਨੇ ਇਨ੍ਹਾਂ ਕੱਟਾਂ ਨੂੰ ਸਵੀਕਾਰ ਨਹੀਂ ਕੀਤਾ ਅਤੇ ਫਿਲਮ ਦੀ ਥੀਏਟਰ ਰਿਲੀਜ਼ ਨੂੰ ਰੋਕ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਨੇ ਸੈਂਸਰ ਬੋਰਡ ਦੇ ਫੈਸਲੇ ਖਿਲਾਫ ਅੜੀਅਲ ਰੁਖ਼ ਅਪਣਾਉਂਦੇ ਹੋਏ, ਫਿਲਮ ਦਾ ਨਾਮ ਬਦਲ ਕੇ ‘ਸਤਲੁਜ’ ਰੱਖਿਆ ਅਤੇ ਇਸ ਨੂੰ ਚੁੱਪਚਾਪ ਓਟੀਟੀ ਪਲੇਟਫਾਰਮ ’ਤੇ ਰਿਲੀਜ਼ ਕਰ ਦਿੱਤਾ।

ਸਰਕਾਰੀ ਅਧਿਕਾਰੀ ਨੇ ਸਪੱਸ਼ਟ ਕੀਤਾ ਕਿ ਓਟੀਟੀ ਸਮੱਗਰੀ ਸੈਂਸਰ ਬੋਰਡ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦੀ। ਇਹ ਸੂਚਨਾ ਤਕਨਾਲੋਜੀ (ਇੰਟਰਮੀਡੀਏਰੀ ਦਿਸ਼ਾ-ਨਿਰਦੇਸ਼ਾਂ ਤੇ ਡਿਜੀਟਲ ਮੀਡੀਆ ਨੈਤਿਕਤਾ ਕੋਡ) ਨਿਯਮਾਂ, 2021 ਦੇ ਭਾਗ III ਦੇ ਉਪਬੰਧਾਂ ਅਧੀਨ ਨਿਯੰਤਰਿਤ ਹੁੰਦੀ ਹੈ। ਜਦੋਂ ਇਹ ਪੂਰਾ ਮਾਮਲਾ ਸਰਕਾਰ ਦੇ ਧਿਆਨ ਵਿੱਚ ਆਇਆ ਕਿ ਸੈਂਸਰ ਬੋਰਡ ਵੱਲੋਂ ਰੋਕੀ ਗਈ ਫਿਲਮ ਨੂੰ ਬਿਨਾਂ ਕੱਟਾਂ ਦੇ ਓਟੀਟੀ ’ਤੇ ਪਾਇਆ ਗਿਆ ਹੈ, ਤਾਂ ‘ਜ਼ੀ5’ ਨੂੰ ਇਸ ਨੂੰ ਤੁਰੰਤ ਹਟਾਉਣ ਲਈ ਕਿਹਾ ਗਿਆ। ਸੁਰੱਖਿਆ ਚਿੰਤਾਵਾਂ ਕਾਰਨ ਇਹ ਨਿਰਦੇਸ਼ ਦਿੱਤਾ ਗਿਆ ਸੀ।

ਬਾਕੀ ਹਿਸਾ ਸਫਾ 4 ਤੇ ਪੜ੍ਹੋ

## ਘੱਲੂਘਾਰਾ’ ਤੋਂ ‘ਸਤਲੁਜ’ ਤੱਕ ਦਾ ਤਿੰਨ ਸਾਲਾਂ ਦਾ ਸੰਘਰਸ਼

ਡਾਇਰੈਕਟਰ ਹਨੀ ਤ੍ਰੇਹਨ ਵੱਲੋਂ ਸਾਲ 2022 ਵਿੱਚ ਬਣਾਈ ਗਈ ਇਸ ਫਿਲਮ ਦਾ ਸਫ਼ਰ ਬਹੁਤ ਮੁਸ਼ਕਿਲਾਂ ਭਰਿਆ ਰਿਹਾ ਹੈ:

ਨਾਮ ਬਦਲੇ ਗਏ: ਫਿਲਮ ਦਾ ਅਸਲ ਨਾਂਅ ‘ਘੱਲੂਘਾਰਾ’ ਰੱਖਿਆ ਗਿਆ ਸੀ, ਜਿਸ ’ਤੇ ਸੈਂਸਰ ਬੋਰਡ ਦੇ ਇਤਰਾਜ਼ ਤੋਂ ਬਾਅਦ ਇਸ ਦਾ ਨਾਂਅ ‘ਪੰਜਾਬ 95’ ਅਤੇ ਅਖੀਰ ਵਿੱਚ ‘ਸਤਲੁਜ’ ਕੀਤਾ ਗਿਆ।

ਸੈਂਸਰ ਬੋਰਡ ਵੱਲੋਂ ਫਿਲਮ ਵਿੱਚ 127 ਕੱਟ ਅਤੇ ਕਈ ਬਦਲਾਅ ਸੁਝਾਏ ਗਏ, ਜਿਸ ਕਾਰਨ ਫਿਲਮ ਤਿੰਨ ਸਾਲਾਂ ਤੱਕ ਫਾਈਲਾਂ ਵਿੱਚ ਦੱਬੀ ਰਹੀ।

7 ਫਰਵਰੀ 2025 ਨੂੰ ਇਹ ਫਿਲਮ ਭਾਰਤ ਤੋਂ ਬਾਹਰ ਕੁਝ ਦੇਸ਼ਾਂ ਵਿੱਚ ਰਿਲੀਜ਼ ਹੋਈ ਸੀ, ਪਰ ਭਾਰਤ ਵਿੱਚ ਇਸ ’ਤੇ ਪਾਬੰਦੀ ਰਹੀ। ਹੁਣ ਜਦੋਂ ਇਸ ਨੂੰ ਬਿਨਾਂ ਕੱਟਾਂ ਦੇ ਓਟੀਟੀ ’ਤੇ ਚਲਾਉਣ ਦੀ ਮਨਜ਼ੂਰੀ ਦਿੱਤੀ ਗਈ, ਤਾਂ ਦੋ ਦਿਨਾਂ ਬਾਅਦ ਹੀ ਅਚਾਨਕ ਹਟਾਉਣ ਦੇ ਹੁਕਮ ਦੇ ਦਿੱਤੇ ਗਏ, ਜਿਸ ਪਿੱਛੇ ਸਿਆਸੀ ਮਾਹਿਰ ਕੋਈ ਵੱਡੀ ਸਾਜ਼ਿਸ਼ ਦੇਖ ਰਹੇ ਹਨ।

ਇਸ ਫਿਲਮ ਵਿੱਚ ਭਾਈ ਜਸਵੰਤ ਸਿੰਘ ਖਾਲੜਾ ਦਾ ਮੁੱਖ ਕਿਰਦਾਰ ਨਿਭਾਉਣ ਵਾਲੇ ਸੁਪਰਸਟਾਰ ਦਿਲਜੀਤ ਦੁਸਾਂਝ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਇਸ ਇਤਿਹਾਸਿਕ ਕਿਰਦਾਰ ਨੂੰ ਨਿਭਾਉਣ ਲਈ ਕੋਈ ਪੈਸਾ (ਫੀਸ) ਨਹੀਂ ਲਿਆ।

## ਕੌਣ ਸਨ ਭਾਈ ਜਸਵੰਤ ਸਿੰਘ ਖਾਲੜਾ ਅਤੇ ਪੰਜਾਬ ਲਈ ਕੀ ਸੀ ਦੇਣ ?

ਭਾਈ ਜਸਵੰਤ ਸਿੰਘ ਖਾਲੜਾ ਇੱਕ ਉੱਘੇ ਮਨੁੱਖੀ ਅਧਿਕਾਰ ਕਾਰਕੁਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮਨੁੱਖੀ ਅਧਿਕਾਰ ਵਿੰਗ ਦੇ ਜਨਰਲ ਸਕੱਤਰ ਸਨ। ਪੰਜਾਬ ਦੇ ਵਹਿਸ਼ਤ ਭਰੇ ਦੌਰ (ਜੂਨ 1984 ਤੋਂ ਦਸੰਬਰ 1994) ਦੌਰਾਨ ਜਦੋਂ ਹਜ਼ਾਰਾਂ ਨੌਜਵਾਨ ਲਾਪਤਾ ਹੋ ਰਹੇ ਸਨ, ਉਦੋਂ ਭਾਈ ਖਾਲੜਾ ਨੇ ਅੰਮ੍ਰਿਤਸਰ, ਮਜੀਠਾ ਅਤੇ ਤਰਨ ਤਾਰਨ ਦੇ ਸ਼ਮਸ਼ਾਨਘਾਟਾਂ ਵਿੱਚੋਂ ਸਰਕਾਰੀ ਅੰਕੜੇ ਇਕੱਠੇ ਕੀਤੇ ਸਨ।

ਉਨ੍ਹਾਂ ਨੇ 25,000 ਤੋਂ ਵੱਧ ਅਣਪਛਾਤੀਆਂ ਅਤੇ ਲਾਵਾਰਿਸ ਲਾਸ਼ਾਂ ਦਾ ਰਿਕਾਰਡ ਨਸ਼ਰ ਕੀਤਾ, ਜਿਨ੍ਹਾਂ ਦਾ ਪੁਲਿਸ ਵੱਲੋਂ ਗੈਰ-ਕਾਨੂੰਨੀ ਤਰੀਕੇ ਨਾਲ ਸਸਕਾਰ ਕਰ ਦਿੱਤਾ ਗਿਆ ਸੀ। ਉਨ੍ਹਾਂ ਨੇ ਇਸ ਬਿਰਤਾਂਤ ਨੂੰ ਅੰਤਰਰਾਸ਼ਟਰੀ ਪੱਧਰ ’ਤੇ ਪਹੁੰਚਾਇਆ ਅਤੇ ਦੁਨੀਆ ਨੂੰ ਦੱਸਿਆ ਕਿ ਜਮਹੂਰੀਅਤ ਦੇ ਪਰਦੇ ਪਿੱਛੇ ਪੰਜਾਬ ਵਿੱਚ ਕੀ ਵਾਪਰ ਰਿਹਾ ਸੀ।

6 ਸਤੰਬਰ 1995 ਨੂੰ ਅੰਮ੍ਰਿਤਸਰ ਦੇ ਕਬੀਰ ਪਾਰਕ ਵਿੱਚ ਸਵੇਰੇ ਕਰੀਬ 9:20 ਵਜੇ ਜਦੋਂ ਜਸਵੰਤ ਸਿੰਘ ਖਾਲੜਾ ਆਪਣੇ ਘਰ ਦੇ ਬਾਹਰ ਕਾਰ ਧੋ ਰਹੇ ਸਨ, ਤਾਂ ਪੁਲਿਸ ਵਰਦੀ ਅਤੇ ਕਾਲੀਆਂ ਪੱਗਾਂ (ਪਟਕੇ) ਬੰਨ੍ਹੇ 4 ਹਥਿਆਰਬੰਦ ਵਿਅਕਤੀਆਂ ਨੇ ਉਨ੍ਹਾਂ ਨੂੰ ਇੱਕ ਮਾਰੂਤੀ ਵੈਨ ਵਿੱਚ ਜ਼ਬਰਦਸਤੀ ਅਗਵਾ ਕਰ ਲਿਆ। ਗੈਰ-ਕਾਨੂੰਨੀ ਹਿਰਾਸਤ ਵਿੱਚ ਰੱਖ ਕੇ ਤਸ਼ੱਦਦ ਢਾਹੁਣ ਤੋਂ ਬਾਅਦ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ ਅਤੇ ਲਾਸ਼ ਹਰੀਕੇ ਪੱਤਣ ਨਹਿਰ ਵਿੱਚ ਸੁੱਟ ਦਿੱਤੀ ਗਈ।

ਜਸਵੰਤ ਸਿੰਘ ਖਾਲੜਾ ਦੇ ਗਾਇਬ ਹੋਣ ਤੋਂ ਬਾਅਦ ਉਨ੍ਹਾਂ ਦੀ ਪਤਨੀ ਪਰਮਜੀਤ ਕੌਰ ਖਾਲੜਾ ਨੇ ਇਹ ਯਕੀਨੀ ਬਣਾਇਆ ਕਿ ਉਨ੍ਹਾਂ ਦੇ ਪਤੀ ਦੀ ਕੁਰਬਾਨੀ ਅਜਾਈਂ ਨਾ ਜਾਵੇ। ਉਨ੍ਹਾਂ ਨੇ ਇਨਸਾਫ਼ ਲਈ ਦਹਾਕਿਆਂ ਤੱਕ ਚੱਲਣ ਵਾਲੀ ਇੱਕ ਲੰਮੀ ਕਾਨੂੰਨੀ ਲੜਾਈ ਸ਼ੁਰੂ ਕੀਤੀ।

ਸਤੰਬਰ 1995 ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਸ ਵੇਲੇ ਦੇ ਸੀਨੀਅਰ ਆਗੂ ਗੁਰਚਰਨ ਸਿੰਘ ਟੌਹੜਾ ਨੇ ਸੁਪਰੀਮ ਕੋਰਟ ਦੇ ਜਸਟਿਸ ਕੁਲਦੀਪ ਸਿੰਘ ਨੂੰ ਖਾਲੜਾ ਦੇ ਅਗਵਾ ਬਾਰੇ ਇੱਕ ਟੈਲੀਗ੍ਰਾਮ ਭੇਜਿਆ। ਅਦਾਲਤ ਨੇ ਇਸ ਨੂੰ ਤੁਰੰਤ ‘ਹੈਬੀਅਸ ਕਾਰਪਸ’ ਪਟੀਸ਼ਨ ਮੰਨਦਿਆਂ ਪੰਜਾਬ ਪੁਲਿਸ ਅਤੇ ਸਰਕਾਰ ਤੋਂ ਜਵਾਬ ਤਲਬ ਕੀਤਾ ਅਤੇ ਮਾਮਲਾ ਸੀਬੀਆਈ ਨੂੰ ਸੌਂਪ ਦਿੱਤਾ।

ਸੀਬੀਆਈ ਦੀ ਜਾਂਚ ਵਿੱਚ ਸਬੂਤ ਮਿਲੇ ਕਿ ਅਗਵਾ ਤੋਂ ਬਾਅਦ ਖਾਲੜਾ ਨੂੰ ਤਰਨਤਾਰਨ ਦੇ ਥਾਣਾ ਕਾਂਗ ਵਿੱਚ ਰੱਖਿਆ ਗਿਆ ਸੀ ਅਤੇ ਬਾਅਦ ਵਿੱਚ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ।

2005 ਵਿੱਚ ਪਟਿਆਲਾ ਦੀ ਇੱਕ ਸੀ.ਬੀ.ਆਈ. ਅਦਾਲਤ ਨੇ ਖਾਲੜਾ ਦੇ ਲਾਪਤਾ ਹੋਣ ਅਤੇ ਕਤਲ ਲਈ 6 ਪੁਲੀਸ ਮੁਲਾਜ਼ਮਾਂ ਨੂੰ ਸਜ਼ਾ ਸੁਣਾਈ ਸੀ। ਜਿਨ੍ਹਾਂ ਵਿੱਚ ਡੀ.ਐੱਸ.ਪੀ. ਜਸਪਾਲ ਸਿੰਘ ਅਤੇ ਏ.ਐੱਸ.ਆਈ. ਅਮਰਜੀਤ ਸਿੰਘ ਨੂੰ ਉਮਰ ਕੈਦ ਹੋਈ, ਜਦਕਿ ਚਾਰ ਹੋਰਾਂ (ਸਤਨਾਮ ਸਿੰਘ, ਸੁਰਿੰਦਰਪਾਲ ਸਿੰਘ, ਜਸਬੀਰ ਸਿੰਘ ਅਤੇ ਪ੍ਰੀਤਪਾਲ ਸਿੰਘ) ਨੂੰ 7-7 ਸਾਲ ਦੀ ਸਜ਼ਾ ਮਿਲੀ।

ਸੁਪਰੀਮ ਕੋਰਟ ਦੇ ਆਦੇਸ਼ ’ਤੇ ਜਦੋਂ ਸੀਬੀਆਈ ਨੇ ਵਿਆਪਕ ਜਾਂਚ ਕੀਤੀ, ਤਾਂ ਇੱਕ ਖ਼ੌਫ਼ਨਾਕ ਸੱਚ ਸਾਹਮਣੇ ਆਇਆ। ਰਿਪੋਰਟ ਮੁਤਾਬਕ ਪੰਜਾਬ ਦੇ ਸ਼ਮਸ਼ਾਨਘਾਟਾਂ ਵਿੱਚ 585 ਪੂਰੀ ਤਰ੍ਹਾਂ ਪਛਾਣੀਆਂ ਗਈਆਂ, 274 ਅੰਸ਼ਿਕ ਰੂਪ ਵਿੱਚ ਪਛਾਣੀਆਂ ਗਈਆਂ ਅਤੇ 1,238 ਪੂਰੀ ਤਰ੍ਹਾਂ ਅਣਪਛਾਤੀਆਂ ਲਾਸ਼ਾਂ ਦਾ ਪੁਲਿਸ ਵੱਲੋਂ ਗੈਰ-ਕਾਨੂੰਨੀ ਤਰੀਕੇ ਨਾਲ ਸਸਕਾਰ ਕੀਤਾ ਗਿਆ ਸੀ। ਬਾਅਦ ਵਿੱਚ ਸੁਪਰੀਮ ਕੋਰਟ ਨੇ ਇਸ ਮਾਮਲੇ ਨੂੰ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਸੌਂਪ ਦਿੱਤਾ।

3 ਸਫ਼ੇ ਦੀ ਬਾਕੀ

ਜੇਕਰ ਉਹ ਫ਼ਿਲਮ ਨੂੰ ਥੀਏਟਰਾਂ ਜਾਂ ਓਟੀਟੀ 'ਤੇ ਰਿਲੀਜ਼ ਕਰਨਾ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਨਿਰਧਾਰਤ ਨਿਯਮਾਂ ਦੀ ਪਾਲਣਾ ਕਰਨੀ ਹੀ ਪਵੇਗੀ।

ਦਿਲਜੀਤ ਦੋਸਾਂਝ ਨੇ ਇਸ ਪਾਬੰਦੀ ਬਾਰੇ ਕੀ ਕਿਹਾ?-ਫਿਲਮ ਵਿੱਚ ਜਸਵੰਤ ਸਿੰਘ ਖਾਲੜਾ ਦਾ ਕਿਰਦਾਰ ਨਿਭਾਉਣ ਵਾਲੇ ਅਦਾਕਾਰ ਅਤੇ ਗਾਇਕ ਦਿਲਜੀਤ ਦੋਸਾਂਝ ਨੇ ਇਸ ਪਾਬੰਦੀ 'ਤੇ ਕਿਹਾ ਕਿ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਫਿਲਮ 'ਸਤਲੁਜ' ਨਾਲ ਵੀ ਉਹੀ ਹੋਇਆ ਜੋ ਖਾਲੜਾ ਸਾਬ੍ਹ ਨਾਲ ਹੋਇਆ ਸੀ । ਪਰ ਹੁਣ ਮੈਨੂੰ ਕੋਈ ਚਿੰਤਾ ਨਹੀਂ ਹੈ। ਲੋਕਾਂ ਨੇ ਇਹ ਫਿਲਮ ਪਹਿਲੇ ਦੋ ਦਿਨਾਂ ਵਿੱਚ ਹੀ ਦੇਖ ਲਈ ਹੈ ਅਤੇ ਡਾਊਨਲੋਡ ਵੀ ਕਰ ਲਈ ਹੈ। ਡਿਜੀਟਲ ਦੌਰ ਵਿੱਚ ਇੱਕ ਵਾਰ ਜਦੋਂ ਕੋਈ ਫਿਲਮ ਬਾਹਰ ਆ ਜਾਵੇ, ਉਹ ਕਦੇ ਖ਼ਤਮ ਨਹੀਂ ਹੋ ਸਕਦੀ। ਭਾਈ ਖਾਲੜਾ ਦੀ ਗੱਲ ਨੂੰ ਇਸ ਤਰ੍ਹਾਂ ਦਬਾਇਆ ਨਹੀਂ ਜਾ ਸਕਦਾ।

ਪੰਥਕ ਜਥੇਬੰਦੀਆਂ ਅਤੇ ਆਮ ਲੋਕਾਂ ਦੀ ਸੋਚ-ਪੰਥਕ ਜਥੇਬੰਦੀਆਂ ਦਾ ਮੰਨਣਾ ਹੈ ਕਿ ਭਾਰਤ ਸਰਕਾਰ ਅਤੇ ਸੈਂਸਰ ਬੋਰਡ ਅੱਜ ਵੀ ਪੰਜਾਬ ਦੇ ਇਤਿਹਾਸਕ ਤੱਥਾਂ, ਹਾਈ ਕੋਰਟ ਅਤੇ ਸੁਪਰੀਮ ਕੋਰਟ ਦੇ ਪ੍ਰਮਾਣਿਤ ਦਸਤਾਵੇਜ਼ਾਂ ਅਤੇ ਕੇਂਦਰੀ ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਰਿਪੋਰਟਾਂ ਨੂੰ ਛੁਪਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਜਥੇਬੰਦੀਆਂ ਅਨੁਸਾਰ ਇਹ ਉਸ ਦੌਰ ਦੀ ਪੁਲਿਸ ਵਹਿਸ਼ਤ, ਕੇ.ਪੀ.ਐਸ. ਗਿੱਲ ਦੇ ਰੋਲ ਅਤੇ ਸਿੱਖ ਸੰਘਰਸ਼ ਦੇ ਪੱਖ ਨੂੰ ਬਹੁਤ ਹਿੰਮਤ ਨਾਲ ਜ਼ੁਬਾਨ ਦਿੰਦੀ ਹੈ। ਲੋਕਾਂ ਦੀ ਮੰਗ ਹੈ ਕਿ ਇਸ ਫਿਲਮ ਨੂੰ ਸਿਰਫ਼ ਓਟੀਟੀ ਹੀ ਨਹੀਂ, ਸਗੋਂ ਸਿਨੇਮਾਘਰਾਂ ਅਤੇ ਮੁਫ਼ਤ ਟੀਵੀ ਚੈਨਲਾਂ 'ਤੇ ਵੀ ਦਿਖਾਇਆ ਜਾਣਾ ਚਾਹੀਦਾ ਹੈ ਤਾਂ ਜੋ ਨਵੀਂ ਪੀੜ੍ਹੀ ਭਾਈ ਖਾਲੜਾ ਦੀ ਕੁਰਬਾਨੀ ਤੋਂ ਜਾਣੂ ਹੋ ਸਕੇ।

ਉੱਘੇ ਵਿਸ਼ਲੇਸ਼ਕ ਡਾਕਟਰ ਪਰਮਿੰਦਰ ਸਿੰਘ ਸ਼ੌਕੀ ਨੇ ਕਿਹਾ ਕਿ ਇਸ ਹਕੀਕਤ ਨੂੰ ਗੰਭੀਰਤਾ ਨਾਲ ਸਮਝਣਾ ਪਵੇਗਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਕਿਸੇ ਵੀ ਕੀਮਤ 'ਤੇ ਸਿੱਖ ਖਾੜਕੂਵਾਦ ਦਾ ਸਿੱਧਾ ਜਾਂ ਅਸਿੱਧਾ ਸਮਰਥਨ ਨਹੀਂ ਕਰ ਸਕਦੀ ਙ। ਸ਼ੌਕੀ ਨੇ ਸਪੱਸ਼ਟ ਕੀਤਾ ਕਿ ਭਾਜਪਾ ਕੋਈ 'ਅਕਾਲੀ ਦਲ' ਵਰਗੀ ਖੇਤਰੀ ਪਾਰਟੀ ਨਹੀਂ ਹੈ, ਜਿਸ ਦੇ ਫੈਸਲੇ ਆਰਜ਼ੀ ਸਿਆਸੀ ਲਾਹੇ-ਨੁਕਸਾਨ 'ਤੇ ਟਿਕੇ ਹੋਣ।

ਸਾਬਕਾ ਆਈ.ਏ.ਐੱਸ. ਅਤੇ ਉੱਘੇ ਸਿੱਖ ਚਿੰਤਕ ਸਰਦਾਰ ਗੁਰਤੇਜ ਸਿੰਘ ਨੇ ਤਿੱਖੀ ਆਲੋਚਨਾ ਕਰਦਿਆਂ ਸਪੱਸ਼ਟ ਕੀਤਾ ਕਿ ਦਿੱਲੀ ਦੀ ਕੋਈ ਵੀ ਹਕੂਮਤ ਭਾਈ ਖਾਲੜਾ ਬਾਰੇ ਪੂਰਾ ਸੱਚ ਕਦੇ ਬਾਹਰ ਨਹੀਂ ਆਉਣ ਦੇਣਾ ਚਾਹੁੰਦੀ, ਕਿਉਂਕਿ ਉਸ ਦੌਰ ਦਾ ਹਕੂਮਤੀ ਅਮਲਾ ਖ਼ੁਦ ਹੀ ਇਸ ਘਿਨਾਉਣੇ ਕਤਲ ਅਤੇ ਨਸਲਘਾਤ ਦੀ ਸਾਜ਼ਿਸ਼ ਵਿੱਚ ਸ਼ਾਮਿਲ ਸੀ।

ਇਸ ਗੰਭੀਰ ਮੁੱਦੇ 'ਤੇ ਹੁਣ ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਐਲਾਨ ਕੀਤਾ ਹੈ ਕਿ ਉਹ ਇਸ ਮਾਮਲੇ ਨੂੰ ਜਲਦ ਹੀ ਕੇਂਦਰੀ ਲੀਡਰਸ਼ਿਪ ਅਤੇ ਸਬੰਧਤ ਕੇਂਦਰੀ ਮੰਤਰੀ ਕੋਲ ਉਠਾਉਣਗੇ।

ਵਿਕਰਮਜੀਤ ਸਿੰਘ ਸਾਹਨੀ ਭਾਜਪਾ ਰਾਜ ਸਭਾ ਮੈਂਬਰ ਨੇ ਐਕਸ 'ਤੇ ਫਿਲਮ ਦੀ ਪੁਰਜ਼ੋਰ ਹਮਾਇਤ ਕਰਦਿਆਂ ਲਿਖਿਆ ਕਿ ਇਹ ਫਿਲਮ ਪੰਜਾਬ ਦੇ ਉਸ ਦਰਦਨਾਕ ਦੌਰ ਦੀ ਯਾਦ ਦਿਵਾਉਂਦੀ ਹੈ ਜਦੋਂ ਹਜ਼ਾਰਾਂ ਪੰਜਾਬੀ ਨੌਜਵਾਨਾਂ ਦੇ ਕਥਿਤ ਫਰਜ਼ੀ ਮੁਕਾਬਲਿਆਂ ਵਿਚ ਮਾਰੇ ਜਾਣ ਦੇ ਦੋਸ਼ ਲੱਗੇ ਸਨ।

ਸੁਖਬੀਰ ਸਿੰਘ ਬਾਦਲ (ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ) ਨੇ ਜੀ5 ਤੋਂ ਫਿਲਮ ਹਟਾਉਣ 'ਤੇ ਸਖ਼ਤ ਇਤਰਾਜ਼ ਜਤਾਉਂਦਿਆਂ ਇਸ ਨੂੰ ਸਿਰਫ਼ ਸੈਂਸਰਸ਼ਿਪ ਨਹੀਂ, ਸਗੋਂ 'ਸਮੂਹਕ ਯਾਦ, ਸੱਚਾਈ ਤੇ ਪ੍ਰਗਟਾਵੇ ਦੀ ਆਜ਼ਾਦੀ 'ਤੇ ਹਮਲਾ' ਕਰਾਰ ਦਿੱਤਾ।

'ਆਪ' ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਦੋਸ਼ ਲਾਇਆ ਕਿ ਇਹ ਦੋਵੇਂ ਪਾਰਟੀਆਂ ਮਿਲ ਕੇ ਪੰਜਾਬ ਦੇ 'ਕਾਲੇ ਇਤਿਹਾਸ' ਨੂੰ ਮਿਟਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਉਨ੍ਹਾਂ ਦਾ ਮੁੱਖ ਮਕਸਦ ਨਵੀਂ ਪੀੜ੍ਹੀ ਨੂੰ 1978, 1984 ਅਤੇ 1990 ਦੇ ਦਹਾਕਿਆਂ ਵਿੱਚ ਪੰਜਾਬ ਵਿੱਚ ਵਾਪਰੇ ਦੁਖਦਾਈ ਘਟਨਾਕ੍ਰਮ ਦਾ ਸੱਚ ਜਾਣਨ ਤੋਂ ਰੋਕਣਾ ਹੈ।

'ਅਕਾਲੀ ਦਲ ਵਾਰਿਸ ਪੰਜਾਬ' ਦੇ ਸਰਪ੍ਰਸਤ ਬਾਪੂ ਤਰਸੇਮ ਸਿੰਘ ਨੇ ਦੋਸ਼ ਲਾਇਆ ਕਿ ਭਾਈ ਜਸਵੰਤ ਸਿੰਘ ਖਾਲੜਾ ਦੀ ਜੀਵਨੀ 'ਤੇ ਬਣੀ ਫ਼ਿਲਮ ਨੂੰ ਜੀ-5 ਤੋਂ ਹਟਾ ਕੇ ਭਾਰਤ ਸਰਕਾਰ ਨੇ ਖ਼ੁਦ ਹੀ ਆਪਣਾ ਸਿੱਖ ਵਿਰੋਧੀ ਅਤੇ ਮਨੁੱਖੀ ਅਧਿਕਾਰ ਵਿਰੋਧੀ ਚਿਹਰਾ ਨੰਗਾ ਕਰ ਲਿਆ ਹੈ।

ਮਨੁੱਖੀ ਅਧਿਕਾਰ ਸੰਸਥਾ ਦੇ ਨੁਮਾਇੰਦੇ ਐਡਵੋਕੇਟ ਸਰਬਜੀਤ ਸਿੰਘ ਵੇਰਕਾ ਨੇ ਇਸ ਕਾਰਵਾਈ ਦੀ ਨਿਖੇਧੀ ਕਰਦਿਆਂ ਕਿਹਾ ਕਿ ਫਿਲਮ ਨੂੰ ਇਸ ਤਰ੍ਹਾਂ ਹਟਾਉਣਾ "ਆਜ਼ਾਦ ਦੇਸ਼ ਵਿੱਚ ਗੁਲਾਮ ਹੋਣ ਦਾ ਅਹਿਸਾਸ ਕਰਵਾਉਂਦਾ ਹੈ।"

ਉਨ੍ਹਾਂ ਮੰਗ ਕੀਤੀ ਕਿ ਇਸ ਫਿਲਮ ਨੂੰ ਸਿਰਫ਼ ਓਟੀਟੀ 'ਤੇ ਹੀ ਨਹੀਂ, ਸਗੋਂ ਵੱਡੇ ਪਰਦੇ (ਸਿਨੇਮਾਘਰਾਂ) 'ਤੇ ਰਿਲੀਜ਼ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਪੂਰੀ ਪੁਲਿਸ ਜਾਤੀ ਮਾੜੀ ਨਹੀਂ ਸੀ, ਬਲਕਿ ਕੁਝ ਮਾੜੇ ਅਫ਼ਸਰਾਂ ਕਾਰਨ ਉਸ ਸਮੇਂ ਨੌਜਵਾਨੀ ਦਾ ਘਾਣ ਹੋਇਆ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੇਂਦਰ ਸਰਕਾਰ ਅਤੇ ਸਬੰਧਤ ਅਦਾਰਿਆਂ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਫਿਲਮ 'ਸਤਲੁਜ' ਨੂੰ ਬਿਨਾਂ ਕਿਸੇ ਦੇਰੀ ਦੇ ਮੁੜ ਸ਼ੁਰੂ ਕੀਤਾ ਜਾਵੇ।

# ਕੌਣ ਹਨ ਪਰਮਜੀਤ ਕੌਰ ਖਾਲੜਾ?

ਤਰਨਤਾਰਨ ਦੇ ਪਿੰਡ ਖਾਲੜਾ ਦੇ ਰਹਿਣ ਵਾਲੇ ਬੀਬੀ ਪਰਮਜੀਤ ਕੌਰ ਖਾਲੜਾ ਇਸ ਸਮੇਂ 72 ਸਾਲਾਂ ਦੇ ਹਨ।

ਸਿੱਖਿਆ ਤੇ ਨੌਕਰੀ: ਉਨ੍ਹਾਂ ਨੇ ਬੀ.ਏ. ਤੱਕ ਪੜ੍ਹਾਈ ਕਰਨ ਤੋਂ ਬਾਅਦ ਲਾਇਬ੍ਰੇਰੀਅਨ ਦੀ ਡਿਗਰੀ ਹਾਸਲ ਕੀਤੀ ਸੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਬਤੌਰ ਲਾਇਬ੍ਰੇਰੀਅਨ ਨੌਕਰੀ ਕੀਤੀ ਸੀ।

ਪਰਿਵਾਰ: ਵਿਆਹ ਤੋਂ ਬਾਅਦ ਉਹ 1988-89 ਵਿਚ ਜਸਵੰਤ ਸਿੰਘ ਨਾਲ ਅੰਮ੍ਰਿਤਸਰ ਸ਼ਿਫਟ ਹੋ ਗਏ ਸਨ। ਉਨ੍ਹਾਂ ਦੀ ਧੀ ਨਵਕਿਰਨ ਕੌਰ ਅਮਰੀਕਾ ਅਤੇ ਪੁੱਤਰ ਜਨਮੀਤ ਸਿੰਘ ਕੈਨੇਡਾ ਵਿੱਚ ਰਹਿੰਦੇ ਹਨ। ਖਾਲੜਾ ਮਿਸ਼ਨ ਆਰਗਨਾਈਜੇਸ਼ਨ ਦੇ ਪ੍ਰਧਾਨ ਹਰਮਨਦੀਪ ਸਿੰਘ ਅਨੁਸਾਰ ਬੀਬੀ ਖਾਲੜਾ ਪੱਕੇ ਤੌਰ 'ਤੇ ਵਿਦੇਸ਼ ਸ਼ਿਫਟ ਨਹੀਂ ਹੋਏ, ਉਹ ਅਕਸਰ ਪੰਜਾਬ ਆਉਂਦੇ ਰਹਿੰਦੇ ਹਨ।

"ਜਸਵੰਤ ਸਿੰਘ ਖਾਲੜਾ ਦੇ ਲਾਪਤਾ ਹੋਣ ਤੋਂ ਪਹਿਲਾਂ ਪਰਮਜੀਤ ਕੌਰ ਖਾਲੜਾ ਨੇ ਕਦੇ ਮਿਸ਼ਨ ਵਿਚ ਦਿਲਚਸਪੀ ਨਹੀਂ ਦਿਖਾਈ ਸੀ। ਉਹ ਆਪਣੀ ਨੌਕਰੀ ਅਤੇ ਘਰ ਦੇ ਕੰਮਾਂ ਵਿਚ ਹੀ ਮਸਰੂਫ਼ ਰਹਿੰਦੇ ਸਨ। ਸਾਰੀਆਂ ਮੀਟਿੰਗਾਂ ਜਸਵੰਤ ਸਿੰਘ ਖਾਲੜਾ ਖ਼ੁਦ ਕਰਦੇ ਸਨ।"

- ਬਲਵਿੰਦਰ ਸਿੰਘ, ਚੇਅਰਮੈਨ (ਖਾਲੜਾ ਮਿਸ਼ਨ ਕਮੇਟੀ)

ਅਨੁਸਾਰ 6 ਸਤੰਬਰ 1995 ਨੂੰ ਅੰਮ੍ਰਿਤਸਰ ਦੇ ਕਬੀਰ ਪਾਰਕ ਸਥਿਤ ਰਿਹਾਇਸ਼ ਤੋਂ ਜਦੋਂ ਜਸਵੰਤ ਸਿੰਘ ਖਾਲੜਾ ਨੂੰ ਪੁਲਿਸ ਵੱਲੋਂ ਅਗਵਾ ਕਰ ਲਿਆ ਗਿਆ, ਤਾਂ ਬੀਬੀ ਪਰਮਜੀਤ ਕੌਰ ਦੀ ਜ਼ਿੰਦਗੀ ਪੂਰੀ ਤਰ੍ਹਾਂ ਬਦਲ ਗਈ। ਉਨ੍ਹਾਂ ਨੇ ਨੌਕਰੀ, ਘਰ ਅਤੇ ਬੱਚਿਆਂ ਨੂੰ ਸੰਭਾਲਣ ਦੇ ਨਾਲ-ਨਾਲ ਪਤੀ ਦੀ ਭਾਲ ਅਤੇ ਇਨਸਾਫ਼ ਲਈ ਲੰਬੀ ਕਾਨੂੰਨੀ ਤੇ ਸਮਾਜਿਕ ਲੜਾਈ ਸ਼ੁਰੂ ਕੀਤੀ ਸੀ।

8 ਸਤੰਬਰ 1999 ਨੂੰ ਇਹ ਕੇਸ ਸੁਪਰੀਮ ਕੋਰਟ ਪਹੁੰਚਿਆ, ਜਿਸ ਨੇ ਜਾਂਚ ਸੀਬੀਆਈ ਨੂੰ ਸੌਂਪੀ। ਬਲਵਿੰਦਰ ਸਿੰਘ ਝਬਾਲ ਅਨੁਸਾਰ, ਇਸ ਕੇਸ ਦੀ ਪੈਰਵੀ ਦੌਰਾਨ ਖਾਲੜਾ ਪਰਿਵਾਰ 'ਤੇ ਭਾਰੀ ਦਬਾਅ ਪਾਇਆ ਗਿਆ ਪਰ ਬੀਬੀ ਖਾਲੜਾ ਨੇ ਹਾਰ ਨਹੀਂ ਮੰਨੀ ਅਤੇ ਗਵਾਹਾਂ ਦੀ ਸੁਰੱਖਿਆ ਤੇ ਸਖ਼ਤ ਪੈਰਵੀ ਸਦਕਾ ਸਾਲ 2005 ਵਿੱਚ ਪਟਿਆਲਾ ਦੀ ਸੀਬੀਆਈ ਅਦਾਲਤ ਤੋਂ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਸਜ਼ਾਵਾਂ ਦਿਵਾਈਆਂ।

ਬੀਬੀ ਪਰਮਜੀਤ ਕੌਰ ਖਾਲੜਾ ਨੇ ਅਗਸਤ 1999 ਵਿੱਚ ਆਪਣੀ ਸਰਕਾਰੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਦੋ ਵਾਰ ਲੋਕ ਸਭਾ ਚੋਣਾਂ ਲੜੀਆਂ:

1999 ਦੀਆਂ ਚੋਣਾਂ ਤਰਨ ਤਾਰਨ ਹਲਕੇ ਤੋਂ ਗੁਰਚਰਨ ਸਿੰਘ ਟੌਹੜਾ ਦੀ ਪਾਰਟੀ 'ਸਰਬ ਹਿੰਦ ਸ਼੍ਰੋਮਣੀ ਅਕਾਲੀ ਦਲ' ਦੀ ਟਿਕਟ 'ਤੇ ਲੜੀਆਂ ਸਨ।

2019 ਦੀਆਂ ਚੋਣਾਂ ਖਡੂਰ ਸਾਹਿਬ ਹਲਕੇ ਤੋਂ ਸੁਖਪਾਲ ਸਿੰਘ ਖਹਿਰਾ ਦੀ 'ਪੰਜਾਬੀ ਏਕਤਾ ਪਾਰਟੀ' ਦੀ ਟਿਕਟ 'ਤੇ ਲੜੀਆਂ ਸਨ।

ਭਾਵੇਂ ਉਹ ਦੋਵੇਂ ਚੋਣਾਂ ਜਿੱਤ ਨਹੀਂ ਸਕੇ, ਪਰ ਖਾਲੜਾ ਮਿਸ਼ਨ ਕਮੇਟੀ ਮੁਤਾਬਕ ਉਨ੍ਹਾਂ ਦਾ ਮਕਸਦ ਸੰਸਦ ਵਿੱਚ ਜਾਣਾ ਨਹੀਂ, ਸਗੋਂ ਪੰਜਾਬ ਵਿੱਚ ਹੋਈਆਂ ਗੈਰ-ਕਾਨੂੰਨੀ ਹੱਤਿਆਵਾਂ, ਲਾਪਤਾ ਲੋਕਾਂ ਅਤੇ ਮਨੁੱਖੀ ਅਧਿਕਾਰਾਂ ਦੇ ਮੁੱਦੇ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਉਭਾਰਨਾ ਸੀ।

# ਬਿਮਾਰ ਮਾਂ ਦੀ ਦੇਖਭਾਲ ਲਈ ਪੈਰੋਲ ਮਾਮਲਾ: ਜਗਤਾਰ ਸਿੰਘ ਹਵਾਰਾ ਨੂੰ ਹਾਈਕੋਰਟ ਤੋਂ ਮਿਲੀ ਵੱਡੀ ਰਾਹਤ



ਚੰਡੀਗੜ੍ਹ-ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆ ਕਾਂਡ ਦੇ ਮੁੱਖ ਦੋਸ਼ੀ ਜਗਤਾਰ ਸਿੰਘ ਹਵਾਰਾ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਇੱਕ ਵੱਡੀ ਰਾਹਤ ਮਿਲੀ ਹੈ। ਅਦਾਲਤ ਨੇ ਹਵਾਰਾ ਵੱਲੋਂ ਆਪਣੀ ਬਿਮਾਰ ਮਾਂ ਦੀ ਦੇਖਭਾਲ ਲਈ ਦਾਇਰ ਕੀਤੀ ਪੈਰੋਲ ਪਟੀਸ਼ਨ ਦਾ ਨਿਪਟਾਰਾ ਕਰਦਿਆਂ, ਉਸ ਨੂੰ ਕਾਨੂੰਨੀ ਪ੍ਰਕਿਰਿਆ ਤਹਿਤ ਨਵੇਂ ਸਿਰੇ ਤੋਂ ਅਰਜ਼ੀ ਦੇਣ ਦੀ ਛੋਟ ਦਿੱਤੀ ਹੈ। ਇਸ ਦੇ ਨਾਲ ਹੀ ਹਾਈਕੋਰਟ ਨੇ ਸਬੰਧਿਤ ਅਧਿਕਾਰੀਆਂ ਨੂੰ ਇਸ ਪੂਰੀ ਪ੍ਰਕਿਰਿਆ 'ਤੇ ਡੇਢ ਮਹੀਨੇ (45 ਦਿਨਾਂ) ਦੇ ਅੰਦਰ-ਅੰਦਰ ਫ਼ੈਸਲਾ ਕਰਨ ਦੇ ਸਖ਼ਤ ਨਿਰਦੇਸ਼ ਜਾਰੀ ਕੀਤੇ ਹਨ।

ਕੀ ਹੋਵੇਗੀ ਪੈਰੋਲ ਦੀ ਪੂਰੀ ਪ੍ਰਕਿਰਿਆ?-ਭਾਈ ਹਵਾਰਾ ਦੇ ਵਕੀਲ ਸਬੰਧਤ ਜੇਲ੍ਹ ਸੁਪਰਡੈਂਟ ਨੂੰ ਨਵੀਂ ਅਰਜ਼ੀ ਸੌਂਪਣਗੇ। ਜੇਲ੍ਹ ਸੁਪਰਡੈਂਟ ਇਸ ਅਰਜ਼ੀ ਨੂੰ ਦਿੱਲੀ ਦੇ ਗ੍ਰਹਿ ਸਕੱਤਰ ਰਾਹੀਂ ਚੰਡੀਗੜ੍ਹ ਦੇ ਗ੍ਰਹਿ ਸਕੱਤਰ ਕੋਲ ਭੇਜਣਗੇ।

ਨਿਆਇਕ ਅਤੇ ਪੁਲਿਸ ਜਾਂਚ: ਚੰਡੀਗੜ੍ਹ ਦੇ ਗ੍ਰਹਿ ਸਕੱਤਰ ਵੱਲੋਂ ਇਹ ਅਰਜ਼ੀ ਚੰਡੀਗੜ੍ਹ ਦੇ ਸੈਸ਼ਨ ਜੱਜ ਕੋਲ ਭੇਜੀ ਜਾਵੇਗੀ, ਜੋ ਅੱਗੇ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਸੀਨੀਅਰ ਪੁਲਿਸ ਕਪਤਾਨ ਤੋਂ ਸੁਰੱਖਿਆ ਅਤੇ ਸਥਿਤੀ ਸਬੰਧੀ ਰਿਪੋਰਟ ਮੰਗਣਗੇ। ਐਸ.ਐਸ.ਪੀ. ਦੀ ਰਿਪੋਰਟ ਮਿਲਣ ਤੋਂ ਬਾਅਦ ਇਹ ਮਾਮਲਾ ਮੁੜ ਸੈਸ਼ਨ ਜੱਜ, ਫਿਰ ਚੰਡੀਗੜ੍ਹ ਦੇ ਗ੍ਰਹਿ ਸਕੱਤਰ ਅਤੇ ਅਖੀਰ ਵਿੱਚ ਦਿੱਲੀ ਜੇਲ੍ਹ ਪ੍ਰਸ਼ਾਸਨ ਕੋਲ ਪਹੁੰਚੇਗਾ।

ਹਾਈ ਕੋਰਟ ਨੇ ਇਹ ਬਿਲਕੁਲ ਸਪੱਸ਼ਟ ਕਰ ਦਿੱਤਾ ਹੈ ਕਿ ਸਾਰੀ ਪ੍ਰਕਿਰਿਆ ਅਤੇ ਰਿਪੋਰਟਾਂ ਦੇ ਆਧਾਰ 'ਤੇ ਜਗਤਾਰ ਸਿੰਘ ਹਵਾਰਾ ਨੂੰ ਪੈਰੋਲ ਦੇਣ ਜਾਂ ਨਾ ਦੇਣ ਸਬੰਧੀ ਅੰਤਿਮ ਫ਼ੈਸਲਾ ਦਿੱਲੀ ਜੇਲ੍ਹ ਪ੍ਰਸ਼ਾਸਨ ਵੱਲੋਂ ਹੀ ਲਿਆ ਜਾਵੇਗਾ।

# ਅਕਾਲ ਤਖ਼ਤ ਦੀ ਅਥਾਰਟੀ ਨੂੰ ਵੰਗਾਰਨਾ ਬਰਦਾਸ਼ਤ ਨਹੀਂ

# ਪੰਥਕ ਇਕੱਠ ਵਿਚ ਭਗਵੰਤ ਮਾਨ ਵਿਰੁੱਧ ਗੁਰਮਤਾ ਪਾਸ

✪ ਭੁੱਲ ਸੁਧਾਰਨ ਦੀ ਥਾਂ ਟਕਰਾਅ ਦੇ ਰਾਹ ਪਈ 'ਆਪ' ਸਰਕਾਰ-ਪੰਥਕ ਆਗੂ ✪ ਸ਼੍ਰੋਮਣੀ ਕਮੇਟੀ ਦੀ ਵੱਡੀ ਰਣਨੀਤੀ: ਪੰਥ ਵਿਰੋਧੀ ਸਾਜ਼ਿਸ਼ਾਂ ਦੇ ਟਾਕਰੇ ਲਈ ਪਿੰਡ-ਪਿੰਡ ਗਠਿਤ ਹੋਣਗੀਆਂ 'ਗੁਰਸਿੱਖ ਕਮੇਟੀਆਂ' ✪ ਚੰਡੀਗੜ੍ਹ-ਮੋਹਾਲੀ ਦੇ 'ਆਈ.ਟੀ. ਸੈਂਟਰਾਂ' ਨੂੰ ਜਥੇਦਾਰ ਗੜਗੱਜ ਦੀ ਚਿਤਾਵਨੀ: 10 ਦਿਨਾਂ ਵਿਚ ਬੰਦ ਕਰੋ ਭੰਡੀ ਪ੍ਰਚਾਰ ✪ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ 24 ਜੁਲਾਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਚੱਲੇਗੀ 'ਖ਼ਾਲਸਾ ਵਹੀਰ'





### ਨਿਊਜ਼ ਵਿਸ਼ਲੇਸ਼ਣ

ਦਰਬਾਰ ਸਾਹਿਬ ਸਮੂਹ ਦੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਬੀਤੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇੱਕ ਵਿਸ਼ਾਲ ਪੰਥਕ ਇਕੱਤਰਤਾ ਕੀਤੀ ਗਈ। ਇਸ ਇਕੱਠ ਵਿੱਚ ਨਿਹੰਗ ਸਿੰਘ ਜਥੇਬੰਦੀਆਂ, ਨਿਰਮਲੇ, ਉਦਾਸੀ ਸੰਪਰਦਾਵਾਂ, ਦਮਦਮੀ ਟਕਸਾਲ, ਕਿਸਾਨ ਆਗੂਆਂ ਅਤੇ ਸਿੱਖ ਵਿਦਵਾਨਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪੇਸ਼ ਕੀਤੇ ਗਏ ਗੁਰਮਤਿਆਂ ਨੂੰ ਸੰਗਤ ਨੇ ਜੈਕਾਰਿਆਂ ਦੀ ਗੂੰਜ ਵਿੱਚ ਪ੍ਰਵਾਨਗੀ ਦਿੱਤੀ, ਜਿਸ ਵਿੱਚ ਸਮੁੱਚੀ ਕੌਮ ਨੂੰ ਅਕਾਲ ਤਖ਼ਤ ਸਾਹਿਬ ਦੀ ਛਤਰ-ਛਾਇਆ ਹੇਠ ਇਕਜੁੱਟ ਹੋਣ ਦੀ ਜ਼ੋਰਦਾਰ ਅਪੀਲ ਕੀਤੀ ਗਈ।

ਇਹ ਵਿਸ਼ਾਲ ਪੰਥਕ ਇਕੱਠ ਮਹਿਜ਼ ਇੱਕ ਸਿਆਸੀ ਜਾਂ ਧਾਰਮਿਕ ਇਕੱਤਰਤਾ ਨਹੀਂ ਹੈ, ਸਗੋਂ ਇਹ ਬਦਲਦੇ ਪੰਜਾਬ ਵਿੱਚ ਹਕੂਮਤ ਅਤੇ ਸਿੱਖ ਸੰਸਥਾਵਾਂ ਦਰਮਿਆਨ ਵਧ ਰਹੇ ਪਾੜੇ ਦਾ ਇੱਕ ਗੰਭੀਰ ਸੰਕੇਤ ਹੈ। ਸ਼੍ਰੋਮਣੀ ਕਮੇਟੀ ਦੇ ਸੱਦੇ 'ਤੇ ਨਿਹੰਗ ਸਿੰਘ ਦਲਾਂ, ਨਿਰਮਲਿਆਂ, ਉਦਾਸੀ ਸੰਪਰਦਾਵਾਂ, ਦਮਦਮੀ ਟਕਸਾਲ, ਕਿਸਾਨ ਆਗੂਆਂ ਅਤੇ ਵਿਦਵਾਨਾਂ ਦੀ ਇਸ ਸਾਂਝੀ ਹਾਜ਼ਰੀ ਨੇ ਇੱਕ ਵਾਰ ਫਿਰ ਇਹ ਸਾਫ਼ ਕਰ ਦਿੱਤਾ ਹੈ ਕਿ ਜਦੋਂ ਵੀ ਮੀਰੀ-ਪੀਰੀ ਦੇ ਸਰਵਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਭੂਸੱਤਾ ਜਾਂ ਸਿੱਖ ਸੰਸਥਾਵਾਂ ਦੇ ਵਕਾਰ ਨੂੰ ਵੰਗਾਰਿਆ ਜਾਂਦਾ ਹੈ, ਤਾਂ ਅੰਦਰੂਨੀ ਵਲਗਣਾਂ ਨੂੰ ਲਾਂਭੇ ਰੱਖ ਕੇ ਸਮੁੱਚੀ ਕੌਮ ਇੱਕ ਮੰਚ 'ਤੇ ਇਕੱਠੀ ਹੋ ਜਾਂਦੀ ਹੈ। ਇਸ ਇਕੱਤਰਤਾ ਦੌਰਾਨ ਪਾਸ ਕੀਤੇ ਗਏ ਗੁਰਮਤੇ ਅਤੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਬਿਆਨ ਦੋ ਅਹਿਮ ਪਹਿਲੂਆਂ ਵੱਲ ਇਸ਼ਾਰਾ ਕਰਦੇ ਹਨ-ਪਹਿਲਾ, ਸਰਕਾਰ ਵੱਲੋਂ ਪੰਥਕ ਰਵਾਇਤਾਂ ਦੀ ਕਥਿਤ ਅਣਦੇਖੀ ਅਤੇ ਦੂਜਾ, ਸੋਸ਼ਲ ਮੀਡੀਆ ਦੇ ਦੌਰ ਵਿੱਚ ਸੰਸਥਾਵਾਂ ਖ਼ਿਲਾਫ਼ ਚਲਾਏ ਜਾ ਰਹੇ ਭੰਡੀ ਪ੍ਰਚਾਰ ਦਾ ਸਾਹਮਣਾ ਕਰਨਾ।

ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਨੇ ਕੌਮ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ। ਜਥੇਦਾਰਾਂ ਅਨੁਸਾਰ ਅਜੋਕੇ ਸਮੇਂ ਵਿੱਚ ਸਿੱਖ ਪੰਥ ਨੂੰ ਕਈ ਅੰਦਰੂਨੀ ਅਤੇ ਬਾਹਰੀ ਚੁਣੌਤੀਆਂ ਦਰਪੇਸ਼ ਹਨ। ਜਥੇਦਾਰਾਂ ਨੇ ਕਿਹਾ ਕਿ ਸਮੇਂ ਦੀਆਂ ਹਕੂਮਤਾਂ ਆਪਹੁਦਰੇ ਕਾਨੂੰਨ ਬਣਾ ਕੇ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੇ ਯਤਨ ਕਰ ਰਹੀਆਂ ਹਨ।

ਜਥੇਦਾਰ ਵੱਲੋਂ ਚੰਡੀਗੜ੍ਹ ਅਤੇ ਮੋਹਾਲੀ ਵਿੱਚ ਚੱਲ ਰਹੇ ਕਥਿਤ ਆਈ.ਟੀ. ਸੈਂਟਰ ਜੋ ਜਥੇਦਾਰ ਅਕਾਲ ਤਖ਼ਤ ਸਾਹਿਬ ਵਿਰੁੱਧ ਨਫਰਤੀ ? ਮੁਹਿੰਮ ਵਿੱਢ ਰਹੇ ਹਨ, ਨੂੰ 10 ਦਿਨਾਂ ਅੰਦਰ ਬੰਦ ਕਰਨ ਦਾ ਅਲਟੀਮੇਟਮ ਦੇਣਾ ਇਹ ਦਰਸਾਉਂਦਾ ਹੈ ਕਿ ਟਕਰਾਅ ਹੁਣ ਸਿਰਫ਼ ਬਿਆਨਬਾਜ਼ੀ ਤੱਕ ਸੀਮਤ ਨਹੀਂ ਰਿਹਾ। ਜਥੇਦਾਰ ਵਲੋਂ ਪੰਜਾਬ ਸਰਕਾਰ ਨੂੰ ਸਾਫ ਵੰਗਾਰਿਆ ਗਿਆ ਇਨ੍ਹਾਂ ਸੈਂਟਰਾਂ ਉਪਰ ਕਾਰਵਾਈ ਕਰਨ ਦੇ ਲਈ ਨਿਹੰਗ ਸਿੰਘਾਂ ਨੂੰ ਨਿਰਦੇਸ਼ ਦੇ ਦਿਤੇ ਗਏ ਹਨ। ਇਹ ਅਲਟੀਮੇਟਮ ਸਥਿਤੀ ਨੂੰ ਵਿਸਫੋਟਕ ਬਣਾ ਸਕਦਾ ਹੈ। ਜੇਕਰ ਸਰਕਾਰ ਨੇ ਇਨ੍ਹਾਂ 'ਤੇ ਕਾਰਵਾਈ ਨਾ ਕੀਤੀ ਅਤੇ ਨਿਹੰਗ ਸਿੰਘ ਜਥੇਬੰਦੀਆਂ ਨੇ ਖ਼ੁਦ ਮਾਰਚ ਕੀਤਾ, ਤਾਂ ਪੁਲਿਸ ਅਤੇ ਸਿੱਖ ਜਥੇਬੰਦੀਆਂ ਵਿਚਾਲੇ ਸਿੱਧੀ ਝੜਪ ਹੋਣ ਦਾ ਖ਼ਦਸ਼ਾ ਖੜ੍ਹਾ ਹੋ ਜਾਵੇਗਾ। ਦੂਜੇ ਪਾਸੇ ਸੱਤਾਧਾਰੀ ਪਾਰਟੀ ਵੱਲੋਂ ਅਜਿਹੇ ਕਿਸੇ ਵੀ ਆਈ.ਟੀ. ਸੈੱਲ ਦੀ ਹੋਂਦ ਤੋਂ ਇਨਕਾਰ ਕੀਤਾ ਗਿਆ ਹੈ, ਪਰ ਇਹ ਸਥਿਤੀ ਦੋਵਾਂ ਧਿਰਾਂ ਵਿਚਾਲੇ ਟਕਰਾਅ ਦੀ ਸਥਿਤੀ ਨੂੰ ਉਜਾਗਰ ਕਰਦੀ ਹੈ।

ਦੂਜੇ ਪਾਸੇ, 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਵਰਗੇ ਸੰਵੇਦਨਸ਼ੀਲ ਕਾਨੂੰਨ ਨੂੰ ਲੈ ਕੇ ਚੱਲ ਰਿਹਾ ਵਿਵਾਦ ਸਭ ਤੋਂ ਵੱਡਾ ਚਿੰਤਾ ਦਾ ਵਿਸ਼ਾ ਹੈ। ਬੇਅਦਬੀ ਵਰਗੇ ਘਿਨਾਉਣੇ ਅਪਰਾਧਾਂ ਲਈ ਸਖ਼ਤ ਕਾਨੂੰਨ ਬਣਾਉਣ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਜਾਂ ਸੰਗਤ ਵੱਲੋਂ ਕਦੇ ਵਿਰੋਧ ਨਹੀਂ ਕੀਤਾ ਗਿਆ, ਪਰ ਕਾਨੂੰਨ ਦੀ ਆੜ ਵਿੱਚ ਸਿੱਖਾਂ ਦੇ ਅੰਦਰੂਨੀ ਪ੍ਰਬੰਧ, ਪਰੰਪਰਾਵਾਂ ਜਾਂ ਰਿਕਾਰਡ ਨੂੰ ਸਰਕਾਰੀ ਦਾਇਰੇ ਵਿੱਚ ਲਿਆਉਣ ਦੀ ਕੋਸ਼ਿਸ਼ ਹਮੇਸ਼ਾ ਹੀ ਟਕਰਾਅ ਦਾ ਕਾਰਨ ਬਣਦੀ ਹੈ। ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਰਕਾਰ ਨੂੰ ਸੋਧਾਂ ਲਈ ਇੱਕ ਮਹੀਨੇ ਦਾ ਸਮਾਂ ਦੇਣਾ ਇਹ ਸਾਬਤ ਕਰਦਾ ਹੈ ਕਿ ਪੰਥ ਅਜੇ ਵੀ ਗੱਲਬਾਤ ਅਤੇ ਸੁਧਾਰ ਦਾ ਮੌਕਾ ਦੇਣ ਦੇ ਪੱਖ ਵਿੱਚ ਹੈ। ਖ਼ਬਰਾਂ ਅਨੁਸਾਰ ਇਸ ਪੰਥਕ ਇਕੱਠ ਦਾ ਇੱਕ ਬਹੁਤ ਹੀ ਸਕਾਰਾਤਮਕ ਅਤੇ ਅਹਿਮ ਪਹਿਲੂ ਇਹ ਵੀ ਰਿਹਾ ਕਿ ਇਸ ਵਿੱਚ ਨਾ ਸਿਰਫ਼ ਰਾਜਨੀਤਿਕ ਜਾਂ ਸੰਸਥਾਗਤ ਮੁੱਦਿਆਂ 'ਤੇ ਚਰਚਾ ਹੋਈ, ਸਗੋਂ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੇ ਛੇਵੇਂ ਦਰਿਆ ਤੋਂ ਬਚਾਉਣ ਅਤੇ ਉਨ੍ਹਾਂ ਨੂੰ 'ਬਾਣੀ ਤੇ ਬਾਣੇ' ਨਾਲ ਜੋੜਨ ਲਈ 24 ਜੁਲਾਈ ਤੋਂ 'ਮੀਰੀ ਪੀਰੀ ਖ਼ਾਲਸਾ ਵਹੀਰ' ਸ਼ੁਰੂ ਕਰਨ ਦਾ ਰਚਨਾਤਮਕ ਫ਼ੈਸਲਾ ਵੀ ਲਿਆ ਗਿਆ। ਇਹ ਇਸ ਗੱਲ ਦਾ ਪ੍ਰਮਾਣ ਹੈ ਕਿ ਅਕਾਲ ਤਖ਼ਤ ਸਾਹਿਬ ਤੇ ਸਿੱਖ ਲੀਡਰਸ਼ਿਪ ਸਮਾਜਿਕ ਬੁਰਾਈਆਂ ਪ੍ਰਤੀ ਚਿੰਤਤ ਹੈ।

### ਬਾਬਾ ਬਲਬੀਰ ਸਿੰਘ ਨਰਾਜ਼ ਕਿਉਂ ?

ਪਰ ਇਸ ਪੂਰੇ ਘਟਨਾਕ੍ਰਮ ਵਿੱਚ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਵੱਲੋਂ ਉਠਾਇਆ ਗਿਆ ਨੁਕਤਾ ਵੀ ਬੇਹੱਦ ਵਿਚਾਰਨਯੋਗ ਹੈ। ਉਨ੍ਹਾਂ ਦਾ ਇਹ ਕਹਿਣਾ ਕਿ 'ਕੌਮੀ ਫ਼ੈਸਲੇ ਲੈਂਦੇ ਸਮੇਂ ਸਾਰੀਆਂ ਨਿਹੰਗ ਜਥੇਬੰਦੀਆਂ ਨੂੰ ਭਰੋਸੇ ਵਿੱਚ ਲਿਆ ਜਾਣਾ ਚਾਹੀਦਾ ਹੈ', ਸਿੱਖ ਸੰਸਥਾਵਾਂ ਦੇ ਅੰਦਰੂਨੀ ਜਮਹੂਰੀ ਪ੍ਰਬੰਧ ਅਤੇ ਫੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਸਾਰੀਆਂ ਧਿਰਾਂ ਦੀ ਸ਼ਮੂਲੀਅਤ ਦੀ ਲੋੜ 'ਤੇ ਜ਼ੋਰ ਦਿੰਦਾ ਹੈ।

ਬਾਕੀ ਹਿਸਾ ਸਫਾ 44 ਤੇ ਪੜ੍ਹੋ

## ਕੌਣ ਕੌਣ ਸ਼ਾਮਲ ਸਨ

ਇਸ ਵਿਸ਼ਾਲ ਪੰਥਕ ਇਕੱਠ ਵਿੱਚ ਸਿੱਖ ਕੌਮ ਦੀਆਂ ਪ੍ਰਮੁੱਖ ਧਾਰਮਿਕ, ਸਮਾਜਿਕ ਅਤੇ ਕਿਸਾਨੀ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਇਕੱਤਰਤਾ ਵਿੱਚ ਸ਼ਾਮਲ ਹੋਣ ਵਾਲੇ ਮੁੱਖ ਆਗੂਆਂ ਵਿਚ ਗਿਆਨੀ ਕੁਲਦੀਪ ਸਿੰਘ ਗੜਗਜ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗਿਆਨੀ ਟੇਕ ਸਿੰਘ (ਧਨੌਲਾ): ਜਥੇਦਾਰ, ਤਖ਼ਤ ਸ੍ਰੀ ਦਮਦਮਾ ਸਾਹਿਬ ਐਡਵੋਕੇਟ ਹਰਜਿੰਦਰ ਸਿੰਘ ਧਾਮੀ: ਪ੍ਰਧਾਨ, ਸ਼੍ਰੋਮਣੀ ਕਮੇਟੀ, ਗਿਆਨੀ ਅਮਰਜੀਤ ਸਿੰਘ: ਕਾਰਜਕਾਰੀ ਮੁੱਖ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਗਿਆਨੀ ਪਰਮਵੀਰ ਸਿੰਘ ਤਖ਼ਤ ਸ੍ਰੀ ਹਜ਼ੂਰ ਸਾਹਿਬ (ਨਾਦੇੜ), ਗਿਆਨੀ ਗੁਰਮੁੱਖ ਸਿੰਘ: ਮੁੱਖ ਗ੍ਰੰਥੀ, ਸ੍ਰੀ ਅਕਾਲ ਤਖ਼ਤ ਸਾਹਿਬ, ਨਿਹੰਗ ਸਿੰਘ ਜਥੇਬੰਦੀਆਂ ਵਲੋਂ ਬਾਬਾ ਬਲਬੀਰ ਸਿੰਘ ਅਕਾਲੀ (96ਵੇਂ ਕਰੋੜੀ) ਮੁਖੀ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਬਾਬਾ ਨਿਹਾਲ ਸਿੰਘ: ਮੁਖੀ, ਮਿਸਲ ਸ਼ਹੀਦਾਂ ਤਰਨਾ ਦਲ (ਹਰੀਆਂ ਵੇਲਾਂ), ਬਾਬਾ ਜੋਗਾ ਸਿੰਘ: ਮੁਖੀ, ਤਰਨਾ ਦਲ (ਬਾਬਾ ਬਕਾਲਾ ਸਾਹਿਬ, ਬਾਬਾ ਮੇਜਰ ਸਿੰਘ ਸੋਢੀ: ਮੁਖੀ, ਦਸਮੇਸ਼ ਤਰਨਾ ਦਲ, ਦਮਦਮੀ ਟਕਸਾਲ ਮਹਿਤਾ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਵੱਲੋਂ ਟਕਸਾਲ ਦੇ ਮੁੱਖ ਬੁਲਾਰੇ ਭਾਈ ਸੁਖਦੇਵ ਸਿੰਘ,ਬਾਬਾ ਤੇਜਾ ਸਿੰਘ, ਬਾਬਾ ਹਾਕਮ ਸਿੰਘ, ਬਾਬਾ ਜਗਰੂਪ ਸਿੰਘ ਅਤੇ ਬਾਬਾ ਸਵਰਨ ਸਿੰਘ, ਬਾਬਾ ਨਿਰਮਲ ਸਿੰਘ (ਬਾਬਾ ਘਾਲਾ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਵੱਲੋਂ), ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ, ਹਰਿੰਦਰ ਸਿੰਘ ਲੱਖੋਵਾਲ: ਕਿਸਾਨ ਆਗੂ, ਹਰਮੀਤ ਸਿੰਘ ਕਾਦੀਆਂ: ਕਿਸਾਨ ਆਗੂ, ਪਰਮਜੀਤ ਸਿੰਘ ਸਰਨਾ: ਸਾਬਕਾ ਪ੍ਰਧਾਨ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਐਡਵੋਕੇਟ ਪੂਰਨ ਸਿੰਘ ਹੁੰਦਲ: ਸੀਨੀਅਰ ਵਕੀਲ ਅਤੇ ਕਾਨੂੰਨੀ ਮਾਹਿਰ ਸ਼ਾਮਲ ਸਨ।

# ਹੈਨਰੀ ਨੋਵਾਕ ਹੱਤਿਆਕਾਂਡ: ਦੋਸ਼ੀ ਵਿਕਰਮ ਦਿਗਵਾ ਨੇ ਸਜ਼ਾ ਖਿਲਾਫ ਕੀਤੀ ਅਪੀਲ; ਦੂਜੇ ਪਾਸੇ ਸਰਕਾਰ ਸਜ਼ਾ ਵਧਾਉਣ ਦੀ ਤਿਆਰੀ 'ਚ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) 18 ਸਾਲਾ ਯੂਨੀਵਰਸਿਟੀ ਵਿਦਿਆਰਥੀ ਹੈਨਰੀ ਨੋਵਾਕ ਦੇ ਕਤਲ ਦੇ ਦੋਸ਼ੀ ਵਿਕਰਮ ਦਿਗਵਾ ਨੇ ਆਪਣੀ ਸਜ਼ਾ ਅਤੇ ਦੋਸ਼ਾਂ ਨੂੰ ਰੱਦ ਕਰਵਾਉਣ ਲਈ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਹੈ। ਦੂਜੇ ਪਾਸੇ, ਇਹ ਮਾਮਲਾ ਹੁਣ ਇੱਕ ਵੱਡੀ ਕਾਨੂੰਨੀ ਜੰਗ ਦਾ ਰੂਪ ਲੈ ਚੁੱਕਾ ਹੈ ਕਿਉਂਕਿ ਬਰਤਾਨਵੀ ਸਰਕਾਰ ਉਸ ਦੀ ਸਜ਼ਾ ਨੂੰ ਹੋਰ ਵਧਾਉਣ ਦੀ ਮੰਗ ਕਰ ਰਹੀ ਹੈ।

ਕੋਰਟ ਆਫ਼ ਅਪੀਲ ਨੇ ਪੁਸ਼ਟੀ ਕੀਤੀ ਹੈ ਕਿ ਦਿਗਵਾ ਵੱਲੋਂ ਅਪੀਲ ਦਰਜ ਕਰਵਾਈ ਜਾ ਚੁੱਕੀ ਹੈ, ਹਾਲਾਂਕਿ ਇਸ ਦੇ ਮੁੱਖ ਕਾਨੂੰਨੀ ਅਧਾਰ ਅਜੇ ਜਨਤਕ ਨਹੀਂ ਕੀਤੇ ਗਏ।

ਬਚਾਅ ਪੱਖ ਵੱਲੋਂ ਦਾਇਰ ਅਪੀਲ 'ਚ ਕਤਲ ਦੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਰੱਦ ਕਰਵਾਉਣਾ ਅਤੇ ਮੌਜੂਦਾ ਸਜ਼ਾ ਘੱਟ ਕਰਵਾਉਣ ਦੀ ਕੋਸ਼ਿਸ਼ ਹੈ ਜਦ ਕਿ ਸਰਕਾਰੀ ਵੱਲੋਂ ਮੌਜੂਦਾ 21 ਸਾਲ ਦੀ ਘੱਟੋ-ਘੱਟ ਸਜ਼ਾ ਨੂੰ ਬਹੁਤ ਨਰਮ ਦੱਸਦਿਆਂ ਇਸ ਨੂੰ ਹੋਰ ਵਧਾਉਣ ਦੀ ਮੰਗ ਕੀਤੀ ਹੈ।

ਜਿਕਰਯੋਗ ਹੈ ਕਿ ਜੂਨ 2026 ਵਿੱਚ, ਸਾਊਥੈਂਪਟਨ ਕਰਾਊਨ ਕੋਰਟ ਨੇ ਦਿਗਵਾ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਅਦਾਲਤ ਨੇ ਦਿਗਵਾ ਦੀ ਸਜ਼ਾ ਦੀ ਸ਼ੁਰੂਆਤ 15 ਸਾਲ ਤੋਂ ਕੀਤੀ ਸੀ, ਜਿਸ ਨੂੰ ਬਾਅਦ ਵਿੱਚ ਹੋਰ ਗੰਭੀਰ ਕਾਰਨਾਂ ਕਰਕੇ ਵਧਾ ਕੇ ਘੱਟੋ-ਘੱਟ 21 ਸਾਲ ਦੀ ਕੈਦ ਨਿਰਧਾਰਤ ਕੀਤਾ ਗਿਆ। ਸਰਕਾਰੀ ਵਕੀਲਾਂ ਨੇ ਇਸ ਦੀ ਸ਼ੁਰੂਆਤ 25 ਸਾਲ ਤੋਂ ਕਰਨ ਦੀ ਮੰਗ ਕੀਤੀ ਸੀ।

ਇਸ ਦੇ ਨਾਲ ਹੀ ਦਿਗਵਾ ਦੀ ਜੇਲ੍ਹ ਤਬਦੀਲੀ ਅਤੇ ਜੇਲ੍ਹ ਵਿੱਚ ਹਮਲਾ ਹੋਣ ਦੇ ਸ਼ੰਕੇ ਬਾਰੇ ਵੀ ਚਰਚਾ ਹੋ ਰਹੀ ਹੈ। ਮੀਡੀਆ ਰਿਪੋਰਟਾਂ ਅਨੁਸ-ਾਰ ਹਮਲੇ ਦੇ ਖਦਸ਼ੇ ਕਾਰਨ ਦਿਗਵਾ ਨੂੰ ਜਿਆਦਾ ਸਮਾਂ ਜੇਲ੍ਹ ਵਿੱਚ ਇਕੱਲਾ ਹੀ ਬਤੀਤ ਕਰਦਾ ਹੈ।


ਵਿਕਰਮ ਸਿੰਘ ਦਿਗਵਾ

# ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵੱਲੋਂ ਪਾਕਿਸਤਾਨ ਅੰਦਰ ਗੁਰਦੁਆਰਾ ਸਾਹਿਬ ਨੂੰ ਢਾਹੁਣ ਦੀ ਨਿੰਦਾ


ਸ: ਗੁਰਮੇਲ ਸਿੰਘ ਮੱਲੀ, ਸ: ਹਰਜੀਤ ਸਿੰਘ ਸਰਪੰਚ, ਸ਼ਰਨਬੀਰ ਸਿੰਘ ਸੰਘਾ ਅਤੇ ਸੁਰਿੰਦਰ ਸਿੰਘ ਢੱਟ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪਾਕਿਸਤਾਨ ਅੰਦਰ ਗੁਰਦੁਆਰਾ ਸਾਹਿਬ ਢਾਹੁਣ ਦੇ ਮਾਮਲੇ ਦਾ ਦੇਸ਼ ਵਿਦੇਸ਼ ਦੇ ਸਿੱਖਾਂ ਅੰਦਰ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ, ਮੀਤ ਪ੍ਰਧਾਨ ਸ: ਹਰਜੀਤ ਸਿੰਘ ਸਰਪੰਚ, ਜਨਰਲ ਸਕੱਤਰ ਸ਼ਰਨਬੀਰ ਸਿੰਘ ਸੰਘਾ ਅਤੇ ਸੁਰਿੰਦਰ ਸਿੰਘ ਢੱਟ ਨੇ ਕਿਹਾ ਕਿ ਮੰਡੀ ਚੂਹੜਕਾਣਾ ਵਿੱਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੀ ਇਮਾਰਤ 125 ਸਾਲ ਪੁਰਾਣੀ ਹੈ, ਲੇਕਨ ਸਮੇਂ ਦੀਆਂ ਹਕੂਮਤਾਂ ਨੇ ਇਸ ਵੱਲ ਧਿਆਨ ਨਾ ਦੇਣ ਕਰਕੇ ਇਮਾਰਤ ਹੁਣ ਖੰਡਰ ਬਣ ਚੁੱਕੀ ਹੈ। ਲੇਕਨ ਜਿਹੜਾ ਕੁਝ ਬਚਿਆ ਸੀ ਉਸ ਨੂੰ ਵੀ ਹੁਣ ਸੰਭਾਲਿਆ ਨਹੀਂ ਜਾ ਰਿਹਾ ਅਤੇ ਪ੍ਰਾਪਤ ਜਾਣਕਾਰੀ ਮੁਤਾਬਿਕ ਕੁਝ ਲੋਕ ਗੁਰਦੁਆਰਾ ਸਾਹਿਬ ਦੀ ਥਾਂ 'ਤੇ ਕਬਜ਼ਾ ਕਰ ਰਹੇ ਹਨ। ਉਕਤ ਆਗੂਆਂ ਨੇ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਕਿ ਪਾਕਿਸਤਾਨ ਅੰਦਰਲੇ ਸਾਰੇ ਗੁਰਦਆਰਿਆਂ ਦੀ ਸੇਵਾ ਸੰਭਾਲ ਸਿੱਖਾਂ ਨੂੰ ਸੌਂਪੀ ਜਾਵੇ ਅਤੇ ਭੂ ਮਾਫੀਏ ਨੂੰ ਨੱਥ ਪਾਈ ਜਾਵੇ।

# ਅਕਾਲੀ ਦਲ ਵਾਰਸ ਪੰਜਾਬ ਦੇ ਸਕੱਤਰ ਜਨਰਲ ਮਨਦੀਪ ਸਿੰਘ ਸਿੱਧੂ ਦਾ ਇੰਗਲੈਂਡ ਪਹੁੰਚਣ ਤੇ ਨਿੱਘਾ ਸਵਾਗਤ


ਮਨਦੀਪ ਸਿੰਘ ਸਿੱਧੂ ਦਾ ਇੰਗਲੈਂਡ ਪਹੁੰਚਣ ਤੇ ਨਿੱਘਾ ਸਵਾਗਤ ਕਰਦੇ ਹੋਏ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਅਕਾਲੀ ਦਲ ਵਾਰਸ ਪੰਜਾਬ ਦੇ ਸਕੱਤਰ ਜਨਰਲ ਮਨਦੀਪ ਸਿੰਘ ਸਿੱਧੂ (ਭਰਾ ਬਾਈ ਦੀਪ ਸਿੱਧੂ) ਇੰਗਲੈਂਡ ਦੇ ਦੌਰੇ ਤੇ ਕੱਲ ਦੇਰ ਸ਼ਾਮੀਂ ਲੰਡਨ ਪਹੁੰਚੇ। ਲੰਡਨ ਪਹੁੰਚਣ ਤੇ ਸੰਗਤਾਂ ਵੱਲੋਂ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਗੱਲ ਕਰਦਿਆਂ ਸ: ਸਿੱਧੂ ਨੇ ਦੱਸਿਆ ਕਿ ਅਕਾਲੀ ਦਲ ਵਾਰਸ ਪੰਜਾਬ ਨੂੰ ਲੈ ਕੇ ਪੰਜਾਬ ਦੇ ਨਾਲ ਨਾਲ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਵਿੱਚ ਭਾਰੀ ਉਤਸ਼ਾਹ ਹੈ। ਇਸ ਦੌਰੇ ਦੌਰਾਨ ਪਾਰਟੀ ਨੂੰ ਵਿਦੇਸ਼ਾਂ ਵਿੱਚ ਮਜ਼ਬੂਤ ਕਰਨ ਲਈ ਯਤਨ ਕੀਤੇ ਜਾਣਗੇ। ਆਉਣ ਵਾਲੀਆਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਸਬੰਧੀ ਪ੍ਰਚਾਰ ਅਤੇ ਅਕਾਲੀ ਦਲ ਵਾਰਸ ਪੰਜਾਬ ਦੀ ਮੈਂਬਰਸ਼ਿਪ ਵੀ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਇੰਗਲੈਂਡ ਦੀ 21 ਮੈਂਬਰੀ ਕਾਰਜਕਾਰੀ ਕਮੇਟੀ ਦਾ ਵੀ ਗਠਨ ਕੀਤਾ ਜਾਵੇਗਾ ਤਾਂ ਜੋ ਪੰਜਾਬ ਅਤੇ ਇੰਗਲੈਂਡ ਵਿੱਚ ਵੱਸਦੇ ਪੰਜਾਬੀਆਂ ਨਾਲ ਰਾਬਤਾ ਬਣਾਇਆ ਰਹੇ। ਇਸ ਮੌਕੇ ਉੱਪਰ ਇਸ਼ਟਮੀਤ ਸਿੰਘ ਫੁੱਲ ਡਿਵੈਲਪਮੈਂਟ ਸੈਕਟਰੀ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ, ਰਮਨਦੀਪ ਸਿੰਘ ਧੂਰਕੋਟ, ਮਨਜਿੰਦਰ ਸਿੰਘ ਸਿੱਧੂ, ਅੰਮ੍ਰਿਤ ਸਿੰਘ, ਕੁਲਦੀਪ ਸਿੰਘ, ਹਰਜੋਤ ਸਿੰਘ ਅਤੇ ਹੋਰ ਸਿੰਘ ਸੰਗਤਾਂ ਹਾਜ਼ਰ ਸਨ।

# ਬਰਤਾਨੀਆ ਦੀ ਸੰਸਦ ਵਿੱਚ ਲਾਰਡ ਕੁਲਦੀਪ ਸਿੰਘ ਸਹੋਤਾ ਨੇ ਸਿੱਖਾਂ ਦੀ ਸੁਰੱਖਿਆ ਦਾ ਮਾਮਲਾ ਉਠਾਇਆ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਦੀ ਸੰਸਦ ਵਿੱਚ ਇਸ ਹਫ਼ਤੇ ਨਫ਼ਰਤੀ ਅਪਰਾਧਾਂ ਦਾ ਮੁੱਦਾ ਗੂੰਜਿਆ। ਲਾਰਡ ਕੁਲਦੀਪ ਸਿੰਘ ਸਹੋਤਾ ਨੇ ਹਾਲ ਹੀ ਦੇ ਦਿਨਾਂ ਵਿੱਚ ਪ੍ਰਵਾਸੀਆਂ ਅਤੇ ਖ਼ਾਸ ਤੌਰ 'ਤੇ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਕੀਤੇ ਜਾ ਰਹੇ ਨਫ਼ਰਤੀ ਹਮਲਿਆਂ 'ਤੇ ਡੂੰਘੀ ਚਿੰਤਾ ਪ੍ਰਗਟਾਈ। ਉਨ੍ਹਾਂ ਨੇ ਸਰਕਾਰ ਨੂੰ ਸਵਾਲ ਕਰਦਿਆਂ ਪੁੱਛਿਆ ਕਿ ਕੀ ਹੁਣ ਸਮਾਂ ਨਹੀਂ ਆ ਗਿਆ ਕਿ ਇਨ੍ਹਾਂ ਪੀੜਤ ਸਮੂਹਾਂ ਦੀ ਸੁਰੱਖਿਆ ਲਈ ਠੋਸ ਕਦਮ ਚੁੱਕੇ ਜਾਣ? ਸੰਸਦ ਵਿੱਚ ਉੱਠੀ ਇਹ ਆਵਾਜ਼ ਇਸ ਵੇਲੇ ਬ੍ਰਿਟੇਨ ਦੇ ਸਿੱਖ ਭਾਈਚਾਰੇ ਅਤੇ ਹੋਰ ਘੱਟ-ਗਿਣਤੀਆਂ ਵਿੱਚ ਪਾਈ ਜਾ ਰਹੀ ਸੁਰੱਖਿਆ ਸਬੰਧੀ ਚਿੰਤਾ ਨੂੰ ਦਰਸਾਉਂਦੀ ਹੈ। ਉਹਨਾਂ ਮਿਡਲੈਂਡ ਵਿੱਚ ਸਿੱਖਾਂ ਤੇ ਹੋਏ ਹਮਲਿਆਂ ਦਾ ਅਤੇ ਦੋ ਸਿੱਖ ਬੀਬੀਆਂ ਨਾਲ ਹੋਏ ਜਬਰਜਨਾਹ ਦਾ ਮਾਮਲਾ ਉਠਾਇਆ। ਉਹਨਾਂ ਕਿਹਾ ਕਿ ਹਰ ਮੁੱਦੇ ਤੇ ਪ੍ਰਵਾਸੀਆਂ ਨੂੰ ਦੋਸ਼ੀ ਠਹਿਰਾਇਆ ਜਾ ਰਿਹਾ ਹੈ ਰੁਜ਼ਗਾਰ ਦੀ ਗੱਲ ਹੋਵੇ ਭਾਵੇਂ ਇਲਾਜ਼ ਲਈ ਡਾਕਟਰ ਨਾਲ ਸਮਾਂ ਲੈਣਾ ਹੋਵੇ। ਉਹਨਾਂ ਪ੍ਰਵਾਸੀਆਂ ਵਿਰੁੱਧ ਚਲਾਈ ਜਾ ਰਹੀ ਨਫ਼ਰਤੀ ਮੁਹਿੰਮ ਦਾ ਵਿਰੋਧ ਕੀਤਾ।ਲਾਰਡ ਸਹੋਤਾ ਵੱਲੋਂ ਚੁੱਕਿਆ ਗਿਆ ਇਹ ਕਦਮ ਯੂ ਕੇ ਸਰਕਾਰ 'ਤੇ ਘੱਟ-ਗਿਣਤੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਨਫ਼ਰਤੀ ਅਪਰਾਧਾਂ ਦੇ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਨ ਲਈ ਦਬਾਅ ਵਧਾਉਂਦਾ ਹੈ।

# ਬਰਤਾਨੀਆਂ ਦੀ ਸੱਜੇ ਪੱਖੀ ਪਾਰਟੀ ਦੇ ਨੇਤਾ ਨਾਈਜ਼ਲ ਫਰਾਜ਼ ਨੇ ਐਮ ਪੀ ਵਜੋਂ ਦਿੱਤਾ ਅਸਤੀਫਾ



*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਰਿਫਾਰਮ ਯੂ ਕੇ ਦੇ ਆਗੂ ਨਾਈਜਲ ਫ਼ਰਾਜ ਨੇ ਅੱਜ ਵੱਡਾ ਸਿਆਸੀ ਧਮਾਕਾ ਕਰਦਿਆਂ ਕਲੈਕਟਨ-ਆਨ-ਸੀ ਦੇ ਸੰਸਦ ਮੈਂਬਰ ਵਜੋਂ ਅਸਤੀਫ਼ਾ ਦੇ ਦਿੱਤਾ ਹੈ। ਫ਼ਰਾਜ ਦੇ ਇਸ ਕਦਮ ਨਾਲ ਹਲਕੇ ਵਿੱਚ ਜ਼ਿਮਨੀ ਚੋਣ ਦਾ ਰਾਹ ਪੱਧਰਾ ਹੋ ਗਿਆ ਹੈ।*

ਇਹ ਫ਼ੈਸਲਾ ਉਨ੍ਹਾਂ ਦੀਆਂ ਨਿੱਜੀ ਵਿੱਤੀ ਸਾਂਝਾਂ ਅਤੇ ਫੰਡਿੰਗ ਨੂੰ ਲੈ ਕੇ ਲਗਾਤਾਰ ਵੱਧ ਰਹੇ ਵਿਵਾਦਾਂ ਅਤੇ ਸੰਸਦੀ ਜਾਂਚ ਦੇ ਦਬਾਅ ਤੋਂ ਬਾਅਦ ਸਾਹਮਣੇ ਆਇਆ ਹੈ। ਹਾਲਾਂਕਿ, ਅਸਤੀਫ਼ਾ ਦੇਣ ਦੇ ਨਾਲ ਹੀ ਫ਼ਰਾਜ ਨੇ ਐਲਾਨ ਕੀਤਾ ਹੈ ਕਿ ਉਹ ਇਸੇ ਸੀਟ ਤੋਂ ਦੁਬਾਰਾ ਚੋਣ ਮੈਦਾਨ ਵਿੱਚ ਉਤਰਨਗੇ।

ਨਾਈਜਲ ਫ਼ਰਾਜ ਪਿਛਲੇ ਕੁਝ ਹਫ਼ਤਿਆਂ ਤੋਂ ਦੋ ਮੁੱਖ ਮਾਮਲਿਆਂ ਕਰਕੇ ਸਖ਼ਤ ਸਵਾਲਾਂ ਦੇ ਘੇਰੇ ਵਿੱਚ ਸਨ। ਫ਼ਰਾਜ 'ਤੇ ਕ੍ਰਿਪਟੋਕਰੰਸੀ ਦੇ ਅਰਬਪਤੀ ਕ੍ਰਿਸਟੋਫ਼ਰ ਹਾਰਬੋਰਨ ਤੋਂ 50 ਲੱਖ ਪੌਂਡ ਦਾ ਨਿੱਜੀ ਤੋਹਫ਼ਾ ਲੈਣ ਦੇ ਇਲਜ਼ਾਮ ਹਨ, ਜਿਸ ਦੀ ਜਾਂਚ ਸੰਸਦੀ ਮਿਆਰ ਕਮਿਸ਼ਨਰ ਵੱਲੋਂ ਕੀਤੀ ਜਾ ਰਹੀ ਹੈ। ਫ਼ਰਾਜ ਮੁਤਾਬਕ ਇਹ ਰਕਮ ਉਨ੍ਹਾਂ ਦੀ ਨਿੱਜੀ ਸੁਰੱਖਿਆ ਲਈ ਸੀ। ਰਿਪੋਰਟ ਮੁਤਾਬਕ ਫ਼ਰਾਜ ਦੇ ਪੁਰਾਣੇ ਸਾਥੀ ਜਾਰਜ ਕੌਟਰਲ ਵੱਲੋਂ ਉਨ੍ਹਾਂ ਨੂੰ ਕਈ ਅਣ-ਐਲਾਨੀਆਂ ਮਾਲੀ ਸਹੂਲਤਾਂ ਦਿੱਤੀਆਂ ਗਈਆਂ ਸਨ, ਜਿਨ੍ਹਾਂ ਵਿੱਚ ਲੰਡਨ ਵਿੱਚ ਇੱਕ ਆਲੀਸ਼ਾਨ ਘਰ ਦਾ ਕਿਰਾਇਆ ਅਤੇ ਸੋਸ਼ਲ ਮੀਡੀਆ ਸਟਾਫ਼ ਦਾ ਖ਼ਰਚਾ ਸ਼ਾਮਲ ਹੈ।

# ਨਿੱਝਰ ਕਤਲ ਕੇਸ: ਐਫਬੀਆਈ ਵੱਲੋਂ ਗੋਲਡੀ ਬਰਾੜ ਦੀ ਗ੍ਰਿਫ਼ਤਾਰੀ ਲਈ 50,000 ਡਾਲਰ ਦੇ ਇਨਾਮ ਦਾ ਐਲਾਨ

**ਖਾਸ ਖਬਰ** ✪ ਮੋਸਟ ਵਾਂਟੇਡ' ਸੂਚੀ 'ਚ ਸ਼ਾਮਲ ਹੋਇਆ ਗੋਲਡੀ ਬਰਾੜ; ਅਮਰੀਕਾ ਨੇ ਰੱਖਿਆ ਲੱਖਾਂ ਦਾ ਇਨਾਮ





ਅਮਰੀਕੀ ਜਾਂਚ ਏਜੰਸੀ ਐੱਫਬੀਆਈ ਨੇ ਮੋਸਟ ਵਾਂਟੇਡ ਗੈਂਗਸਟਰ ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ ਦੀ ਗ੍ਰਿਫ਼ਤਾਰੀ ਲਈ ਜਾਣਕਾਰੀ ਦੇਣ ਵਾਲੇ ਨੂੰ 50,000 ਡਾਲਰ (ਲਗਭਗ 42 ਲੱਖ ਰੁਪਏ) ਤੱਕ ਦਾ ਨਕਦ ਇਨਾਮ ਦੇਣ ਦਾ ਐਲਾਨ ਕੀਤਾ ਹੈ। ਇਹ ਕਾਰਵਾਈ ਗੋਲਡੀ ਬਰਾੜ ਅਤੇ ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਖ਼ਿਲਾਫ਼ ਸਾਲ 2023 ਵਿੱਚ ਕੈਨੇਡਾ ਦੇ ਸਰੀ (ਬ੍ਰਿਟਿਸ਼ ਕੋਲੰਬੀਆ) ਵਿੱਚ ਹੋਏ ਖਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਦੋਸ਼ ਆਇਦ ਕੀਤੇ ਜਾਣ ਤੋਂ ਕੁਝ ਘੰਟਿਆਂ ਬਾਅਦ ਅਮਲ ਵਿੱਚ ਲਿਆਂਦੀ ਗਈ ਹੈ।

ਗੋਲਡੀ ਬਰਾੜ ਮਸ਼ਹੂਰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਵਿੱਚ ਵੀ ਮੁੱਖ ਦੋਸ਼ੀ ਹੈ। ਭਾਰਤ ਵਿੱਚ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਅਤੇ ਪੰਜਾਬ ਪੁਲੀਸ ਨੇ ਉਸ ਨੂੰ ਪਹਿਲਾਂ ਹੀ 'ਮੋਸਟ ਵਾਂਟੇਡ' ਕਰਾਰ ਦਿੰਦਿਆਂ ਵੱਖਰੇ ਤੌਰ 'ਤੇ ਨਕਦ ਇਨਾਮਾਂ ਦੇ ਐਲਾਨ ਕੀਤੇ ਹੋਏ ਹਨ।

ਐੱਫਬੀਆਈ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' (ਯ) 'ਤੇ ਇਕ ਪੋਸਟ ਰਾਹੀਂ ਦੱਸਿਆ ਕਿ ਗੋਲਡੀ ਬਰਾੜ ਨੂੰ ਹੁਣ ਏਜੰਸੀ ਦੀ "ਮੋਸਟ ਵਾਂਟੇਡ" ਭਗੌੜਿਆਂ ਦੀ ਸੂਚੀ ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਉਹ 'ਲਾਰੈਂਸ ਬਿਸ਼ਨੋਈ ਆਰਗੇਨਾਈਜ਼ਡ ਕ੍ਰਾਈਮ ਗਰੁੱਪ' ਨਾਲ ਜੁੜਿਆ ਹੋਇਆ ਹੈ, ਜੋ ਦੱਖਣੀ ਕੈਲੀਫੋਰਨੀਆ ਸਮੇਤ ਪੂਰੇ ਅਮਰੀਕਾ ਅਤੇ ਕੈਨੇਡਾ ਵਿੱਚ ਕਈ ਤਰ੍ਹਾਂ ਦੀਆਂ ਹਿੰਸਕ ਵਾਰਦਾਤਾਂ ਵਿੱਚ ਸ਼ਾਮਲ ਰਿਹਾ ਹੈ।

### ਅਮਰੀਕੀ ਅਦਾਲਤ ਵੱਲੋਂ ਵਾਰੰਟ ਜਾਰੀ

ਐੱਫਬੀਆਈ ਮੁਤਾਬਕ 1 ਜੁਲਾਈ ਨੂੰ ਕੈਲੀਫੋਰਨੀਆ ਦੀ ਯੂਐਸ ਡਿਸਟ੍ਰਿਕਟ ਕੋਰਟ (ਲਾਸ ਏਂਜਲਸ) ਵੱਲੋਂ ਗੋਲਡੀ ਬਰਾੜ ਖ਼ਿਲਾਫ਼ ਇੱਕ ਸੰਘੀ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਗਿਆ ਸੀ। ਉਸ 'ਤੇ ਰੈਕੇਟੀਅਰ ਇਨਫਲੂਐਂਸਡ ਐਂਡ ਕਰਪਟ ਆਰਗੇਨਾਈਜ਼ੇਸ਼ਨਜ਼ ਸਾਜ਼ਿਸ਼, ਜਬਰਦਸਤੀ ਰਾਹੀਂ ਵਣਜ ਵਿੱਚ ਦਖਲ ਦੇਣ ਦੀ ਸਾਜ਼ਿਸ਼ ਅਤੇ ਕੋਸ਼ਿਸ਼, ਨਿਯੰਤਰਿਤ ਪਦਾਰਥਾਂ (ਡਰਗਜ) ਨੂੰ ਵੰਡਣ ਅਤੇ ਰੱਖਣ ਦੀ ਸਾਜ਼ਿਸ਼ ਵਰਗੇ ਗੰਭੀਰ ਦੋਸ਼ ਲਗਾਏ ਗਏ ਹਨ। ਜਾਂਚ ਏਜੰਸੀਆਂ ਮੁਤਾਬਕ ਬਰਾੜ ਦੇ ਤਾਰ ਕੈਨੇਡਾ, ਭਾਰਤ ਅਤੇ ਮੈਕਸੀਕੋ ਤੋਂ ਇਲਾਵਾ ਕੈਲੀਫੋਰਨੀਆ ਦੇ ਸੈਕਰਾਮੈਂਟੋ ਅਤੇ ਫ੍ਰੇਸਨੋ ਸ਼ਹਿਰਾਂ ਨਾਲ ਜੁੜੇ ਹੋਏ ਹਨ।

### 'ਆਪਰੇਸ਼ਨ ਹਾਰਡ ਬਾਲ' ਤਹਿਤ ਵੱਡੀ ਕਾਰਵਾਈ

ਇਹ ਇਨਾਮ ਅਮਰੀਕੀ, ਕੈਨੇਡੀਅਨ ਅਤੇ ਯੂਰਪੀਅਨ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੁਆਰਾ ਚਲਾਏ ਗਏ ਇੱਕ ਸਾਂਝੇ ਅਪਰੇਸ਼ਨ-'ਆਪਰੇਸ਼ਨ ਹਾਰਡ ਬਾਲ'-ਤੋਂ ਤੁਰੰਤ ਬਾਅਦ ਐਲਾਨਿਆ ਗਿਆ ਹੈ। ਇਸ ਵੱਡੀ ਕਾਰਵਾਈ ਦੌਰਾਨ ਹੁਣ ਤੱਕ 24 ਗ੍ਰਿਫਤਾਰੀਆਂ ਹੋ ਚੁੱਕੀਆਂ ਹਨ ਅਤੇ ਭਾਰਤ-ਅਧਾਰਤ ਤਿੰਨ ਸੰਗਠਿਤ ਅਪਰਾਧ ਸਿੰਡੀਕੇਟਾਂ ਨਾਲ ਜੁੜੇ 37 ਮੁਲਜ਼ਮਾਂ ਖ਼ਿਲਾਫ਼ ਦੋਸ਼ ਪੱਤਰ ਦਾਇਰ ਕੀਤੇ ਗਏ ਹਨ।

### ਭਾਰਤ-ਕੈਨੇਡਾ ਸਬੰਧਾਂ 'ਚ ਤਣਾਅ ਦਾ ਕਾਰਨ

ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ 'ਤੇ 18 ਜੂਨ, 2023 ਨੂੰ ਸਰੀ ਦੇ ਇਕ ਗੁਰਦੁਆਰੇ ਦੇ ਬਾਹਰ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਸਾਜ਼ਿਸ਼ ਘੜਨ ਦਾ ਦੋਸ਼ ਹੈ। ਇਸ ਕਤਲ ਤੋਂ ਬਾਅਦ ਭਾਰਤ ਅਤੇ ਕੈਨੇਡਾ ਦੇ ਕੂਟਨੀਤਕ ਸਬੰਧਾਂ ਵਿੱਚ ਭਾਰੀ ਤਣਾਅ ਆ ਗਿਆ ਸੀ, ਜਦੋਂ ਓਟਾਵਾ (ਕੈਨੇਡਾ ਸਰਕਾਰ) ਨੇ ਇਸ ਕਤਲ ਵਿੱਚ ਭਾਰਤੀ ਸਰਕਾਰੀ ਏਜੰਟਾਂ ਦੇ ਸ਼ਾਮਲ ਹੋਣ ਦਾ ਦੋਸ਼ ਲਾਇਆ ਸੀ। ਭਾਰਤ ਸਰਕਾਰ ਨੇ ਇਨ੍ਹਾਂ ਦੋਸ਼ਾਂ ਨੂੰ ਹਮੇਸ਼ਾ ਸਖ਼ਤੀ ਨਾਲ ਨਕਾਰਿਆ ਹੈ। ਦੱਸਣਯੋਗ ਹੈ ਕਿ ਕੈਨੇਡਾ ਨੇ ਸਤੰਬਰ 2025 ਵਿੱਚ ਬਿਸ਼ਨੋਈ ਨੈੱਟਵਰਕ ਨੂੰ ਅੱਤਵਾਦੀ ਸੰਗਠਨ ਵਜੋਂ ਨਾਮਜ਼ਦ ਕੀਤਾ ਸੀ।

### ਅਦਾਕਾਰ-ਗਾਇਕ ਦੀ ਰਿਹਾਇਸ਼ 'ਤੇ ਗੋਲੀਬਾਰੀ 'ਚ ਵੀ ਨਾਮਜ਼ਦ


ਚਾਰਜਸ਼ੀਟ ਮੁਤਾਬਕ, ਬਰਾੜ ਨੂੰ ਲਾਰੈਂਸ ਬਿਸ਼ਨੋਈ ਦਾ ਬਚਪਨ ਦਾ ਦੋਸਤ ਅਤੇ ਉੱਤਰੀ ਅਮਰੀਕਾ ਵਿੱਚ ਇਸ ਅਪਰਾਧਿਕ ਨੈੱਟਵਰਕ ਦਾ ਮੁਖੀ ਦੱਸਿਆ ਗਿਆ ਹੈ। ਉਹ ਲਾਸ ਏਂਜਲਸ ਅਤੇ ਥਾਉਜ਼ੈਂਡ ਓਕਸ ਵਿੱਚ ਕਈ ਲੋਕਾਂ ਨੂੰ ਜਬਰਦਸਤੀ ਨਿਸ਼ਾਨਾ ਬਣਾਉਣ ਅਤੇ ਸਾਲ 2023 ਵਿੱਚ ਵੈਨਕੂਵਰ ਵਿਖੇ ਇੱਕ ਪ੍ਰਮੁੱਖ ਭਾਰਤੀ ਅਦਾਕਾਰ-ਗਾਇਕ ਦੀ ਰਿਹਾਇਸ਼ 'ਤੇ ਹੋਈ ਗੋਲੀਬਾਰੀ ਦੇ ਮਾਮਲੇ ਵਿੱਚ ਵੀ ਨਾਮਜ਼ਦ ਹੈ।

ਗੋਲਡੀ ਬਰਾੜ ਇਸ ਵੇਲੇ ਫਰਾਰ ਹੈ ਅਤੇ ਉਹ ਇਸ ਕੇਸ ਵਿੱਚ ਲੋੜੀਂਦੇ 10 ਮੁੱਖ ਭਗੌੜਿਆਂ ਵਿੱਚੋਂ ਇੱਕ ਹੈ, ਜਿਨ੍ਹਾਂ ਵਿੱਚੋਂ ਸੱਤ ਦੇ ਅਮਰੀਕਾ ਵਿੱਚ ਲੁਕੇ ਹੋਣ ਦਾ ਖ਼ਦਸ਼ਾ ਹੈ।

# ਓ ਟੀ ਟੀ ਤੋਂ ਹਟਾਏ ਜਾਣ ਦੇ ਬਾਵਜੂਦ ਪੰਜਾਬ ਦੇ ਪਿੰਡਾਂ ਵਿਚ ਦਿਲਜੀਤ ਦੀ ਫ਼ਿਲਮ 'ਸਤਲੁਜ' ਦੀਆਂ ਜਨਤਕ ਸਕ੍ਰੀਨਿੰਗਾਂ ਜਾਰੀ

ਅੰਮ੍ਰਿਤਸਰ-ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ ਅਤੇ ਸੰਘਰਸ਼ 'ਤੇ ਆਧਾਰਿਤ ਅਦਾਕਾਰ ਤੇ ਗਾਇਕ ਦਿਲਜੀਤ ਦੋਸਾਂਝ ਦੀ ਫ਼ਿਲਮ 'ਸਤਲੁਜ' ਨੂੰ ਇੱਕ ਪ੍ਰਮੁੱਖ ਓਟੀਟੀ ਪਲੇਟਫਾਰਮ ਤੋਂ ਹਟਾਏ ਜਾਣ ਤੋਂ ਬਾਅਦ ਵੀ ਇਸ ਦਾ ਕ੍ਰੇਜ਼ ਘਟਣ ਦਾ ਨਾਂ ਨਹੀਂ ਲੈ ਰਿਹਾ। ਫ਼ਿਲਮ ਦੀਆਂ ਡਾਊਨਲੋਡ ਕੀਤੀਆਂ ਕਾਪੀਆਂ ਨੂੰ ਹੁਣ ਵੱਡੇ ਪੱਧਰ 'ਤੇ ਲੋਕਾਂ ਵਿਚਕਾਰ ਵੰਡਿਆ ਜਾ ਰਿਹਾ ਹੈ। ਪੰਜਾਬ ਦੇ ਮਾਝਾ ਖੇਤਰ ਸਣੇ ਕਈ ਹਿੱਸਿਆਂ ਵਿੱਚ ਪ੍ਰੋਜੈਕਟਰਾਂ ਅਤੇ ਵੱਡੀਆਂ ਸਕ੍ਰੀਨਾਂ ਲਗਾ ਕੇ ਇਸ ਫ਼ਿਲਮ ਦੀਆਂ ਜਨਤਕ ਸਕ੍ਰੀਨਿੰਗਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਗੁਰਦੁਆਰਿਆਂ ਦੇ ਖੁੱਲ੍ਹੇ ਵਿਹੜਿਆਂ 'ਚ ਜੁੜ ਰਿਹਾ ਇਕੱਠ-ਪਿੰਡਾਂ ਦੇ ਨੌਜਵਾਨ ਗਰੁੱਪਾਂ ਵੱਲੋਂ ਰਾਤ ਦੇ ਸਮੇਂ ਗੁਰਦੁਆਰਾ ਸਾਹਿਬਾਨ ਦੇ ਖੁੱਲ੍ਹੇ ਵਿਹੜਿਆਂ ਵਿੱਚ ਫ਼ਿਲਮ ਦਿਖਾਉਣ ਦੇ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ, ਜਿੱਥੇ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਇਕੱਠੇ ਹੋ ਰਹੇ ਹਨ। ਬੀਤੀ ਮੰਗਲਵਾਰ ਰਾਤ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਪੰਡੋਰੀ, ਗੁਰਦਾਸਪੁਰ ਜ਼ਿਲ੍ਹੇ ਦੇ ਸ਼ੇਖੂਪੁਰਾ ਤੇ ਪੰਜਵਾਰ





ਅਤੇ ਤਰਨ ਤਾਰਨ ਜ਼ਿਲ੍ਹੇ ਦੇ ਕਈ ਪਿੰਡਾਂ ਵਿੱਚ ਇਸ ਫ਼ਿਲਮ ਦੀ ਸਕ੍ਰੀਨਿੰਗ ਕੀਤੀ ਗਈ।

ਸਥਾਨਕ ਨੌਜਵਾਨਾਂ ਦੇ ਨਾਲ-ਨਾਲ ਕਈ ਧਾਰਮਿਕ ਸੰਸਥਾਵਾਂ ਅਤੇ ਸਿਆਸੀ ਜਥੇਬੰਦੀਆਂ ਵੀ ਇਸ ਪਹਿਲਕਦਮੀ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈ ਰਹੀਆਂ ਹਨ। ਗੁਰਦਾਸਪੁਰ ਵਿਖੇ ਖੇਡ ਪ੍ਰਮੋਟਰ ਸੁਲਤਾਨ ਸਿੰਘ ਨੇ ਆਪਣੇ ਜੱਦੀ ਪਿੰਡ ਵਿੱਚ ਸਥਾਨਕ ਖਿਡਾਰੀਆਂ ਅਤੇ ਪਿੰਡ ਵਾਸੀਆਂ ਲਈ ਇਸ ਦਾ ਵਿਸ਼ੇਸ਼ ਸ਼ੋਅ ਰੱਖਿਆ।

ਮੋਗਾ ਦੇ ਚਾਰ ਪਿੰਡਾਂ ਵਿੱਚ ਦਿਖਾਈ ਜਾਵੇਗੀ ਫ਼ਿਲਮ-ਅਕਾਲੀ ਦਲ ਵਾਰਿਸ ਪੰਜਾਬ ਦੇ ਦੇ ਆਗੂ ਰਸਪਾਲ ਸਿੰਘ ਸੋਸਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੰਗਲਵਾਰ ਰਾਤ ਨੂੰ ਮੋਗਾ ਦੇ ਪਿੰਡ ਦਰੋਲੀ ਭਾਈ ਅਤੇ ਘੱਲ ਕਲਾਂ ਵਿੱਚ ਫ਼ਿਲਮ ਦਿਖਾਈ ਗਈ ਸੀ, ਜਿੱਥੇ ਲੋਕਾਂ ਦਾ ਭਾਰੀ ਹੁੰਗਾਰਾ ਦੇਖਣ ਨੂੰ ਮਿਲਿਆ। ਉਨ੍ਹਾਂ ਐਲਾਨ ਕੀਤਾ ਕਿ ਮੋਗਾ ਜ਼ਿਲ੍ਹੇ ਦੇ ਚਾਰ ਹੋਰ ਪਿੰਡਾਂ ਵਿੱਚ ਇਸ ਫ਼ਿਲਮ ਦੀ ਜਨਤਕ ਸਕ੍ਰੀਨਿੰਗ ਕੀਤੀ ਜਾਵੇਗੀ।

"ਸੱਚਾਈ ਨੂੰ ਦਬਾਇਆ ਨਹੀਂ ਜਾ ਸਕਦਾ"-ਸਿਆਸੀ ਆਗੂਆਂ ਅਤੇ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਫ਼ਿਲਮ ਨੂੰ ਡਿਜੀਟਲ ਪਲੇਟਫਾਰਮਾਂ ਤੋਂ ਹਟਾਉਣ ਜਾਂ ਰੋਕਣ ਦੀਆਂ ਕੋਸ਼ਿਸ਼ਾਂ ਨਾਕਾਮ ਸਾਬਤ ਹੋ ਰਹੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਅਜਿਹੇ ਕਦਮ ਲੋਕਾਂ ਨੂੰ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਕੁਰਬਾਨੀ ਅਤੇ ਜੀਵਨ ਬਾਰੇ ਜਾਣਨ ਤੋਂ ਨਹੀਂ ਰੋਕ ਸਕਦੇ। ਉਨ੍ਹਾਂ ਕਿਹਾ ਕਿ ਜਸਵੰਤ ਸਿੰਘ ਖਾਲੜਾ ਨੇ ਸੱਚਾਈ ਨੂੰ ਉਜਾਗਰ ਕਰਦਿਆਂ ਆਪਣੀ ਜਾਨ ਨਿਛਾਵਰ ਕੀਤੀ ਸੀ ਅਤੇ ਫ਼ਿਲਮ 'ਤੇ ਲਗਾਈਆਂ ਪਾਬੰਦੀਆਂ ਉਨ੍ਹਾਂ ਇਤਿਹਾਸਕ ਤੱਥਾਂ ਨੂੰ ਕਦੇ ਵੀ ਦਬਾ ਨਹੀਂ ਸਕਦੀਆਂ, ਜੋ ਇਸ ਵਿੱਚ ਦਿਖਾਏ ਗਏ ਹਨ।



ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** **ਕਿਸੇ ਦੀ ਚੁੱਪ ਨੂੰ ਉਸ ਦੀ ਕਮਜ਼ੋਰੀ ਸਮਝਣਾ ਵੱਡੀ ਭੁੱਲ ਹੈ।**

# ਭਾਈ ਨਿੱਝਰ ਕਤਲ ਕੇਸ-ਇਨਸਾਫ਼ ਵਿੱਚ ਦੇਰੀ ਕਿਉਂ ਕੈਨੇਡਾ ਸਰਕਾਰ ਜ਼ਿੰਮੇਵਾਰੀ ਨਿਭਾਵੇ

ਖਾਲਿਸਤਾਨ ਸਮਰਥਕ ਹਰਦੀਪ ਸਿੰਘ ਨਿੱਝਰ ਦੇ ਕਤਲ ਕੇਸ ਵਿੱਚ ਬ੍ਰਿਟਿਸ਼ ਕੋਲੰਬੀਆ ਪ੍ਰੌਸੀਕਿਊਸ਼ਨ ਸਰਵਿਸ ਦਾ ਤਾਜ਼ਾ ਖੁਲਾਸਾ ਨਾ ਸਿਰਫ਼ ਹੈਰਾਨੀਜਨਕ ਹੈ, ਸਗੋਂ ਕਾਨੂੰਨੀ ਪ੍ਰਕਿਰਿਆ ਦੀ ਰਫ਼ਤਾਰ 'ਤੇ ਵੀ ਵੱਡੇ ਸਵਾਲ ਖੜ੍ਹੇ ਕਰਦਾ ਹੈ। ਅਦਾਲਤ ਵੱਲੋਂ ਪ੍ਰੀ-ਟਰਾਇਲ ਅਰਜ਼ੀਆਂ ਦੀ ਸੁਣਵਾਈ ਲਈ 2028 ਦੀ ਸ਼ੁਰੂਆਤ ਦਾ ਸਮਾਂ ਤੈਅ ਕਰਨਾ ਇਹ ਸਾਫ਼ ਕਰਦਾ ਹੈ ਕਿ ਇਸ ਬਹੁ-ਚਰਚਿਤ ਮਾਮਲੇ ਦੇ ਮੁਕੱਦਮੇ ਦੀ ਅਸਲ ਸੁਣਵਾਈ ਸ਼ੁਰੂ ਹੋਣ ਵਿੱਚ ਅਜੇ ਲੰਬਾ ਸਮਾਂ ਲੱਗੇਗਾ। ਇੱਕ ਅਜਿਹਾ ਮਾਮਲਾ ਜਿਸ ਨੇ ਦੋ ਵੱਡੇ ਲੋਕਤੰਤਰਾਂ-ਭਾਰਤ ਅਤੇ ਕੈਨੇਡਾ ਦੇ ਰਾਜਨੀਤਿਕ ਅਤੇ ਕੂਟਨੀਤਕ ਸਬੰਧਾਂ ਨੂੰ ਪੂਰੀ ਤਰ੍ਹਾਂ ਤਣਾਅਪੂਰਨ ਕਰ ਦਿੱਤਾ ਹੋਵੇ, ਉਸ ਵਿੱਚ ਇਨਸਾਫ਼ ਦੀ ਪ੍ਰਕਿਰਿਆ ਦਾ ਇੰਨਾ ਸੁਸਤ ਹੋਣਾ ਚਿੰਤਾਜਨਕ ਹੈ।

ਕਾਨੂੰਨ ਦਾ ਇੱਕ ਸੁਨਹਿਰੀ ਨਿਯਮ ਹੈ-"ਇਨਸਾਫ਼ ਵਿੱਚ ਦੇਰੀ, ਇਨਸਾਫ਼ ਨਾ ਮਿਲਣ ਬਰਾਬਰ ਹੈ"। ਹਿਰਾਸਤ ਦਾ ਲੰਬਾ ਸਮਾਂ ਕੇਸ ਵਿੱਚ ਨਾਮਜ਼ਦ ਚਾਰੇ ਭਾਰਤੀ ਮੁਲਜ਼ਮ (ਕਰਨ ਬਰਾੜ, ਕਮਲਪ੍ਰੀਤ ਸਿੰਘ, ਕਰਨਪ੍ਰੀਤ ਸਿੰਘ ਅਤੇ ਅਮਨਦੀਪ ਸਿੰਘ) 2028 ਤੱਕ ਲਾਜ਼ਮੀ ਨਿਆਂਇਕ ਹਿਰਾਸਤ ਵਿੱਚ ਰਹਿਣਗੇ। ਅਦਾਲਤ ਵੱਲੋਂ ਕੇਸ ਦੀਆਂ ਦਲੀਲਾਂ ਅਤੇ ਦਸਤਾਵੇਜ਼ਾਂ ਨੂੰ ਜਨਤਕ ਕਰਨ 'ਤੇ ਲਗਾਈ ਗਈ ਪਾਬੰਦੀ ਕਾਰਨ ਪਾਰਦਰਸ਼ਤਾ ਵੀ ਧੁੰਦਲੀ ਹੋ ਰਹੀ ਹੈ। ਅਜਿਹੇ ਮਾਹੌਲ ਵਿੱਚ ਅਫ਼ਵਾਹਾਂ ਅਤੇ ਸਿਆਸੀ ਬਿਆਨਬਾਜ਼ੀ ਨੂੰ ਹੋਰ ਹਵਾ ਮਿਲਦੀ ਹੈ। ਜਦੋਂ ਜੂਨ 2023 ਵਿੱਚ ਭਾਈ ਨਿੱਝਰ ਦਾ ਕਤਲ ਹੋਇਆ ਸੀ, ਤਾਂ ਕੈਨੇਡਾ ਦੇ ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬਿਨਾਂ ਕਿਸੇ ਪੁਖਤਾ ਜਨਤਕ ਸਬੂਤ ਦੇ, ਭਾਰਤੀ ਏਜੰਸੀਆਂ 'ਤੇ "ਭਰੋਸੇਯੋਗ ਦੋਸ਼" ਲਗਾ ਕੇ ਸੰਸਦ ਵਿੱਚ ਹੰਗਾਮਾ ਖੜ੍ਹਾ ਕਰ ਦਿੱਤਾ ਸੀ। ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਸ਼ੁਰੂ ਤੋਂ ਹੀ ਬੇਬੁਨਿਆਦ ਅਤੇ ਸਿਆਸਤ ਤੋਂ ਪ੍ਰੇਰਿਤ ਦੱਸਿਆ ਸੀ। ਸਵਾਲ ਇਹ ਉੱਠਦਾ ਹੈ ਕਿ: ਜੇਕਰ ਕੈਨੇਡਾ ਸਰਕਾਰ ਕੋਲ ਇੰਨੇ ਵੱਡੇ ਪੱਧਰ ਦੇ "ਭਰੋਸੇਯੋਗ ਦੋਸ਼" ਸਨ, ਤਾਂ ਹੁਣ ਅਦਾਲਤੀ ਕਾਰਵਾਈ ਨੂੰ ਚਾਰ ਸਾਲ (2028 ਤੱਕ) ਅੱਗੇ ਪਾਉਣ ਦੀ ਨੌਬਤ ਕਿਉਂ ਆਈ?

ਕੈਨੇਡਾ ਸਰਕਾਰ ਅਤੇ ਉੱਥੋਂ ਦੀਆਂ ਜਾਂਚ ਏਜੰਸੀਆਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਿਰਫ਼ ਜ਼ਮੀਨੀ ਪੱਧਰ 'ਤੇ ਸ਼ੂਟਰਾਂ ਜਾਂ ਕਥਿਤ ਦੋਸ਼ੀਆਂ ਨੂੰ ਫੜ ਕੇ ਬੈਠਣ ਦੀ ਬਜਾਏ, ਇਸ ਕਤਲ ਦੇ ਅਸਲ ਮੁੱਖ ਸਾਜ਼ਿਸ਼ਕਰਤਾ ਅਤੇ ਉਨ੍ਹਾਂ ਦੇ ਪਿੱਛੇ ਕੰਮ ਕਰ ਰਹੇ ਅਸਲ ਗੈਂਗਸਟਰ-ਡਰੱਗ ਸਿੰਡੀਕੇਟ ਦੇ ਨੈੱਟਵਰਕ ਨੂੰ ਬੇਨਕਾਬ ਕਰੇ। ਕਰੀਮਿਨਲ ਵਿਦੇਸ਼ੀ ਤਾਕਤਾਂ ਦਾ ਪਰਦਾਫਾਸ਼ ਕਰਦੇ ਜਿਸਨੇ ਭਾਈ ਨਿਝਰ ਦਾ ਕਤਲ ਕੀਤਾ। ਕੈਨੇਡਾ ਨੂੰ ਇਹ ਸਮਝਣਾ ਹੋਵੇਗਾ ਕਿ ਅੰਤਰਰਾਸ਼ਟਰੀ ਮੰਚ 'ਤੇ ਆਪਣੀ ਨਿਆਂ ਪ੍ਰਣਾਲੀ ਦੀ ਸਾਖ ਬਚਾਉਣ ਲਈ ਇਸ ਕੇਸ ਦਾ ਜਲਦੀ ਅਤੇ ਪਾਰਦਰਸ਼ੀ ਨਿਪਟਾਰਾ ਹੋਣਾ ਤੇ ਨਿਆਂ ਮਿਲਣਾ ਬਹੁਤ ਜ਼ਰੂਰੀ ਹੈ। 16 ਜੁਲਾਈ ਨੂੰ ਨਿਊ ਵੈਸਟਮਿੰਸਟਰ ਲਾਅ ਕੋਰਟ ਵਿੱਚ ਹੋਣ ਵਾਲੀ ਕੇਸ ਪ੍ਰਬੰਧਨ ਕਾਨਫਰੰਸ ਦੌਰਾਨ ਅਦਾਲਤ ਨੂੰ ਇਸ ਕੇਸ ਦੀ ਫਾਸਟ-ਟਰੈਕ ਸੁਣਵਾਈ ਵੱਲ ਕਦਮ ਵਧਾਉਣੇ ਚਾਹੀਦੇ ਹਨ। ਸਿਆਸੀ ਲਾਹੇ ਲੈਣ ਦੀ ਬਜਾਏ ਕੈਨੇਡਾ ਸਰਕਾਰ ਨੂੰ ਸਬੂਤਾਂ ਦੇ ਆਧਾਰ 'ਤੇ ਅਸਲ ਸੱਚਾਈ ਦੁਨੀਆ ਦੇ ਸਾਹਮਣੇ ਲਿਆਉਣੀ ਚਾਹੀਦੀ ਹੈ, ਤਾਂ ਜੋ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਵਿੱਚ ਆਈ ਕੜਵਾਹਟ ਦੂਰ ਹੋ ਸਕੇ ਅਤੇ ਇਨਸਾਫ਼ ਦਾ ਰਾਹ ਪੱਧਰਾ ਹੋਵੇ।

## ਸਤਲੁਜ ਫਿਲਮ ਉਪਰ ਪਾਬੰਦੀ, ਸੱਤਾ ਦੀ ਹਵਸ, ਪ੍ਰਗਟਾਵੇ ਦੀ ਆਜ਼ਾਦੀ 'ਤੇ ਡਾਕਾ

ਜਦੋਂ ਕਿਸੇ ਵੀ ਪ੍ਰਬੰਧ ਵਿੱਚ ਤਾਕਤ ਬਿਨਾਂ ਕਿਸੇ ਕਾਨੂੰਨੀ ਜਾਂ ਨੈਤਿਕ ਰੋਕ-ਟੋਕ ਦੇ ਇੱਕ ਜਗ੍ਹਾ ਕੇਂਦਰਿਤ ਹੋ ਜਾਂਦੀ ਹੈ, ਤਾਂ ਉਹ ਸਭ ਤੋਂ ਪਹਿਲਾਂ ਸਮਾਜ ਦੇ ਨੈਤਿਕ ਤਾਣੇ-ਬਾਣੇ ਨੂੰ ਤਾਰ-ਤਾਰ ਕਰਦੀ ਹੈ। ਮੌਜੂਦਾ ਦੌਰ ਵਿੱਚ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਪੰਜਾਬ ਦੇ ਦਰਦਨਾਕ ਅਤੀਤ ਨੂੰ ਬਿਆਨ ਕਰਦੀ ਫਿਲਮ 'ਸਤਲੁਜ' 'ਤੇ ਪਾਬੰਦੀ ਲਗਾਉਣਾ ਇਸੇ ਨਿਰੰਕੁਸ਼ ਸੱਤਾ ਦਾ ਇੱਕ ਤਾਜ਼ਾ ਤੇ ਚਿੰਤਾਜਨਕ ਪ੍ਰਗਟਾਵਾ ਹੈ। ਇਹ ਕਦਮ ਕੇਵਲ ਇੱਕ ਫਿਲਮ ਨੂੰ ਰੋਕਣਾ ਨਹੀਂ, ਬਲਕਿ ਪੰਜਾਬ ਦੇ ਪਿੰਡਿਆਂ 'ਤੇ ਹੰਢਾਏ ਗਏ ਸਰਕਾਰੀ ਜਬਰ ਦੇ ਸੱਚ ਨੂੰ ਜ਼ਿੰਦਾ ਦਫ਼ਨ ਕਰਨ ਦੀ ਇੱਕ ਕੋਸ਼ਿਸ਼ ਹੈ।

ਪੰਜਾਬ ਦੇ ਇਤਿਹਾਸ ਦਾ ਅੱਸੀ ਅਤੇ ਨੱਬੇ ਦੇ ਦਹਾਕੇ ਦਾ ਕਾਲਾ ਦੌਰ ਅਨਿਯੰਤਰਿਤ ਤਾਕਤ ਅਤੇ ਮਨੁੱਖੀ ਤ੍ਰਾਸਦੀ ਦੀ ਇੱਕ ਅਜਿਹੀ ਦਰਦਨਾਕ ਮਿਸਾਲ ਹੈ, ਜਿਸ ਨੇ ਮਨੁੱਖਤਾ ਦੇ ਮਨ 'ਤੇ ਡੂੰਘੇ ਜ਼ਖ਼ਮ ਛੱਡੇ ਹਨ। ਉਸ ਦੌਰ ਵਿੱਚ ਜਦੋਂ ਰਾਜਸੀ ਅਤੇ ਪ੍ਰਸ਼ਾਸਨਿਕ ਤਾਕਤ ਆਪਣੇ ਨਾਗਰਿਕਾਂ ਦੀ ਰੱਖਿਆ ਕਰਨ ਦੀ ਬਜਾਏ ਉਨ੍ਹਾਂ ਨੂੰ ਕੁਚਲਣ ਦਾ ਸਾਧਨ ਬਣ ਗਈ, ਤਾਂ ਸਮਾਜ ਵਿੱਚ ਡਰ ਅਤੇ ਬੇਗਾਨਗੀ ਦੀ ਭਾਵਨਾ ਨੇ ਜਨਮ ਲਿਆ। ਕੇ.ਪੀ.ਐਸ. ਗਿੱਲ, ਸੁਮੇਧ ਸੈਣੀ, ਅਜੀਤ ਸਿੰਘ ਅਤੇ ਇਜ਼ਹਾਰ ਆਲਮ ਵਰਗੇ ਤਤਕਾਲੀਨ ਉੱਚ ਪੁਲਿਸ ਅਧਿਕਾਰੀਆਂ ਦੇ ਕਾਰਜਕਾਲ ਦੌਰਾਨ 'ਬੁਚੜ ਪੁਲਿਸਿੰਗ' ਦੀਆਂ ਜੋ ਨੀਤੀਆਂ ਅਪਣਾਈਆਂ ਗਈਆਂ, ਉਨ੍ਹਾਂ ਨੇ ਭਾਰਤੀ ਕਾਨੂੰਨ ਦੇ ਰਾਜ ਦਾ ਜਨਾਜ਼ਾ ਕੱਢ ਦਿੱਤਾ।

ਨਿੱਜੀ ਹਿੱਤਾਂ, ਤਰੱਕੀਆਂ, ਮੈਡਲਾਂ ਅਤੇ ਦੌਲਤ ਦੇ ਲਾਲਚ ਵਿੱਚ ਅੰਨ੍ਹੇ ਹੋਏ ਕੁਝ ਪੁਲਿਸ ਅਧਿਕਾਰੀਆਂ ਨੇ ਪੰਜਾਬ ਸੰਤਾਪ ਦੌਰਾਨ ਹਜ਼ਾਰਾਂ ਬੇਗੁਨਾਹ ਸਿੱਖ ਨੌਜਵਾਨਾਂ ਨੂੰ ਅਗਵਾ ਕਰਕੇ, ਤਸ਼ੱਦਦ ਢਾਹ ਕੇ ਸ਼ਹੀਦ ਕਰ ਦਿੱਤਾ ਅਤੇ ਬਾਅਦ ਵਿੱਚ ਉਨ੍ਹਾਂ ਨੂੰ 'ਲਾਵਾਰਿਸ ਲਾਸ਼ਾਂ' ਕਰਾਰ ਦੇ ਕੇ ਖੁਰਦ-ਬੁਰਦ ਕਰ ਦਿੱਤਾ। ਬਾਕੀ ਹਿਸਾ ਸਫ਼ਾ 9 ਤੇ ਪੜ੍ਹੋ →

# NEWS & VIEWS

## SHOULD *KHALSA JI KI ARDAS* (FORMAL PRAYER) COMMEMORATE 1984 GHALLUGHARA (HOLOCAUST/GENOCIDE)?



Gurmukh Singh OBE

Sikh *Ardas* is the daily supplication that serves as a summary of Sikh history, remembering key episodes. Over the centuries, the *Ardas* has strengthened Sikh resolve and collective commitment to resist oppression and to work for the wellbeing of all. The *Ardas* embeds historical strength into collective Panthic action. It promotes Panthic cohesion as a theo-political entity.

The inclusion of the 1984 Sikh Genocide, now also called the Third *Ghallughara*, in the *Ardas*, is an ongoing topic. The Third *Ghallughara* is remembered by the Sikhs as the ten-years period which started in June 1984 with the invasion by the Indian Army of Panjab State, Darbar Sahib and most historical Gurdwaras in the state.

While the standardized text of the Ardas in the *Sikh Rehat Maryada* (code of conduct), chronicles *foundational* martyrs from the times of the Gurus and the two *Ghallugharas in the 18th centary*, the Ardas is drafted by highly respected Sikh scholars to incorporate contemporary historical struggles. The decision to explicitly alter or expand the community-wide prayer involves global Panth-wide consultation to collate theological, institutional, and historical viewpoints.

Those in support of inclusion of the Third Ghallughara in the Ardas, argue that the thousands of innocent lives lost during this period *represent a modern Ghallughara that naturally belongs in this timeline.* Inclusion into the daily Ardas ensures that younger generations never forget the state-sponsored violence and the ongoing pursuit of justice. In fact, in many Gurdwaras and Panthic gatherings worldwide, the martyrs (Shaheeds) of June and November 1984 are mentioned in the flexible concluding part of the Ardas. So, the *global Sikh community generally bridges opposing views by maintaining the traditional core text of the Ardas, while utilizing the adjustable sections of the prayer to explicitly honour the victims and Shaheeds of 1984.*

There is a strong case for taking this issue to Sri Akal Takht Sahib for deliberation and, hopefully, inclusion of the Third Ghallughara in the Sikh Rehat Maryada part of the Ardas. At present times when Sikh history is being distorted by State scholars, the Third Ghallughara deserves permanent recognition in the Ardas.

*Satluj* film completed in 2022, based on the life of human rights activist, Jaswant Singh Khalra, never made it to the cinemas. Khalsa investigated allegations of extrajudicial killings during the prolonged *Third Ghallughara.* He himself was abducted and murdered by Punjab police officers. His legally accepted evidence showed the extent of extra-judicial killings and the complete breakdown of rule and law in Panjab.

Much is going on in the Sikh world today. There is confrontation between the Indian State and Sri Akal Takht Sahib. An Indian press headline reads: *Takht Vs Government - Constitutional supremacy must guide stakeholders.* The conflict stems from the Sikh concept of miri (temporal authority) and piri (spiritual authority) which, for the Sikhs, ultimately resides in the *Institution* of Sri Akal Takht Sahib.

The scars of the Third Ghallughara remain unhealed. Many Sikhs feel *the Indian state has never adequately delivered justice for the thousands killed, as high-level political figures were largely shielded.* Tensions stem from post-partition feelings of broken political promises, linguistic disputes, river water injustices, and the central refusal by the Indian State to grant Panjab greater autonomy.

Sikhs have long demanded that their distinct politico-cultural and religious identity be explicitly recognized by the Indian state, which often clashes with State push toward a centralized, Hindu-majoritarian national identity. The Third *Ghallughara* deserves remembrance in our Daily *Ardas.*

Gurmukh Singh OBE, Ret'd Principal Civil Servant (UK) sewauk2005@yahoo.co.uk

# ਪੰਜਾਬ ਪੁਲੀਸ ਦੇ ਐੱਸ.ਐੱਚ.ਓ ਖ਼ਿਲਾਫ਼ ਅਮਰੀਕਾ ਵਿੱਚ ਵੱਡੀ ਕਾਰਵਾਈ

## ✪ 4 ਲੱਖ ਦੀ ਫ਼ਿਰੌਤੀ ਮਾਮਲੇ ਵਿਚ ਐਫ ਬੀ ਆਈ ਵੱਲੋਂ ਚਾਰਜਸ਼ੀਟ ਦਾਇਰ

ਜਲੰਧਰ-ਅਮਰੀਕਾ ਦੀ ਪ੍ਰਮੁੱਖ ਜਾਂਚ ਏਜੰਸੀ ਫ਼ੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਵੱਲੋਂ ਪੰਜਾਬ ਪੁਲੀਸ ਦੇ ਇੱਕ ਐੱਸ. ਐੱਚ. ਓ. ਖ਼ਿਲਾਫ਼ 4,000,000 ਅਮਰੀਕੀ ਡਾਲਰ (ਲਗਭਗ 3.30 ਕਰੋੜ ਰੁਪਏ) ਦੀ ਫ਼ਿਰੌਤੀ/ਉਗਰਾਹੀ ਦੇ ਮਾਮਲੇ ਵਿੱਚ ਚਾਰਜਸ਼ੀਟ ਦਾਇਰ ਕੀਤੇ ਜਾਣ ਦਾ ਇੱਕ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਨਾਮਜ਼ਦ ਕੀਤੇ ਗਏ ਪੁਲੀਸ ਅਧਿਕਾਰੀ ਦੀ ਪਛਾਣ ਗੁਰਿੰਦਰਜੀਤ ਸਿੰਘ ਨਾਗਰਾ ਵਜੋਂ ਹੋਈ ਹੈ, ਜੋ ਇਸ ਵੇਲੇ ਹੁਸ਼ਿਆਰਪੁਰ ਦੇ ਥਾਣਾ ਟਾਂਡਾ ਵਿਖੇ ਬਤੌਰ ਮੁਖੀ ਤਾਇਨਾਤ ਸੀ। ਮਾਮਲਾ ਸਾਹਮਣੇ ਆਉਣ ਤੋਂ ਬਾਅਦ ਵਿਭਾਗ ਵੱਲੋਂ ਉਸ ਨੂੰ ਤੁਰੰਤ ਪ੍ਰਭਾਵ ਨਾਲ ਲਾਈਨ ਹਾਜ਼ਰ ਕਰ ਦਿੱਤਾ ਗਿਆ ਹੈ।

ਐਫਬੀਆਈ ਵੱਲੋਂ ਲਾਏ ਗਏ ਦੋਸ਼ਾਂ ਅਨੁਸਾਰ, ਉਕਤ ਪੁਲੀਸ ਅਧਿਕਾਰੀ ਅਮਰੀਕਾ ਵਿੱਚ ਰਹਿ ਰਹੇ ਇੱਕ ਭਾਰਤੀ ਮੂਲ ਦੇ ਪਰਿਵਾਰ ਨੂੰ ਭਾਰਤ ਵਿੱਚ ਕਤਲ ਦੇ ਇੱਕ ਝੂਠੇ ਮੁਕੱਦਮੇ ਵਿੱਚ ਫਸਾਉਣ ਦੀਆਂ




ਧਮਕੀਆਂ ਦੇ ਰਿਹਾ ਸੀ। ਇਸ ਕੇਸ ਨੂੰ ਰਫ਼ਾ-ਦਫ਼ਾ ਕਰਨ ਦੇ ਬਦਲੇ ਉਹ ਪਰਿਵਾਰ ਕੋਲੋਂ ਮੋਟੀ ਰਕਮ (4 ਲੱਖ ਡਾਲਰ) ਦੀ ਮੰਗ ਕਰ ਰਿਹਾ ਸੀ। ਐਫ.ਬੀ.ਆਈ. ਨੇ ਇਸ ਪੂਰੇ ਮਾਮਲੇ ਸਬੰਧੀ ਇੱਕ ਵੀਡੀਓ ਬਿਆਨ ਜਾਰੀ ਕਰਨ ਦੇ ਨਾਲ-ਨਾਲ ਕੇਸ ਦੇ ਸਾਰੇ ਅਹਿਮ ਵੇਰਵੇ ਆਪਣੀ ਅਧਿਕਾਰਤ ਵੈੱਬਸਾਈਟ 'ਤੇ ਵੀ ਸਾਂਝੇ ਕੀਤੇ ਹਨ।

### ਉੱਚ ਪੱਧਰੀ ਜਾਂਚ ਦੇ ਹੁਕਮ, ਹੁਸ਼ਿਆਰਪੁਰ ਤੋਂ ਬਾਹਰ ਬਦਲੀ ਇਨਕੁਆਰੀ

ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਪੰਜਾਬ ਪੁਲੀਸ ਦੇ ਉੱਚ ਅਧਿਕਾਰੀ ਹਰਕਤ ਵਿੱਚ ਆ ਗਏ ਹਨ। ਡੀ.ਆਈ.ਜੀ. ਜਲੰਧਰ ਰੇਂਜ ਨਵੀਨ ਸਿੰਗਲਾ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਮਾਮਲੇ ਦੀ ਜਾਣਕਾਰੀ FBI ਦੇ ਲਾਸ ਏਂਜਲਸ ਵੈੱਬਪੇਜ ਤੋਂ ਮਿਲੀ ਹੈ।

"ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਥਾਣੇਦਾਰ ਨੂੰ ਤੁਰੰਤ ਪੁਲੀਸ ਲਾਈਨ ਤਬਦੀਲ ਕਰ ਦਿੱਤਾ ਗਿਆ ਹੈ। ਨਿਰਪੱਖ ਜਾਂਚ ਯਕੀਨੀ ਬਣਾਉਣ ਲਈ ਇਸ ਮਾਮਲੇ ਦੀ ਇਨਕੁਆਰੀ ਹੁਸ਼ਿਆਰਪੁਰ ਤੋਂ ਬਾਹਰ ਤਬਦੀਲ ਕਰ ਦਿੱਤੀ ਗਈ ਹੈ ਅਤੇ ਐੱਸ.ਪੀ. (ਡੀ) ਜਲੰਧਰ ਵਿਨੀਤ ਅਹਿਲਾਵਤ ਨੂੰ ਇਸ ਮਾਮਲੇ ਦੀ ਪੜਤਾਲ ਕਰਕੇ ਜਲਦ ਤੋਂ ਜਲਦ ਰਿਪੋਰਟ ਸੌਂਪਣ ਦੇ ਹੁਕਮ ਦਿੱਤੇ ਗਏ ਹਨ।"

### ਸਿਆਸੀ ਗਲਿਆਰਿਆਂ 'ਚ ਹਲਚਲ: ਵਿਰੋਧੀ ਧਿਰ ਵੱਲੋਂ ਤਿੱਖੇ ਨਿਸ਼ਾਨੇ

ਇਸ ਅੰਤਰਰਾਸ਼ਟਰੀ ਪੱਧਰ ਦੇ ਖ਼ੁਲਾਸੇ ਤੋਂ ਬਾਅਦ ਪੰਜਾਬ ਦੀ ਸਿਆਸਤ ਵੀ ਪੂਰੀ ਤਰ੍ਹਾਂ ਗਰਮਾ ਗਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਪੋਸਟ ਸਾਂਝੀ ਕਰਦਿਆਂ ਸਰਕਾਰ ਅਤੇ ਪੁਲੀਸ ਪ੍ਰਸ਼ਾਸਨ 'ਤੇ ਤਿੱਖੇ ਨਿਸ਼ਾਨੇ ਸਾਧੇ ਹਨ।

ਮਜੀਠੀਆ ਨੇ ਲਿਖਿਆ, "ਜਿਸ ਤਰ੍ਹਾਂ ਐਫ.ਬੀ.ਆਈ. ਨੇ ਗੋਲਡੀ ਬਰਾੜ, ਲਾਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਦੀ ਹਵਾਲਗੀ ਦੀ ਮੰਗ ਕੀਤੀ ਸੀ, ਉਸੇ ਤਰ੍ਹਾਂ ਹੁਣ ਪੰਜਾਬ ਪੁਲੀਸ ਦਾ ਇੱਕ ਅਧਿਕਾਰੀ ਵੀ ਐਫਬੀਆਈ ਦੇ ਰਡਾਰ 'ਤੇ ਆ ਗਿਆ ਹੈ। ਪੰਜਾਬ ਪੁਲੀਸ, ਜੋ ਕਦੇ ਆਪਣੀ ਬਿਹਤਰੀਨ ਸਾਖ ਲਈ ਜਾਣੀ ਜਾਂਦੀ ਸੀ, ਅੱਜ ਕੌਮਾਂਤਰੀ ਪੱਧਰ 'ਤੇ ਨਾਮੋਸ਼ੀ ਦਾ ਪ੍ਰਤੀਕ ਬਣਦੀ ਜਾ ਰਹੀ ਹੈ।"

### ਅਗਲੀ ਕਾਰਵਾਈ 'ਤੇ ਟਿਕੀਆਂ ਨਜ਼ਰਾਂ

ਐਫ.ਬੀ.ਆਈ. ਵਰਗੀ ਕੌਮਾਂਤਰੀ ਏਜੰਸੀ ਵੱਲੋਂ ਪੰਜਾਬ ਪੁਲੀਸ ਦੇ ਸੇਵਾਮੁਕਤ ਜਾਂ ਮੌਜੂਦਾ ਅਧਿਕਾਰੀ 'ਤੇ ਚਾਰਜਸ਼ੀਟ ਦਾਇਰ ਕੀਤੇ ਜਾਣ ਦਾ ਇਹ ਬੇਹੱਦ ਵਿਲੱਖਣ ਅਤੇ ਗੰਭੀਰ ਮਾਮਲਾ ਹੈ। ਹੁਣ ਦੇਖਣਾ ਹੋਵੇਗਾ ਕਿ ਐੱਸ.ਪੀ. (ਡੀ) ਜਲੰਧਰ ਵਿਨੀਤ ਅਹਿਲਾਵਤ ਦੀ ਜਾਂਚ ਰਿਪੋਰਟ ਵਿੱਚ ਕੀ ਤੱਥ ਸਾਹਮਣੇ ਆਉਂਦੇ ਹਨ ਅਤੇ ਵਿਭਾਗ ਵੱਲੋਂ ਇਸ ਭ੍ਰਿਸ਼ਟਾਚਾਰ ਅਤੇ ਜਬਰਨ ਉਗਰਾਹੀ ਦੇ ਮਾਮਲੇ ਵਿੱਚ ਦੋਸ਼ੀ ਅਧਿਕਾਰੀ ਖ਼ਿਲਾਫ਼ ਕੀ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਂਦੀ ਹੈ।

## ਸੰਪਾਦਕੀ–8 ਸਫ਼ੇ ਦੀ ਬਾਕੀ

ਜਦੋਂ ਕੋਈ ਸਿਸਟਮ ਆਪਣੇ ਹੀ ਲੋਕਾਂ ਖ਼ਿਲਾਫ਼ ਹਿੰਸਾ ਨੂੰ ਜਾਇਜ਼ ਠਹਿਰਾਉਣ ਲੱਗ ਪਵੇ, ਤਾਂ ਉਹ ਪ੍ਰਬੰਧ ਆਪਣੀ ਨੈਤਿਕ ਅਤੇ ਰਾਜਨੀਤਿਕ ਜਾਇਜ਼ਤਾ ਪੂਰੀ ਤਰ੍ਹਾਂ ਗੁਆ ਲੈਂਦਾ ਹੈ।

ਇਸ ਗੂੜ੍ਹੇ ਹਨੇਰੇ ਦੌਰ ਵਿੱਚ ਭਾਈ ਜਸਵੰਤ ਸਿੰਘ ਖਾਲੜਾ ਇੱਕ ਅਜਿਹੀ ਨਿਡਰ ਆਵਾਜ਼ ਬਣ ਕੇ ਉੱਭਰੇ, ਜਿਨ੍ਹਾਂ ਨੇ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਸਰਕਾਰੀ ਅੰਕੜਿਆਂ ਅਤੇ ਸ਼ਮਸ਼ਾਨਘਾਟਾਂ ਦੇ ਰਿਕਾਰਡ ਰਾਹੀਂ 25,000 ਤੋਂ ਵੱਧ 'ਲਾਵਾਰਿਸ' ਕਰਾਰ ਦਿੱਤੀਆਂ ਗਈਆਂ ਲਾਸ਼ਾਂ ਦਾ ਸੱਚ ਦੁਨੀਆਂ ਦੇ ਸਾਹਮਣੇ ਲਿਆਂਦਾ। ਪਰ ਅਫ਼ਸੋਸ! ਜਦੋਂ ਕੋਈ ਪ੍ਰਬੰਧ ਸੱਚ ਨੂੰ ਦਬਾਉਣ ਲਈ ਸੱਚ ਦੇ ਮੁਦਈ ਨੂੰ ਹੀ ਖ਼ਤਮ ਕਰ ਦੇਵੇ ਤਾਂ ਉਹ ਸਭ ਤੋਂ ਵੱਡੀ ਪ੍ਰਸ਼ਾਸਨਿਕ ਨਾਕਾਮੀ ਹੁੰਦੀ ਹੈ। ਭਾਈ ਖਾਲੜਾ ਨੂੰ ਖੁਦ ਅਗਵਾ ਕਰਕੇ ਇੱਕ ਲਾਵਾਰਿਸ ਲਾਸ਼ ਬਣਾ ਦੇਣ ਦੀ ਬੁਜ਼ਦਿਲਾਨਾ ਕੋਸ਼ਿਸ਼ ਅਸਲ ਵਿੱਚ ਉਸ ਇਤਿਹਾਸਕ ਸੱਚ ਦਾ ਗਲਾ ਘੁੱਟਣ ਦੀ ਕੋਸ਼ਿਸ਼ ਸੀ, ਜਿਸ ਨੂੰ ਬਾਅਦ ਵਿੱਚ ਦੇਸ਼ ਦੀਆਂ ਸਰਵਉੱਚ ਅਦਾਲਤਾਂ ਅਤੇ ਜਾਂਚ ਏਜੰਸੀਆਂ ਨੇ ਵੀ ਸਵੀਕਾਰ ਕੀਤਾ।

ਅੱਜ ਜਦੋਂ ਸਿਨੇਮਾ ਰਾਹੀਂ 'ਸਤਲੁਜ' ਫਿਲਮ ਵਰਗੇ ਉਪਰਾਲੇ ਉਸੇ ਅਤੀਤ ਦੇ ਸੱਚ ਅਤੇ ਮਨੁੱਖੀ ਅਧਿਕਾਰਾਂ ਦੀ ਗੱਲ ਪਰਦੇ 'ਤੇ ਲਿਆਉਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਮੋਦੀ ਸਰਕਾਰ ਵੱਲੋਂ ਉਨ੍ਹਾਂ 'ਤੇ ਪਾਬੰਦੀਆਂ ਮੜ੍ਹ ਦਿੱਤੀਆਂ ਜਾਂਦੀਆਂ ਹਨ। ਇਹ ਪਾਬੰਦੀ ਸਿੱਧੇ ਤੌਰ 'ਤੇ ਮਨੁੱਖੀ ਅਧਿਕਾਰਾਂ ਦੇ ਨਰੇਟਿਵ ਨੂੰ ਕੁਚਲਣ ਅਤੇ ਅਤੀਤ ਦੇ ਗੁਨਾਹਗਾਰਾਂ ਨੂੰ ਬਚਾਉਣ ਦੀ ਸਿਆਸਤ ਦਾ ਹਿੱਸਾ ਹੈ। ਲੋਕਤੰਤਰ ਵਿੱਚ ਵਿਚਾਰਾਂ ਦੇ ਪ੍ਰਗਟਾਵੇ 'ਤੇ ਅਜਿਹਾ ਡਾਕਾ ਮਾਰਨਾ ਸਾਬਤ ਕਰਦਾ ਹੈ ਕਿ ਸੱਤਾ ਅਜੇ ਵੀ ਸੱਚ ਤੋਂ ਭੈਭੀਤ ਹੈ।

ਇਤਿਹਾਸ ਗਵਾਹ ਹੈ ਕਿ ਜੋ ਸਮਾਜ ਆਪਣੇ ਅਤੀਤ ਦੇ ਜ਼ਖ਼ਮਾਂ ਅਤੇ ਨਿਆਂ ਦੀ ਮੰਗ ਨੂੰ ਅਣਗੌਲਿਆ ਕਰ ਦਿੰਦੇ ਹਨ, ਉੱਥੇ ਜਵਾਬਦੇਹੀ ਦੀ ਸੰਸਕ੍ਰਿਤੀ ਕਦੇ ਪ੍ਰਫੁੱਲਤ ਨਹੀਂ ਹੋ ਸਕਦੀ। ਉਥੇ ਸੰਵਿਧਾਨ ਤੇ ਕਨੂੰਨ ਕਾਇਮ ਨਹੀਂ ਰਹਿ ਸਕਦੇ ਜ਼ਰਮਨ ਦਾ ਹਿਟਲਰ ਦੇ ਸਮੇਂ ਦਾ ਇਤਿਹਾਸ ਗਵਾਹ ਹੈ।

ਪੰਜਾਬ ਦੇ ਇਸ ਦਰਦਨਾਕ ਅਧਿਆਏ ਤੋਂ ਸਬਕ ਲੈਂਦਿਆਂ ਅੱਜ ਵੱਡੇ ਸੰਸਥਾਗਤ ਸੁਧਾਰਾਂ ਦੀ ਲੋੜ ਹੈ। ਪੁਲਿਸ ਅਤੇ ਸੁਰੱਖਿਆ ਬਲਾਂ ਨੂੰ ਸਿਆਸੀ ਹਿੱਤਾਂ ਤੋਂ ਮੁਕਤ ਕਰਕੇ ਕਾਨੂੰਨ ਦੇ ਦਾਇਰੇ ਦੇ ਅੰਦਰ ਜਵਾਬਦੇਹ ਬਣਾਉਣਾ ਲਾਜ਼ਮੀ ਹੈ। ਕੌਮਾਂਤਰੀ ਅਦਾਲਤਾਂ ਅਤੇ ਦੇਸ਼ ਦੀਆਂ ਸਰਵਉੱਚ ਅਦਾਲਤਾਂ ਦਾ ਇਹ ਮੁਢਲਾ ਫ਼ਰਜ਼ ਹੈ ਕਿ ਮਨੁੱਖਤਾ ਖ਼ਿਲਾਫ਼ ਕੀਤੇ ਗਏ ਗੁਨਾਹਾਂ ਦੇ ਦੋਸ਼ੀਆਂ ਅਤੇ ਬੁਚੜ ਪੁਲਿਸ ਅਧਿਕਾਰੀਆਂ ਨੂੰ, ਚਾਹੇ ਉਹ ਕਿੰਨੇ ਵੀ ਪ੍ਰਭਾਵਸ਼ਾਲੀ ਕਿਉਂ ਨਾ ਹੋਣ, ਕਾਨੂੰਨ ਦੇ ਕਟਹਿਰੇ ਵਿੱਚ ਖੜ੍ਹਾ ਕੀਤਾ ਜਾਵੇ।

ਫਿਲਮਾਂ 'ਤੇ ਪਾਬੰਦੀਆਂ ਲਗਾ ਕੇ ਇਤਿਹਾਸ ਦੇ ਪੰਨਿਆਂ ਨੂੰ ਹਮੇਸ਼ਾ ਲਈ ਕਾਲਾ ਨਹੀਂ ਰੱਖਿਆ ਜਾ ਸਕਦਾ। ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਭਵਿੱਖ ਵਿੱਚ ਕਦੇ ਵੀ ਕੋਈ ਸੱਤਾਧਾਰੀ ਜਾਂ ਪ੍ਰਸ਼ਾਸਨਿਕ ਅਹੁਦੇਦਾਰ ਆਪਣੇ ਆਪ ਨੂੰ ਕਾਨੂੰਨ ਤੋਂ ਉੱਪਰ ਨਾ ਸਮਝ ਸਕੇ। ਪੰਜਾਬ ਦੇ ਪੀੜਤ ਪਰਿਵਾਰਾਂ ਅਤੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਕੇਵਲ ਸਰਕਾਰੀ ਸੈਂਸਰਸ਼ਿਪ ਵਿੱਚ ਨਹੀਂ, ਬਲਕਿ ਨਿਆਂ, ਪਾਰਦਰਸ਼ਤਾ ਅਤੇ ਮਨੁੱਖੀ ਅਧਿਕਾਰਾਂ ਦੀ ਪੂਰਨ ਬਹਾਲੀ ਵਿੱਚ ਹੀ ਨਿਹਤ ਹੈ।

-ਰਜਿੰਦਰ ਸਿੰਘ ਪੁਰੇਵਾਲ

# ਪ੍ਰਿੰਸ ਹੈਰੀ ਅਤੇ ਹੋਰ ਦਾਅਵੇਦਾਰਾਂ ਨੂੰ £50 ਮਿਲੀਅਨ ਤੱਕ ਦਾ ਕਾਨੂੰਨੀ ਖਰਚਾ ਭਰਨਾ ਪੈ ਸਕਦਾ ਹੈ



ਲੰਡਨ: ਬ੍ਰਿਟੇਨ ਦੇ ਹਾਈ ਕੋਰਟ ਨੇ ਪ੍ਰਿੰਸ ਹੈਰੀ ਅਤੇ ਹੋਰ ਛੇ ਉੱਚ-ਪ੍ਰੋਫਾਈਲ ਦਾਅਵੇਦਾਰਾਂ ਵੱਲੋਂ Assoicated Newspapers Ltd (ANL) ਖ਼ਿਲਾਫ਼ ਦਾਇਰ ਕੀਤੇ ਗਏ ਗੈਰਕਾਨੂੰਨੀ ਜਾਣਕਾਰੀ ਇਕੱਠੀ ਕਰਨ ਅਤੇ ਫੋਨ ਹੈਕਿੰਗ ਨਾਲ ਸੰਬੰਧਿਤ ਦਾਅਵੇ ਰੱਦ ਕਰ ਦਿੱਤੇ ਹਨ।

ਅਦਾਲਤ ਦੇ ਫੈਸਲੇ ਤੋਂ ਬਾਅਦ ਹੁਣ ਪ੍ਰਿੰਸ ਹੈਰੀ ਅਤੇ ਸਹਿ-ਦਾਅਵੇਦਾਰਾਂ ਨੂੰ ਲਗਭਗ £50 ਮਿਲੀਅਨ ਤੱਕ ਦੇ ਕਾਨੂੰਨੀ ਖਰਚਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ANL, ਜੋ Daily Mail ਅਤੇ Mial on Sunday ਦਾ ਪ੍ਰਕਾਸ਼ਕ ਹੈ, ਨੇ ਕਿਹਾ ਹੈ ਕਿ ਉਹ ਕੇਸ ਦੇ ਖਰਚੇ ਵਸੂਲ ਕਰਨ ਦੀ ਕੋਸ਼ਿਸ਼ ਕਰੇਗਾ।

ਇਸ ਮਾਮਲੇ ਵਿੱਚ ਪ੍ਰਿੰਸ ਹੈਰੀ ਦੇ ਨਾਲ ਸਰ ਐਲਟਨ ਜੌਨ, ਡੇਵਿਡ ਫਰਨਿਸ਼, ਐਲਿਜ਼ਾਬੇਥ ਹਰਲੀ, ਸੇਡੀ ਫ੍ਰਾਸਟ, ਡੋਰੀਨ ਲਾਰੈਂਸ ਅਤੇ ਸਾਈਮਨ ਹਿਊਜ਼ ਵੀ ਦਾਅਵੇਦਾਰ ਸਨ। ਉਨ੍ਹਾਂ ਦਾ ਦੋਸ਼ ਸੀ ਕਿ ਅਖ਼ਬਾਰ ਸਮੂਹ ਨੇ ਸਾਲਾਂ ਤੱਕ ਗੈਰਕਾਨੂੰਨੀ ਤਰੀਕਿਆਂ ਨਾਲ ਨਿੱਜੀ ਜਾਣਕਾਰੀ ਹਾਸਲ ਕੀਤੀ। ਹਾਲਾਂਕਿ, ਜਸਟਿਸ ਮੈਥਿਊ ਨਿਕਲਿਨ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਪੇਸ਼ ਕੀਤੇ ਗਏ ਸਬੂਤ ਇਹ ਸਾਬਤ ਕਰਨ ਲਈ ਕਾਫ਼ੀ ਨਹੀਂ ਸਨ ਕਿ ਖ਼ਬਰਾਂ ਗੈਰਕਾਨੂੰਨੀ ਢੰਗ ਨਾਲ ਪ੍ਰਾਪਤ ਕੀਤੀਆਂ ਗਈਆਂ ਸਨ। ਅਦਾਲਤ ਨੇ ਕਿਹਾ ਕਿ ਕੇਵਲ ਸ਼ੱਕ ਦੇ ਆਧਾਰ 'ਤੇ ਗੈਰਕਾਨੂੰਨੀ ਕਾਰਵਾਈ ਸਾਬਤ ਨਹੀਂ ਕੀਤੀ ਜਾ ਸਕਦੀ। ਫੈਸਲੇ ਤੋਂ ਬਾਅਦ ਪ੍ਰਿੰਸ ਹੈਰੀ ਅਤੇ ਡੋਰੀਨ ਲਾਰੈਂਸ ਨੇ ਇਸ ਨੂੰ "ਵ੍ਹਾਈਟਵਾਸ਼" ਕਰਾਰ ਦਿੰਦਿਆਂ ਕਿਹਾ ਕਿ ਅਦਾਲਤ ਨੇ ਉਨ੍ਹਾਂ ਦੇ ਸਬੂਤਾਂ ਨੂੰ ਯੋਗ ਮਹੱਤਤਾ ਨਹੀਂ ਦਿੱਤੀ। ਦੂਜੇ ਪਾਸੇ, ਅੰਲ ਨੇ ਇਸ ਫੈਸਲੇ ਨੂੰ ਪੱਤਰਕਾਰਤਾ ਅਤੇ ਪ੍ਰੈਸ ਦੀ ਆਜ਼ਾਦੀ ਲਈ ਵੱਡੀ ਜਿੱਤ ਦੱਸਿਆ ਹੈ। ਹੁਣ ਅਦਾਲਤ ਵਿੱਚ ਇੱਕ ਵੱਖਰੀ ਸੁਣਵਾਈ ਦੌਰਾਨ ਇਹ ਤੈਅ ਕੀਤਾ ਜਾਵੇਗਾ ਕਿ ਕਾਨੂੰਨੀ ਖਰਚਿਆਂ ਦੀ ਅੰਤਿਮ ਜ਼ਿੰਮੇਵਾਰੀ ਕਿਸ 'ਤੇ ਅਤੇ ਕਿੰਨੀ ਹੋਵੇਗੀ।

# 12ਵੀਂ ਯੂ ਕੇ ਗੱਤਕਾ ਚੈਂਪੀਅਨਸ਼ਿਪ 12 ਜੁਲਾਈ ਨੂੰ ਇਲਫੋਰਡ ਵਿਖੇ


ਐਮ ਪੀ ਤਨਮਨਜੀਤ ਸਿੰਘ ਢੇਸੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੱਤਕਾ ਫੈਡਰੇਸ਼ਨ ਯੂ ਕੇ ਵੱਲੋਂ ਵਿਸ਼ਵ ਗੱਤਕਾ ਫੈਡਰੇਸ਼ਨ, ਗੁਰਦੁਆਰਾ ਸਿੰਘ ਸਭਾ ਲੰਡਨ ਈਸਟ ਅਤੇ ਸਿੰਘ ਸਭਾ ਲੰਡਨ ਈਸਟ ਸਪੋਰਟਸ ਕਲੱਬ ਦੇ ਸਹਿਯੋਗ ਨਾਲ ਐਤਵਾਰ, 12 ਜੁਲਾਈ, 2026 ਨੂੰ ਓਰਚਡ ਪਲੇਇੰਗ ਫ਼ੀਲਡਜ਼, ਗੁਡਮੇਅਜ਼ ਲੇਨ, ਇਲਫੋਰਡ, ਲੰਡਨ ਵਿਖੇ 12ਵੀਂ ਯੂ ਕੇ ਗੱਤਕਾ ਚੈਂਪੀਅਨਸ਼ਿਪ ਕਰਵਾਈ ਜਾ ਰਹੀ ਹੈ।ਜਿਸ ਵਿੱਚ ਯੂ ਕੇ ਭਰ ਤੋਂ ਗੱਤਕਾ ਟੀਮਾਂ ਇੰਨਾਂ ਮੁਕਾਬਲਿਆਂ ਵਿੱਚ ਹਿੱਸਾ ਲੈਣਗੀਆਂ।

ਇਸ ਟੂਰਨਾਮੈਂਟ ਦੀ ਮਹੱਤਤਾ ਬਾਰੇ ਗੱਲਬਾਤ ਕਰਦਿਆਂ ਯੂ ਕੇ ਗੱਤਕਾ ਫੈਡਰੇਸ਼ਨ ਦੇ ਪ੍ਰਧਾਨ ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਵਿਰਾਸਤੀ ਕਲਾ ਦੇ ਇਹ ਸਾਲਾਨਾ ਮੁਕਾਬਲੇ ਨੌਜਵਾਨਾਂ ਅੰਦਰ ਸਿਹਤਮੰਦ ਜੀਵਨ ਸ਼ੈਲੀ ਜੀਉਣ, ਸਿੱਖ ਸੱਭਿਆਚਾਰ ਅਤੇ ਜੰਗਜੂ ਕਲਾ ਨੂੰ ਪ੍ਰਫੁੱਲਤ ਕਰਨ ਤੇ ਸੰਭਾਲਣ ਦਾ ਇੱਕ ਯਤਨ ਹੈ।

ਪਿਛਲੇ 12 ਸਾਲਾਂ ਤੋਂ ਸਫਲਤਾ ਪੂਰਵਕ ਕਰਵਾਈ ਜਾਂਦੀ ਇਸ ਚੈਂਪੀਅਨਸ਼ਿਪ ਵਿੱਚ ਯੂ ਕੇ ਭਰ ਦੇ ਗੱਤਕਾ ਅਖਾੜਿਆਂ ਦੇ ਹਰ ਉਮਰ ਦੇ ਬੱਚੇ, ਬੱਚਿਆਂ, ਨੌਜਵਾਨ, ਪੁਰਸ਼ ਅਤੇ ਬੀਬੀਆਂ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ।ਉਨ੍ਹਾਂ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿੱਚ ਗੱਤਕਾ ਸੋਟੀ ਅਤੇ ਫ਼ਰੀ-ਸੋਟੀ ਵਿੱਚ

ਵੱਖ-ਵੱਖ ਉਮਰ ਵਰਗਾਂ ਦੇ ਮੁਕਾਬਲਿਆਂ ਦੇ ਨਾਲ-ਨਾਲ ਗੱਤਕੇਬਾਜ਼ ਜੰਗਜੂ ਤਕਨੀਕਾਂ ਦਾ ਵੀ ਪ੍ਰਦਰਸ਼ਨ ਕਰਨਗੇ। ਇਸ ਸਮਾਗਮ ਲਈ ਸਥਾਨਕ ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ,ਸਪੋਰਟਸ ਕਲੱਬ ਅਤੇ ਸੰਗਤ ਦਾ ਪੂਰਾ ਸਹਿਯੋਗ ਹੈ।

ਇਸ ਮੌਕੇ ਸਿੰਘ ਸਭਾ ਲੰਡਨ ਈਸਟ ਵੱਲੋਂ ਕਬੱਡੀ, ਦੌੜਾਂ, ਰੱਸਾਕਸੀ ਅਤੇ ਹੋਰ ਖੇਡਾਂ ਦੇ ਮੁਕਾਬਲੇ ਵੀ ਕਰਵਾਏ ਜਾ ਰਹੇ ਹਨ।

# ਸਿੰਘ ਸਭਾ ਲੰਡਨ ਈਸਟ ਸਪੋਰਟਸ ਕਲੱਬ ਵੱਲੋਂ ਸਲਾਨਾ ਖੇਡ ਮੇਲਾ 12 ਜੁਲਾਈ ਨੂੰ




ਬਾਰਕਿੰਗ (ਮਨਪ੍ਰੀਤ ਸਿੰਘ ਬੱਧਨੀ ਕਲਾਂ) – ਸਿੰਘ ਸਭਾ ਲੰਡਨ ਈਸਟ ਸਪੋਰਟਸ ਕਲੱਬ ਵੱਲੋਂ ਸਲਾਨਾ ਸਪੋਰਟਸ ਡੇਅ 12 ਜੁਲਾਈ ਨੂੰ ਔਰਚਰਡ ਪਲੇਇੰਗ ਫੀਲਡਜ਼ ਗੁੱਡਮੇਜ਼ ਲੇਨ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ । ਇਹ ਖੇਡ ਮੇਲਾ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗਾ। ਖੇਡ ਮੇਲੇ ਦੇ ਪ੍ਰਬੰਧਕਾਂ ਦੇ ਦੱਸਣ ਅਨੁਸਾਰ ਇਸ ਖੇਡ ਮੇਲੇ ਲਈ ਮੁਫ਼ਤ ਦਾਖਲਾ ਰੱਖਿਆ ਗਿਆ ਹੈ ।

ਇਸ ਮੇਲੇ ਦੌਰਾਨ ਕਬੱਡੀ ਟੂਰਨਾਮੈਂਟ, ਗਤਕਾ ਨੈਸ਼ਨਲ ਚੈਂਪੀਅਨਸ਼ਿੱਪ, ਬੱਚਿਆਂ ਦੀਆਂ ਦੌੜਾਂ, ਰੱਸਾਕਸ਼ੀ, ਝੂਲੇ, ਬਾਊਂਸੀ ਕੈਸਲ, ਖਾਣੇ ਦੇ ਸਟਾਲ, ਭੰਗੜਾ, ਗਿੱਧਾ ਅਤੇ ਮਨੋਰੰਜਨ ਵਾਸਤੇ ਹੋਰ ਬਹੁਤ ਕੁੱਝ ਹੋਵੇਗਾ । ਇਹ ਮੇਲਾ ਸਿੰਘ ਸਭਾ ਲੰਡਨ ਈਸਟ ਸਪੋਰਟਸ ਕਲੱਬ ਵੱਲੋਂ ਹਰ ਸਾਲ ਗਰਮੀਆਂ ਦੇ ਦਿਨਾਂ ਵਿੱਚ ਕਰਵਾਇਆ ਜਾਂਦਾ ਹੈ, ਜਿਸ ਵਿੱਚ ਪੰਜਾਬੀ ਪਰਿਵਾਰ ਆਪਣੇ ਬੱਚਿਆਂ ਦੇ ਮਨੋਰੰਜਨ ਲਈ ਵੱਡੀ ਗਿਣਤੀ ਵਿੱਚ ਸ਼ਾਮਿਲ ਹੁੰਦੇ ਹਨ ਤੇ ਮੇਲੇ ਦਾ ਅਨੰਦ ਮਾਣਦੇ ਹਨ ।

# ਲੰਡਨ ਵਿੱਚ ਸਿੱਖ ਖੇਡ ਪੁਰਸਕਾਰ ਦੌਰਾਨ ਵੱਖ-ਵੱਖ ਖੇਡਾਂ ਵਿੱਚ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਦਾ ਸਨਮਾਨ

## 82 ਦੀਆਂ ਏਸ਼ੀਅਨ ਖੇਡਾਂ 'ਚ ਕਾਂਸੀ ਦਾ ਤਗ਼ਮਾ ਜਿੱਤਣ ਵਾਲੇ ਗਿਆਨ ਸਿੰਘ ਚੀਮਾ ਨੂੰ ਉਮਰ ਭਰ ਦੀਆਂ ਸੇਵਾਵਾਂ ਲਈ ਪੁਰਸਕਾਰ


ਸਿੱਖ ਸਪੋਰਟਸ ਪੁਰਸਕਾਰ ਪ੍ਰਾਪਤ ਕਰਨ ਵਾਲੀਆਂ ਸ਼ਖ਼ਸੀਅਤਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ ਬੀਤੇ ਤਿੰਨ ਸਾਲਾਂ ਤੋਂ ਕਰਵਾਈਆਂ ਜਾਂਦੀਆਂ ਸਿੱਖ ਖੇਡਾਂ ਤੋਂ ਬਾਅਦ ਪਹਿਲੀ ਵਾਰ ਲੰਡਨ ਵਿੱਚ ਸਿੱਖ ਖੇਡ ਪੁਰਸਕਾਰ ਦੌਰਾਨ ਵੱਖ-ਵੱਖ ਖੇਡਾਂ ਵਿੱਚ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਨੂੰ ਪੁਰਸਕਾਰ ਦਿੱਤੇ ਗਏ।

ਬਰਤਾਨੀਆ ਵਿੱਚ ਸਿੱਖ ਭਾਈਚਾਰੇ ਦੇ ਸਭ ਤੋਂ ਤੇਜ਼ੀ ਨਾਲ ਸਰਗਰਮ ਹੋ ਰਹੀਆਂ 'ਸਿੱਖ ਗੇਮਜ਼ ਯੂਕੇ' ਵੱਲੋਂ ਇੱਕ ਨਵਾਂ ਇਤਿਹਾਸ ਰਚਦਿਆਂ ਪਹਿਲੇ 'ਨੈਸ਼ਨਲ ਸਿੱਖ ਸਪੋਰਟਸ ਅਵਾਰਡਜ਼ 2026' ਦਾ ਸਫ਼ਲਤਾਪੂਰਵਕ ਆਯੋਜਨ ਕੀਤਾ ਗਿਆ। ਇਹ ਸ਼ਾਨਦਾਰ ਸਮਾਗਮ ਲੰਡਨ ਦੇ ਪ੍ਰਸਿੱਧ 'ਐਲੀਅਨਜ਼ ਸਟੇਡੀਅਮ, ਟਵਿਕਨਹੈਮ' ਵਿਖੇ ਕਰਵਾਇਆ ਗਿਆ, ਜਿਸ ਵਿੱਚ ਖੇਡ, ਕਾਰੋਬਾਰ ਅਤੇ ਸਮਾਜਿਕ ਖੇਤਰ ਦੀਆਂ 500 ਤੋਂ ਵੱਧ ਉੱਘੀਆਂ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ।ਇਸ ਵੱਕਾਰੀ ਸਮਾਗਮ ਦੌਰਾਨ ਦੇਸ਼-ਵਿਦੇਸ਼ ਵਿੱਚ ਸਿੱਖ ਭਾਈਚਾਰੇ ਦਾ ਨਾਂ ਰੌਸ਼ਨ ਕਰਨ ਵਾਲੇ ਚੋਟੀ ਦੇ ਖਿਡਾਰੀਆਂ ਅਤੇ ਜਮੀਨੀ ਪੱਧਰ 'ਤੇ ਬਿਨਾਂ ਕਿਸੇ ਸੁਆਰਥ ਦੇ 'ਸੇਵਾ' ਕਰਨ ਵਾਲੇ ਵਾਲੰਟੀਅਰਾਂ ਨੂੰ ਸਨਮਾਨਿਤ ਕੀਤਾ ਗਿਆ।

ਵੇਟਲਿਫਟਿੰਗ ਦੇ ਦਿੱਗਜ ਗਿਆਨ ਸਿੰਘ ਚੀਮਾ ਨੂੰ 'ਲਾਈਫਟਾਈਮ ਅਚੀਵਮੈਂਟ ਅਵਾਰਡ' ਉਮਰ ਭਰ ਦੀਆਂ ਪ੍ਰਾਪਤੀਆਂ ਪੁਰਸਕਾਰ ਦਿੱਤਾ ਗਿਆ।ਸ੍ਰੀ ਚੀਮਾ ਦਾ ਖੇਡ ਇਤਿਹਾਸ 50 ਸਾਲਾਂ ਤੋਂ ਵੱਧ ਲੰਮਾ ਹੈ। ਉਨ੍ਹਾਂ ਨੇ 1982 ਦੀਆਂ ਏਸ਼ੀਆਈ ਖੇਡਾਂ ਵਿੱਚ ਭਾਰਤ ਲਈ ਕਾਂਸੀ ਦਾ ਤਗਮਾ ਜਿੱਤਿਆ ਸੀ। ਇਸ ਤੋਂ ਬਾਅਦ, ਯੂ ਕੇ ਵਿੱਚ ਇੱਕ ਬਿਹਤਰੀਨ ਕੋਚ ਵਜੋਂ ਸੇਵਾਵਾਂ ਨਿਭਾਉਂਦੇ ਹੋਏ ਉਨ੍ਹਾਂ ਨੇ 2004 ਦੀਆਂ ਐਥਨਜ਼ ਓਲੰਪਿਕ ਅਤੇ ਤਿੰਨ ਰਾਸ਼ਟਰਮੰਡਲ ਖੇਡਾਂ ਵਿੱਚ ਖਿਡਾਰੀਆਂ ਦੀ ਅਗਵਾਈ ਕੀਤੀ।

ਇਸ ਦੌਰਾਨ ਕੁੱਲ 15 ਵੱਖ-ਵੱਖ ਕੈਟਾਗਰੀਆਂ ਵਿੱਚ ਪੁਰਸਕਾਰ ਦਿੱਤੇ ਗਏ, ਜਿਨ੍ਹਾਂ ਵਿੱਚ ਗਿਆਨ ਸਿੰਘ ਚੀਮਾ ਤੋਂ ਇਲਾਵਾ ਸਾਲ ਦਾ ਸਰਵੋਤਮ ਪੁਰਸ਼ ਖਿਡਾਰੀ ਐਰਨ ਰਾਏ (ਗੋਲਫ਼ਰ), ਸਾਲ ਦੀ ਸਰਵੋਤਮ ਮਹਿਲਾ ਖਿਡਾਰੀ ਸੰਗੀਤਾ ਬਿਰਦੀ, ਐਕਸੀਲੈਂਸ ਇਨ ਸਪੋਰਟ ਪੁਰਸਕਾਰ ਨਵਦੀਪ ਸਿੰਘ, ਫਾਊਂਡਰਜ਼ ਪੁਰਸਕਾਰ ਦੀਪਾ ਸਿੰਘ, ਸਿੱਖ ਯੂਥ ਯੂਕੇ, ਇੰਸਪੀਰੇਸ਼ਨਲ ਅਚੀਵਮੈਂਟ ਅਵਾਰਡ ਮੇਵਾ ਸਿੰਘ ਢੇਸੀ, ਸਾਲ ਦਾ ਸਰਵੋਤਮ ਕੋਚ, ਬਲਜੀਤ ਸਿੰਘ ਕੂਨਰ, ਉਭਰਦੇ ਸਿਤਾਰੇ ਅਤੇ ਜੂਨੀਅਰ ਕੈਟਾਗਰੀ 'ਚ ਰਾਈਜ਼ਿੰਗ ਸਟਾਰ - ਪੁਰਸ਼ ਢਿੱਲੋਂ ਸਿੰਘ ਸੱਗੂ, ਰਾਈਜ਼ਿੰਗ ਸਟਾਰ - ਮਹਿਲਾ ਸਰੀਤ ਕੌਰ ਬਿਨਿੰਗ, ਜੂਨੀਅਰ ਐਥਲੀਟ - ਪੁਰਸ਼ ਧਿਆਨ ਪਾਹਲ, ਜੂਨੀਅਰ ਐਥਲੀਟ - ਮਹਿਲਾ ਲੈਲਾ ਸਿੱਧੂ, ਕਮਿਊਨਿਟੀ, ਮੀਡੀਆ ਅਤੇ ਸਪੋਰਟਸ ਕਲੱਬ ਕੈਟਾਗਰੀ ਵਿੱਚ ਕਮਿਊਨਿਟੀ ਚੈਂਪੀਅਨ ਵਾਲੰਟੀਅਰ ਕਵਲਰਾਜ ਕੌਰ, ਕਮਿਊਨਿਟੀ ਸਪੋਰਟਸ ਪ੍ਰੋਜੈਕਟ ਗੁਰੂ ਹਰਿਗੋਬਿੰਦ ਸਪੋਰਟਸ ਕਲੱਬ, ਸਪੋਰਟਸ ਕਲੱਬ ਆਫ ਦਿ ਈਅਰ ਬਰੈਫੋਰਡ ਟਾਈਗਰਜ਼ ਹਾਕੀ ਕਲੱਬ, ਸਪੋਰਟਸ ਜਰਨਲਿਸਟ ਆਫ ਦਿ ਈਅਰ ਐਰਨ ਪਾਲ, ਸੋਸ਼ਲ ਮੀਡੀਆ ਇਨਫਲੂਐਂਸਰ ਤੇਜ ਰੇਖੀ ਨੂੰ ਦਿੱਤੇ ਗਏ।

# ਸਾਊਥਾਲ ਵਿਖੇ "ਪੰਜਾਬੀ ਦੇਸੀ ਮੇਲਾ ਯੂ ਕੇ" ਕਰਵਾਇਆ ਗਿਆ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ. ਕੇ. ਵਿੱਚ ਵੱਸਦੇ ਪੰਜਾਬੀ ਭਾਈਚਾਰੇ ਦੇ ਮਨੋਰੰਜਣ ਲਈ 'ਟੀਮ ਦੇਸੀ ਮੇਲਾ ਯੂ. ਕੇ.' ਵੱਲੋਂ 'ਐਫ-9 ਈਵੈਂਟਸ' ਦੇ ਸਹਿਯੋਗ ਨਾਲ ਲੰਘੇ ਐਤਵਾਰ ਨੂੰ ਪੰਜਾਬੀ ਸੱਭਿਆਚਾਰ ਦੀਆਂ ਝਲਕੀਆਂ ਪੇਸ਼ ਕਰਦਾ 'ਪੰਜਾਬੀ ਦੇਸੀ ਮੇਲਾ ਯੂ. ਕੇ.' ਕਰਵਾਇਆ ਗਿਆ। ਇਹ ਮੇਲਾ ਸਾਊਥਾਲ ਦੇ ਪ੍ਰਸਿੱਧ 'ਸਾਊਥਾਲ ਪਾਰਕ' ਅਕਸਬ੍ਰਿਜ ਰੋਡ, ਸਾਊਥਾਲ ਵਿਖੇ ਹੋਇਆ ਜਿਸ ਜਿਸ ਵਿੱਚ ਨਾਮਵਰ ਪੰਜਾਬੀ ਕਾਲਕਾਰਾਂ ਨੇ ਪਹੁੰਚ ਕੇ ਖੂਬ ਰੰਗ ਬੰਨ੍ਹਿਆ। ਹਾਜ਼ਰ ਲੋਕਾਂ ਨੇ ਪੰਜਾਬੀ ਸੱਭਿਆਚਾਰ ਅਤੇ ਗੀਤ ਸੰਗੀਤ ਦਾ ਭਰਪੂਰ ਆਨੰਦ ਮਾਣਿਆ।*

ਭਾਵੇਂ ਮੇਲਾ ਤੋਂ ਆਪਸੀ ਖਿਚੋਤਾਣ ਦਾ ਅਸਰ ਵਿਖਾਈ ਦਿੱਤਾ। ਪਰ ਮੇਲੇ ਤੇ ਪਹੁੰਚੇ ਕਲਾਕਾਰਾਂ ਅਲਾਪ ਸਿਕੰਦਰ ਨੇ ਇੱਕ ਤੋਂ ਬਾਅਦ ਇੱਕ ਗੀਤ ਗਾ ਕੇ ਦਰਸ਼ਕਾਂ ਨਾਲ ਖੂਬ ਮਸਤੀ ਕੀਤੀ, ਅੰਗਰੇਜ਼ ਅਲੀ, ਸੁਖਵਿੰਦਰ ਪੰਛੀ, ਬਲਦੇਵ ਔਜਲਾ ਬੁਲਟ, ਇੰਦਰਜੀਤ ਲੰਡਨ, ਲੱਕੀ ਸਿੰਘ ਦੁਰਗਾਪੁਰੀਆ, ਸੁੱਖ ਕਲਸੀ, ਦੀਪਾ ਗਰੇਵਾਲ ਅਤੇ 'ਅਸਲੀ ਬਹਾਰਾਂ ਪੰਜਾਬ ਦੀਆਂ' ਗਰੁੱਪ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ।



ਦੇਸੀ ਮੇਲਾ ਯੂ ਕੇ ਤੇ ਕਲਾਕਾਰ ਪੇਸ਼ਕਾਰੀਆਂ ਕਰਦੇ ਹੋਏ

ਇਸ ਮੌਕੇ ਸਾਬਕਾ ਐਮ ਪੀ ਵਰਿੰਦਰ ਸ਼ਰਮਾਂ, ਕੌਂਸਲਰ ਕਮਲਪ੍ਰੀਤ ਕੌਰ, ਬਲਜੀਤ ਬੱਲੀ, ਸੁਖਵਿੰਦਰ ਸਿੰਘ ਸੁੱਖੀ ਨੇ ਦਰਸ਼ਕਾਂ ਦਾ ਧੰਨਵਾਦ ਕਰਦਿਆਂ ਸਹਿਯੋਗ ਦੇਣ ਦੀ ਅਪੀਲ ਕੀਤੀ। ਮੰਚ ਦੀ ਸੰਚਾਲਨਾ ਨਵੀ ਕੌਰ। ਬਿੱਟੂ ਖੰਗੂੜਾ ਅਤੇ ਸੋਖਾ ਢੇਸੀ ਵੱਲੋਂ ਕੀਤੀ ਜਾਵੇਗੀ।

ਮੇਲੇ ਲਈ ਪੰਜਾਬ ਰੇਡੀਓ ਅਤੇ ਪੰਜਾਬ ਟੀ ਵੀ ਵੱਲੋਂ ਵੱਡਾ ਸਹਿਯੋਗ ਦਿੱਤਾ ਗਿਆ। ਇਸ ਮੌਕੇ ਸੁੱਖਾ ਸਿੰਘ, ਅਮਰੀਕ ਸਿੰਘ ਅਮਨ, ਸਰਬਜੀਤ ਸਿੰਘ ਸਾਬੀ ਬਸਰਾ, ਅਵਤਾਰ ਸਿੰਘ ਚੌਹਾਨ, ਮਨਜੀਤ ਸਿੰਘ ਭੰਵਰਾ, ਤਲਵਿੰਦਰ ਸਿੰਘ ਢਿੱਲੋਂ, ਕੁਲਵਿੰਦਰ ਪੌਲ ਆਦਿ ਉਚੇਚੇ ਤੌਰ ਤੇ ਪਹੁੰਚੇ।

# ਭਗੌੜੇ ਹੀਰਾ ਵਪਾਰੀ ਨੀਰਵ ਮੋਦੀ ਆਖਰੀ ਕਾਨੂੰਨੀ ਲੜਾਈ ਹਾਰਿਆ ਭਾਰਤ ਵਾਪਸੀ ਦਾ ਰਾਹ ਸਾਫ਼



*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਗੌੜੇ ਹੀਰਾ ਵਪਾਰੀ ਨੀਰਵ ਮੋਦੀ ਲਈ ਕਾਨੂੰਨੀ ਰਸਤੇ ਹੁਣ ਲਗਭਗ ਖਤਮ ਹੋ ਗਏ ਹਨ। ਯੂ ਕੇ ਦੀਆਂ ਅਦਾਲਤਾਂ ਵਿੱਚ ਹਾਰ ਤੋਂ ਬਾਅਦ, ਉਸਦੀ ਯੂਰਪੀਅਨ ਮਨੁੱਖੀ ਅਧਿਕਾਰ ਅਦਾਲਤ ਵਿੱਚ ਕੀਤੀ ਗਈ ਆਖਰੀ ਅਪੀਲ ਵੀ ਰੱਦ ਕਰ ਦਿੱਤੀ ਗਈ ਹੈ।*

ਹੁਣ ਜਦੋਂ ਹਵਾਲਗੀ ਨੂੰ ਰੋਕਣ ਦੇ ਸਾਰੇ ਕਾਨੂੰਨੀ ਬਦਲ ਖਤਮ ਹੋ ਚੁੱਕੇ ਹਨ, ਪੰਜਾਬ ਨੈਸ਼ਨਲ ਬੈਂਕ ਧੋਖਾਧੜੀ ਅਤੇ ਮਨੀ ਲਾਂਡਰਿੰਗ ਮਾਮਲੇ ਵਿੱਚ ਮੁਕੱਦਮੇ ਦਾ ਸਾਹਮਣਾ ਕਰਨ ਲਈ ਉਸਦੀ ਭਾਰਤ ਹਵਾਲਗੀ ਲਗਭਗ ਤੈਅ ਹੈ।

ਮਈ 2025 ਵਿੱਚ ਯੂ ਕੇ ਹਾਈ ਕੋਰਟ ਨੇ ਸ਼ੁਰੂਆਤੀ ਤੌਰ 'ਤੇ ਉਸਦੀ ਆਖਰੀ ਮੰਨੀ ਜਾਣ ਵਾਲੀ ਅਪੀਲ ਨੂੰ ਖਾਰਜ ਕਰ ਦਿੱਤਾ ਸੀ। ਮੋਦੀ ਦੇ ਵਕੀਲਾਂ ਨੇ ਦਲੀਲ ਦਿੱਤੀ ਸੀ ਕਿ ਉਸਦੀ ਮਾਨਸਿਕ ਸਿਹਤ ਠੀਕ ਨਹੀਂ ਹੈ ਅਤੇ ਖੁਦਕੁਸ਼ੀ ਦੇ ਵੱਧ ਖਤਰੇ ਕਾਰਨ ਹਵਾਲਗੀ ਰੋਕੀ ਜਾਣੀ ਚਾਹੀਦੀ ਹੈ। ਪਰ ਅਦਾਲਤ ਨੇ ਫੈਸਲਾ ਸੁਣਾਇਆ ਕਿ ਭਾਰਤ ਸਰਕਾਰ ਵੱਲੋਂ ਦਿੱਤੇ ਗਏ ਡਾਕਟਰੀ ਸੁਰੱਖਿਆ ਦੇ ਭਰੋਸੇ ਮਜ਼ਬੂਤ ਅਤੇ ਭਰੋਸੇਯੋਗ ਹਨ।

ਮਾਰਚ 2026 ਵਿੱਚ ਮੋਦੀ ਦੀ ਟੀਮ ਨੇ ਲੰਡਨ ਵਿੱਚ ਯੂ ਕੇ ਹਾਈ ਕੋਰਟ ਆਫ਼ ਜਸਟਿਸ (ਕਿੰਗਜ਼ ਬੈਂਚ ਡਿਵੀਜ਼ਨ) ਅੱਗੇ ਅਪੀਲ ਨੂੰ ਦੁਬਾਰਾ ਖੋਲ੍ਹਣ ਦੀ ਆਖਰੀ ਕੋਸ਼ਿਸ਼ ਕੀਤੀ। ਉਹਨਾਂ ਨੇ ਯੂ ਕੇ ਦੇ ਇੱਕ ਵੱਖਰੇ ਫੈਸਲੇ (ਭੰਡਾਰੀ ਬਨਾਮ ਭਾਰਤ ਸਰਕਾਰ) ਦਾ ਹਵਾਲਾ ਦਿੱਤਾ, ਜਿਸ ਵਿੱਚ ਭਾਰਤੀ ਜੇਲ੍ਹਾਂ ਵਿੱਚ ਮਨੁੱਖੀ ਅਧਿਕਾਰਾਂ ਅਤੇ ਪੁੱਛਗਿੱਛ ਦੇ ਤਰੀਕਿਆਂ ਬਾਰੇ ਚਿੰਤਾਵਾਂ ਜ਼ਾਹਰ ਕੀਤੀਆਂ ਗਈਆਂ ਸਨ। ਯੂ ਕੇ ਬੈਂਚ ਨੇ ਇਸਨੂੰ ਸਿਰੇ ਤੋਂ ਨਕਾਰ ਦਿੱਤਾ ਅਤੇ ਕਿਹਾ ਕਿ ਮੋਦੀ ਦੀ ਸੁਰੱਖਿਆ ਸਬੰਧੀ ਭਾਰਤ ਦੇ ਕੂਟਨੀਤਕ ਭਰੋਸੇ ਕਾਨੂੰਨੀ ਤੌਰ 'ਤੇ ਪਾਬੰਦ ਅਤੇ ਭਰੋਸੇਯੋਗ ਹਨ।

ਯੂ ਕੇ ਹਾਈ ਕੋਰਟ ਤੋਂ ਰਾਹਤ ਨਾ ਮਿਲਣ ਤੋਂ ਬਾਅਦ, ਮੋਦੀ ਨੇ ਸਿੱਧੇ ਸਟ੍ਰਾਸਬਰਗ ਸਥਿਤ ਯੂਰਪੀਅਨ ਕੋਰਟ ਆਫ਼ ਹਿਊਮਨ ਰਾਈਟਸ ਵਿੱਚ ਅਰਜ਼ੀ ਦਿੱਤੀ। ਜਿੱਥੇ ਯੂਰਪੀਅਨ ਕੋਰਟ ਨੇ ਵੀ ਉਸਨੂੰ ਕੋਈ ਵੀ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ, ਜਿਸ ਨਾਲ ਲੰਡਨ ਵਿੱਚ ਰਹਿਣ ਦੀ ਉਸਦੀ ਛੇ ਸਾਲਾਂ ਦੀ ਕਾਨੂੰਨੀ ਲੜਾਈ ਦਾ ਪੂਰੀ ਤਰ੍ਹਾਂ ਅੰਤ ਹੋ ਗਿਆ।

ਯੂ ਕੇ ਦੇ ਗ੍ਰਹਿ ਮੰਤਰਾਲੇ ਅਤੇ ਭਾਰਤੀ ਅਧਿਕਾਰੀਆਂ (ਸੀ ਬੀ ਆਈ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ) ਇਸ ਮਾਮਲੇ ਨੂੰ ਹੁਣ ਇੱਕ ਕਾਨੂੰਨੀ ਮਸਲੇ ਤੋਂ ਪ੍ਰਸ਼ਾਸਨਿਕ ਪ੍ਰਕਿਰਿਆ ਵਿੱਚ ਤਬਦੀਲ ਕਰੇਗਾ। ਹਵਾਲਗੀ ਲਈ ਕਾਗਜ਼ੀ ਕਾਰਵਾਈ ਅਤੇ ਤਬਾਦਲੇ ਦੀਆਂ ਪ੍ਰਕਿਰਿਆਵਾਂ ਤੋਂ ਬਾਅਦ ਮਾਰਚ 2019 ਤੋਂ ਲੰਡਨ ਦੀ ਵੈਂਡਸਵਰਥ ਜੇਲ੍ਹ ਵਿੱਚ ਬੰਦ ਨੀਰਵ ਮੋਦੀ ਨੂੰ ਭਾਰਤੀ ਅਧਿਕਾਰੀਆਂ ਦੇ ਹਵਾਲੇ ਕੀਤਾ ਜਾਵੇਗਾ ਅਤੇ ਫਲਾਈਟ ਰਾਹੀਂ ਮੁੰਬਈ ਲਿਆਂਦਾ ਜਾਵੇਗਾ। ਭਾਰਤ ਪਹੁੰਚਣ 'ਤੇ, ਉਸਨੂੰ ਸਖ਼ਤ ਸੁਰੱਖਿਆ ਹੇਠ ਆਰਥਰ ਰੋਡ ਜੇਲ੍ਹ ਦੀ ਬੈਰਕ 12 ਵਿੱਚ ਰੱਖੇ ਜਾਣ ਦੀ ਸੰਭਾਵਨਾ ਹੈ।


**VACANCIES**

**JSR CONTRACTS LTD.**

**ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**Carpenters required at various sites in Manchester**

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing woodwork and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਸਾਬਕਾ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਯੂ.ਕੇ. ਦੇ ਸਾਬਕਾ ਪ੍ਰਧਾਨ ਮਲਕੀਤ ਸਿੰਘ ਗਰੇਵਾਲ ਨੂੰ ਹੰਝੂਆਂ ਭਰੀ ਵਿਦਾਇਗੀ



ਸ: ਮਲਕੀਤ ਸਿੰਘ ਗਰੇਵਾਲ ਨੂੰ ਸ਼ਰਧਾਂਜਲੀਆਂ ਭੇਂਟ ਕਰਦੇ ਹੋਏ ਬੁਲਾਰੇ ਅਤੇ ਪ੍ਰੀਵਾਰ ਨੂੰ ਸਰੋਪਾਓ ਭੇਂਟ ਕਰਨ ਮੌਕੇ ਪ੍ਰਬੰਧਕ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂਰਪ ਦੇ ਸਭ ਤੋਂ ਵੱਡੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਸਾਬਕਾ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਯੂ.ਕੇ. ਦੇ ਸਾਬਕਾ ਪ੍ਰਧਾਨ ਮਲਕੀਤ ਸਿੰਘ ਗਰੇਵਾਲ ਜੋ ਬੀਤੇ ਦਿਨੀ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ ਸਨ। ਉਹਨਾਂ ਦਾ ਅੰਤਿਮ ਸੰਸਕਾਰ ਅਤੇ ਅੰਤਿਮ ਅਰਦਾਸ ਮੰਗਲਵਾਰ ਨੂੰ ਕੀਤੀ ਗਈ। ਇਸ ਮੌਕੇ ਇੰਗਲੈਂਡ ਭਰ ਤੋਂ ਵੱਡੀ ਗਿਣਤੀ ਵਿੱਚ ਭਾਈਚਾਰੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਪਹੁੰਚੀਆਂ ਹੋਈਆਂ ਸਨ।**

ਅੰਤਿਮ ਸੰਸਕਾਰ ਤੋਂ ਉਪਰੰਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਪਾਰਕ ਐਵੇਨਿਊ ਵਿਖੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ ਅਤੇ ਗੁਰਬਾਣੀ ਕੀਰਤਨ ਅਤੇ ਅੰਤਿਮ ਅਰਦਾਸ ਕੀਤੀ ਗਈ।

ਸ: ਗਰੇਵਾਲ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ, ਮੀਤ ਪ੍ਰਧਾਨ ਹਰਜੀਤ ਸਿੰਘ ਸਰਪੰਚ, ਸਟੇਜ ਸਕੱਤਰ ਮਨਜੀਤ ਸਿੰਘ, ਸਾਬਕਾ ਮੀਤ ਪ੍ਰਧਾਨ ਸੋਹਣ ਸਿੰਘ ਸੁਮਰਾ, ਸਾਬਕਾ ਮੇਅਰ ਕੌਂਸਲਰ ਰਣਜੀਤ ਧੀਰ ਅਤੇ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਨੇ ਕਿਹਾ ਕਿ ਸ: ਗਰੇਵਾਲ ਅਜੇਹੀ ਪੰਥਕ ਸ਼ਖ਼ਸੀਅਤ ਸਨ ਜਿਨ੍ਹਾਂ ਨੇ ਦੇਸ਼ ਕੌਮ ਲਈ ਵੀ ਆਪਣੀਆਂ ਸੇਵਾਵਾਂ ਦਿੱਤੀਆਂ ਅਤੇ ਪ੍ਰੀਵਾਰ ਅੰਦਰ ਵੀ ਸਿੱਖੀ ਕਾਇਮ ਰੱਖੀ। ਜਿਸ ਦੀ ਮਿਸਾਲ ਉਹਨਾਂ ਦੇ ਪੋਤੇ ਪੋਤੀਆਂ ਹਨ। ਬੁਲਾਰਿਆਂ ਨੇ ਸ: ਗਰੇਵਾਲ ਦੀ ਅਗਵਾਈ ਵਿੱਚ ਸ੍ਰੀ ਗੁਰੂ ਸਿੰਘ ਸਭਾ ਲਈ ਕੀਤੇ ਕੰਮਾਂ ਅਤੇ ਬਤੌਰ ਸ਼੍ਰੋਮਣੀ ਅਕਾਲੀ ਦਲ ਯੂ ਕੇ ਦੇ ਪ੍ਰਧਾਨ ਵਜੋਂ ਕੀਤੇ ਪੰਥਕ ਕਾਰਜਾਂ ਦੀ ਸ਼ਲਾਘਾ ਕੀਤੀ। ਪ੍ਰੀਵਾਰ ਵੱਲੋਂ ਜਗਜੋਤ ਸਿੰਘ ਗਰੇਵਾਲ ਨੇ ਸੰਗਤਾਂ ਦਾ ਧੰਨਵਾਦ ਕੀਤਾ।

ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੀਬੀ ਅਮਰਜੀਤ ਕੌਰ ਗਰੇਵਾਲ, ਬੇਟੇ ਸ਼ਿਵਦੇਵ ਸਿੰਘ, ਬਰਜਿੰਦਰ ਸਿੰਘ ਤੇ ਪਰਿਵਾਰ ਨੂੰ ਸਰੋਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਪ੍ਰੀਵਾਰ ਰਵਾਇਤਾਂ ਅਨੁਸਾਰ ਵੱਡੇ ਬੇਟੇ ਸ: ਸ਼ਿਵਦੇਵ ਸਿੰਘ ਗਰੇਵਾਲ ਨੂੰ ਪੱਗ ਭੇਂਟ ਕੀਤੀ ਗਈ।

ਇਸ ਮੌਕੇ ਟਰੱਸਟੀ ਅਮਰਜੀਤ ਸਿੰਘ ਦਾਸਨ, ਸਾਬਕਾ ਐਮ ਪੀ ਵਰਿੰਦਰ ਸ਼ਰਮਾਂ, ਸਭਾ ਦੇ ਜਨਰਲ ਸਕੱਤਰ ਸੁਰਿੰਦਰ ਸਿੰਘ ਢੱਟ, ਸ਼ਰਨਬੀਰ ਸਿੰਘ ਸੰਘਾ, ਸਤਨਾਮ ਸਿੰਘ ਚੌਹਾਨ, ਬੀਬੀ ਸੁਰਜੀਤ ਕੌਰ, ਜਸਵੰਤ ਸਿੰਘ ਮੰਡ, ਪਰਮਜੀਤ ਸਿੰਘ ਧਾਲੀਵਾਲ, ਗੁਰਬਚਨ ਸਿੰਘ ਅਟਵਾਲ, ਕੇਵਲ ਸਿੰਘ ਰਣਦੇਵਾ, ਸ: ਜੋਗਿੰਦਰ ਸਿੰਘ ਬੱਲ, ਗੁਰਦੀਪ ਸਿੰਘ, ਅਜਮੇਰ ਸਿੰਘ ਵਿਰਦੀ, ਬਲਜਿੰਦਰ ਸਿੰਘ ਹੰਸਰਾ, ਗਿਆਨੀ ਬਲਵਿੰਦਰ ਸਿੰਘ ਪੱਟੀ, ਦੀਦਾਰ ਸਿੰਘ ਰੰਧਾਵਾ, ਸੁਰਿੰਦਰ ਸਿੰਘ ਪੁਰੇਵਾਲ, ਬਲਜੀਤ ਸਿੰਘ ਮੱਲੀ, ਅਮਰਜੀਤ ਸਿੰਘ ਢਿੱਲੋਂ, ਕੁਲਵੰਤ ਸਿੰਘ ਭਿੰਡਰ, ਸੁਖਦੀਪ ਸਿੰਘ ਗਿੱਲ, ਹਿੰਮਤ ਸਿੰਘ ਸੋਹੀ, ਗੁਰਦੇਵ ਸਿੰਘ ਬਰਾੜ, ਹਰਪਾਲ ਸਿੰਘ ਬਰਾੜ, ਭਰਪੂਰ ਸਿੰਘ, ਡਾ: ਉਂਕਾਰ ਸਿੰਘ ਸਹੋਤਾ, ਸੁਰਜੀਤ ਸਿੰਘ ਜੌਹਲ, ਕੌਂਸਲਰ ਕਮਲਜੀਤ ਸਿੰਘ ਢੀਂਡਸਾ, ਡਾ: ਪ੍ਰਵਿੰਦਰ ਸਿੰਘ ਗਰਚਾ, ਸੁਖਵਿੰਦਰ ਸਿੰਘ, ਅਜੀਮ ਸ਼ੇਖਰ, ਜਸਵੰਤ ਸਿੰਘ ਗਰੇਵਾਲ, ਪ੍ਰੀਤਮ ਸਿੰਘ ਬਰਾੜ, ਮਨਜੀਤ ਸਿੰਘ ਬੁਟਰ, ਮਨਜੀਤ ਸਿੰਘ ਸੰਧੂ, ਮਹਿੰਦਰ ਸਿੰਘ ਗਿੱਲ ਆਦਿ ਸਮੇਤ ਵੱਡੀ ਗਿਣਤੀ ਵਿੱਚ ਭਾਈਚਾਰੇ ਦੇ ਆਗੂ ਹਾਜ਼ਰ ਸਨ।

# ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ 'ਤੇ ਬਣੀ ਦਿਲਜੀਤ ਦੋਸਾਂਝ ਦੀ ਫ਼ਿਲਮ 'ਸਤਲੁਜ' ਵਿਖਾਈ ਜਾਵੇਗੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਮਨੁੱਖੀ ਅਧਿਕਾਰਾਂ ਦੇ ਰਾਖੇ ਸ਼ਹੀਦ ਭਾਈ ਜਸਵੰਤ ਸਿੰਘ ਜੀ ਖਾਲੜਾ ਦੇ ਜੀਵਨ 'ਤੇ ਆਧਾਰਿਤ ਅਤੇ ਮਸ਼ਹੂਰ ਅਦਾਕਾਰ ਦਿਲਜੀਤ ਦੋਸਾਂਝ ਦੀ ਮੁੱਖ ਭੂਮਿਕਾ ਵਾਲੀ ਫ਼ਿਲਮ ਦੀ ਇੱਕ ਵਿਸ਼ੇਸ਼ ਆਊਟਡੋਰ ਸਕ੍ਰੀਨਿੰਗ (ਖੁੱਲ੍ਹੇ ਵਿੱਚ ਦਿਖਾਉਣ) ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। 'ਜ਼ੀ 5' ਦੀ ਇਸ ਫ਼ਿਲਮ ਦਾ ਨਾਮ ਹੁਣ 'ਸਤਲੁਜ' ਰੱਖਿਆ ਗਿਆ ਹੈ, ਜੋ ਕਿ ਪੰਜਾਬ ਪੁਲਿਸ ਦੇ ਤਸ਼ੱਦਦ ਅਤੇ ਉਸ ਦੌਰਾਨ ਹੋਈਆਂ ਸੀ. ਬੀ. ਆਈ. ਜਾਂਚਾਂ ਦੇ ਗੰਭੀਰ ਵਿਸ਼ਿਆਂ ਨੂੰ ਉਜਾਗਰ ਕਰਦੀ ਹੈ।



ਭਾਈ ਜਸਵੰਤ ਸਿੰਘ ਖਾਲੜਾ

ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਜਤਿੰਦਰ ਸਿੰਘ ਬਾਸੀ ਨੇ ਦੱਸਿਆ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਹ ਫ਼ਿਲਮ ਲਗਾਤਾਰ ਤਿੰਨ ਦਿਨ ਬੁੱਧਵਾਰ 8 ਜੁਲਾਈ, ਵੀਰਵਾਰ 9 ਜੁਲਾਈ ਅਤੇ ਸ਼ੁੱਕਰਵਾਰ 10 ਜੁਲਾਈ ਨੂੰ ਹਰ ਰੋਜ਼ ਰਾਤ 8 ਵਜੇ ਤੋਂ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੇ ਬਾਹਰ 'ਲਾਇਨਜ਼ ਆਫ਼ ਦ ਗ੍ਰੇਟ ਵਾਰ' ਵਾਲੀ ਖੁੱਲ੍ਹੀ ਜਗ੍ਹਾ 'ਤੇ ਖੁੱਲ੍ਹੇ ਮੈਦਾਨ ਵਿੱਚ ਵਿਖਾਈ ਜਾਵੇਗੀ।

ਭਾਈ ਜਤਿੰਦਰ ਸਿੰਘ ਨੇ ਕਿਹਾ ਕਿ ਭਾਈ ਖਾਲੜਾ ਦੀ ਸ਼ਹੀਦੀ ਨਾਲ ਪੰਜਾਬ ਦੇ 25000 ਤੋਂ ਵੱਧ ਨੌਜਵਾਨਾਂ ਦੇ ਪ੍ਰੀਵਾਰਾਂ ਦੀ ਕਹਾਣੀ ਜੁੜੀ ਹੋਈ ਹੈ ਜਿਹਨਾਂ ਨੂੰ ਅਣਪਛਾਤੇ ਦੱਸ ਕੇ ਲਾਪਤਾ ਕਰ ਦਿੱਤਾ। ਜਿਹਨਾਂ ਬਾਰੇ ਅਜੇ ਤੱਕ ਬੁਝਾਰਤ ਬਣੀ ਹੋਈ ਹੈ। ਅਸੀਂ ਚਾਹੁੰਦੇ ਹਾਂ ਕਿ ਸਾਡੀ ਨੌਜਵਾਨ ਪੀੜ੍ਹੀ ਨੂੰ ਪਤਾ ਲੱਗੇ ਕਿ 90ਵਿਆਂ ਵਿੱਚ ਪੰਜਾਬ ਵਿੱਚ ਸਿੱਖ ਨੌਜਵਾਨੀ ਨਾਲ ਕੀ ਹੋਇਆ ਸੀ।

# ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਸ਼ਹੀਦ ਭਾਈ ਬਲਜਿੰਦਰ ਸਿੰਘ ਰਾਜੂ ਦੇ ਸਤਿਕਾਰਯੋਗ ਮਾਤਾ ਬੀਬੀ ਸੁਰਜੀਤ ਕੌਰ ਦਾ ਵਿਸ਼ੇਸ਼ ਸਨਮਾਨ



ਮਾਤਾ ਸੁਰਜੀਤ ਕੌਰ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵੱਲੋਂ ਸ਼ਹੀਦ ਭਾਈ ਬਲਜਿੰਦਰ ਸਿੰਘ ਰਾਜੂ ਦੇ ਸਤਿਕਾਰਯੋਗ ਮਾਤਾ, ਬੀਬੀ ਸੁਰਜੀਤ ਕੌਰ ਨੂੰ ਉਹਨਾਂ ਦੀ ਮਹਾਨ ਕੁਰਬਾਨੀ, ਅਟੱਲ ਸਿਦਕ ਅਤੇ ਦ੍ਰਿੜ੍ਹ ਭਾਵਨਾ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਸੰਗਤਾਂ ਨਾਲ ਆਪਣੇ ਦਿਲ ਦੇ ਵਲਵਲੇ ਸਾਂਝੇ ਕਰਦਿਆਂ ਮਾਤਾ ਸੁਰਜੀਤ ਕੌਰ ਨੇ ਭਾਵੁਕ ਪਲਾਂ ਨੂੰ ਯਾਦ ਕੀਤਾ। ਉਹਨਾਂ ਦੱਸਿਆ ਕਿ ਉਹ ਅਮਰ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਅਤੇ ਭਾਈ ਹਰਜਿੰਦਰ ਸਿੰਘ ਜਿੰਦਾ ਦੇ ਵੀ 'ਧਰਮ ਮਾਤਾ' ਸਨ, ਜੋ ਸਿੱਖ ਸੰਘਰਸ਼ ਦੌਰਾਨ ਬਣੇ ਡੂੰਘੇ ਅਤੇ ਪਵਿੱਤਰ ਰਿਸ਼ਤਿਆਂ ਦੀ ਹਾਮੀ ਭਰਦਾ ਹੈ। ਮਾਤਾ ਨੇ ਉਸ ਇਤਿਹਾਸਕ ਪਲ ਨੂੰ ਵੀ ਯਾਦ ਕੀਤਾ ਜਦੋਂ ਭਾਈ ਬਲਜਿੰਦਰ ਸਿੰਘ ਘਰੋਂ ਤੁਰੇ ਸਨ। ਉਹਨਾਂ ਦੱਸਿਆ ਕਿ ਉਹਨਾਂ ਨੇ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਕਰਕੇ ਆਪਣੇ ਪੁੱਤਰ ਨੂੰ ਗੁਰੂ ਸਾਹਿਬ ਦੀ ਓਟ-ਆਸਰੇ ਹੇਠ ਦੇਸ਼ ਅਤੇ ਕੌਮ ਲੇਖੇ ਲਾਇਆ ਸੀ। ਆਪਣੇ ਜਿਗਰ ਦੇ ਟੋਟੇ ਦੀ ਮਹਾਨ ਕੁਰਬਾਨੀ ਦੇਣ ਦੇ ਬਾਵਜੂਦ, ਮਾਤਾ ਸੁਰਜੀਤ ਕੌਰ ਅੱਜ ਵੀ ਅਟੱਲ ਵਿਸ਼ਵਾਸ, ਦ੍ਰਿੜ੍ਹਤਾ ਅਤੇ ਚੜ੍ਹਦੀ ਕਲਾ ਦੇ ਪ੍ਰਤੀਕ ਵਜੋਂ ਸਮੁੱਚੇ ਪੰਥ ਲਈ ਪ੍ਰੇਰਨਾ ਸਰੋਤ ਬਣੇ ਹੋਏ ਹਨ। ਸਮਾਗਮ ਮੌਕੇ ਸੰਗਤ ਨੇ ਬਾਹਾਂ ਖੜ੍ਹੀ-ਆਂ ਕਰਕੇ ਜੈਕਾਰੇ ਲਾਏ ਅਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਮੁੱਖ ਸੇਵਾਦ-ਾਰ ਜਤਿੰਦਰ ਸਿੰਘ ਬਾਸੀ, ਪਰਮਜੀਤ ਸਿੰਘ ਢਿੱਲੋਂ, ਹਰਵਿੰਦਰ ਸਿੰਘ ਹੀਰਾ, ਇਕਬਾਲ ਸਿੰਘ, ਸਰਬਜੀਤ ਸਿੰਘ, ਪਰਵਿੰਦਰ ਕੌਰ, ਕੁਲਦੀਪ ਸਿੰਘ ਦਿਓਲ, ਜਸਵਿੰਦਰ ਸਿੰਘ ਬਾਂਕਾ ਆਦਿ ਹਾਜ਼ਰ ਸਨ।

## 2027 ਦੀਆਂ ਤਿਆਰੀਆਂ 'ਤੇ ਫਿਰਿਆ ਪਾਣੀ !

# ਪੰਜਾਬ ਕਾਂਗਰਸ ਵਿਚ ਫੁੱਟ, ਹੁਣ ਰਾਹੁਲ ਗਾਂਧੀ ਦੇ ਹੱਥ ਕਮਾਨ

### ✪ ਬਘੇਲ ਦੇ ਆਉਂਦਿਆਂ ਹੀ ਕਾਂਗਰਸ ਵਿਚ ਬਗਾਵਤ: ਚੰਨੀ-ਰੰਧਾਵਾ ਦਿੱਲੀ ਰਵਾਨਾ, ਰਾਜਾ ਵੜਿੰਗ ਖ਼ਿਲਾਫ਼ ਘੇਰਾਬੰਦੀ ਤੇਜ਼

## ਨਿਊਜ਼ ਵਿਸ਼ਲੇਸ਼ਣ

ਪੰਜਾਬ ਵਿੱਚ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਜਿੱਥੇ ਕਾਂਗਰਸ ਹਾਈਕਮਾਨ ਸਰਵੇਖਣ ਟੀਮਾਂ ਭੇਜ ਕੇ ਜ਼ਮੀਨੀ ਪੱਧਰ 'ਤੇ ਸਰਗਰਮੀਆਂ ਤੇਜ਼ ਕਰ ਰਹੀ ਹੈ, ਉੱਥੇ ਹੀ ਸੂਬਾਈ ਲੀਡਰਸ਼ਿਪ ਦੀ ਆਪਸੀ ਖਾਨਾਜੰਗੀ ਨੇ ਇਨ੍ਹਾਂ ਸਾਰੀਆਂ ਤਿਆਰੀਆਂ 'ਤੇ ਪਾਣੀ ਫੇਰ ਦਿੱਤਾ ਹੈ। ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੂਪੇਸ਼ ਬਘੇਲ ਚੰਡੀਗੜ੍ਹ ਵਿੱਚ ਡੇਰੇ ਲਾਈ ਬੈਠੇ ਹਨ, ਪਰ ਪਾਰਟੀ ਦੇ ਦਿੱਗਜ ਆਗੂ-ਚਰਨਜੀਤ ਸਿੰਘ ਚੰਨੀ, ਸੁਖਜਿੰਦਰ ਸਿੰਘ ਰੰਧਾਵਾ ਅਤੇ ਪਰਗਟ ਸਿੰਘ-ਚੰਡੀਗੜ੍ਹ ਦੀਆਂ ਬੈਠਕਾਂ ਦਾ ਬਾਈਕਾਟ ਕਰਕੇ ਦਿੱਲੀ ਦਰਬਾਰ ਵਿੱਚ ਕੁੰਡੀ ਲਾਈ ਬੈਠੇ ਹਨ। ਇਹ ਸਥਿਤੀ ਸਾਬਤ ਕਰਦੀ ਹੈ ਕਿ ਪਾਰਟੀ ਅੰਦਰਲਾ ਕਲੇਸ਼ ਹੁਣ ਉਸ ਮੋੜ 'ਤੇ ਪਹੁੰਚ ਚੁੱਕਾ ਹੈ, ਜਿੱਥੇ ਸੂਬਾ ਪੱਧਰੀ ਗੱਲਬਾਤ ਦੇ ਸਾਰੇ ਰਸਤੇ ਬੰਦ ਨਜ਼ਰ ਆ ਰਹੇ ਹਨ।

### ਖਿੱਚੋਤਾਣ ਤੇਜ਼ ਹੋਣ ਦੇ ਮੁੱਖ ਕਾਰਨ ਕੀ ਹਨ ?

ਪੰਜਾਬ ਕਾਂਗਰਸ ਦੇ ਦੋ ਧੜਿਆਂ (ਇੱਕ ਪਾਸੇ ਸੂਬਾ ਪ੍ਰਧਾਨ ਰਾਜਾ ਵੜਿੰਗ ਅਤੇ ਦੂਜੇ ਪਾਸੇ ਚੰਨੀ-ਰੰਧਾਵਾ ਗੱਠਜੋੜ) ਵਿਚਾਲੇ ਚੱਲ ਰਹੇ ਇਸ ਟਕਰਾਅ ਦੇ ਪਿੱਛੇ ਤਿੰਨ ਮੁੱਖ ਕਾਰਨ ਹਨ:

* ਹਾਲ ਹੀ ਵਿੱਚ ਹਾਈਕਮਾਨ ਵੱਲੋਂ ਬਣਾਈਆਂ ਗਈਆਂ ਚੋਣ ਕਮੇਟੀਆਂ, ਕੋਰ ਕਮੇਟੀ ਅਤੇ ਹੋਰ ਜਥੇਬੰਦਕ ਨਿਯੁਕਤੀਆਂ ਵਿੱਚ ਸੀਨੀਅਰ ਆਗੂਆਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੇ ਸਮਰਥਕਾਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਗਿਆ ਹੈ ਅਤੇ ਸੂਬਾ ਪ੍ਰਧਾਨ ਰਾਜਾ ਵੜਿੰਗ ਆਪਣੇ ਪਸੰਦੀਦਾ ਚਿਹਰਿਆਂ ਨੂੰ ਅੱਗੇ ਵਧਾ ਰਹੇ ਹਨ।

* ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ ਹਨ ਅਤੇ ਮੌਜੂਦਾ ਸਮੇਂ ਪ੍ਰਚਾਰ ਕਮੇਟੀ ਦੇ ਚੇਅਰਮੈਨ ਹਨ, ਜਦਕਿ ਰੰਧਾਵਾ ਕੋਰ ਕਮੇਟੀ ਦੇ ਮੁਖੀ ਹਨ। ਦੂਜੇ ਪਾਸੇ ਰਾਜਾ ਵੜਿੰਗ ਸੂਬਾ ਪ੍ਰਧਾਨ ਹਨ। ਇਨ੍ਹਾਂ ਸਾਰੇ ਆਗੂਆਂ ਵਿਚਾਲੇ ਇਹ ਸਪੱਸ਼ਟ ਕਰਨ ਦੀ ਜੰਗ ਚੱਲ ਰਹੀ ਹੈ ਕਿ 2027 ਦੀਆਂ ਚੋਣਾਂ ਵਿੱਚ ਪਾਰਟੀ ਦੀ ਕਮਾਨ ਕਿਸਦੇ ਹੱਥ ਹੋਵੇਗੀ।

ਹਾਈਕਮਾਨ ਵੱਲੋਂ ਸਿੱਧੇ ਸਰਵੇਖਣ ਕਰਵਾ ਕੇ ਹਰ ਹਲਕੇ ਤੋਂ 3-3 ਉਮੀਦਵਾਰਾਂ ਦੇ ਪੈਨਲ ਬਣਾਉਣ ਦੇ ਫੈਸਲੇ ਨੇ ਸੀਨੀਅਰ ਆਗੂਆਂ ਦੇ ਸਿਆਸੀ ਪ੍ਰਭਾਵ ਨੂੰ ਚੁਣੌਤੀ ਦਿੱਤੀ ਹੈ। ਆਗੂਆਂ ਨੂੰ ਡਰ ਹੈ ਕਿ ਇਸ ਬਹਾਨੇ ਚੋਣਾਂ ਵੇਲੇ ਉਨ੍ਹਾਂ ਦੇ ਵਫ਼ਾਦਾਰਾਂ ਦੀਆਂ ਟਿਕਟਾਂ ਕੱਟੀਆਂ ਜਾ ਸਕਦੀਆਂ ਹਨ।

## ਰਾਹੁਲ ਗਾਂਧੀ ਤੱਕ ਪਹੁੰਚਿਆ ਕਲੇਸ਼: ਕੀ ਉਹ ਮਸਲਾ ਹੱਲ ਕਰ ਸਕਣਗੇ ?

ਇਹ ਕਲੇਸ਼ ਹੁਣ ਪੂਰੀ ਤਰ੍ਹਾਂ ਦਿੱਲੀ ਦੀਆਂ ਬਰੂਹਾਂ ਤੱਕ ਪਹੁੰਚ ਗਿਆ ਹੈ। ਚੰਨੀ ਧੜੇ ਨੇ ਰਾਹੁਲ ਗਾਂਧੀ ਦੇ ਵਿਦੇਸ਼ ਦੌਰੇ ਤੋਂ ਪਰਤਦੇ ਹੀ ਮੁਲਾਕਾਤ ਦਾ ਸਮਾਂ ਮੰਗਿਆ ਹੈ। ਕਾਂਗਰਸ ਹਾਈਕਮਾਨ ਅਤੇ ਖ਼ਾਸ ਕਰਕੇ ਰਾਹੁਲ ਗਾਂਧੀ ਲਈ ਪੰਜਾਬ ਕਾਂਗਰਸ ਦਾ ਇਹ ਸੰਕਟ ਕੋਈ ਨਵਾਂ ਨਹੀਂ ਹੈ। ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਵੀ ਹਾਈਕਮਾਨ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਹਟਾ ਕੇ ਨਵਜੋਤ ਸਿੱਧੂ ਅਤੇ ਚੰਨੀ ਵਿਚਾਲੇ ਸੰਤੁਲਨ ਬਣਾਉਣ ਦੀ ਕੋਸ਼ਿਸ਼ ਕੀਤੀ ਸੀ, ਜਿਸਦਾ ਨਤੀਜਾ ਪਾਰਟੀ ਦੀ ਕਰਾਰੀ ਹਾਰ ਦੇ ਰੂਪ ਵਿੱਚ ਨਿਕਲਿਆ ਸੀ।

ਸੂਤਰਾਂ ਦਾ ਕਹਿਣਾ ਹੈ ਕਿ ਜੇਕਰ ਹਾਈਕਮਾਨ ਨੇ ਪਹਿਲਾਂ ਵਾਂਗ ਹੀ ਕਿਸੇ ਇੱਕ ਧੜੇ ਨੂੰ ਥਾਪੜਾ ਦੇ ਕੇ ਦੂਜੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ, ਤਾਂ ਬਗਾਵਤ ਹੋਰ ਵਧੇਗੀ। ਪਰ ਜੇਕਰ ਰਾਹੁਲ ਗਾਂਧੀ ਇੱਕ ਨਿਰਪੱਖ ਪੰਚ ਦੀ ਭੂਮਿਕਾ ਨਿਭਾਉਂਦੇ ਹਨ, ਤਾਂ ਮਸਲਾ ਸੁਲਝ ਸਕਦਾ ਹੈ।

ਪੰਜਾਬ ਕਾਂਗਰਸ ਨੂੰ 2027 ਵਿੱਚ ਤਬਾਹ ਹੋਣ ਤੋਂ ਬਚਾਉਣ ਲਈ ਹੇਠ ਲਿਖੇ



ਫਾਰਮੂਲੇ ਤਹਿਤ ਕੰਮ ਕਰਨਾ ਪਵੇਗਾ। ਰਾਹੁਲ ਗਾਂਧੀ ਨੂੰ ਸੂਬਾ ਪ੍ਰਧਾਨ ਰਾਜਾ ਵੜਿੰਗ ਅਤੇ ਪ੍ਰਚਾਰ ਕਮੇਟੀ ਦੇ ਚੇਅਰਮੈਨ ਚਰਨਜੀਤ ਚੰਨੀ ਵਿਚਾਲੇ ਸ਼ਕਤੀਆਂ ਦੀ ਸਪੱਸ਼ਟ ਵੰਡ ਕਰਨੀ ਪਵੇਗੀ। ਮਾਹਿਰਾਂ ਦਾ ਕਹਿਣਾ ਹੈ ਕਿ ਸੰਗਠਨ ਦੇ ਫੈਸਲਿਆਂ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਸਮੇਤ ਸਾਰੇ ਸੀਨੀਅਰ ਆਗੂਆਂ ਦੀ ਸਹਿਮਤੀ ਲਾਜ਼ਮੀ ਕੀਤੀ ਜਾਵੇ। ਰਾਜਾ ਵੜਿੰਗ ਨੂੰ ਸੂਬਾ ਪ੍ਰਧਾਨ ਵਜੋਂ ਆਪਣੀ ਪਹੁੰਚ ਵਿੱਚ ਵਧੇਰੇ ਨਰਮੀ ਲਿਆਉਣੀ ਪਵੇਗੀ ਅਤੇ ਸੀਨੀਅਰ ਨੇਤਾਵਾਂ ਨੂੰ ਬਣਦਾ ਸਤਿਕਾਰ ਦੇਣਾ ਪਵੇਗਾ। ਦੂਜੇ ਪਾਸੇ, ਨਾਰਾਜ਼ ਧੜੇ ਨੂੰ ਵੀ ਪਾਰਟੀ ਦੇ ਅਨੁਸ਼ਾਸਨ ਦੇ ਦਾਇਰੇ ਵਿੱਚ ਰਹਿ ਕੇ ਕੰਮ ਕਰਨਾ ਹੋਵੇਗਾ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਹਾਈਕਮਾਨ ਜੋ ਸਰਵੇਖਣ ਕਰਵਾ ਰਹੀ ਹੈ, ਉਸਦੀ ਰਿਪੋਰਟ ਪੂਰੀ ਤਰ੍ਹਾਂ ਪਾਰਦਰਸ਼ੀ ਹੋਣੀ ਚਾਹੀਦੀ ਹੈ ਤਾਂ ਜੋ ਕਿਸੇ ਵੀ ਆਗੂ ਨੂੰ ਇਹ ਨਾ ਲੱਗੇ ਕਿ ਉਸ ਨਾਲ ਪੱਖਪਾਤ ਹੋਇਆ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬ ਕਾਂਗਰਸ ਲਈ ਆਉਣ ਵਾਲੇ ਦਿਨ ਬੇਹੱਦ ਨਾਜ਼ੁਕ ਹਨ। ਉੱਚ ਪੱਧਰੀ ਸੂਤਰਾਂ ਅਨੁਸਾਰ ਹਾਈਕਮਾਨ ਆਪਣੇ ਫੈਸਲੇ ਬਦਲਣ ਦੇ ਰੌਂਅ ਵਿੱਚ ਬਿਲਕੁਲ ਨਹੀਂ ਹੈ। ਜੇਕਰ ਬਘੇਲ ਆਪਣੇ ਇਸ ਪੰਜ ਦਿਨਾਂ ਦੌਰੇ ਦੌਰਾਨ ਨਾਰਾਜ਼ ਧੜੇ ਨੂੰ ਮਨਾਉਣ ਵਿੱਚ ਨਾਕਾਮ ਰਹਿੰਦੇ ਹਨ, ਤਾਂ ਇਹ ਟਕਰਾਅ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀਆਂ ਉਮੀਦਾਂ 'ਤੇ ਪਾਣੀ ਫੇਰ ਸਕਦਾ ਹੈ।

## ਪੰਜਾਬ ਕਾਂਗਰਸ ਵਿਚ ਬਗਾਵਤ ਦੇ ਬਾਵਜੂਦ ਰਾਜਾ ਵੜਿੰਗ ਹੀ ਰਹਿਣਗੇ ਪ੍ਰਧਾਨ, ਹਾਈਕਮਾਨ ਨੇ ਦਿੱਤੇ ਸਪੱਸ਼ਟ ਸੰਕੇਤ

ਚੰਡੀਗੜ੍ਹ-ਪੰਜਾਬ ਕਾਂਗਰਸ ਅੰਦਰ ਚੱਲ ਰਹੀ ਖਿੱਚੋਤਾਣ ਅਤੇ ਜਥੇਬੰਦਕ ਢਾਂਚੇ ਵਿੱਚ ਹੋਈਆਂ ਨਵੀਆਂ ਨਿਯੁਕਤੀਆਂ ਦੇ ਵਿਰੋਧ ਦੇ ਬਾਵਜੂਦ, ਕਾਂਗਰਸ ਹਾਈਕਮਾਨ ਫਿਲਹਾਲ ਕਿਸੇ ਵੀ ਬਦਲਾਅ ਦੇ ਮੂਡ ਵਿੱਚ ਨਹੀਂ ਹੈ। ਪਾਰਟੀ ਦੇ ਸੂਬਾ ਇੰਚਾਰਜ ਭੂਪੇਸ਼ ਬਘੇਲ ਦੀ ਅਗਵਾਈ ਵਿੱਚ ਹੋਈਆਂ ਅਹਿਮ ਬੈਠਕਾਂ ਤੋਂ ਬਾਅਦ ਇਹ ਸਾਫ਼ ਹੋ ਗਿਆ ਹੈ ਕਿ ਅਮਰਿੰਦਰ ਸਿੰਘ ਰਾਜਾ ਵੜਿੰਗ ਹੀ ਪੰਜਾਬ ਕਾਂਗਰਸ ਦੇ ਪ੍ਰਧਾਨ ਬਣੇ ਰਹਿਣਗੇ।

ਬੀਤੇ ਮੰਗਲਵਾਰ ਨੂੰ ਪਾਰਟੀ ਦੇ ਸੂਬਾ ਇੰਚਾਰਜ ਭੂਪੇਸ਼ ਬਘੇਲ ਨਾਲ ਹੋਈ ਬੈਠਕ ਦੌਰਾਨ ਬਹੁਤੇ ਕਾਂਗਰਸੀ ਆਗੂਆਂ ਨੇ ਦਲੀਲ ਦਿੱਤੀ ਕਿ ਵਿਧਾਨ ਸਭਾ ਚੋਣਾਂ ਬਹੁਤ ਨੇੜੇ ਹਨ। ਜੇਕਰ ਇਸ ਨਾਜ਼ੁਕ ਮੋੜ 'ਤੇ ਲੀਡਰਸ਼ਿਪ ਜਾਂ ਜਥੇਬੰਦਕ ਢਾਂਚੇ ਵਿੱਚ ਕੋਈ ਬਦਲਾਅ ਕੀਤਾ ਜਾਂਦਾ ਹੈ, ਤਾਂ ਇਸ ਦਾ ਪਾਰਟੀ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ ਅਤੇ ਦੂਜੇ ਸੂਬਿਆਂ 'ਤੇ ਵੀ ਇਸ ਦਾ ਮਾੜਾ ਪ੍ਰਭਾਵ ਪਵੇਗਾ। ਇਸ ਤੋਂ ਬਾਅਦ ਹਾਈਕਮਾਨ ਨੇ ਸਪੱਸ਼ਟ ਸੰਕੇਤ ਦੇ ਦਿੱਤਾ ਹੈ ਕਿ ਰਾਜਾ ਵੜਿੰਗ ਨੂੰ ਕਿਸੇ ਵੀ ਹਾਲਤ ਵਿੱਚ ਬਦਲਿਆ ਨਹੀਂ ਜਾਵੇਗਾ।

ਸੀਨੀਅਰ ਆਗੂਆਂ ਦੀ ਗ਼ੈਰ-ਹਾਜ਼ਰੀ ਅਤੇ ਨਾਰਾਜ਼ਗੀ-ਪੰਜਾਬ ਕਾਂਗਰਸ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਲੋਕ ਸਭਾ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਅਤੇ ਵਿਧਾਇਕ ਪਰਗਟ ਸਿੰਘ ਸਮੇਤ ਕਈ ਸੀਨੀਅਰ ਆਗੂ ਮੌਜੂਦਾ ਜਥੇਬੰਦਕ ਨਿਯੁਕਤੀਆਂ ਦੇ ਵਿਰੋਧ 'ਚ ਖੜ੍ਹੇ ਹਨ।

ਦੂਜੇ ਪਾਸੇ, ਵਿਧਾਇਕ ਪਰਗਟ ਸਿੰਘ ਅਤੇ ਸੀਨੀਅਰ ਨੇਤਾ ਸ਼ਮਸ਼ੇਰ ਸਿੰਘ ਦੂਲੋਂ ਨੇ ਧੜੇਬਾਜ਼ੀ ਦੀਆਂ ਗੱਲਾਂ ਨੂੰ ਖ਼ਾਰਜ ਕਰਦਿਆਂ ਕਿਹਾ ਕਿ ਲੋਕਤੰਤਰ ਵਿੱਚ ਮਤਭੇਦ ਹੋਣਾ ਸੁਭਾਵਿਕ ਹੈ ਅਤੇ ਅੰਤ ਵਿੱਚ ਹਾਈਕਮਾਨ ਦਾ ਫ਼ੈਸਲਾ ਸਾਰਿਆਂ ਨੂੰ ਮੰਨਣਾ ਪਵੇਗਾ।

ਸੂਬਾ ਇੰਚਾਰਜ ਭੂਪੇਸ਼ ਬਘੇਲ ਇਸ ਪੂਰੇ ਦੌਰੇ ਦੀ ਰਿਪੋਰਟ ਜਲਦ ਹੀ ਹਾਈਕਮਾਨ ਨੂੰ ਸੌਂਪਣਗੇ, ਜਿਸ ਤੋਂ ਬਾਅਦ ਦਿੱਲੀ ਵਿੱਚ ਮੁੜ ਅਹਿਮ ਬੈਠਕ ਹੋਣ ਦੀ ਸੰਭਾਵਨਾ ਹੈ।

## ਦਿਲਜੀਤ ਦੁਸਾਂਝ ਦੀ ਫ਼ਿਲਮ 'ਸਤਲੁਜ' 'ਤੇ ਰਿਵਿਊ ਕਮੇਟੀ ਗਠਿਤ

ਚੰਡੀਗੜ੍ਹ-ਪੰਜਾਬੀ ਅਦਾਕਾਰ ਦਿਲਜੀਤ ਦੁਸਾਂਝ ਦੀ ਲੰਬੇ ਸਮੇਂ ਤੋਂ ਉਡੀਕੀ ਜਾ ਰਹੀ ਫ਼ਿਲਮ 'ਸਤਲੁਜ' (ਪੁਰਾਣਾ ਨਾਮ 'ਪੰਜਾਬ 95') ਓ.ਟੀ.ਟੀ. ਪਲੇਟਫਾਰਮ 'ਤੇ ਰਿਲੀਜ਼ ਹੋਣ ਦੇ ਮਹਿਜ਼ ਦੋ ਦਿਨਾਂ ਬਾਅਦ ਹੀ ਫ਼ਿਲਮ ਨੂੰ ਹਟਾਏ ਜਾਣ ਤੋਂ ਬਾਅਦ ਹੁਣ ਕੇਂਦਰ ਸਰਕਾਰ ਨੇ ਇਸ ਮਾਮਲੇ 'ਤੇ ਇੱਕ ਉੱਚ-ਪੱਧਰੀ ਸਮੀਖਿਆ ਕਮੇਟੀ (ਰਿਵਿਊ ਕਮੇਟੀ) ਦਾ ਗਠਨ ਕਰ ਦਿੱਤਾ ਹੈ।

ਸਿੱਖ ਪੰਥ ਦੇ ਵਿਰੋਧ ਤੋਂ ਬਾਅਦ ਕੇਂਦਰ ਸਰਕਾਰ ਵੱਲੋਂ ਇਹ ਕਦਮ ਚੁੱਕਿਆ ਗਿਆ ਹੈ। ਹੁਣ ਨਵੀਂ ਬਣੀ ਕਮੇਟੀ ਫ਼ਿਲਮ ਦੇ ਵਿਸ਼ੇ, ਇਸ ਵਿੱਚ ਪੇਸ਼ ਕੀਤੇ ਗਏ ਤੱਥਾਂ ਅਤੇ ਘਟਨਾਕ੍ਰਮ ਦੀ ਬਾਰੀਕੀ ਨਾਲ ਸਮੀਖਿਆ ਕਰੇਗੀ। ਕਮੇਟੀ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਫ਼ਿਲਮ ਦੇ ਭਵਿੱਖ ਨੂੰ ਲੈ ਕੇ ਅਗਲਾ ਫ਼ੈਸਲਾ ਲਿਆ ਜਾਵੇਗਾ। ਕਰੀਬ ਤਿੰਨ ਸਾਲਾਂ ਤੱਕ ਸੈਂਸਰਸ਼ਿਪ ਦੇ ਵਿਵਾਦਾਂ ਵਿੱਚ ਫਸੀ ਰਹਿਣ ਤੋਂ ਬਾਅਦ ਰਿਲੀਜ਼ ਹੋਈ ਫ਼ਿਲਮ 'ਸਤਲੁਜ' ਭਾਵੇਂ ਓ.ਟੀ.ਟੀ. ਤੋਂ ਹਟਾ ਦਿੱਤੀ ਗਈ ਹੈ, ਪਰ ਇਸ ਨੇ 90 ਦੇ ਦਹਾਕੇ ਦੇ ਪੰਜਾਬ ਦੇ ਦਰਦਨਾਕ ਇਤਿਹਾਸ ਅਤੇ ਜਸਵੰਤ ਸਿੰਘ ਖਾਲੜਾ ਦੇ ਸੰਘਰਸ਼ ਨੂੰ ਇੱਕ ਵਾਰ ਫਿਰ ਰਾਸ਼ਟਰੀ ਬਹਿਸ ਦੇ ਕੇਂਦਰ ਵਿੱਚ ਲਿਆ ਖੜ੍ਹਾ ਕੀਤਾ ਹੈ।

## ਮਾਮਲਾ ਕੋਟਕਪੂਰਾ ਗੋਲ਼ੀਕਾਂਡ ਦਾ

# ਸੁਖਬੀਰ ਸਿੰਘ ਬਾਦਲ ਨੂੰ ਅਦਾਲਤ ਤੋਂ ਰਾਹਤ, ਮਿਲੀ ਵਿਦੇਸ਼ ਜਾਣ ਦੀ ਇਜਾਜ਼ਤ

ਚੰਡੀਗੜ੍ਹ-ਕੋਟਕਪੂਰਾ ਗੋਲ਼ੀਕਾਂਡ ਮਾਮਲੇ ਵਿੱਚ ਨਾਮਜ਼ਦ ਪੰਜਾਬ ਦੇ ਸਾਬਕਾ ਡਿਪਟੀ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਾਦਲ ਨੂੰ ਚੰਡੀਗੜ੍ਹ ਜ਼ਿਲ੍ਹਾ ਅਦਾਲਤ ਵੱਲੋਂ ਵੱਡੀ ਰਾਹਤ ਮਿਲੀ ਹੈ। ਅਦਾਲਤ ਨੇ ਸੁਖਬੀਰ ਬਾਦਲ ਦੀ ਵਿਦੇਸ਼ ਯਾਤਰਾ ਦੀ ਅਰਜ਼ੀ ਨੂੰ ਪ੍ਰਵਾਨ ਕਰਦਿਆਂ ਉਨ੍ਹਾਂ ਨੂੰ 7 ਜੁਲਾਈ ਤੋਂ 11 ਜੁਲਾਈ ਤੱਕ ਵਿਦੇਸ਼ ਜਾਣ ਦੀ ਇਜਾਜ਼ਤ ਦੇ ਦਿੱਤੀ ਹੈ। ਹਾਲਾਂਕਿ, ਅਦਾਲਤ ਨੇ ਉਨ੍ਹਾਂ ਨੂੰ ਨਿਰਧਾਰਿਤ ਤਰੀਕ ਤੋਂ ਪਹਿਲਾਂ ਦੇਸ਼ ਪਰਤਣ ਦੇ ਸਖ਼ਤ ਨਿਰਦੇਸ਼ ਵੀ ਜਾਰੀ ਕੀਤੇ ਹਨ। ਇਸ ਮਾਮਲੇ ਦੀ ਅਗਲੀ ਸੁਣਵਾਈ ਹੁਣ 18 ਜੁਲਾਈ ਨੂੰ ਹੋਵੇਗੀ, ਜਿਸ ਵਿੱਚ ਸੁਖਬੀਰ ਬਾਦਲ ਨੂੰ ਨਿੱਜੀ ਤੌਰ 'ਤੇ ਪੇਸ਼ ਹੋਣਾ ਪਵੇਗਾ।



### ਸੁਰੱਖਿਆ ਕਾਰਨਾਂ ਕਰਕੇ ਗੁਪਤ ਰੱਖਿਆ ਦੇਸ਼ ਦਾ ਨਾਂ

ਸੁਣਵਾਈ ਦੌਰਾਨ ਸੁਖਬੀਰ ਬਾਦਲ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਦੇ ਮੁਵੱਕਿਲ ਨੂੰ 'ਜ਼ੈੱਡ' (ਜ਼) ਸ਼੍ਰੇਣੀ ਦੀ ਸੁਰੱਖਿਆ ਪ੍ਰਾਪਤ ਹੈ ਅਤੇ ਉਨ੍ਹਾਂ ਦੀ ਜਾਨ ਨੂੰ ਗੰਭੀਰ ਖ਼ਤਰਾ ਹੈ। ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਵਕੀਲ ਨੇ ਜਨਤਕ ਤੌਰ 'ਤੇ ਉਸ ਦੇਸ਼ ਦੇ ਨਾਂ ਦਾ ਖੁਲਾਸਾ ਨਹੀਂ ਕੀਤਾ ਜਿੱਥੇ ਬਾਦਲ ਨੇ ਜਾਣਾ ਹੈ।

### ਪੰਜਾਬ ਸਰਕਾਰ ਵੱਲੋਂ ਤਿੱਖਾ ਵਿਰੋਧ



ਦੂਜੇ ਪਾਸੇ, ਪੰਜਾਬ ਸਰਕਾਰ ਦੀ ਨੁਮਾਇੰਦਗੀ ਕਰ ਰਹੇ ਸਰਕਾਰੀ ਵਕੀਲ ਨੇ ਇਸ ਅਰਜ਼ੀ ਦਾ ਜ਼ੋਰਦਾਰ ਵਿਰੋਧ ਕੀਤਾ। ਸਰਕਾਰੀ ਪੱਖ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਸੁਖਬੀਰ ਬਾਦਲ ਇਸ ਪੂਰੇ ਮਾਮਲੇ ਦੇ 'ਮਾਸਟਰਮਾਈਂਡ' ਹਨ। ਉਨ੍ਹਾਂ ਨੇ ਦੋਸ਼ ਲਗਾਇਆ:

ਸਾਬਕਾ ਡਿਪਟੀ ਸੀਐੱਮ ਨੇ ਸ਼ਾਂਤਮਈ ਪ੍ਰਦਰਸ਼ਨਾਂ ਨੂੰ ਦਬਾਉਣ ਲਈ ਗੈਰ-ਕਾਨੂੰਨੀ ਹੱਥਕੰਡੇ ਅਪਣਾਏ ਸਨ।

ਆਪਣੇ ਸਿਆਸੀ ਪ੍ਰਭਾਵ ਦੀ ਵਰਤੋਂ ਕਰਕੇ ਉਨ੍ਹਾਂ ਨੇ ਪਿਛਲੇ ਸੱਤ ਸਾਲਾਂ ਤੱਕ ਇਸ ਮਾਮਲੇ ਦੀ ਜਾਂਚ ਨੂੰ ਲਟਕਾਈ ਰੱਖਿਆ।

ਵਿਦੇਸ਼ ਜਾਣ ਦਾ ਕੋਈ ਠੋਸ ਕਾਰਨ ਸਪਸ਼ਟ ਨਹੀਂ ਕੀਤਾ ਗਿਆ, ਜਿਸ ਕਾਰਨ ਖ਼ਦਸ਼ਾ ਹੈ ਕਿ ਉਹ ਮੁਕੱਦਮੇ ਦੀ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ।

ਸਰਕਾਰੀ ਵਕੀਲ ਨੇ ਇਸ ਆਧਾਰ 'ਤੇ ਯਾਤਰਾ ਦੀ ਅਰਜ਼ੀ ਖਾਰਜ ਕਰਨ ਦੀ ਮੰਗ ਕੀਤੀ ਸੀ, ਪਰ ਅਦਾਲਤ ਨੇ ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਸੁਖਬੀਰ ਬਾਦਲ ਦੇ ਪੱਖ ਵਿੱਚ ਫੈਸਲਾ ਸੁਣਾਇਆ।

## ਕੀ ਹੈ ਕੋਟਕਪੂਰਾ ਗੋਲ਼ੀਕਾਂਡ ਮਾਮਲਾ ?

ਇਹ ਮਾਮਲਾ ਸਾਲ 2015 ਵਿੱਚ ਹੋਈ ਬਰਗਾੜੀ ਬੇਅਦਬੀ ਦੀ ਘਟਨਾ ਨਾਲ ਜੁੜਿਆ ਹੋਇਆ ਹੈ। 14 ਅਕਤੂਬਰ 2015 ਨੂੰ ਫਰੀਦਕੋਟ ਜ਼ਿਲ੍ਹੇ ਦੇ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਖੇ ਸੰਗਤਾਂ ਬੇਅਦਬੀ ਦੇ ਇਨਸਾਫ਼ ਲਈ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੀਆਂ ਸਨ। ਇਸ ਦੌਰਾਨ ਪੁਲਿਸ ਵੱਲੋਂ ਚਲਾਈ ਗਈ ਗੋਲ਼ੀ ਕਾਰਨ ਬਹਿਬਲ ਕਲਾਂ ਵਿੱਚ ਦੋ ਸਿੱਖ ਨੌਜਵਾਨਾਂ-ਪਿੰਡ ਸਰਾਵਾਂ ਦੇ ਗੁਰਜੀਤ ਸਿੰਘ ਅਤੇ ਪਿੰਡ ਨਿਆਮੀਵਾਲਾ ਦੇ ਕ੍ਰਿਸ਼ਨ ਭਗਵਾਨ ਸਿੰਘ-ਦੀ ਮੌਤ ਹੋ ਗਈ ਸੀ। ਇਸ ਦੇ ਨਾਲ ਹੀ ਕੋਟਕਪੂਰਾ ਚੌਕ ਵਿੱਚ ਹੋਈ ਗੋਲ਼ੀਬਾਰੀ ਦੌਰਾਨ ਕਈ ਲੋਕ ਗੰਭੀਰ ਜ਼ਖ਼ਮੀ ਹੋ ਗਏ ਸਨ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਤੋਂ ਬਾਅਦ, ਨਿਰਪੱਖਤਾ ਅਤੇ ਸੁਰੱਖਿਆ ਦੇ ਮੱਦੇਨਜ਼ਰ ਇਸ ਹਾਈ-ਪ੍ਰੋਫਾਈਲ ਮਾਮਲੇ ਦੀ ਸੁਣਵਾਈ ਨੂੰ ਫਰੀਦਕੋਟ ਤੋਂ ਚੰਡੀਗੜ੍ਹ ਜ਼ਿਲ੍ਹਾ ਅਦਾਲਤ ਵਿੱਚ ਤਬਦੀਲ ਕੀਤਾ ਗਿਆ ਹੈ। 18 ਜੁਲਾਈ ਨੂੰ ਹੋਣ ਵਾਲੀ ਅਗਲੀ ਪੇਸ਼ੀ 'ਤੇ ਹੁਣ ਸਭ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ।

# ਕ੍ਰਿਪਟੋਕਰੰਸੀ ਲਈ ਵਿਦੇਸ਼ੀ ਔਰਤਾਂ ਦਾ ਅਗਵਾ ਅਤੇ ਸਮੂਹਿਕ ਜਬਰ ਜਨਾਹ

## ✪ ਪਾਕਿਸਤਾਨ ਦੇ ਡਿਪਟੀ ਪ੍ਰਧਾਨ ਮੰਤਰੀ ਦੇ ਪੋਤੇ ਦੀ ਗ੍ਰਿਫ਼ਤਾਰੀ ਮਗਰੋਂ ਵੱਡੇ ਖ਼ੁਲਾਸੇ

ਲਾਹੌਰ-ਪਾਕਿਸਤਾਨ ਵਿੱਚ ਦੋ ਵਿਦੇਸ਼ੀ ਔਰਤਾਂ ਦੇ ਅਗਵਾ ਅਤੇ ਸਮੂਹਿਕ ਜਬਰ ਜਨਾਹ ਦੇ ਸਬੰਧ ਵਿੱਚ ਇੱਕ ਬੇਹੱਦ ਹੈਰਾਨੀਜਨਕ ਅਤੇ ਭਿਆਨਕ ਖੁਲਾਸਾ ਹੋਇਆ ਹੈ। ਜਾਂਚਕਰਤਾਵਾਂ ਮੁਤਾਬਕ ਇਸ ਘਿਨਾਉਣੇ ਕੰਮ ਦੇ ਪਿੱਛੇ ਦਾ ਮੁੱਖ ਉਦੇਸ਼ ਕੋਈ ਆਮ ਫਿਰੌਤੀ ਨਹੀਂ, ਸਗੋਂ ਲੱਖਾਂ ਡਾਲਰ ਦੇ ਕ੍ਰਿਪਟੋਕਰੰਸੀ ਵਿਵਾਦ ਨਾਲ ਜੁੜਿਆ ਇੱਕ ਵੱਡਾ ਸਬੰਧ ਸੀ। ਪੁਲਿਸ ਨੇ ਦੱਸਿਆ ਹੈ ਕਿ ਇਸ ਮਾਮਲੇ ਵਿੱਚ ਮੁੱਖ ਦੋਸ਼ੀ ਕੋਈ ਹੋਰ ਨਹੀਂ ਬਲਕਿ ਪਾਕਿਸਤਾਨ ਦੇ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਇਸਹਾਕ ਡਾਰ ਦਾ ਪੋਤਾ ਰਜ਼ਾ ਡਾਰ ਹੈ। ਪੀੜਤ ਔਰਤਾਂ, ਜੋ ਕਿ ਨੀਦਰਲੈਂਡ ਅਤੇ ਵੈਨੇਜ਼ੁਏਲਾ ਦੀਆਂ ਰਹਿਣ ਵਾਲੀਆਂ ਹਨ, ਨੇ ਅਦਾਲਤ ਵਿੱਚ ਦਰਜ ਕਰਵਾਏ ਆਪਣੇ ਬਿਆਨਾਂ ਵਿੱਚ ਦੋਸ਼ ਲਗਾਇਆ ਹੈ ਕਿ ਉਨ੍ਹਾਂ ਨੂੰ ਬੰਧਕ ਬਣਾ ਕੇ ਰੱਖਿਆ ਗਿਆ, ਉਨ੍ਹਾਂ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ ਅਤੇ ਬੰਦੂਕ ਦੀ ਨੋਕ 'ਤੇ ਉਨ੍ਹਾਂ ਦੇ ਕ੍ਰਿਪਟੋਕਰੰਸੀ ਹੋਲਡਿੰਗਜ਼ ਦੇ ਪਾਸਵਰਡ ਅਤੇ ਫੰਡ ਸੌਂਪਣ ਲਈ ਮਜਬੂਰ ਕੀਤਾ ਗਿਆ।

ਪੀੜਤ ਔਰਤਾਂ ਵਿੱਚੋਂ ਇੱਕ, ਐਸਟ੍ਰਿਡ ਗੈਬਰੀਅਲਾ ਰੌਬਿਨਸਨ ਬ੍ਰਾਚੋ ਨੇ ਜੱਜ ਸਾਹਮਣੇ ਬਿਆਨ ਦਿੰਦਿਆਂ ਦੱਸਿਆ ਕਿ ਪਾਕਿਸਤਾਨ ਪਹੁੰਚਣ ਤੋਂ ਥੋੜ੍ਹੀ ਦੇਰ ਬਾਅਦ ਹੀ ਹਥਿਆਰਬੰਦ ਵਿਅਕਤੀਆਂ ਨੇ ਲਾਹੌਰ ਦੇ ਉਸ ਨਿਵਾਸ 'ਤੇ ਹਮਲਾ ਕਰ ਦਿੱਤਾ ਜਿੱਥੇ ਉਹ ਆਪਣੀ ਦੋਸਤ ਸਟੈਫਨੀ ਐਡਰੀਆਨਾ ਨਾਲ ਰਹਿ ਰਹੀ ਸੀ। ਹਮਲਾਵਰਾਂ ਨੇ ਫਿਰੌਤੀ ਦੀ ਬਜਾਏ ਲਗਾਤਾਰ ਕ੍ਰਿਪਟੋਕਰੰਸੀ ਦੀ ਮੰਗ ਕੀਤੀ ਅਤੇ ਇਸਹਾਕ ਡਾਰ ਦੇ ਪੋਤੇ ਰਜ਼ਾ ਡਾਰ ਨੇ ਵਾਰ-ਵਾਰ ਪੈਸੇ ਤੇ ਪਾਸਵਰਡ ਮੰਗੇ। ਐਸਟ੍ਰਿਡ ਨੇ ਦੋਸ਼ ਲਗਾਇਆ ਕਿ ਇੱਕ ਹਮਲਾਵਰ ਨੇ ਉਸਦੇ ਸਿਰ 'ਤੇ ਵਾਰ ਕੀਤਾ ਅਤੇ ਦੂਜੇ ਨੇ ਧਮਕੀ ਦਿੱਤੀ ਕਿ ਜੇਕਰ ਪੈਸੇ ਨਾ ਸੌਂਪੇ ਤਾਂ ਉਨ੍ਹਾਂ ਦੋਵਾਂ ਨੂੰ ਜਾਨੋਂ ਮਾਰ ਦਿੱਤਾ ਜਾਵੇਗਾ।



ਕੈਦ ਦੇ ਦੌਰਾਨ ਹੋਏ ਜਿਨਸੀ ਹਮਲੇ ਬਾਰੇ ਦੱਸਦਿਆਂ ਐਸਟ੍ਰਿਡ ਨੇ ਮੈਜਿਸਟਰੇਟ ਨੂੰ ਨਮ ਅੱਖਾਂ ਨਾਲ ਦੱਸਿਆ ਕਿ ਉਸਨੂੰ ਉੱਪਰਲੇ ਬੈੱਡਰੂਮ ਵਿੱਚ ਲਿਜਾਇਆ ਗਿਆ, ਜਿੱਥੇ ਦੋ ਆਦਮੀਆਂ ਨੇ ਉਸਦਾ ਜਿਨਸੀ ਸ਼ੋਸ਼ਣ ਕੀਤਾ, ਜਦਕਿ ਤੀਜਾ ਵਿਅਕਤੀ ਰਾਈਫਲ ਲੈ ਕੇ ਪਹਿਰਾ ਦੇ ਰਿਹਾ ਸੀ। ਜਦੋਂ ਉਹ ਰੋ ਰਹੀ ਸੀ ਤਾਂ ਮੁਲਜ਼ਮ ਹੱਸ ਰਹੇ ਸਨ ਅਤੇ ਉਨ੍ਹਾਂ ਵਿੱਚੋਂ ਇੱਕ ਨੇ ਉਸਨੂੰ ਚੁੱਪ ਰਹਿਣ ਲਈ ਥੱਪੜ ਵੀ ਮਾਰਿਆ। ਰਜ਼ਾ ਡਾਰ ਨੇ ਪੈਸੇ ਹਾਸਲ ਕਰਨ ਲਈ ਪੀੜਤ ਔਰਤ ਦੇ ਮੋਬਾਈਲ ਫੋਨ ਤੋਂ ਉਸਦੇ ਜਾਣਕਾਰਾਂ ਨਾਲ ਸੰਪਰਕ ਕੀਤਾ ਅਤੇ ਆਖ਼ਰਕਾਰ ਸਟੈਫਨੀ ਦੀ ਮਾਂ ਨੇ ਇੱਕ ਲੱਖ ਡਾਲਰ ਦਾ ਪ੍ਰਬੰਧ ਕੀਤਾ। ਪੈਸੇ ਮਿਲਣ ਤੋਂ ਬਾਅਦ ਡਾਰ ਨੇ ਉਨ੍ਹਾਂ ਦੇ ਪਾਸਪੋਰਟ ਵਾਪਸ ਕਰ ਦਿੱਤੇ ਅਤੇ ਉਨ੍ਹਾਂ ਨੂੰ ਹਵਾਈ ਅੱਡੇ 'ਤੇ ਛੱਡ ਦਿੱਤਾ। ਮੈਜਿਸਟਰੇਟ ਸਾਹਮਣੇ ਬਿਆਨ ਦਰਜ ਕਰਵਾਉਣ ਤੋਂ ਬਾਅਦ ਦੋਵੇਂ ਪੀੜਤਾਂ ਪਾਕਿਸਤਾਨ ਛੱਡ ਚੁੱਕੀਆਂ ਹਨ, ਜਿਸ ਨਾਲ ਕੇਸ ਦੀ ਅਗਲੀ ਕਾਰਵਾਈ ਗੁੰਝਲਦਾਰ ਹੋ ਸਕਦੀ ਹੈ। ਇਸ ਪੂਰੀ ਕਹਾਣੀ ਦੀ ਸ਼ੁਰੂਆਤ ਅਕਤੂਬਰ 2025 ਵਿੱਚ ਸਿੰਗਾਪੁਰ ਵਿੱਚ ਹੋਈ ਸੀ, ਜਿੱਥੇ ਇੱਕ ਕ੍ਰਿਪਟੋਕਰੰਸੀ ਪ੍ਰੋਜੈਕਟ 'ਤੇ ਕੰਮ ਕਰਨ ਦੌਰਾਨ ਇਹ ਔਰਤਾਂ ਪਹਿਲੀ ਵਾਰ ਰਜ਼ਾ ਡਾਰ ਨੂੰ ਮਿਲੀਆਂ ਸਨ। ਪੁਲਿਸ ਮੁਤਾਬਕ ਡਾਰ ਨੇ ਹੀ ਬਾਅਦ ਵਿੱਚ ਉਨ੍ਹਾਂ ਨੂੰ ਵਪਾਰਕ ਵੀਜ਼ੇ 'ਤੇ ਪਾਕਿਸਤਾਨ ਬੁਲਾਇਆ ਸੀ, ਜਿੱਥੇ 29 ਜੂਨ ਨੂੰ ਲਾਹੌਰ ਪਹੁੰਚਣ ਤੋਂ ਤੁਰੰਤ ਬਾਅਦ ਉਨ੍ਹਾਂ ਨੂੰ ਅਗਵਾ ਕਰ ਲਿਆ ਗਿਆ।

ਫਿਲਹਾਲ ਲਾਹੌਰ ਦੀ ਇੱਕ ਅਦਾਲਤ ਨੇ ਇਸ ਮਾਮਲੇ ਵਿੱਚ ਨਾਮਜ਼ਦ ਚਾਰ ਸ਼ੱਕੀਆਂ-ਰਜ਼ਾ ਡਾਰ, ਹਸਨ ਰਜ਼ਾ, ਸਿਕੰਦਰ ਖਾਨ ਅਤੇ ਸਾਜਿਦ ਅਲੀ ਨੂੰ ਪੰਜ ਦਿਨਾਂ ਦੀ ਪੁਲਿਸ ਹਿਰਾਸਤ ਵਿੱਚ ਭੇਜ ਦਿੱਤਾ ਹੈ। ਪੁਲਿਸ ਅਜੇ ਤੱਕ ਵਾਰਦਾਤ ਵਿੱਚ ਵਰਤੇ ਗਏ ਹਥਿਆਰ ਅਤੇ ਕ੍ਰਿਪਟੋਕਰੰਸੀ ਫੰਡ ਬਰਾਮਦ ਨਹੀਂ ਕਰ ਸਕੀ ਹੈ ਅਤੇ ਮੁਲਜ਼ਮਾਂ ਨੂੰ 8 ਜੁਲਾਈ ਨੂੰ ਦੁਬਾਰਾ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਰਾਮ ਮੰਦਿਰ ਚੜ੍ਹਾਵਾ ਮਾਮਲਾ

# ਟਰੱਸਟ ਦੇ ਮਹਾਮੰਤਰੀ ਚੰਪਤ ਰਾਏ ਤੇ ਅਨਿਲ ਦੇ ਅਸਤੀਫ਼ੇ, 8 ਮੁਲਜ਼ਮ ਗ੍ਰਿਫ਼ਤਾਰ

✪ ਸੁਪਰੀਮ ਕੋਰਟ ਦਾ ਤੁਰੰਤ ਸੁਣਵਾਈ ਤੋਂ ਇਨਕਾਰ ✪ ਅਯੁੱਧਿਆ ਬਾਰ ਐਸੋਸੀਏਸ਼ਨ ਦਾ ਫ਼ੈਸਲਾ: 'ਮੁਲਜ਼ਮਾਂ ਦੀ ਪੈਰਵੀ ਕਰਨ ਵਾਲੇ ਵਕੀਲ ਨੂੰ 5 ਲੱਖ ਜੁਰਮਾਨਾ, ਮੈਂਬਰਸ਼ਿਪ ਹੋਵੇਗੀ ਰੱਦ' ✪ ਸਿਟ ਦੀ ਛਾਪੇਮਾਰੀ: ਮੁਲਜ਼ਮਾਂ ਦੇ ਟਿਕਾਣਿਆਂ ਤੋਂ ਲੱਖਾਂ ਦੀ ਨਕਦੀ ਅਤੇ ਜਾਇਦਾਦ ਦੇ ਦਸਤਾਵੇਜ਼ ਜ਼ਬਤ ✪ ਕਾਂਗਰਸ ਨੇ ਚੁੱਕੇ ਸਵਾਲ: ਰਾਮ ਮੰਦਿਰ ਟਰੱਸਟ ਭੰਗ ਕਰਨ ਅਤੇ ਸਿਟ ਦੀ ਜਾਂਚ ਰਿਪੋਰਟ ਜਨਤਕ ਕਰਨ ਦੀ ਕੀਤੀ ਮੰਗ





**ਕਵਰ ਸਟੋਰੀ**

ਅਯੁੱਧਿਆ ਦੇ ਰਾਮ ਮੰਦਿਰ ਵਿੱਚ ਸ਼ਰਧਾਲੂਆਂ ਵੱਲੋਂ ਚੜ੍ਹਾਏ ਗਏ ਚੜ੍ਹਾਵੇ ਅਤੇ ਦਾਨ ਦੀ ਰਕਮ ਵਿੱਚ ਕਥਿਤ ਹੇਰਾਫੇਰੀ ਅਤੇ ਚੋਰੀ ਦਾ ਮਾਮਲਾ ਕੇਵਲ ਇੱਕ ਵਿੱਤੀ ਘੁਟਾਲਾ ਨਹੀਂ ਹੈ, ਬਲਕਿ ਇਹ ਕਰੋੜਾਂ ਸਨਾਤਨੀ ਹਿੰਦੂਆਂ ਦੀ ਆਸਥਾ, ਪ੍ਰਸ਼ਾਸਨਿਕ ਪਾਰਦਰਸ਼ਤਾ ਅਤੇ ਸਾਡੀ ਸਮਾਜਿਕ ਨੈਤਿਕਤਾ ਉੱਤੇ ਇੱਕ ਗੰਭੀਰ ਚੋਟ ਹੈ। ਜੂਨ 2026 ਦੇ ਮਹੀਨੇ ਦੌਰਾਨ ਇਸ ਘਟਨਾਕ੍ਰਮ ਨੇ ਜਿਸ ਤਰ੍ਹਾਂ ਸਿਆਸੀ, ਕਾਨੂੰਨੀ ਅਤੇ ਸਮਾਜਿਕ ਰੂਪ ਵਿੱਚ ਤੂਲ ਫੜਿਆ, ਉਸ ਨੇ ਦੇਸ਼ ਦੇ ਧਾਰਮਿਕ ਪ੍ਰਬੰਧਾਂ ਅਤੇ ਨੈਤਿਕ ਦਾਅਵਿਆਂ ਦੇ ਖੋਖਲੇਪਣ ਨੂੰ ਜਨਤਕ ਕਰ ਦਿੱਤਾ ਹੈ।

ਜੂਨ ਮਹੀਨੇ ਦਾ ਘਟਨਾਕ੍ਰਮ: ਸ਼ੁਰੂਆਤ ਤੋਂ ਅੰਤ ਤੱਕ-ਜੂਨ 2026 ਦੀ ਸ਼ੁਰੂਆਤ ਵਿੱਚ ਰਾਮ ਮੰਦਿਰ ਦੇ ਦਾਨ ਪਾਤਰਾਂ ਵਿੱਚੋਂ ਨਕਦੀ ਅਤੇ ਕੀਮਤੀ ਸਾਮਾਨ ਗਾਇਬ ਹੋਣ ਦੀਆਂ ਰਿਪੋਰਟਾਂ ਸਾਹਮਣੇ ਆਉਣੀਆਂ ਸ਼ੁਰੂ ਹੋਈਆਂ ਸਨ।

7 ਜੂਨ ਦੌਰਾਨ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਸੋਸ਼ਲ ਮੀਡੀਆ ਐਕਸ 'ਤੇ ਪੋਸਟ ਪਾ ਕੇ ਦਾਅਵਾ ਕੀਤਾ ਸੀ ਕਿ ਮੰਦਿਰ ਦੇ ਚੜ੍ਹਾਵੇ ਵਿੱਚੋਂ ਕਰੋੜਾਂ ਰੁਪਏ ਗਾਇਬ ਹਨ। ਉਨ੍ਹਾਂ ਨੇ ਇਸ ਨੂੰ ਸਨਾਤਨੀ ਸਮਾਜ ਦੀ ਆਸਥਾ ਨਾਲ ਖਿਲਵਾੜ ਦੱਸਦਿਆਂ ਅਦਾਲਤ ਤੋਂ ਸੁਤੰਤਰ ਨੋਟਿਸ ਲੈਣ ਦੀ ਮੰਗ ਕੀਤੀ।

8-11 ਜੂਨ ਦੌਰਾਨ ਸ਼੍ਰੀ ਰਾਮ ਜਨਮਭੂਮੀ ਤੀਰਥ ਖੇਤਰ ਟਰੱਸਟ ਦੇ ਮਹਾਮੰਤਰੀ ਚੰਪਤ ਰਾਏ ਨੇ ਵੀਡੀਓ ਜਾਰੀ ਕਰਕੇ ਗੜਬੜੀ ਦੇ ਦੋਸ਼ਾਂ ਨੂੰ ਨਕਾਰਿਆ। ਪਰ ਦੂਜੇ ਪਾਸੇ, ਭਾਜਪਾ ਦੇ ਸੀਨੀਅਰ ਆਗੂ ਰਜਨੀਸ਼ ਸਿੰਘ ਨੇ ਪ੍ਰਧਾਨ ਮੰਤਰੀ ਦਫ਼ਤਰ ਨੂੰ ਚਿੱਠੀ ਲਿਖ ਕੇ ਕੇਂਦਰੀ ਏਜੰਸੀਆਂ ਤੋਂ ਜਾਂਚ ਮੰਗਵਾਈ ਤੇ ਪ੍ਰਧਾਨ ਮੰਤਰੀ ਦਫ਼ਤਰ ਨੇ ਟਰੱਸਟ ਤੋਂ ਰਿਪੋਰਟ ਤਲਬ ਕੀਤੀ।

13-15 ਜੂਨ ਦੌਰਾਨ ਵਿਵਾਦ ਵਧਦਾ ਦੇਖ ਕੇ ਉੱਤਰ ਪ੍ਰਦੇਸ਼ ਸਰਕਾਰ ਨੇ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ, ਜਿਸ ਵਿੱਚ ਆਈਏਐਸ ਵਿਜੈ ਵਿਸ਼ਵਾਸ ਪੰਤ, ਆਈਪੀਐਸ ਕਿਰਣ ਐਸ ਅਤੇ ਵਿੱਤ ਵਿਭਾਗ ਦੇ ਵਿਸ਼ੇਸ਼ ਸਕੱਤਰ ਨੀਲ ਰਤਨ ਸ਼ਾਮਲ ਸਨ। 15 ਜੂਨ ਤੋਂ ਸਿਟ ਨੇ ਰਸਮੀ ਪੁੱਛਗਿੱਛ ਸ਼ੁਰੂ ਕਰ ਦਿੱਤੀ।

19 ਜੂਨ ਦੌਰਾਨ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਪਹਿਲੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਇਸ ਮਾਮਲੇ ਵਿੱਚ 'ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ' ਕੀਤਾ ਜਾਵੇਗਾ ਅਤੇ ਵਿਰੋਧੀ ਧਿਰ 'ਤੇ ਅਯੁੱਧਿਆ ਨੂੰ ਬਦਨਾਮ ਕਰਨ ਦਾ ਦੋਸ਼ ਲਗਾਇਆ।

23-25 ਜੂਨ ਦੌਰਾਨ ਸਿਟ ਨੇ ਆਪਣੀ ਸ਼ੁਰੂਆਤੀ ਰਿਪੋਰਟ ਵਧੀਕ ਮੁੱਖ ਸਕੱਤਰ (ਗ੍ਰਿਹ) ਸੰਜੇ ਪ੍ਰਸਾਦ ਨੂੰ ਸੌਂਪੀ, ਜਿਸ ਵਿੱਚ ਸੀਸੀਟੀਵੀ ਨਿਗਰਾਨੀ, ਕਰਮਚਾਰੀਆਂ ਦੇ ਵੈਰੀਫਿਕੇਸ਼ਨ ਅਤੇ ਟ੍ਰਾਂਸਪੋਰਟੇਸ਼ਨ ਵਿੱਚ ਗੰਭੀਰ ਖਾਮੀਆਂ ਪਾਈਆਂ ਗਈਆਂ। 25 ਜੂਨ ਨੂੰ 8 ਮੁਲਜ਼ਮਾਂ ਵਿਰੁੱਧ ਬੀਐਨਐਸ ਦੀਆਂ ਧਾਰਾਵਾਂ (ਕਰਮਚਾਰੀ ਵੱਲੋਂ ਚੋਰੀ, ਅਪਰਾਧਿਕ ਵਿਸ਼ਵਾਸਘਾਤ ਅਤੇ ਸਾਜ਼ਿਸ਼) ਤਹਿਤ ਐਫ ਆਈ ਆਰ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

27 ਜੂਨ ਦੌਰਾਨ ਚੌਤਰਫ਼ਾ ਘਿਰਨ ਤੋਂ ਬਾਅਦ ਟਰੱਸਟ ਦੇ ਮਹਾਮੰਤਰੀ ਚੰਪਤ ਰਾਏ ਅਤੇ ਮੈਂਬਰ ਅਨਿਲ ਮਿਸ਼ਰਾ ਨੇ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ।

29-30 ਜੂਨ ਦੌਰਾਨ ਭ੍ਰਿਸ਼ਟਾਚਾਰ ਵਿਰੋਧੀ ਅਦਾਲਤ ਦੇ ਵਿਸ਼ੇਸ਼ ਜੱਜ ਰਜਤ ਵਰਮਾ ਨੇ ਅੱਠੇ ਮੁਲਜ਼ਮਾਂ ਟਿੰਨੂ ਯਾਦਵ (ਚੰਪਤ ਰਾਏ ਦਾ ਸਾਬਕਾ ਡਰਾਈਵਰ/ਸਹਿਯੋਗੀ), ਅਨੁਕਲਪ ਮਿਸ਼ਰਾ, ਲਵਕੁਸ਼ ਮਿਸ਼ਰਾ, ਅਵਿਨਾਸ਼ ਸ਼ੁਕਲਾ, ਮਨੀਸ਼ ਯਾਦਵ, ਸੁਭਾਸ਼ ਸ਼੍ਰੀਵਾਸਤਵ (ਸੇਵਾਮੁਕਤ ਬੈਂਕ ਕਰਮਚਾਰੀ), ਕਰੁਣੇਸ਼ ਪਾਂਡੇ ਅਤੇ ਰਾਮਸ਼ੰਕਰ ਮਿਸ਼ਰਾ ਦੀ ਨਿਆਂਇਕ ਹਿਰਾਸਤ 14 ਦਿਨਾਂ ਲਈ ਵਧਾ ਦਿੱਤੀ ਸੀ। ਪੁਲਿਸ ਇਸ ਗੈਂਗ ਵਿੱਚ ਸ਼ਾਮਲ ਹੋਰ 'ਅਣਪਛਾਤੇ' ਲੋਕਾਂ ਦੀ ਭਾਲ ਕਰ ਰਹੀ ਹੈ। ਕਾਂਗਰਸ ਨੇ ਇਸ ਮਾਮਲੇ 'ਤੇ ਪ੍ਰਧਾਨ ਮੰਤਰੀ ਦੀ ਚੁੱਪੀ ਤੋੜਨ, ਟਰੱਸਟ ਭੰਗ ਕਰਨ ਅਤੇ ਸੁਪਰੀਮ ਕੋਰਟ ਦੇ ਮੌਜੂਦਾ ਜੱਜ ਤੋਂ ਜਾਂਚ ਕਰਵਾਉਣ ਸਮੇਤ 6 ਮੰਗਾਂ ਰੱਖੀਆਂ।

1 ਜੁਲਾਈ ਦੌਰਾਨ ਸੂਬਾ ਸਰਕਾਰ ਨੇ ਬਾਰੀਕੀ ਨਾਲ ਜਾਂਚ ਕਰਨ ਲਈ ਸਿਟ ਨੂੰ 15 ਦਿਨਾਂ ਦਾ ਹੋਰ ਸਮਾਂ ਦੇ ਦਿੱਤਾ।

## ਕੀ ਅਦਾਲਤਾਂ ਇਸ ਮਾਮਲੇ ਬਾਰੇ ਸੁਹਿਰਦ ਹਨ ?



ਅਦਾਲਤਾਂ ਦੀ ਸੁਹਿਰਦਤਾ ਕਾਨੂੰਨੀ ਪ੍ਰਕਿਰਿਆ ਅਤੇ ਨਿਰਪੱਖਤਾ ਦੇ ਮਾਪਦੰਡਾਂ 'ਤੇ ਆਧਾਰਿਤ ਹੁੰਦੀ ਹੈ। ਇੱਕ ਪਾਸੇ, ਭ੍ਰਿਸ਼ਟਾਚਾਰ ਵਿਰੋਧੀ ਵਿਸ਼ੇਸ਼ ਅਦਾਲਤ ਨੇ ਮੁਲਜ਼ਮਾਂ ਨੂੰ ਤੁਰੰਤ ਜੇਲ੍ਹ ਭੇਜ ਕੇ ਅਤੇ ਉਨ੍ਹਾਂ ਦੀ ਨਿਆਂਇਕ ਹਿਰਾਸਤ ਵਧਾ ਕੇ ਸਖ਼ਤ ਰੁਖ਼ ਦਿਖਾਇਆ ਹੈ। ਦੂਜੇ ਪਾਸੇ, ਜਦੋਂ ਸੁਪਰੀਮ ਕੋਰਟ ਵਿੱਚ ਸੀਬੀਆਈ ਜਾਂਚ ਦੀ ਮੰਗ ਵਾਲੀ ਜਨਹਿਤ ਪਟੀਸ਼ਨ ਲਿਆਂਦੀ ਗਈ, ਤਾਂ ਜਸਟਿਸ ਐੱਮ.ਐੱਮ. ਸੁੰਦਰੇਸ਼ ਅਤੇ ਸ਼ੀਲ ਨਾਗੂ ਦੇ ਬੈਂਚ ਨੇ ਤੁਰੰਤ ਸੁਣਵਾਈ ਤੋਂ ਇਨਕਾਰ ਕਰ ਦਿੱਤਾ।

ਅਦਾਲਤ ਨੇ ਟਿੱਪਣੀ ਕੀਤੀ ਕਿ ਜੇਕਰ ਗਰਮੀ ਦੀਆਂ ਛੁੱਟੀਆਂ ਤੋਂ ਬਾਅਦ ਨਿਯਮਤ ਕੰਮਕਾਜ ਸ਼ੁਰੂ ਹੋਣ 'ਤੇ (12-17 ਜੁਲਾਈ ਦੇ ਹਫ਼ਤੇ) ਸੁਣਵਾਈ ਹੋਵੇਗੀ, ਤਾਂ 'ਅਸਮਾਨ ਨਹੀਂ ਟੁੱਟ ਜਾਵੇਗਾ'। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਸੁਪਰੀਮ ਕੋਰਟ ਮੌਜੂਦਾ ਸਥਾਨਕ ਪੁਲਿਸ/ਸਿਟ ਜਾਂਚ ਨੂੰ ਆਪਣੀ ਪ੍ਰਕਿਰਿਆ ਪੂਰੀ ਕਰਨ ਦਾ ਮੌਕਾ ਦੇਣਾ ਚਾਹੁੰਦੀ ਹੈ ਅਤੇ ਬਿਨਾਂ ਵਜ੍ਹਾ ਜਲਦਬਾਜ਼ੀ ਜਾਂ ਨਿਆਂਇਕ ਦਖ਼ਲਅੰਦਾਜ਼ੀ ਤੋਂ ਗੁਰੇਜ਼ ਕਰ ਰਹੀ ਹੈ, ਜਿਸ ਨੂੰ ਕਾਨੂੰਨੀ ਸੁਹਿਰਦਤਾ ਦਾ ਹਿੱਸਾ ਮੰਨਿਆ ਜਾ ਸਕਦਾ ਹੈ।

## 'ਦਾਨ ਦੇ ਪੈਸੇ ਚੋਰੀ ਕਰਨ ਲਈ ਗਰੋਹ ਬਣਾਇਆ ਗਿਆ' - ਬਾਰ ਐਸੋਸੀਏਸ਼ਨ ਦੀ ਸ਼ਿਕਾਇਤ

ਅਯੁੱਧਿਆ (ਫ਼ੈਜ਼ਾਬਾਦ) ਬਾਰ ਐਸੋਸੀਏਸ਼ਨ ਨੇ ਟਰੱਸਟੀਆਂ ਵਿਰੁੱਧ ਰਾਮ ਜਨਮਭੂਮੀ ਥਾਣੇ ਵਿੱਚ ਸਖ਼ਤ ਸ਼ਿਕਾਇਤ ਦਰਜ ਕਰਵਾਈ ਹੈ। ਉਨ੍ਹਾਂ ਦੇ ਵਿਰੋਧ ਦੇ ਮੁੱਖ ਕਾਰਨ ਹੇਠ ਲਿਖੇ ਹਨ:

ਸੰਗਠਿਤ ਗਰੋਹ ਦਾ ਦੋਸ਼: ਬਾਰ ਐਸੋਸੀਏਸ਼ਨ ਦਾ ਕਹਿਣਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਛੋਟੇ ਕਰਮਚਾਰੀ (ਡਰਾਈਵਰ, ਸਫ਼ਾਈ ਸੇਵਕ) ਮਹਿਜ਼ ਮੋਹਰੇ ਹਨ। ਅਸਲ ਵਿੱਚ ਚੰਪਤ ਰਾਏ, ਅਨਿਲ ਮਿਸ਼ਰਾ ਅਤੇ ਪ੍ਰਸ਼ਾਸਕ ਗੋਪਾਲ ਰਾਓ ਵਰਗੇ ਵੱਡੇ ਅਹੁਦੇਦਾਰਾਂ ਨੇ ਇੱਕ ਯੋਜਨਾਬੱਧ ਸਾਜ਼ਿਸ਼ ਤਹਿਤ ਦਾਨ ਦੀ ਰਕਮ ਚੋਰੀ ਕਰਨ ਲਈ ਇੱਕ 'ਸੰਗਠਿਤ ਗਰੋਹ' ਬਣਾਇਆ ਹੋਇਆ ਸੀ।

ਸਬੂਤ ਮਿਟਾਉਣ ਦੀ ਕੋਸ਼ਿਸ਼: ਸ਼ਿਕਾਇਤ ਵਿੱਚ ਦੋਸ਼ ਲਾਇਆ ਗਿਆ ਹੈ ਕਿ ਜਦੋਂ ਮਾਮਲਾ ਜਨਤਕ ਹੋਇਆ, ਤਾਂ ਇਨ੍ਹਾਂ ਅਧਿਕਾਰੀਆਂ ਨੇ ਆਪਣਾ ਬਚਾਅ ਕਰਨ ਲਈ ਅਤੇ ਟਰੱਸਟ ਦੇ ਆਡਿਟ ਦਾ ਹਵਾਲਾ ਦੇ ਕੇ ਸਬੂਤਾਂ ਨੂੰ ਮਿਟਾਉਣ ਅਤੇ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ। ਬਾਰ ਐਸੋਸੀਏਸ਼ਨ ਦੇ ਵਕੀਲਾਂ ਨੇ ਰਾਮ ਜਨਮਭੂਮੀ ਅੰਦੋਲਨ ਵਿੱਚ ਸਰਗਰਮ ਭੂਮਿਕਾ ਨਿਭਾਈ ਸੀ, ਜੇਲ੍ਹਾਂ ਕੱਟੀਆਂ ਸਨ ਅਤੇ ਆਪਣੀ ਨੇਕ ਕਮਾਈ ਦਾ ਹਿੱਸਾ ਦਾਨ ਕੀਤਾ ਸੀ। ਇਸ ਚੋਰੀ ਕਾਰਨ ਉਹ ਖ਼ੁਦ ਨੂੰ "ਠਗਿਆ ਹੋਇਆ ਅਤੇ ਪੀੜਤ" ਮਹਿਸੂਸ ਕਰ ਰਹੇ ਹਨ। ਇਸੇ ਕਰਕੇ ਐਸੋਸੀਏਸ਼ਨ ਨੇ ਮਤਾ ਪਾਸ ਕੀਤਾ ਹੈ ਕਿ ਕੋਈ ਵੀ ਵਕੀਲ ਮੁਲਜ਼ਮਾਂ ਦੀ ਪੈਰਵੀ ਨਹੀਂ ਕਰੇਗਾ; ਅਜਿਹਾ ਕਰਨ ਵਾਲੇ 'ਤੇ 5 ਲੱਖ ਰੁਪਏ ਜੁਰਮਾਨਾ ਅਤੇ ਮੈਂਬਰਸ਼ਿਪ ਖ਼ਾਰਜ ਕਰਨ ਦੀ ਸਜ਼ਾ ਹੋਵੇਗੀ।

# ਫ਼ਿਲਮ 'ਸਤਲੁਜ' ਉੱਤੇ ਪਾਬੰਦੀ ਭਾਰਤ ਦੇ ਅਖੌਤੀ ਲੋਕਤੰਤਰ ਦਾ ਅਸਲੀ ਚਿਹਰਾ ਨੰਗਾ ਕਰਦੀ ਹੈ - ਵਰਲਡ ਸਿੱਖ ਪਾਰਲੀਮੈਂਟ

ਫਰੈਕਫੋਰਟ :- ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਭਾਈ ਹਿੰਮਤ ਸਿੰਘ (ਅਮਰੀਕਾ), ਕੋ-ਕੋਆਰਡੀਨੇਟਰ ਭਾਈ ਗੁਰਚਰਨ ਸਿੰਘ ਗੁਰਾਇਆ, ਭਾਈ ਜਤਿੰਦਰ ਸਿੰਘ (ਜਰਮਨੀ), ਮੁੱਖ ਬੁਲਾਰੇ ਭਾਈ ਜੋਗਾ ਸਿੰਘ, ਜਨਰਲ ਸਕੱਤਰ ਭਾਈ ਮਨਪ੍ਰੀਤ ਸਿੰਘ (ਇੰਗਲੈਂਡ), ਭਾਈ ਮਨਬੀਰ ਸਿੰਘ ਸੰਧੂ, ਭਾਈ ਭਗਤ ਸਿੰਘ (ਕੈਨੇਡਾ), ਭਾਈ ਪ੍ਰਿਤਪਾਲ ਸਿੰਘ (ਸਵਿਟਜ਼ਰਲੈਂਡ), ਭਾਈ ਹਰਜੋਤ ਸਿੰਘ ਸੰਧੂ (ਹਾਲੈਂਡ), ਭਾਈ ਸਤਨਾਮ ਸਿੰਘ ਅਤੇ ਭਾਈ ਸ਼ਿੰਗਾਰਾ ਸਿੰਘ ਮਾਨ (ਫਰਾਂਸ) ਨੇ ਇੱਕ ਸਾਂਝੇ ਬਿਆਨ ਰਾਹੀਂ ਭਾਰਤੀ ਸਰਕਾਰ ਵੱਲੋਂ ਸਿੱਖਾਂ ਉੱਤੇ ਢਾਹੇ ਗਏ ਜ਼ੁਲਮਾਂ ਦੀ ਸੱਚਾਈ ਬਿਆਨ ਕਰਦੀ ਫ਼ਿਲਮ 'ਸਤਲੁਜ' (ਪਹਿਲਾਂ 'ਪੰਜਾਬ 95') ਨੂੰ ਰੋਕਣਾ ਭਾਰਤ ਦੇ ਅਖੌਤੀ ਲੋਕਤੰਤਰ ਦਾ ਅਸਲੀ ਚਿਹਰਾ ਨੰਗਾ ਕਰਦਾ ਹੈ। ਮਹਾਨ ਮਨੁੱਖੀ ਅਧਿਕਾਰ ਕਾਰਕੁਨ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਬਣੀ ਇਸ ਫ਼ਿਲਮ ਉੱਤੇ ਸੈਂਸਰਸ਼ਿਪ ਲਾਉਣਾ ਸਾਬਤ ਕਰਦਾ ਹੈ ਕਿ ਹਕੂਮਤ ਅੱਜ ਵੀ ਸਿੱਖ ਇਤਿਹਾਸ ਦੇ ਦੁਖਦਾਈ ਸੱਚ ਨੂੰ ਦੁਨੀਆ ਸਾਹਮਣੇ ਆਉਣ ਤੋਂ ਡਰਦੀ ਹੈ।



ਵਰਲਡ ਸਿੱਖ ਪਾਰਲੀਮੈਂਟ ਸਰਕਾਰ ਦੀ ਇਸ ਧੱਕੇਸ਼ਾਹੀ ਅਤੇ ਸਿੱਖਾਂ ਦੀ ਆਵਾਜ਼ ਦਬਾਉਣ ਦੀਆਂ ਕੋਸ਼ਿਸ਼ਾਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ। ਇਸ ਫਿਲਮ ਵਿੱਚ ਤਾਂ ਸਿੱਖਾਂ ਉੱਤੇ ਹੋਏ ਜ਼ੁਲਮ ਦਾ ਇੱਕ ਛੋਟਾ ਜਿਹਾ ਅੰਸ਼ ਹੀ ਬਿਆਨ ਕਰਦੀ ਹੈ ਤੇ ਸਰਕਾਰ ਤੋਂ ਉਸ ਸਚਾਈ ਨੂੰ ਹੀ ਜਰ ਨਹੀਂ ਹੋਇਆ ਤੇ ਜੇ ਪੂਰਾ ਸੱਚ ਸਾਹਮਣੇ ਆ ਜਾਵੇ ਤਾਂ ਉਹ ਸਰਕਾਰ ਕਿਸ ਤਰ੍ਹਾਂ ਜਰੇਗੀ।

ਇਹ ਮਸਲਾ ਸਿਰਫ਼ ਇੱਕ ਫ਼ਿਲਮ ਤੱਕ ਸੀਮਤ ਨਹੀਂ ਹੈ, ਸਗੋਂ ਇਹ ਸਰਕਾਰ ਦੀ ਉਸ ਕੋਝੀ ਚਾਲ ਦਾ ਹਿੱਸਾ ਹੈ ਜਿਸ ਰਾਹੀਂ ਹਰ ਉਸ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ ਜੋ ਸੱਚ ਬੋਲਦੀ ਹੈ ਅਤੇ ਸਿੱਖਾਂ ਦੇ ਹੱਕਾਂ ਦੀ ਗੱਲ ਕਰਦੀ ਹੈ । ਹੱਕ ਸੱਚ ਤੇ ਇਨਸਾਫ ਦੀ ਗੱਲ ਕਰਨ ਵੱਲੇ ਪੱਤਰਕਾਰਾਂ, ਲੇਖਕਾਂ, ਵਿਦਵਾਨਾਂ ਅਤੇ ਇਨਸਾਫ਼ ਮੰਗਣ ਵਾਲੇ ਕਾਰਕੁਨਾਂ ਨੂੰ ਭਾਰਤ ਵਿੱਚ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਭਾਰਤ ਦੀ ਹਿੰਦੂਤਵੀ ਸਰਕਾਰ ਬਿਲਕੁਲ ਨਹੀਂ ਚਾਹੁੰਦੀ ਕਿ ਝੂਠੇ ਪੁਲਿਸ ਮੁਕਾਬਲਿਆਂ, ਜਬਰੀ ਲਾਪਤਾ ਕੀਤੇ ਗਏ ਨੌਜਵਾਨਾਂ ਅਤੇ ਸਿੱਖਾਂ ਨਾਲ ਹੋਏ ਸਰਕਾਰੀ ਅੱਤਿਆਚਾਰਾਂ ਦੀ ਗੱਲ ਕਦੇ ਵੀ ਕਿਸੇ ਜਨਤਕ ਮੰਚ 'ਤੇ ਹੋਵੇ ਕਿਉਂਕਿ ਇਸ ਨਾਲ ਉਸ ਦਾ ਸਿੱਖ ਵਿਰੋਧੀ ਕਰੂਰ ਚਿਹਰਾ ਨੰਗਾ ਹੁੰਦਾ ਹੈ ।

ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਹਰ ਇਨਸਾਨ ਦਾ ਮੁੱਢਲਾ ਹੱਕ ਹੈ, ਪਰ ਹੱਕ ਸੱਚ ਦੀਆਂ ਆਵਾਜ਼ਾਂ ਦਬਾ ਕੇ ਭਾਰਤ ਸਰਕਾਰ ਡਰ ਅਤੇ ਧਮਕੀਆਂ ਦਾ ਮਾਹੌਲ ਸਿਰਜ ਰਹੀ ਹੈ। ਭਾਰਤ ਦੀ ਹਿੰਦੂਤਵੀ ਹਕੂਮਤ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਆਵਾਜ਼ਾਂ ਨੂੰ ਦਬਾਉਣ ਨਾਲ ਕਦੇ ਵੀ ਇਤਿਹਾਸ ਨਹੀਂ ਮਿਟਦਾ, ਸਗੋਂ ਬੇਇਨਸਾਫ਼ੀ ਦਾ ਅਹਿਸਾਸ ਹੋਰ ਡੂੰਘਾ ਹੁੰਦਾ ਹੈ। ਜੇਕਰ ਸਿੱਖਾਂ ਦੀ ਅਵਾਜ਼ ਨੂੰ ਇਸੇ ਤਰ੍ਹਾਂ ਹੀ ਦਬਾਇਆ ਜਾਂਦਾ ਰਿਹਾ ਤਾਂ ਤਾਂ ਸਿੱਖ ਹੋਰ ਡੱਟ ਕੇ ਆਪਣੇ ਹੱਕਾਂ ਦੀ ਗੱਲ ਕਰਨਗੇ ।

ਆਪਣੇ ਆਪ ਨੂੰ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਕਹਾਉਣ ਵਾਲੀ ਭਾਰਤ ਸਰਕਾਰ ਅਸਲ ਵਿੱਚ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਾਨੂੰਨਾਂ ਦੀ ਸ਼ਰੇਆਮ ਉਲੰਘਣਾ ਕਰ ਰਹੀ ਹੈ। ਇੱਕ ਅਸਲੀ ਲੋਕਤੰਤਰ ਉਹ ਹੁੰਦਾ ਹੈ ਜੋ ਸਰਕਾਰ ਨੂੰ ਸਵਾਲ ਕਰਨ ਵਾਲੀਆਂ ਆਵਾਜ਼ਾਂ ਦੀ ਰਾਖੀ ਕਰੇ, ਨਾ ਕਿ ਉਹਨਾਂ ਦਾ ਗਲਾ ਘੁੱਟੇ।

ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਕਹਾਣੀ ਸਿਰਫ਼ ਇੱਕ ਵਿਅਕਤੀ ਦੀ ਕਹਾਣੀ ਨਹੀਂ, ਬਲਕਿ ਹਜ਼ਾਰਾਂ ਲਾਵਾਰਸ ਲਾਸ਼ਾਂ ਦੇ ਸੱਚ ਦੀ ਆਵਾਜ਼ ਹੈ, ਜਿਸਨੂੰ ਇਹ ਸਰਕਾਰ ਹਰ ਹੀਲੇ ਛੁਪਾਉਣਾ ਚਾਹੁੰਦੀ ਹੈ।

ਵਰਲਡ ਸਿੱਖ ਪਾਰਲੀਮੈਂਟ ਕੌਮਾਂਤਰੀ ਭਾਈਚਾਰੇ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਨੂੰ ਅਪੀਲ ਕਰਦੀ ਹੈ ਕਿ ਉਹ ਭਾਰਤ ਵਿੱਚ ਸਿੱਖਾਂ ਅਤੇ ਹੋਰ ਘੱਟ-ਗਿਣਤੀਆਂ ਦੀ ਦਬਾਈ ਜਾ ਰਹੀ ਆਵਾਜ਼ ਦਾ ਸਖ਼ਤ ਨੋਟਿਸ ਲੈਣ। ਅਸੀਂ ਸਿੱਖ ਕੌਮ ਦੇ ਮਨੁੱਖੀ ਅਧਿਕਾਰਾਂ, ਨਿਆਂ ਅਤੇ ਆਜ਼ਾਦੀ ਲਈ ਆਪਣਾ ਸੰਘਰਸ਼ ਦ੍ਰਿੜਤਾ ਨਾਲ ਜਾਰੀ ਰੱਖਾਂਗੇ। ਸਰਕਾਰਾਂ ਭਾਵੇਂ ਕਿੰਨਾ ਵੀ ਜ਼ੋਰ ਲਾ ਲੈਣ, ਪੀੜਤਾਂ ਦੀ ਆਵਾਜ਼ ਜ਼ਰੂਰ ਸੁਣੀ ਜਾਵੇਗੀ ਅਤੇ ਇਤਿਹਾਸ ਦਾ ਸੱਚ ਕਦੇ ਵੀ ਦਬਾਇਆ ਨਹੀਂ ਜਾ ਸਕੇਗਾ।

# ਉੱਤਰਾਖੰਡ 'ਚ ਮੌਨਸੂਨ ਦੀ ਦਸਤਕ: ਸ੍ਰੀ ਹੇਮਕੁੰਟ ਸਾਹਿਬ ਅਤੇ ਚਾਰ ਧਾਮ ਯਾਤਰਾ 'ਤੇ ਸ਼ਰਧਾਲੂਆਂ ਦੀ ਗਿਣਤੀ 30 ਫੀਸਦੀ ਘਟੀ


**ਦੇਹਰਾਦੂਨ: ਉੱਤਰਾਖੰਡ ਵਿੱਚ ਸਰਗਰਮ ਹੋਏ ਦੱਖਣ-ਪੱਛਮੀ ਮੌਨਸੂਨ ਕਾਰਨ ਸਿੱਖਾਂ ਦੇ ਪਵਿੱਤਰ ਅਸਥਾਨ ਸ੍ਰੀ ਹੇਮਕੁੰਟ ਸਾਹਿਬ ਅਤੇ ਚਾਰ ਧਾਮ ਯਾਤਰਾ 'ਤੇ ਇਸ ਦਾ ਸਿੱਧਾ ਅਸਰ ਦੇਖਣ ਨੂੰ ਮਿਲ ਰਿਹਾ ਹੈ. ਮੌਨਸੂਨ ਦੀ ਲਗਾਤਾਰ ਹੋ ਰਹੀ ਬਾਰਿਸ਼ ਕਾਰਨ ਪਿਛਲੇ ਪੰਜ ਦਿਨਾਂ ਦੌਰਾਨ ਇਨ੍ਹਾਂ ਧਾਰਮਿਕ ਸਥਾਨਾਂ 'ਤੇ ਪਹੁੰਚਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਵਿੱਚ 30 ਫੀਸਦੀ ਦੀ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ, ਜਿਸ ਵਿੱਚ ਸਭ ਤੋਂ ਵੱਧ ਪ੍ਰਭਾਵ ਕੇਦਾਰਨਾਥ ਯਾਤਰਾ 'ਤੇ ਪਿਆ ਹੈ. ਸੂਬੇ ਵਿੱਚ ਪਹਿਲੀ ਜੁਲਾਈ ਤੋਂ ਮੌਨਸੂਨ ਦੇ ਪੂਰੀ ਤਰ੍ਹਾਂ ਸਰਗਰਮ ਹੋਣ ਤੋਂ ਬਾਅਦ ਲਗਾਤਾਰ ਹੋ ਰਹੇ ਮੀਂਹ ਕਾਰਨ ਯਾਤਰੀਆਂ ਦੀ ਆਮਦ ਦਿਨ-ਬ-ਦਿਨ ਘਟ ਰਹੀ ਹੈ. ਸਰਕਾਰੀ ਅੰਕੜਿਆਂ ਅਨੁਸਾਰ, 1 ਜੁਲਾਈ ਨੂੰ ਸ੍ਰੀ ਹੇਮਕੁੰਟ ਸਾਹਿਬ ਅਤੇ ਚਾਰ ਧਾਮਾਂ ਵਿੱਚ ਨਤਮਸਤਕ ਹੋਣ ਵਾਲੇ ਸ਼ਰਧਾਲੂਆਂ ਦੀ ਕੁੱਲ ਗਿਣਤੀ 27,232 ਸੀ, ਜੋ ਕਿ 5 ਜੁਲਾਈ ਤੱਕ ਘਟ ਕੇ ਮਹਿਜ਼ 19,202 ਰਹਿ ਗਈ ਹੈ।**

# ਕਾਮਨਵੈਲਥ ਖੇਡਾਂ ਦੀ ਕਿੰਗਜ ਬੈਟਨ ਰਿਲੇਅ ਗਲਾਸਗੋ ਪਹੁੰਚੀ

ਗਲਾਸਗੋ, (ਹਰਜੀਤ ਦੁਸਾਂਝ ਪੁਆਦੜਾ) - ਕਾਮਨਵੈਲਥ ਖੇਡਾਂ 2026 ਦੇ ਸ਼ੁਰੂ ਹੋਣ ਤੋਂ ਪਹਿਲਾਂ ਕਿੰਗਜ਼ ਬੈਟਨ ਰੀਲੇਅ ਨੇ ਸਕਾਟਲੈਂਡ ਵਿੱਚ ਆਪਣੇ ਆਖਰੀ ਪੜਾਅ ਦੀ ਸ਼ੁਰੂਆਤ ਕਰ ਦਿੱਤੀ ਹੈ। ਸਕਾਟਲੈਂਡ ਵਿੱਚ ਕਿੰਗਜ਼ ਬੈਟਨ ਰੀਲੇਅ ਦੀ ਸ਼ੁਰੂਆਤ ਮੁੱਖ ਤੌਰ ਤੇ ਸਕਾਟਲੈਂਡ ਦੇ ਸਭ ਤੋਂ ਸਫਲ ਤੈਰਾਕ ਡੰਕਨ ਸਕੌਟ ਨੇ ਕੀਤੀ। ਉਹ ਕਿੰਗਜ਼ ਬੈਟਨ ਨੂੰ ਕਲਾਈਡ ਦਰਿਆ ਵਿੱਚ ਦੀ ਕਿਸ਼ਤੀ ਰਾਹੀਂ ਲੈ ਕੇ ਪਹੁੰਚਿਆ, ਜਿੱਥੇ ਉਸਦਾ ਸਵਾਗਤ ਸਕਾਟਲੈਂਡ ਦੇ ਪਹਿਲੇ ਮੰਤਰੀ ਜੌਹਨ ਸਵਿੰਨੀ ਅਤੇ ਗਲਾਸਗੋ ਦੀ ਲਾਰਡ ਪ੍ਰੋਵੋਸਟ ਜੈਕਲੀਨ ਮੈਕਲੌਰੇਨ ਨੇ ਕੀਤਾ। ਜੌਹਨ ਸਵਿੰਨੀ ਨੇ ਇਸ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਖੇਡਾਂ ਸਕਾਟਲੈਂਡ ਦੀ ਵਿਸ਼ਵ ਪੱਧਰੀ ਪਛਾਣ ਨੂੰ ਹੋਰ ਮਜ਼ਬੂਤ ਕਰਨ ਦੇ ਨਾਲ-ਨਾਲ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦਾ ਵੱਡਾ ਮੌਕਾ ਹਨ। ਗਲਾਸਗੋ ਨੂੰ 2026 ਕਾਮਨਵੈਲਥ ਖੇਡਾਂ ਦੀ ਮੇਜ਼ਬਾਨੀ ਉਸ ਵੇਲੇ ਮਿਲੀ ਜਦੋਂ ਆਸਟ੍ਰੇਲੀਆ ਦੇ ਵਿਕਟੋਰੀਆ ਸੂਬੇ ਨੇ ਵੱਧ ਰਹੇ ਖਰਚਿਆਂ ਕਾਰਨ ਮੇਜ਼ਬਾਨੀ ਛੱਡ ਦਿੱਤੀ ਸੀ। ਖੇਡਾਂ ਦਾ ਬਜਟ ਘੱਟ ਹੋਣ ਕਰਕੇ ਇਸ ਵਾਰ ਖੇਡਾਂ ਦਾ ਆਯੋਜਨ ਸੰਖੇਪ ਰੂਪ ਵਿੱਚ ਕੀਤਾ ਗਿਆ ਹੈ ਅਤੇ ਇਸ ਵਾਰ 10 ਖੇਡਾਂ ਹੀ ਸ਼ਾਮਲ ਕੀਤੀਆਂ ਗਈਆਂ ਹਨ । ਕਾਮਨਵੈਲਥ ਖੇਡਾਂ ਗਲਾਸਗੋ ਵਿੱਚ 23 ਜੁਲਾਈ 2026 ਤੋਂ 2 ਅਗਸਤ 2026 ਤੱਕ ਕਰਵਾਈਆਂ ਜਾਣਗੀਆਂ। ਇਹ 11 ਦਿਨਾਂ ਦਾ ਖੇਡ ਮਹਾਕੁੰਭ ਹੋਵੇਗਾ, ਜਿਸ ਵਿੱਚ 74 ਦੇਸ਼ਾਂ ਅਤੇ ਖੇਤਰਾਂ ਦੇ 3000 ਤੋਂ ਵੱਧ ਖਿਡਾਰੀ ਹਿੱਸਾ ਲੈਣਗੇ।



**ਗਲਾਸਗੋ ਦੀ ਲਾਰਡ ਪ੍ਰੋਵੋਸਟ ਜੈਕਲੀਨ ਮੈਕਲੌਰੇਨ ਅਤੇ ਸਕਾਟਲੈਂਡ ਦੇ ਪਹਿਲੇ ਮੰਤਰੀ ਜੌਨ ਸਵਿਨੀ ਸਵਾਗਤ ਕਰਦੇ ਹੋਏ**

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਊਟਿੰਗ ਸੁਈਟ
ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ
ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

ਸਵ: ਸ੍ਰ. ਉਮਰਾਓ ਅਟਵਾਲ
KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਸਾਵਧਾਨ ! ਸੋਸ਼ਲ ਮੀਡੀਆ 'ਤੇ ਕਰੋੜਾਂ ਦੀ ਠੱਗੀ ਦਾ ਚੱਲ ਰਿਹਾ ਹੈ 'ਲਵ ਸਕੈਮ'

**○ ਵਿਦੇਸ਼ੀ ਡਾਕਟਰ ਤੇ ਐਨ ਆਰ ਆਈ ਬਣ ਕੇ ਭਾਰਤੀਆਂ ਨੂੰ ਪ੍ਰੇਮ ਜਾਲ ਵਿਚ ਫਸਾਉਣ ਵਾਲੇ ਗਿਰੋਹ ਦਾ ਪਰਦਾਫਾਸ਼ ○ ਮੈਟਰੀਮੋਨੀਅਲ ਸਾਈਟਸ ਬਣੀਆਂ ਸਕੈਮਰਾਂ ਦਾ ਅੱਡਾ: ਵਿਆਹ ਦਾ ਝਾਂਸਾ ਦੇ ਕੇ ਕਸਟਮ ਡਿਊਟੀ ਦੇ ਨਾਮ 'ਤੇ ਲੁੱਟੇ ਲੱਖਾਂ ਰੁਪਏ ○ ਮਿਆਂਮਾਰ ਦੇ ਸਕੈਮ ਸੈਂਟਰਾਂ ਤੋਂ ਭਾਰਤੀ ਨੌਜਵਾਨ ਰਿਹਾਅ, ਸੁਣਾਈ 'ਲਵ ਸਕੈਮ' ਦੀ ਖ਼ੌਫ਼ਨਾਕ ਕਹਾਣੀ ○ ਸਾਈਬਰ ਪੁਲਿਸ ਦੀ ਐਡਵਾਈਜ਼ਰੀ: ਏਅਰਪੋਰਟ 'ਤੇ ਪਾਰਸਲ ਫਸਣ ਦਾ ਫੋਨ ਆਵੇ ਤਾਂ ਹੋ ਜਾਓ ਸਾਵਧਾਨ**

ਕ੍ਰਾਈਮ ਰਿਪੋਰਟ

ਅਜੋਕੇ ਡਿਜੀਟਲ ਯੁੱਗ ਵਿੱਚ ਜਿੱਥੇ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਸੈਟੇਲਾਈਟ ਇੰਟਰਨੈੱਟ ਵਰਗੀ ਆਧੁਨਿਕ ਤਕਨੀਕ ਮਨੁੱਖੀ ਜੀਵਨ ਨੂੰ ਸੁਖਾਲਾ ਬਣਾ ਰਹੀ ਹੈ, ਉੱਥੇ ਹੀ ਅਪਰਾਧੀ ਇਸ ਦਾ ਇਸਤੇਮਾਲ ਦੁਨੀਆ ਭਰ ਵਿੱਚ ਠੱਗੀ ਦਾ ਜਾਲ ਵਿਛਾਉਣ ਲਈ ਕਰ ਰਹੇ ਹਨ। ਐਸੋਸੀਏਟਡ ਪ੍ਰੈਸ ਦੀ ਹਾਲੀਆ ਜਾਂਚ ਰਿਪੋਰਟ ਨੇ ਮਿਆਂਮਾਰ, ਕੰਬੋਡੀਆ ਅਤੇ ਨਾਈਜੀਰੀਆ ਵਰਗੇ ਦੇਸ਼ਾਂ ਵਿੱਚ ਚੱਲ ਰਹੇ ਅਜਿਹੇ 'ਸਕੈਮ ਸੈਂਟਰਾਂ' ਦਾ ਪਰਦਾਫਾਸ਼ ਕੀਤਾ ਹੈ, ਜੋ ਨਾ ਸਿਰਫ ਆਨਲਾਈਨ ਧੋਖਾਧੜੀ ਦਾ ਅੱਡਾ ਬਣ ਚੁੱਕੇ ਹਨ, ਸਗੋਂ ਮਨੁੱਖੀ ਤਸਕਰੀ ਅਤੇ ਗੁਲਾਮੀ ਦਾ ਇੱਕ ਭਿਆਨਕ ਰੂਪ ਵੀ ਪੇਸ਼ ਕਰਦੇ ਹਨ। ਇਸ ਪੂਰੇ ਨੈੱਟਵਰਕ ਦੀ ਸਭ ਤੋਂ ਖਤਰਨਾਕ ਸੱਚਾਈ ਇਹ ਹੈ ਕਿ ਇਸ ਵਿੱਚ ਭਾਰਤ ਸਮੇਤ ਕਈ ਦੇਸ਼ਾਂ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਵਿਦੇਸ਼ ਵਿੱਚ ਨੌਕਰੀ ਦਾ ਝਾਂਸਾ ਦੇ ਕੇ ਅਗਵਾ ਕੀਤਾ ਜਾਂਦਾ ਹੈ ਤੇ ਫਿਰ ਹਥਿਆਰਾਂ ਦੀ ਨੋਕ 'ਤੇ ਲੋਕਾਂ ਨੂੰ ਠਗਿਆ ਜਾਂਦਾ ਹੈ। ਕੇਰਲ ਦੇ ਸ਼ਫੀਰ ਮੁਹੰਮਦ ਦੀ ਕਹਾਣੀ ਇਸ ਦੀ ਇੱਕ ਪ੍ਰਤੱਖ ਅਤੇ ਦਰਦਨਾਕ ਮਿਸਾਲ ਹੈ, ਜਿਸ ਨੂੰ ਮਿਆਂਮਾਰ ਦੇ ਇੱਕ ਸਕੈਮ ਸੈਂਟਰ ਵਿੱਚ ਬੰਧਕ ਬਣਾ ਕੇ, ਕੁੱਟਮਾਰ ਦੇ ਦਮ 'ਤੇ 'ਐਲਾ' ਨਾਮ ਦੀ ਸਿੰਗਾਪੁਰੀ ਕੁੜੀ ਬਣ ਕੇ ਹਜ਼ਾਰਾਂ ਲੋਕਾਂ ਨੂੰ ਪਿਆਰ ਦੇ ਜਾਲ ਵਿੱਚ ਫਸਾਉਣ ਲਈ ਮਜ਼ਬੂਰ ਕੀਤਾ ਗਿਆ।

ਏਆਈ ਅਤੇ ਟੈਕਨਾਲੋਜੀ ਦੀ ਦੁਰਵਰਤੋਂ-ਇਹ ਸਕੈਮਰ ਹੁਣ ਪੁਰਾਣੇ ਤਰੀਕਿਆਂ ਨਾਲ ਨਹੀਂ, ਬਲਕਿ ਬੇਹੱਦ ਹਾਈਟੈੱਕ ਅੰਦਾਜ਼ ਵਿੱਚ ਕੰਮ ਕਰ ਰਹੇ ਹਨ। ਇਹ ਏਆਈ ਟੂਲਸ ਦੀ ਮਦਦ ਨਾਲ ਸਕੈਮਰ ਵੱਖ-ਵੱਖ ਭਾਸ਼ਾਵਾਂ ਬੋਲਣ ਵਾਲੇ ਪੀੜਤਾਂ ਨਾਲ ਉਨ੍ਹਾਂ ਦੀ ਹੀ ਭਾਸ਼ਾ ਵਿੱਚ ਗੱਲਬਾਤ ਕਰਦੇ ਹਨ ਅਤੇ ਉਨ੍ਹਾਂ ਦਾ ਮਨੋਵਿਗਿਆਨਕ ਪ੍ਰੋਫਾਈਲ ਤਿਆਰ ਕਰਦੇ ਹਨ। ਮਿਆਂਮਾਰ ਵਰਗੇ ਅਸ਼ਾਂਤ ਖੇਤਰਾਂ ਵਿੱਚ, ਜਿੱਥੇ ਫੌਜੀ ਸ਼ਾਸਨ ਅਤੇ ਪਾਬੰਦੀਆਂ ਹਨ, ਉੱਥੇ ਇਲੋਨ ਮਸਕ ਦੀ ਕੰਪਨੀ 'ਸਟਾਰਲਿੰਕ' ਦੇ ਇੰਟਰਨੈੱਟ ਰਾਹੀਂ ਇਹ ਨੈੱਟਵਰਕ ਨਿਰਵਿਘਨ ਚੱਲ ਰਿਹਾ ਹੈ।

ਅਮਰੀਕੀ ਟੈਕਨਾਲੋਜੀ ਕੰਪਨੀਆਂ ਦੀਆਂ ਸੇਵਾਵਾਂ: ਡਾਟਾ ਸਟੋਰੇਜ ਅਤੇ ਹੋਰ ਡਿਜੀਟਲ ਸੇਵਾਵਾਂ ਲਈ ਇਹ ਅਪਰਾਧੀ ਨਾਮੀ ਅਮਰੀਕੀ ਕੰਪਨੀਆਂ ਦੇ ਬੁਨਿਆਦੀ ਢਾਂਚੇ ਦਾ ਸਹਾਰਾ ਲੈ ਰਹੇ ਹਨ।

ਸਾਲ 2024 ਵਿੱਚ ਸਿਰਫ਼ ਅਮਰੀਕਾ ਨੂੰ ਹੀ ਅਜਿਹੇ ਲਵ-ਸਕੈਮਸ ਕਾਰਨ ਲਗਭਗ 200 ਅਰਬ ਡਾਲਰ ਦਾ ਨੁਕਸਾਨ ਹੋਇਆ। ਇਸ ਦੇ ਬਾਵਜੂਦ, ਅਮਰੀਕੀ ਟੈਕਨਾਲੋਜੀ ਕੰਪਨੀਆਂ ਠੋਸ ਕਾਰਵਾਈ ਕਰਨ ਤੋਂ ਕਤਰਾ ਰਹੀਆਂ ਹਨ।

ਮਨੁੱਖੀ ਤਸਕਰੀ ਦਾ ਇੱਕ ਵੱਡਾ ਸੰਕਟ-ਮਿਆਂਮਾਰ ਦੀ ਫੌਜੀ ਸਰਕਾਰ ਵੱਲੋਂ ਅਕਤੂਬਰ 2025 ਵਿੱਚ ਕੁਝ ਸੈਂਟਰਾਂ ਨੂੰ ਤਬਾਹ ਕੀਤਾ ਗਿਆ ਸੀ, ਪਰ ਜਨਵਰੀ 2026 ਤੱਕ ਉਸੇ ਇਲਾਕੇ ਦੇ ਨੇੜੇ 25 ਨਵੇਂ ਸਕੈਮ ਸੈਂਟਰ ਫਿਰ ਤੋਂ ਸਰਗਰਮ ਹੋ ਗਏ ਸਨ। ਇਹ ਮਾਮਲਾ ਹੁਣ ਸਿਰਫ਼ ਸਾਈਬਰ ਅਪਰਾਧ ਦਾ ਨਹੀਂ ਰਿਹਾ, ਸਗੋਂ ਇਹ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਅਤੇ ਮਨੁੱਖੀ ਤਸਕਰੀ ਦਾ ਇੱਕ ਵੱਡਾ ਸੰਕਟ ਬਣ ਚੁੱਕਾ ਹੈ। ਜਦੋਂ ਤੱਕ ਸੰਯੁਕਤ ਰਾਸ਼ਟਰ ਅਤੇ ਦੁਨੀਆ ਭਰ ਦੀਆਂ ਸਰਕਾਰਾਂ ਮਿਲ ਕੇ ਇਨ੍ਹਾਂ ਟੈਕਨਾਲੋਜੀ ਕੰਪਨੀਆਂ ਲਈ ਸਖ਼ਤ ਕਾਨੂੰਨੀ ਦਾਇਰਾ ਤਿਆਰ ਨਹੀਂ ਕਰਦੀਆਂ ਅਤੇ ਸਟਾਰਲਿੰਕ ਵਰਗੀਆਂ ਸੇਵਾਵਾਂ ਦੀ ਗੈਰ-ਕਾਨੂੰਨੀ ਵਰਤੋਂ 'ਤੇ ਰੋਕ ਨਹੀਂ ਲਗਾਈ ਜਾਂਦੀ, ਉਦੋਂ ਤੱਕ 'ਸੱਚੀ ਮੁਹੱਬਤ' ਦੇ ਨਾਮ 'ਤੇ ਹੋਣ ਵਾਲੀ ਇਹ ਲੁੱਟ ਅਤੇ ਮਾਸੂਮਾਂ ਦੀ ਗੁਲਾਮੀ ਦਾ ਸਿਲਸਿਲਾ ਇਵੇਂ ਹੀ ਚੱਲਦਾ ਰਹੇਗਾ।

## ਕੀ ਭਾਰਤ ਵਿਚ ਅਜਿਹਾ ਪ੍ਰੇਮ ਜਾਲ ਸੋਸਲ ਮੀਡੀਆ ਉਪਰ ਚਲ ਰਿਹਾ

ਜੀ ਹਾਂ, ਭਾਰਤ ਵਿੱਚ ਵੀ ਇਹ ਪ੍ਰੇਮ ਜਾਲ (ਜਿਸ ਨੂੰ 'ਲਵ ਸਕੈਮ' ਜਾਂ 'ਰੋਮਾਂਸ ਸਕੈਮ') ਕਿਹਾ ਜਾਂਦਾ ਹੈ, ਸੋਸ਼ਲ ਮੀਡੀਆ ਅਤੇ ਡੇਟਿੰਗ ਐਪਸ ਉੱਪਰ ਬਹੁਤ ਵੱਡੇ ਪੱਧਰ 'ਤੇ ਚੱਲ ਰਿਹਾ ਹੈ। ਭਾਰਤੀ ਸਾਈਬਰ ਅਪਰਾਧ ਵਿਭਾਗ ਅਤੇ ਪੁਲਿਸ ਵੱਲੋਂ ਅਜਿਹੇ ਹਜ਼ਾਰਾਂ ਮਾਮਲੇ ਲਗਾਤਾਰ ਦਰਜ ਕੀਤੇ ਜਾ ਰਹੇ ਹਨ, ਜਿੱਥੇ ਆਮ ਲੋਕਾਂ ਨੂੰ ਪਿਆਰ ਦੇ ਜਾਲ ਵਿੱਚ ਫਸਾ ਕੇ ਲੱਖਾਂ-ਕਰੋੜਾਂ ਰੁਪਏ ਠੱਗੇ ਜਾਂਦੇ ਹਨ।

ਸਕੈਮਰ ਅਕਸਰ ਫੇਸਬੁੱਕ, ਇੰਸਟਾਗ੍ਰਾਮ ਜਾਂ ਡੇਟਿੰਗ ਐਪਸ (ਜਿਵੇਂ ਕਿ ਟਿੰਡਰ, ਬੰਬਲ) 'ਤੇ ਕਿਸੇ ਅਮੀਰ ਵਿਦੇਸ਼ੀ ਡਾਕਟਰ, ਨੌਸੈਨਾ ਅਧਿਕਾਰੀ, ਐਨ.ਆਰ.ਆਈ. ਜਾਂ ਵੱਡੇ ਕਾਰੋਬਾਰੀ ਦੀ ਨਕਲੀ ਪ੍ਰੋਫਾਈਲ ਬਣਾਉਂਦੇ ਹਨ। ਉਹ ਬਹੁਤ ਹੀ ਸਭਿਅਕ ਅਤੇ ਆਕਰਸ਼ਕ ਤਰੀਕੇ ਨਾਲ ਗੱਲਬਾਤ ਸ਼ੁਰੂ ਕਰਦੇ ਹਨ। ਜਦੋਂ ਪੀੜਤ ਵਿਅਕਤੀ ਉਨ੍ਹਾਂ ਦੇ ਪਿਆਰ ਅਤੇ ਭਰੋਸੇ ਦੇ ਜਾਲ ਵਿੱਚ ਫਸ ਜਾਂਦਾ ਹੈ, ਤਾਂ ਸਕੈਮਰ ਕਹਿੰਦਾ ਹੈ ਕਿ ਉਸਨੇ ਭਾਰਤ ਵਿੱਚ ਉਸਦੇ ਲਈ ਇੱਕ ਬਹੁਤ ਮਹਿੰਗਾ ਤੋਹਫ਼ਾ (ਜਿਵੇਂ ਆਈਫੋਨ, ਗਹਿਣੇ ਜਾਂ ਵਿਦੇਸ਼ੀ ਕਰੰਸੀ) ਭੇਜਿਆ ਹੈ। ਇਸ ਤੋਂ ਬਾਅਦ ਪੀੜਤ ਨੂੰ ਇੱਕ ਫਰਜ਼ੀ 'ਕਸਟਮ ਅਧਿਕਾਰੀ' ਦਾ ਫੋਨ ਆਉਂਦਾ ਹੈ, ਜੋ ਕਹਿੰਦਾ ਹੈ ਕਿ ਤੁਹਾਡਾ ਪਾਰਸਲ ਦਿੱਲੀ ਜਾਂ ਮੁੰਬਈ ਹਵਾਈ ਅੱਡੇ 'ਤੇ ਫੜਿਆ ਗਿਆ ਹੈ। ਪਾਰਸਲ ਛੁਡਾਉਣ ਦੇ ਨਾਮ 'ਤੇ ਕਸਟਮ ਡਿਊਟੀ, ਮਨੀ ਲਾਂਡਰਿੰਗ ਪੈਨਲਟੀ ਜਾਂ ਹੋਰ ਟੈਕਸਾਂ ਦੇ ਬਹਾਨੇ ਲੱਖਾਂ ਰੁਪਏ ਵੱਖ-ਵੱਖ ਬੈਂਕ ਖਾਤਿਆਂ ਵਿੱਚ ਟ੍ਰਾਂਸਫਰ ਕਰਵਾ ਲਏ ਜਾਂਦੇ ਹਨ। ਭਾਰਤ ਵਿੱਚ ਕਈ ਨਾਮੀ ਮੈਟਰੀਮੋਨੀਅਲ ਵੈੱਬਸਾਈਟਾਂ 'ਤੇ ਵੀ ਇਹ ਸਕੈਮਰ ਸਰਗਰਮ ਹਨ। ਇਹ ਇਕੱਲੇ ਜਾਂ ਤਲਾਕਸ਼ੁਦਾ ਲੋਕਾਂ ਨੂੰ ਨਿਸ਼ਾਨਾ ਬਣਾਉਂਦੇ ਹਨ। ਵਿਆਹ ਦਾ ਪੱਕਾ ਵਾਅਦਾ ਕਰਕੇ, ਇਹ ਅਚਾਨਕ ਕਿਸੇ ਕਾਰੋਬਾਰੀ ਘਾਟੇ, ਮੈਡੀਕਲ ਐਮਰਜੈਂਸੀ ਜਾਂ ਭਾਰਤ ਆਉਂਦੇ ਸਮੇਂ ਏਅਰਪੋਰਟ 'ਤੇ ਫਸਣ ਦਾ ਬਹਾਨਾ ਬਣਾ ਕੇ ਪੈਸੇ ਮੰਗਦੇ ਹਨ।

ਅੱਜਕੱਲ੍ਹ ਭਾਰਤ ਵਿੱਚ ਸੋਸ਼ਲ ਮੀਡੀਆ 'ਤੇ ਪਿਆਰ ਦਾ ਨਾਟਕ ਕਰਨ ਤੋਂ ਬਾਅਦ, ਸਕੈਮਰ ਪੀੜਤ ਨੂੰ ਬਹੁਤ ਜ਼ਿਆਦਾ ਮੁਨਾਫ਼ਾ ਕਮਾਉਣ ਵਾਲੀ ਕਿਸੇ ਫਰਜ਼ੀ ਕ੍ਰਿਪਟੋਕਰੰਸੀ ਜਾਂ ਟ੍ਰੇਡਿੰਗ ਐਪ ਵਿੱਚ ਪੈਸੇ ਨਿਵੇਸ਼ ਕਰਨ ਲਈ ਪ੍ਰੇਰਿਤ ਕਰਦੇ ਹਨ। ਸ਼ੁਰੂਆਤ ਵਿੱਚ ਕੁਝ ਮੁਨਾਫ਼ਾ ਦਿਖਾਇਆ ਜਾਂਦਾ ਹੈ, ਪਰ ਜਦੋਂ ਪੀੜਤ ਵੱਡੀ ਰਕਮ ਲਗਾ ਦਿੰਦਾ ਹੈ, ਤਾਂ ਐਪ ਬੰਦ ਹੋ ਜਾਂਦੀ ਹੈ ਅਤੇ ਸਕੈਮਰ ਗਾਇਬ ਹੋ ਜਾਂਦਾ ਹੈ। ਭਾਰਤ ਵਿੱਚ ਅਜਿਹੀ ਕਿਸੇ ਵੀ ਠੱਗੀ ਦੀ ਸ਼ਿਕਾਇਤ ਤੁਰੰਤ ਨੈਸ਼ਨਲ ਸਾਈਬਰ ਕਰਾਈਮ ਪੋਰਟਲ (cybercrime.gov.in) ਜਾਂ ਹੈਲਪਲਾਈਨ ਨੰਬਰ 1930 'ਤੇ ਕਰਨੀ ਚਾਹੀਦੀ ਹੈ।

## ਸਾਈਬਰ ਠੱਗਾਂ ਦਾ 'ਸਵਰਗ' ਬਣਦਾ ਪੰਜਾਬ ਅਤੇ ਡਿਜੀਟਲ ਸੁਰੱਖਿਆ ਦੀ ਵੱਡੀ ਚੁਣੌਤੀ

ਅਜੋਕੇ ਸਮੇਂ ਵਿੱਚ ਪੰਜਾਬ ਇੱਕ ਬੇਹੱਦ ਚਿੰਤਾਜਨਕ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਜਿੱਥੇ ਰਵਾਇਤੀ ਅਪਰਾਧਾਂ ਦੇ ਨਾਲ-ਨਾਲ ਹੁਣ 'ਸਾਈਬਰ ਅਪਰਾਧ' ਸੂਬੇ ਲਈ ਸਭ ਤੋਂ ਵੱਡੀ ਮੁਸੀਬਤ ਬਣ ਕੇ ਉੱਭਰਿਆ ਹੈ। ਪੰਜਾਬ ਪੁਲੀਸ ਦੇ ਸਟੇਟ ਸਾਈਬਰ ਕ੍ਰਾਈਮ ਡਿਵੀਜ਼ਨ ਵੱਲੋਂ ਜਾਰੀ ਕੀਤੇ ਤਾਜ਼ਾ ਅੰਕੜੇ ਅੱਖਾਂ ਖੋਲ੍ਹਣ ਵਾਲੇ ਹਨ। ਰਿਪੋਰਟ ਮੁਤਾਬਕ ਪੰਜਾਬ ਵਿੱਚ ਸਾਈਬਰ ਠੱਗ ਰੋਜ਼ਾਨਾ ਔਸਤਨ ਡੇਢ ਕਰੋੜ ਰੁਪਏ ਉਡਾ ਰਹੇ ਹਨ।

ਇਸ ਠੱਗੀ ਦਾ ਤਾਣਾ-ਬਾਣਾ ਇੰਨਾ ਵੱਡਾ ਹੈ ਕਿ ਲੰਘੇ ਵਰ੍ਹੇ ਦੌਰਾਨ ਪੁਲੀਸ ਨੂੰ 63 ਹਜ਼ਾਰ ਤੋਂ ਵੱਧ ਬੈਂਕ ਖਾਤੇ ਜਾਮ ਕਰਨੇ ਪਏ ਅਤੇ 62 ਹਜ਼ਾਰ ਤੋਂ ਵੱਧ ਕੇਸ ਦਰਜ ਹੋਏ। ਸਭ ਤੋਂ ਵੱਧ ਪ੍ਰਭਾਵਿਤ ਇਲਾਕਿਆਂ ਵਿੱਚ ਜਲੰਧਰ ਕਮਿਸ਼ਨਰੇਟ, ਕਪੂਰਥਲਾ ਅਤੇ ਹੁਸ਼ਿਆਰਪੁਰ ਵਰਗੇ ਜ਼ਿਲ੍ਹੇ ਸ਼ਾਮਲ ਹਨ, ਜੋ ਕਿ ਦੋਆਬਾ ਖੇਤਰ ਦਾ ਹਿੱਸਾ ਹਨ ਅਤੇ ਜਿੱਥੋਂ ਦੇ ਲੋਕਾਂ ਦਾ ਵਿਦੇਸ਼ਾਂ ਨਾਲ ਸਿੱਧਾ ਸਬੰਧ ਹੈ।


ਠੱਗੀ ਦੇ ਬਦਲਦੇ ਹੱਥਕੰਡੇ ਅਤੇ ਹਾਈਪ੍ਰੋਫਾਈਲ ਸ਼ਿਕਾਰ-ਸਾਈਬਰ ਅਪਰਾਧੀਆਂ ਦੇ ਤਰੀਕੇ ਹੁਣ ਬਹੁਤ ਜ਼ਿਆਦਾ ਆਧੁਨਿਕ ਅਤੇ ਮਨੋਵਿਗਿਆਨਕ ਹੋ ਚੁੱਕੇ ਹਨ। ਕੇਂਦਰੀ ਏਜੰਸੀਆਂ (ਜਿਵੇਂ ਸੀਬੀਆਈ ਜਾਂ ਈਡੀ) ਦੇ ਫਰਜ਼ੀ ਅਧਿਕਾਰੀ ਬਣ ਕੇ ਵੀਡੀਓ ਕਾਲ ਰਾਹੀਂ ਲੋਕਾਂ ਨੂੰ ਘਰਾਂ ਵਿੱਚ ਹੀ ਡਰਾ ਕੇ ਰੱਖਿਆ ਜਾਂਦਾ ਹੈ ਅਤੇ ਕੇਸ ਦਾ ਡਰ ਦਿਖਾ ਕੇ ਕਰੋੜਾਂ ਰੁਪਏ ਠੱਗ ਲਏ ਜਾਂਦੇ ਹਨ। ਵਰਧਮਾਨ ਗਰੁੱਪ ਦੇ ਉਦਯੋਗਪਤੀ ਐੱਸ.ਪੀ. ਓਸਵਾਲ ਨਾਲ ਹੋਈ ਕਰੋੜਾਂ ਦੀ ਠੱਗੀ ਇਸ ਦੀ ਵੱਡੀ ਮਿਸਾਲ ਹੈ। ਪੈਸਾ ਦੁੱਗਣਾ ਕਰਨ ਦੇ ਚੱਕਰ ਵਿੱਚ ਪੰਜਾਬ ਪੁਲੀਸ ਦੇ ਸਾਬਕਾ ਡੀਆਈਜੀ ਵਰਗੇ ਉੱਚ ਅਧਿਕਾਰੀ ਵੀ ਇਸ ਜਾਲ ਵਿੱਚ ਫਸ ਚੁੱਕੇ ਹਨ। ਪਰਵਾਸੀ ਪੰਜਾਬੀਆਂ ਨੂੰ ਨਿਸ਼ਾਨਾ ਬਣਾ ਕੇ ਆਨਲਾਈਨ ਅਰਦਾਸ ਜਾਂ ਫਰਜ਼ੀ ਦੋਸਤੀ ਦੇ ਬਹਾਨੇ ਵੀਡੀਓ ਕਾਲ ਰਿਕਾਰਡ ਕਰਕੇ ਬਲੈਕਮੇਲ ਕਰਨ ਦੇ ਮਾਮਲੇ ਵੀ ਤੇਜ਼ੀ ਨਾਲ ਵਧੇ ਹਨ।

ਪੁਲੀਸ ਦੀ ਕਾਰਵਾਈ ਅਤੇ ਸੀਮਾਵਾਂ-ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਪੁਲੀਸ ਦੀ ਸਾਵਧਾਨੀ ਕਾਰਨ ਹੁਣ ਵਿੱਤੀ ਰਿਕਵਰੀ ਦੀ ਦਰ 16 ਫੀਸਦੀ ਤੋਂ ਵਧ ਕੇ 23 ਫੀਸਦੀ ਹੋਈ ਹੈ ਅਤੇ ਪਿਛਲੇ ਕੁਝ ਸਮੇਂ ਵਿੱਚ 64 ਕਰੋੜ ਰੁਪਏ ਵਾਪਸ ਵੀ ਕਰਵਾਏ ਗਏ ਹਨ। ਪਰ 540 ਕਰੋੜ ਦੀ ਕੁੱਲ ਠੱਗੀ ਦੇ ਮੁਕਾਬਲੇ ਇਹ ਰਿਕਵਰੀ ਅਜੇ ਵੀ ਬਹੁਤ ਊਣੀ ਹੈ। ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਇਨ੍ਹਾਂ ਠੱਗਾਂ ਦਾ ਨੈੱਟਵਰਕ ਅੰਤਰਰਾਜੀ ਹੈ। ਵੱਖ-ਵੱਖ ਸੂਬਿਆਂ ਦੇ ਬੈਠੇ ਅਪਰਾਧੀ ਆਪਸ ਵਿੱਚ ਮਿਲ ਕੇ ਕੰਮ ਕਰਦੇ ਹਨ, ਜਿਸ ਕਾਰਨ ਸਥਾਨਕ ਪੁਲੀਸ ਲਈ ਉਨ੍ਹਾਂ ਦੀ ਪੈੜ ਨੱਪਣਾ ਬੇਹੱਦ ਗੁੰਝਲਦਾਰ ਹੋ ਜਾਂਦਾ ਹੈ। ਸਾਈਬਰ ਠੱਗੀ ਨੂੰ ਸਿਰਫ਼ ਕਾਨੂੰਨ ਦੇ ਡੰਡੇ ਨਾਲ ਨਹੀਂ ਰੋਕਿਆ ਜਾ ਸਕਦਾ; ਇਸ ਦੇ ਲਈ ਸਭ ਤੋਂ ਮਜ਼ਬੂਤ ਹਥਿਆਰ "ਜਨ ਜਾਗਰੂਕਤਾ" ਹੈ।

ਸਪੈਸ਼ਲ ਡੀਜੀਪੀ (ਸਾਈਬਰ ਕ੍ਰਾਈਮ) ਵੀ. ਨੀਰਜਾ ਮੁਤਾਬਕ ਪੁਲੀਸ ਨੌਜਵਾਨਾਂ ਅਤੇ ਆਮ ਲੋਕਾਂ ਨੂੰ ਆਨਲਾਈਨ ਗਰੂਮਿੰਗ, ਬੁਲਿੰਗ ਅਤੇ ਫਰਜ਼ੀ ਦੋਸਤੀਆਂ ਬਾਰੇ ਚੌਕਸ ਕਰ ਰਹੀ ਹੈ, ਪਰ ਲੋਕਾਂ ਨੂੰ ਖੁਦ ਵੀ ਲਾਲਚ ਅਤੇ ਡਰ ਦੀ ਮਾਨਸਿਕਤਾ ਵਿੱਚੋਂ ਬਾਹਰ ਨਿਕਲਣਾ ਪਵੇਗਾ। ਕਿਸੇ ਵੀ ਅਣਜਾਣ ਵੀਡੀਓ ਕਾਲ, ਸ਼ੇਅਰ ਮਾਰਕੀਟ ਦੇ ਲੁਭਾਉਣੇ ਆਫ਼ਰਾਂ ਜਾਂ ਫਰਜ਼ੀ ਅਧਿਕਾਰੀਆਂ ਦੀਆਂ ਧਮਕੀਆਂ ਅੱਗੇ ਝੁਕਣ ਦੀ ਬਜਾਏ ਤੁਰੰਤ ਸਾਈਬਰ ਹੈਲਪਲਾਈਨ 1930 'ਤੇ ਰਿਪੋਰਟ ਕਰਨੀ ਚਾਹੀਦੀ ਹੈ।

## ਮਾਮਲਾ ਰਾਮ ਮੰਦਿਰ ਚੜ੍ਹਾਵੇ ਦਾ

# ਸੰਘ ਪਰਿਵਾਰ ਕਿੰਨਾ ਕੁ ਦੋਸ਼ੀ ਹੈ ? ਹਿੰਦੂ ਇਸ ਭ੍ਰਿਸ਼ਟਾਚਾਰ ਬਾਰੇ ਕੀ ਸੋਚਦੇ ਹਨ ?



ਇਸ ਭ੍ਰਿਸ਼ਟਾਚਾਰ ਦੀਆਂ ਤਾਰਾਂ ਸਿੱਧੇ ਤੌਰ 'ਤੇ ਸੰਘ ਪਰਿਵਾਰ ਅਤੇ ਉਸ ਦੀਆਂ ਸਹਿਯੋਗੀ ਜਥੇਬੰਦੀਆਂ ਨਾਲ ਜੁੜਦੀਆਂ ਹਨ। ਰਾਮ ਮੰਦਿਰ ਦਾ ਨਿਰਮਾਣ ਅਤੇ ਸੰਚਾਲਨ ਕਿਸੇ ਸੁਤੰਤਰ ਧਾਰਮਿਕ ਜਾਂ ਅਧਿਆਤਮਿਕ ਸੰਸਥਾ ਦੇ ਹੱਥ ਦੇਣ ਦੀ ਬਜਾਏ, ਸੰਘ ਪਰਿਵਾਰ ਨਾਲ ਜੁੜੇ ਲੋਕਾਂ ਨੂੰ ਸੌਂਪਿਆ ਗਿਆ ਸੀ। ਅਸਤੀਫ਼ਾ ਦੇਣ ਵਾਲੇ ਚੰਪਤ ਰਾਏ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸੀਨੀਅਰ ਆਗੂ ਹਨ ਅਤੇ ਸ਼ਿਕਾਇਤਕਰਤਾ ਕ੍ਰਿਸ਼ਨ ਮੋਹਨ (ਸੇਵਾਮੁਕਤ ਆਈਐਫਐਸ) ਵੀ ਸੰਘ ਪਰਿਵਾਰ ਨਾਲ ਡੂੰਘੇ ਜੁੜੇ ਹੋਏ ਹਨ। ਜਦੋਂ ਇੱਕ ਅਜਿਹਾ ਸੰਗਠਨ, ਜੋ ਖ਼ੁਦ ਨੂੰ ਦੇਸ਼ਭਗਤੀ ਅਤੇ ਉੱਚ ਨੈਤਿਕਤਾ ਦਾ ਅਲੰਬਰਦਾਰ ਦੱਸਦਾ ਹੈ, ਆਪਣੇ ਸਭ ਤੋਂ ਵੱਡੇ ਪ੍ਰੋਜੈਕਟ ਵਿੱਚ ਪਾਰਦਰਸ਼ਤਾ ਕਾਇਮ ਰੱਖਣ ਵਿੱਚ ਨਾਕਾਮ ਰਹਿੰਦਾ ਹੈ, ਤਾਂ ਉਸ ਦੀ ਜਵਾਬਦੇਹੀ ਤੈਅ ਹੋਣੀ ਲਾਜ਼ਮੀ ਹੈ। ਪਿਛਲੇ 12 ਸਾਲਾਂ ਵਿੱਚ ਸੰਘ ਪਰਿਵਾਰ ਦਾ ਇਹ ਰਵੱਈਆ ਰਿਹਾ ਹੈ ਕਿ ਉਹ ਵਿਰੋਧੀਆਂ ਦੇ ਭ੍ਰਿਸ਼ਟਾਚਾਰ 'ਤੇ ਤਾਂ ਹੰਗਾਮਾ ਕਰਦਾ ਹੈ, ਪਰ ਆਪਣੇ ਲੋਕਾਂ ਦੇ ਗੁਨਾਹਾਂ 'ਤੇ ਚੁੱਪ ਧਾਰ ਲੈਂਦਾ ਹੈ। ਇਸ ਲਈ, ਨੈਤਿਕ ਅਤੇ ਪ੍ਰਬੰਧਕੀ ਤੌਰ 'ਤੇ ਸੰਘ ਪਰਿਵਾਰ ਇਸ ਅਪਰਾਧ ਦੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋ ਸਕਦਾ।

ਆਮ ਸਨਾਤਨੀ ਹਿੰਦੂ ਸਮਾਜ ਅੱਜ ਖ਼ੁਦ ਨੂੰ ਇੱਕ ਵੱਡੇ ਧਰਮ-ਸੰਕਟ ਅਤੇ ਨਿਰਾਸ਼ਾ ਵਿੱਚ ਮਹਿਸੂਸ ਕਰ ਰਿਹਾ ਹੈ। ਪਰ ਇਸ ਦੇ ਦੋ ਵੱਖ-ਵੱਖ ਪਹਿਲੂ ਸਾਹਮਣੇ ਆ ਰਹੇ ਹਨ। ਜਿਨ੍ਹਾਂ ਸ਼ਰਧਾਲੂਆਂ ਨੇ ਪੇਟ ਕੱਟ ਕੇ, ਆਪਣੀ ਖ਼ੂਨ-ਪਸੀਨੇ ਦੀ ਕਮਾਈ ਭਗਵਾਨ ਰਾਮ ਦੇ ਚਰਨਾਂ ਵਿੱਚ ਅਰਪਿਤ ਕੀਤੀ ਸੀ, ਉਹ ਇਸ ਚੋਰੀ ਤੋਂ ਬਹੁਤ ਦੁਖੀ ਅਤੇ ਅਪਮਾਨਿਤ ਮਹਿਸੂਸ ਕਰ ਰਹੇ ਹਨ। ਉਹ ਸਮਝ ਰਹੇ ਹਨ ਕਿ ਭਗਵਾਨ ਦੇ ਨਾਮ 'ਤੇ ਇਕੱਠਾ ਹੋਇਆ ਪੈਸਾ ਧਾਰਮਿਕ ਜਾਂ ਮਾਨਵ ਸੇਵਾ ਦੇ ਕਾਰਜਾਂ ਵਿੱਚ ਲੱਗਣ ਦੀ ਬਜਾਏ ਕੁਝ ਲੋਕਾਂ ਦੀਆਂ ਨਿੱਜੀ ਸੰਪਤੀਆਂ ਬਣਾਉਣ ਲਈ ਵਰਤਿਆ ਗਿਆ ਹੈ।

ਇਸ ਘੁਟਾਲੇ ਨੇ ਕਈ ਹਿੰਦੂਆਂ ਨੂੰ ਇਹ ਸੋਚਣ ਲਈ ਮਜਬੂਰ ਕੀਤਾ ਹੈ ਕਿ 'ਸਨਾਤਨ ਧਰਮ' (ਜੋ ਆਦਿਕਾਲ ਤੋਂ ਚਲਿਆ ਆ ਰਿਹਾ ਹੈ, ਜਿਸ ਵਿੱਚ ਸਹਿਣਸ਼ੀਲਤਾ ਅਤੇ ਮਾਨਵ ਸੇਵਾ ਮੁੱਖ ਹੈ) ਅਤੇ 'ਹਿੰਦੂਤਵ' (ਜੋ 1925 ਵਿੱਚ ਸ਼ੁਰੂ ਹੋਈ ਇੱਕ ਸਿਆਸੀ ਵਿਚਾਰਧਾਰਾ ਹੈ, ਜਿਸ ਦਾ ਮਕਸਦ ਸੱਤਾ ਹਾਸਲ ਕਰਨਾ ਸੀ) ਵਿੱਚ ਵੱਡਾ ਫ਼ਰਕ ਹੈ। ਜਦੋਂ ਮੰਦਿਰ ਦੇ ਉਦਘਾਟਨ ਵੇਲੇ ਹਿੰਦੂ ਧਰਮ ਦੇ ਸਰਵਉੱਚ ਨੁਮਾਇੰਦੇ (ਸ਼ੰਕਰਾਚਾਰੀਆ) ਨਹੀਂ ਆਏ ਸਨ, ਤਾਂ ਹੀ ਇਹ ਸੰਕੇਤ ਮਿਲ ਗਿਆ ਸੀ ਕਿ ਇਹ ਇੱਕ ਸਿਆਸੀ ਪ੍ਰੋਗਰਾਮ ਸੀ।

ਅੱਜ ਜਾਗਰੂਕ ਹਿੰਦੂ ਇਹ ਮਹਿਸੂਸ ਕਰ ਰਿਹਾ ਹੈ ਕਿ ਪੱਥਰ ਦੀਆਂ ਮੂਰਤੀਆਂ ਅਤੇ ਸਿਆਸੀ ਸੰਗਠਨਾਂ 'ਤੇ ਅੰਨ੍ਹਾ ਵਿਸ਼ਵਾਸ ਕਰਨ ਦੀ ਬਜਾਏ, ਸੱਚੀ ਮਾਨਵ ਸੇਵਾ ਨੂੰ ਹੀ ਸਭ ਤੋਂ ਵੱਡਾ ਧਰਮ ਮੰਨਿਆ ਜਾਣਾ ਚਾਹੀਦਾ ਹੈ, ਜਿਵੇਂ ਕਿ ਸਿੱਖ ਧਰਮ ਵਿੱਚ ਬਿਨਾਂ ਕਿਸੇ ਭੇਦਭਾਵ ਦੇ ਲੰਗਰ ਦੀ ਮਹਾਨ ਪਰੰਪਰਾ ਹੈ। ਧਾਰਮਿਕ ਸਥਾਨਾਂ ਦਾ ਸਰੂਪ ਅਜਿਹਾ ਹੋਣਾ ਚਾਹੀਦਾ ਹੈ ਜਿੱਥੇ ਚੜ੍ਹਾਵੇ ਦਾ ਸਦਉਪਯੋਗ ਹਸਪਤਾਲਾਂ, ਸਕੂਲਾਂ ਅਤੇ ਲੋੜਵੰਦਾਂ ਦੀ ਮਦਦ ਲਈ ਹੋਵੇ, ਨਾ ਕਿ ਸਿਆਸੀ ਗਰੋਹਾਂ ਦੇ ਬੈਂਕ ਖਾਤੇ ਭਰਨ ਲਈ।

ਮਾਹਿਰਾਂ ਦਾ ਮੰਨਣਾ ਹੈ ਕਿ ਅਯੁੱਧਿਆ ਦਾ ਇਹ ਚੜ੍ਹਾਵਾ ਘੁਟਾਲਾ ਭਾਰਤ ਦੇ ਮੌਜੂਦਾ ਸਿਆਸੀ-ਧਾਰਮਿਕ ਤਾਣੇ-ਬਾਣੇ ਲਈ ਇੱਕ ਵੱਡਾ ਸਬਕ ਹੈ। ਜੇਕਰ ਹਿੰਦੂ ਸਮਾਜ ਹੁਣ ਵੀ ਨੈਤਿਕ ਅਤੇ ਸੰਵਿਧਾਨਕ ਮੁੱਲਾਂ ਵੱਲ ਨਾ ਪਰਤਿਆ, ਤਾਂ ਧਰਮ ਦੀ ਆੜ ਵਿੱਚ ਚੱਲਣ ਵਾਲੇ ਇਹ ਗਰੋਹ ਪੂਰੇ ਸਮਾਜ ਨੂੰ ਇੱਕ ਡੂੰਘੀ ਖਾਈ ਵਿੱਚ ਧੱਕ ਦੇਣਗੇ।

ਸਿਟ ਦੀ ਜਾਂਚ ਦੀ ਤਲਵਾਰ ਹੁਣ ਸਿਰਫ਼ ਟਰੱਸਟ ਦੇ ਅਹੁਦਿਆਂ ਤੱਕ ਹੀ ਸੀਮਤ ਨਹੀਂ ਰਹਿਣੀ ਚਾਹੀਦੀ, ਸਗੋਂ ਇਸ ਪੂਰੇ ਮਾਮਲੇ ਦੀ ਨਿਰਪੱਖ ਅਤੇ ਪਾਰਦਰਸ਼ੀ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਮਿਲ ਸਕਣ। ਜੇਕਰ ਅਜਿਹੇ ਪਵਿੱਤਰ ਅਤੇ ਸੰਵੇਦਨਸ਼ੀਲ ਮਾਮਲਿਆਂ ਵਿੱਚ ਵੀ ਭ੍ਰਿਸ਼ਟਾਚਾਰ ਨੂੰ ਸਿਆਸੀ ਦਬਾਅ ਹੇਠ ਦਬਾਉਣ ਦੀ ਕੋਸ਼ਿਸ਼ ਕੀਤੀ ਗਈ, ਤਾਂ ਇਹ ਦੇਸ਼ ਦੀਆਂ ਜਾਂਚ ਏਜੰਸੀਆਂ ਅਤੇ ਵਿਵਸਥਾ 'ਤੇ ਵੱਡਾ ਸਵਾਲੀਆ ਚਿੰਨ੍ਹ ਹੋਵੇਗਾ। ਸੰਘ ਲਈ ਇਹ ਸਮਾਂ ਸਿਰਫ਼ 'ਬਲੀਆਂ' ਚੜ੍ਹਾਉਣ ਦਾ ਨਹੀਂ, ਸਗੋਂ ਆਪਣੇ ਅੰਦਰੂਨੀ ਪ੍ਰਬੰਧਾਂ ਨੂੰ ਪਾਕ-ਸਾਫ਼ ਕਰਨ ਦਾ ਹੈ। ਸੰਘ ਅਤੇ ਉਸ ਨਾਲ ਜੁੜੀਆਂ ਜਥੇਬੰਦੀਆਂ (ਜਿਵੇਂ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਟਰੱਸਟ) ਨੂੰ ਆਪਣੇ ਸਿਸਟਮ ਦੇ ਅੰਦਰ ਝਾਤੀ ਮਾਰਨੀ ਪਵੇਗੀ। ਉਨ੍ਹਾਂ ਨੂੰ ਇਹ ਦੇਖਣਾ ਹੋਵੇਗਾ ਕਿ ਇੰਨੇ ਵੱਡੇ ਅਤੇ ਪਵਿੱਤਰ ਪ੍ਰੋਜੈਕਟ ਵਿੱਚ ਭ੍ਰਿਸ਼ਟਾਚਾਰ ਅਤੇ ਹੇਰਾਫੇਰੀ ਦੀ ਗੁੰਜਾਇਸ਼ ਬਣੀ ਹੀ ਕਿਵੇਂ ? ਪੈਸੇ ਦੇ ਲੈਣ-ਦੇਣ ਅਤੇ ਚੜ੍ਹਾਵੇ ਦੀ ਨਿਗਰਾਨੀ ਦਾ ਸਿਸਟਮ ਇੰਨਾ ਕਮਜ਼ੋਰ ਕਿਉਂ ਸੀ ਕਿ ਲੋਕਾਂ ਦੀ ਅੰਨ੍ਹੀ ਸ਼ਰਧਾ ਦਾ ਫ਼ਾਇਦਾ ਉਠਾਇਆ ਗਿਆ ?

ਸੰਘ ਨੂੰ ਸਿਰਫ਼ ਚਿਹਰੇ ਬਦਲ ਕੇ (ਅਸਤੀਫ਼ੇ ਦਿਵਾ ਕੇ) ਮਾਮਲੇ ਨੂੰ ਰਫ਼ਾ-ਦਫ਼ਾ ਨਹੀਂ ਕਰਨਾ ਚਾਹੀਦਾ, ਸਗੋਂ ਆਪਣੇ ਸੰਗਠਨ ਦੇ ਅੰਦਰ ਫੈਲੇ ਭ੍ਰਿਸ਼ਟਾਚਾਰ ਦੀ ਜੜ੍ਹ ਨੂੰ ਫੜਨਾ ਚਾਹੀਦਾ ਹੈ ਅਤੇ ਵਿੱਤੀ ਪਾਰਦਰਸ਼ਤਾ ਦਾ ਅਜਿਹਾ ਸਿਸਟਮ ਬਣਾਉਣਾ ਚਾਹੀਦਾ ਹੈ ਤਾਂ ਜੋ ਭਵਿੱਖ ਵਿੱਚ ਕਰੋੜਾਂ ਸ਼ਰਧਾਲੂਆਂ ਦੀ ਆਸਥਾ ਨਾਲ ਕੋਈ ਖਿਲਵਾੜ ਨਾ ਹੋ ਸਕੇ।''

# ਪਠਾਨਕੋਟ ਵਿਖੇ ਰੰਜਿਸ਼ ਤਹਿਤ ਨੌਜਵਾਨ ਦੇ ਹੱਥ-ਪੈਰ ਵੱਢ ਕੇ ਬੇਰਹਿਮੀ ਨਾਲ ਕਤਲ



ਪਠਾਨਕੋਟ-ਪੰਜਾਬ ਦੇ ਪਠਾਨਕੋਟ ਤੋਂ ਇੱਕ ਬੇਹੱਦ ਖ਼ੌਫ਼ਨਾਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਦੇਰ ਰਾਤ ਦੋ ਕਾਰਾਂ ਵਿੱਚ ਆਏ ਹਮਲਾਵਰਾਂ ਨੇ ਪੁਰਾਣੀ ਰੰਜਿਸ਼ ਦੇ ਚੱਲਦਿਆਂ ਇੱਕ ਨੌਜਵਾਨ ਗੁਲਸ਼ਨ ਕੁਮਾਰ ਦਾ ਤੇਜ਼ਧਾਰ ਹਥਿਆਰਾਂ ਨਾਲ ਬੇਰਹਿਮੀ ਨਾਲ ਕਤਲ ਕਰ ਦਿੱਤਾ। ਹਮਲਾਵਰਾਂ ਨੇ ਨੌਜਵਾਨ 'ਤੇ ਦਾਤਰਾਂ ਅਤੇ ਗੰਡਾਸਿਆਂ ਨਾਲ ਹਮਲਾ ਕਰਕੇ ਉਸ ਦੇ ਹੱਥ-ਪੈਰ ਵੱਢ ਦਿੱਤੇ। ਇਸ ਹਮਲੇ ਦੌਰਾਨ ਗੁਲਸ਼ਨ ਦਾ ਦੋਸਤ ਵੀ ਜ਼ਖ਼ਮੀ ਹੋ ਗਿਆ, ਜਿਸ ਨੇ ਕਿਸੇ ਤਰ੍ਹਾਂ ਮੌਕੇ ਤੋਂ ਦੌੜ ਕੇ ਆਪਣੀ ਜਾਨ ਬਚਾਈ ਅਤੇ ਉਹ ਹਸਪਤਾਲ ਵਿੱਚ ਇਲਾਜ ਅਧੀਨ ਹੈ। ਪੁਲੀਸ ਨੇ ਇਸ ਮਾਮਲੇ ਵਿੱਚ 11 ਲੋਕਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਵਾਰਦਾਤ ਤੋਂ ਬਾਅਦ ਗੁਲਸ਼ਨ ਦੀ ਮਰਨ ਤੋਂ ਪਹਿਲਾਂ ਬਣਾਈ ਇੱਕ ਵੀਡੀਓ ਵੀ ਸਾਹਮਣੇ ਆਈ ਹੈ। ਇਸ ਵੀਡੀਓ ਵਿੱਚ ਗੁਲਸ਼ਨ ਗੰਭੀਰ ਹਾਲਤ ਵਿੱਚ ਦਮ ਤੋੜਨ ਤੋਂ ਪਹਿਲਾਂ ਹਮਲਾਵਰਾਂ ਦੇ ਨਾਂ ਲੈਂਦਾ ਦਿਖਾਈ ਦੇ ਰਿਹਾ ਹੈ ਅਤੇ ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕਰ ਰਿਹਾ ਹੈ।

ਪੁਲੀਸ ਦਾ ਬਿਆਨ: ਸੂਚਨਾ ਮਿਲਦੇ ਹੀ ਥਾਣਾ ਡਿਵੀਜ਼ਨ ਨੰਬਰ 2 ਦੀ ਪੁਲੀਸ ਅਤੇ ਫੋਰੈਂਸਿਕ ਟੀਮ ਨੇ ਮੌਕੇ 'ਤੇ ਪਹੁੰਚ ਕੇ ਸਬੂਤ ਇਕੱਠੇ ਕੀਤੇ ਹਨ। ਡੀ.ਐੱਸ.ਪੀ. ਸ਼ਹਿਰੀ ਸੰਜੀਵ ਅੱਤਰੀ ਨੇ ਦੱਸਿਆ ਕਿ ਪਰਿਵਾਰ ਦੇ ਬਿਆਨਾਂ ਦੇ ਆਧਾਰ 'ਤੇ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਫ਼ਰਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਲਈ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ।

# ਹੇਮਕੁੰਟ ਯਾਤਰਾ: ਸਿੱਖ ਵਫ਼ਦ ਨੇ ਉੱਤਰਾਖੰਡ ਦੇ ਰਾਜਪਾਲ ਨਾਲ ਕੀਤੀ ਮੁਲਾਕਾਤ

## ✪ ਸ਼ਰਧਾਲੂਆਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ



ਕਰਨਪ੍ਰਯਾਗ-ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਦੌਰਾਨ ਕਰਨਪ੍ਰਯਾਗ ਵਿਖੇ ਵਾਪਰੀ ਇੱਕ ਹਾਲੀਆ ਘਟਨਾ ਤੋਂ ਬਾਅਦ, ਉੱਤਰਾਖੰਡ ਦੀਆਂ ਪ੍ਰਮੁੱਖ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਇੱਕ ਸਿੱਖ ਵਫ਼ਦ ਨੇ ਸੂਬੇ ਦੇ ਰਾਜਪਾਲ ਲੈਫਟੀਨੈਂਟ ਜਨਰਲ ਗੁਰਮੀਤ ਸਿੰਘ (ਸੇਵਾਮੁਕਤ) ਨਾਲ ਮੁਲਾਕਾਤ ਕੀਤੀ। ਲੋਕ ਭਵਨ, ਦੇਹਰਾਦੂਨ ਵਿਖੇ ਹੋਈ ਇਸ ਅਹਿਮ ਬੈਠਕ ਦੌਰਾਨ ਵਫ਼ਦ ਨੇ ਸ਼ਰਧਾਲੂਆਂ ਦੀ ਸੁਰੱਖਿਆ ਅਤੇ ਸਥਾਨਕ ਭਾਈਚਾਰੇ ਨਾਲ ਸਾਂਝ ਮਜ਼ਬੂਤ ਕਰਨ ਸਬੰਧੀ ਮੰਗਾਂ ਰਾਜਪਾਲ ਸਾਹਮਣੇ ਰੱਖੀਆਂ। ਵਫ਼ਦ ਨੇ ਰਾਜਪਾਲ ਨੂੰ ਅਪੀਲ ਕੀਤੀ ਕਿ ਸਰਕਾਰ ਅਜਿਹੇ ਠੋਸ ਪ੍ਰਬੰਧ ਕਰੇ ਤਾਂ ਜੋ ਕਰਨਪ੍ਰਯਾਗ ਵਰਗੀ ਕੋਈ ਵੀ ਅਣਸੁਖਾਵੀਂ ਘਟਨਾ ਭਵਿੱਖ ਵਿੱਚ ਦੁਬਾਰਾ ਨਾ ਵਾਪਰੇ। ਉੱਤਰਾਖੰਡ ਸਰਕਾਰ ਨੂੰ ਅਜਿਹੇ ਇੰਤਜ਼ਾਮ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ, ਜਿਸ ਨਾਲ ਬਾਹਰੋਂ ਆਉਣ ਵਾਲੇ ਸ਼ਰਧਾਲੂਆਂ ਅਤੇ ਸਥਾਨਕ ਲੋਕਾਂ ਵਿਚਾਲੇ ਆਪਸੀ ਚੰਗੇ ਸਬੰਧ ਅਤੇ ਭਾਈਚਾਰਕ ਸਾਂਝ ਬਣੀ ਰਹੇ। ਇਸ ਵਫਦ ਵਿਚ ਨਰੇਂਦਰਜੀਤ ਸਿੰਘ ਬਿੰਦਰਾ ਪ੍ਰਧਾਨ, ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ (ਰਿਸ਼ੀਕੇਸ਼), ਗੁਰਦੀਪ ਸਿੰਘ ਪ੍ਰਧਾਨ, ਸਿੰਘ ਸਭਾ ਦੋਈਵਾਲਾ,ਗੁਰਬਖਸ਼ ਸਿੰਘ ਰਾਜਨਪ੍ਰਧਾਨ, ਸਿੰਘ ਸਭਾ ਦੇਹਰਾਦੂਨ,ਬਲਬੀਰ ਸਿੰਘ ਸਾਹਨੀ, ਪ੍ਰਧਾਨ, ਗੁਰਦੁਆਰਾ ਰੇਸਕੋਰਸ,ਓਂਕਾਰ ਸਿੰਘ ਪ੍ਰਧਾਨ, ਸਿੰਘ ਸਭਾ ਨੂਨਾਵਾਲਾ ਸ਼ਾਮਲ ਸਨ।

ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰੇਂਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਰਾਜਪਾਲ ਨਾਲ ਮੁਲਾਕਾਤ ਬੇਹੱਦ ਹਾਂ-ਪੱਖੀ ਰਹੀ ਹੈ। ਉਨ੍ਹਾਂ ਨੇ ਸੂਬਾ ਪ੍ਰਸ਼ਾਸਨ ਨੂੰ ਸ਼ਰਧਾਲੂਆਂ ਦੀ ਸੁਰੱਖਿਅਤ ਅਤੇ ਸੁਖਾਲੀ ਯਾਤਰਾ ਲਈ ਹਰ ਸੰਭਵ ਕਦਮ ਚੁੱਕਣ ਦੀ ਗੁਜ਼ਾਰਿਸ਼ ਕੀਤੀ ਹੈ।

# ਬਦਲ ਰਿਹਾ ਹੈ ਪੰਜਾਬ ਦਾ ਸਿਆਸੀ ਦ੍ਰਿਸ਼

**✪ ਸਿੱਖ-ਪ੍ਰਵਾਸੀ ਪੰਜਾਬੀਆਂ ਦੀਆਂ ਵੋਟਾਂ ਖਿਸਕਣ ਦੇ ਡਰੋਂ 'ਆਪ' ਦਾ ਹਿੰਦੂਤਵ ਵੱਲ ਝੁਕਾਅ! ✪ ਕੀ ਭਾਜਪਾ ਤੋਂ ਵੱਡਾ 'ਸਨਾਤਨੀ' ਬਣਨ ਦੀ ਕੇਜਰੀਵਾਲ ਦੀ ਰਣਨੀਤੀ ਪੰਜਾਬ ਵਿੱਚ ਸਫ਼ਲ ਹੋਵੇਗੀ? ✪ ਭਗਵੰਤ ਮਾਨ ਵਲੋਂ ਛੇੜੇ ਪੰਥਕ ਟਕਰਾਅ ਦੇ ਦੌਰ ਵਿੱਚ ਕਿਸ ਪਾਸੇ ਮੁੜੇਗੀ ਪੰਜਾਬ ਦੀ ਰਾਜਨੀਤੀ ✪ ਤਾਮਿਲਨਾਡੂ ਦੀ ਤਰਜ਼ 'ਤੇ ਕੀ ਪੰਜਾਬੀ ਵੀ ਨਕਾਰਨਗੇ 'ਮੁਫ਼ਤਖੋਰੀ' ਦੀ ਸਿਆਸਤ?**

ਪੰਜਾਬ ਦੀ ਸਿਆਸੀ ਫ਼ਿਜ਼ਾ ਇਸ ਵੇਲੇ ਇੱਕ ਅਜਿਹੇ ਗੁੰਝਲਦਾਰ ਦੌਰ ਵਿੱਚੋਂ ਲੰਘ ਰਹੀ ਹੈ, ਜਿੱਥੇ ਰਵਾਇਤੀ ਸਮੀਕਰਨ ਤੇਜ਼ੀ ਨਾਲ ਟੁੱਟ ਰਹੇ ਹਨ ਅਤੇ ਸੱਤਾ ਦੀ ਪ੍ਰਾਪਤੀ ਲਈ ਨਵੇਂ ਸਿਆਸੀ ਗਠਜੋੜ ਤੇ ਅਪ੍ਰਵਾਣਿਤ ਰਣਨੀਤੀਆਂ ਆਕਾਰ ਲੈ ਰਹੀਆਂ ਹਨ। ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਵੇਂ ਅਜੇ ਸਮਾਂ ਬਾਕੀ ਹੈ, ਪਰ ਸੂਬੇ ਦੇ ਸਿਆਸੀ ਪਾਣੀਆਂ ਵਿੱਚ ਹੁਣੇ ਤੋਂ ਹੀ ਅਜਿਹੀ ਹਲਚਲ ਸ਼ੁਰੂ ਹੋ ਚੁੱਕੀ ਹੈ ਜਿਸ ਨੇ ਆਮ ਆਦਮੀ ਪਾਰਟੀ ਦੀ ਸਰਕਾਰ, ਅਕਾਲੀ ਦਲ, ਕਾਂਗਰਸ ਅਤੇ ਭਾਜਪਾ ਨੂੰ ਆਪਣੀਆਂ ਗੋਟੀਆਂ ਮੁੜ ਤੋਂ ਫਿੱਟ ਕਰਨ ਲਈ ਮਜਬੂਰ ਕਰ ਦਿੱਤਾ ਹੈ। ਆਮ ਆਦਮੀ ਪਾਰਟੀ ਦੀਆਂ ਬਦਲਦੀਆਂ ਨੀਤੀਆਂ, ਮੁੱਖ ਮੰਤਰੀ ਭਗਵੰਤ ਮਾਨ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਵਧ ਰਿਹਾ ਟਕਰਾਅ ਅਤੇ ਵਿਰੋਧੀ ਧਿਰਾਂ ਦੀਆਂ ਅੰਦਰੂਨੀ ਗਤੀਵਿਧੀਆਂ ਨੇ ਪੰਜਾਬ ਦੀ ਰਾਜਨੀਤੀ ਨੂੰ ਇੱਕ ਨਵੇਂ ਚੱਕਰਵਿਊ ਵਿੱਚ ਲਿਆ ਖੜ੍ਹਾ ਕੀਤਾ ਹੈ।

ਸਾਲ 2022 ਦੀਆਂ ਚੋਣਾਂ ਵਿੱਚ 'ਆਪ' ਦੀ ਇਤਿਹਾਸਕ ਅਤੇ ਬੇਮਿਸਾਲ ਜਿੱਤ ਦਾ ਮੁੱਖ ਅਧਾਰ ਪੰਜਾਬ ਦਾ ਸਿੱਖ ਭਾਈਚਾਰਾ ਅਤੇ ਪ੍ਰਵਾਸੀ ਪੰਜਾਬੀ ਬਣੇ ਸਨ, ਜਿਨ੍ਹਾਂ ਨੇ ਬਦਲਾਅ ਦੀ ਉਮੀਦ ਵਿੱਚ ਪਾਰਟੀ ਨੂੰ ਇਕਤਰਫ਼ਾ ਵੋਟਾਂ ਪਾਈਆਂ ਸਨ। ਪਰ ਮੌਜੂਦਾ ਹਾਲਾਤ ਦੱਸਦੇ ਹਨ ਕਿ ਹੁਣ ਉਹ ਪਹਿਲਾਂ ਵਾਲੀ ਸ਼ਿੱਦਤ ਅਤੇ ਉਤਸ਼ਾਹ ਗਾਇਬ ਹੈ। ਮੁੱਖ ਮੰਤਰੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਰਮਿਆਨ ਪੈਦਾ ਹੋਈ ਤਣਾਅਪੂਰਨ ਸਥਿਤੀ ਕਾਰਨ ਸਿੱਖ ਵੋਟ ਬੈਂਕ ਵਿੱਚ ਵੱਡਾ ਖੋਰਾ ਲੱਗਣ ਦਾ ਖ਼ਦਸ਼ਾ ਪੈਦਾ ਹੋ ਗਿਆ ਹੈ। ਇਹੀ ਕਾਰਨ ਹੈ ਕਿ 'ਆਪ' ਮੁਖੀ ਅਰਵਿੰਦ ਕੇਜਰੀਵਾਲ ਇਸ ਸੰਭਾਵੀ ਘਾਟੇ ਨੂੰ ਪੂਰਾ ਕਰਨ ਲਈ ਪੰਜਾਬ ਦੇ ਹਿੰਦੂ ਵੋਟਰਾਂ ਨੂੰ ਭਰਮਾਉਣ ਦੀ ਇੱਕ ਨਵੀਂ ਅਤੇ ਵੱਡੀ ਰਣਨੀਤੀ 'ਤੇ ਕੰਮ ਕਰ ਰਹੇ ਹਨ।

ਆਪਣੇ-ਆਪ ਨੂੰ ਭਾਜਪਾ ਤੋਂ ਵੀ ਵੱਡਾ ਸਨਾਤਨੀ ਸਾਬਤ ਕਰਨ ਦੀਆਂ ਕੋਸ਼ਿਸ਼ਾਂ ਤਹਿਤ ਕੇਜਰੀਵਾਲ ਵੱਲੋਂ ਸ੍ਰੀ ਅੰਮ੍ਰਿਤਸਰ ਵਿੱਚ ਲਵ-ਕੁਸ਼ ਅਤੇ ਮਾਤਾ ਸੀਤਾ ਜੀ ਦਾ ਮੰਦਿਰ ਬਣਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਸੂਬੇ ਦੇ 22 ਸ਼ਹਿਰਾਂ ਵਿੱਚ 'ਇਕ ਸ਼ਾਮ ਭਗਵਾਨ ਸ਼ਿਵ ਦੇ ਨਾਲ' ਅਤੇ 'ਹਮਾਰੇ ਰਾਮ' ਵਰਗੇ ਧਾਰਮਿਕ ਨਾਟਕਾਂ ਦੇ ਆਯੋਜਨ ਦੀ ਮੁਹਿੰਮ ਵਿੱਢੀ ਗਈ ਹੈ। ਸਰਕਾਰੀ ਤੌਰ 'ਤੇ ਚਲਾਈ ਜਾ ਰਹੀ ਮੁਫ਼ਤ ਤੀਰਥ ਯਾਤਰਾ ਵਿੱਚ ਸਾਲਾਸਰ-ਖਾਟੂ ਸ਼ਿਆਮ, ਹਰਿਦੁਆਰ-ਰਿਸ਼ੀਕੇਸ਼ ਅਤੇ ਮਥੁਰਾ-ਵ੍ਰਿੰਦਾਵਨ ਵਰਗੇ ਹਿੰਦੂ ਧਾਰਮਿਕ ਸਥਾਨਾਂ ਦੇ ਨਵੇਂ ਰੂਟ ਜੋੜਨਾ ਇਸੇ ਸਿਆਸੀ ਕਵਾਇਦ ਦਾ ਹਿੱਸਾ ਮੰਨਿਆ ਜਾ ਰਿਹਾ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਦਾ ਹਿੰਦੂ ਵੋਟਰ ਰਵਾਇਤੀ ਤੌਰ 'ਤੇ ਕਾਂਗਰਸ ਜਾਂ ਉਸ ਸੀਟ 'ਤੇ ਭਾਜਪਾ ਵੱਲ ਝੁਕਦਾ ਹੈ ਜਿੱਥੇ ਉਮੀਦਵਾਰ ਮਜ਼ਬੂਤ ਹੋਵੇ, ਅਤੇ ਕੇਜਰੀਵਾਲ ਇਸੇ ਵੋਟ ਬੈਂਕ ਵਿੱਚ ਸੰਨ ਲਾਉਣਾ ਚਾਹੁੰਦੇ ਹਨ। ਪਰ ਚਿੰਤਾ ਦੀ ਗੱਲ ਇਹ ਹੈ ਕਿ ਇਸ ਨਵੀਂ ਵੋਟ-ਰਾਜਨੀਤੀ ਕਾਰਨ ਕਿਤੇ ਪੰਜਾਬ ਦੇ ਗੂੜ੍ਹੇ ਹਿੰਦੂ-ਸਿੱਖ ਭਾਈਚਾਰੇ ਅਤੇ ਸਾਂਝ ਨੂੰ ਕੋਈ ਸਥਾਈ ਨੁਕਸਾਨ ਨਾ ਪਹੁੰਚੇ।

ਆਮ ਆਦਮੀ ਪਾਰਟੀ ਦੀ ਸਰਕਾਰ ਮੁਫ਼ਤ ਬਿਜਲੀ ਅਤੇ ਹੁਣ ਔਰਤਾਂ ਦੇ ਖਾਤੇ ਵਿੱਚ 1000 ਤੋਂ 1500 ਰੁਪਏ ਪ੍ਰਤੀ ਮਹੀਨਾ ਪਾਉਣ ਦੇ ਚਤੁਰਾਈ ਭਰੇ ਵਾਅਦਿਆਂ ਸਿਰ 2027 ਦੀਆਂ ਚੋਣਾਂ ਜਿੱਤਣ ਲਈ ਪੂਰੀ ਤਰ੍ਹਾਂ ਆਸਵੰਦ ਦਿਖਾਈ ਦੇ ਰਹੀ ਹੈ। ਇਸ ਦੇ ਨਾਲ ਹੀ ਸਫ਼ਾਈ ਕਰਮਚਾਰੀਆਂ, ਸਕੂਲ ਅਧਿਆਪਕਾਂ ਅਤੇ ਸਰਪੰਚਾਂ ਵਰਗੇ ਪ੍ਰਭਾਵਸ਼ਾਲੀ ਵਰਗਾਂ ਦੇ ਗਿਲੇ-ਸ਼ਿਕਵੇ ਦੂਰ ਕਰਨ ਦਾ ਭਰੋਸਾ ਦੇ ਕੇ ਇੱਕ ਅਜਿਹਾ ਫਾਰਮੂਲਾ ਘੜਿਆ ਜਾ ਰਿਹਾ ਹੈ ਜਿਸ ਵਿੱਚ ਹਰ ਕਿਸੇ ਲਈ ਕੁਝ ਨਾ ਕੁਝ ਜ਼ਰੂਰ ਹੋਵੇ। ਪਰ ਸਿਆਸੀ ਬੁੱਧੀਜੀਵੀਆਂ ਅਤੇ ਆਰਥਿਕ ਮਾਹਿਰਾਂ ਨੇ ਇਸ 'ਮੁਫ਼ਤਖੋਰੀ' ਦੀ ਸਿਆਸਤ 'ਤੇ ਵੱਡੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਅਨੁਸਾਰ, ਸੋਸ਼ਲ ਸਕਿਉਰਿਟੀ (ਸਮਾਜਿਕ ਸੁਰੱਖਿਆ) ਅਤੇ ਮੁਫ਼ਤਖੋਰੀ ਵਿੱਚ ਇੱਕ ਬਹੁਤ ਬਾਰੀਕ ਪਰ ਅਹਿਮ ਫ਼ਰਕ ਹੁੰਦਾ ਹੈ। 1980 ਦੇ ਦਹਾਕੇ ਵਿੱਚ ਪ੍ਰਤੀ ਜੀਅ ਆਮਦਨ ਵਿੱਚ ਪੂਰੇ ਦੇਸ਼ ਵਿਚੋਂ ਮੋਹਰੀ ਰਹਿਣ ਵਾਲਾ ਪੰਜਾਬ ਅੱਜ ਭਾਰੀ ਕਰਜ਼ੇ ਦੀ ਪੰਡ ਹੇਠ ਦਬਿਆ ਹੋਇਆ ਹੈ।

ਸਿਆਸੀ ਮਾਹਿਰ ਇਸ ਸਬੰਧੀ ਤਾਮਿਲਨਾਡੂ ਦੀ ਉਦਾਹਰਣ ਦਿੰਦੇ ਹਨ, ਜਿੱਥੇ ਮੁਫ਼ਤ ਦੀਆਂ ਸੌਗਾਤਾਂ ਵੰਡਣ ਵਿੱਚ ਮੋਹਰੀ ਰਹਿਣ ਵਾਲੀਆਂ ਦੋਵੇਂ ਦ੍ਰਾਵਿੜ ਪਾਰਟੀਆਂ ਦੇ ਬਾਵਜੂਦ, ਪਿਛਲੀਆਂ ਚੋਣਾਂ ਵਿੱਚ ਜਨਤਾ ਨੇ ਇਸ ਸਿਆਸਤ ਨੂੰ ਪੂਰੀ ਤਰ੍ਹਾਂ ਨਕਾਰ ਕੇ ਇਤਿਹਾਸ ਸਿਰਜ ਦਿੱਤਾ ਸੀ ਕਿਉਂਕਿ ਵੱਧ ਆਮਦਨ ਦੇ ਬਾਵਜੂਦ ਉਹ ਸੂਬਾ ਵੀ ਕਰਜ਼ਾਈ ਹੋ ਚੁੱਕਾ ਸੀ। ਪੰਜਾਬ ਦੀ ਤ੍ਰਾਸਦੀ ਇਹ ਹੈ ਕਿ ਇਹ ਖੇਤੀ ਪ੍ਰਧਾਨ ਸੂਬਾ ਹੋਣ ਦੇ ਬਾਵਜੂਦ ਅੱਜ ਤੱਕ ਇੱਥੇ ਕੋਈ ਠੋਸ ਖੇਤੀ ਨੀਤੀ ਨਹੀਂ ਬਣ ਸਕੀ, ਜਿਸ ਕਾਰਨ ਫ਼ਸਲੀ ਵਿਭਿੰਨਤਾ ਵਰਗੇ ਗੰਭੀਰ ਮੁੱਦੇ ਵੀ ਉਲਝਣਾਂ ਦਾ ਸ਼ਿਕਾਰ ਹੋ ਕੇ ਰਹਿ ਗਏ ਹਨ। ਅਜਿਹੀਆਂ ਨੀਤੀਆਂ ਨੇ ਖ਼ੁਦਦਾਰ ਪੰਜਾਬੀਆਂ ਨੂੰ ਮੰਗਤੇ ਬਣਾਉਣ ਦੇ ਰਾਹ ਪਾ ਦਿੱਤਾ ਹੈ, ਜੋ ਸੂਬੇ ਦੇ ਲੰਮੇ ਸਮੇਂ ਦੇ ਵਿਕਾਸ ਲਈ ਵਿਨਾਸ਼ਕਾਰੀ ਸਾਬਤ ਹੋ ਸਕਦਾ ਹੈ।

ਚੌਕੋਣੇ ਮੁਕਾਬਲੇ ਵਿੱਚ ਫਸੀਆਂ ਸਿਆਸੀ ਧਿਰਾਂ ਦੀ ਮੌਜੂਦਾ ਸਥਿਤੀ-ਪੰਜਾਬ ਵਿੱਚ ਇਸ ਵੇਲੇ ਸੱਤਾ ਦੀ ਜੰਗ ਬੇਹੱਦ ਰੋਮਾਂਚਕ ਅਤੇ ਅਨਿਸ਼ਚਿਤ ਦੌਰ ਵਿੱਚ ਹੈ, ਜਿੱਥੇ ਕੋਈ ਵੀ ਸਿਆਸੀ ਪਾਰਟੀ ਇਕੱਲੇ ਦਮ 'ਤੇ ਪੂਰੀ ਤਰ੍ਹਾਂ ਸੁਰੱਖਿਅਤ ਨਜ਼ਰ ਨਹੀਂ ਆ ਰਹੀ। ਜਿੱਥੇ ਇੱਕ ਪਾਸੇ 'ਆਪ' ਸਰਕਾਰ ਆਪਣੀਆਂ ਮੁਫ਼ਤ ਸਹੂਲਤਾਂ ਦੇ ਦਮ 'ਤੇ ਮਜ਼ਬੂਤ ਹੋਣ ਦਾ ਦਾਅਵਾ ਕਰ ਰਹੀ ਹੈ, ਉੱਥੇ ਹੀ ਮੁੱਖ ਮੰਤਰੀ ਭਗਵੰਤ ਮਾਨ ਸਿਰ ਲੱਗੇ ਬੇਅਦਬੀ ਦੇ ਕਥਿਤ ਦੋਸ਼ਾਂ ਵਾਲੀ ਵਾਇਰਲ ਵੀਡੀਓ ਅਤੇ ਧਾਰਮਿਕ ਟਕਰਾਅ ਕਾਰਨ ਪਾਰਟੀ ਬੈਕਫੁੱਟ 'ਤੇ ਦਿਖਾਈ ਦੇ ਰਹੀ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਿੱਖ ਸੰਗਤ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਮੂੰਹ ਨਾ ਲਾਉਣ ਦੇ ਦਿੱਤੇ ਗਏ ਆਦੇਸ਼ ਅਤੇ ਪੰਜਾਬ ਭਰ ਦੇ ਇਤਿਹਾਸਕ ਗੁਰਦੁਆਰਿਆਂ ਵਿੱਚ ਉਨ੍ਹਾਂ ਖ਼ਿਲਾਫ਼ ਬੈਨਰ ਲਗਾਉਣ ਦੇ ਹੁਕਮਾਂ ਨੇ ਸੂਬੇ ਦੀ ਰਾਜਨੀਤੀ ਨੂੰ ਪੂਰੀ ਤਰ੍ਹਾਂ ਗਰਮਾ ਦਿੱਤਾ ਹੈ। ਸਿਆਸੀ ਮਾਹਿਰਾਂ ਅਨੁਸਾਰ ਇਸ ਟਕਰਾਅ ਦਾ ਸਿੱਧਾ ਨੁਕਸਾਨ ਆਮ ਆਦਮੀ ਪਾਰਟੀ ਦੇ ਸਿੱਖ ਵੋਟ ਬੈਂਕ ਨੂੰ ਹੋਵੇਗਾ, ਜੋ ਪਹਿਲਾਂ ਹੀ ਪਾਰਟੀ ਤੋਂ ਦੂਰ ਹੁੰਦਾ ਪ੍ਰਤੀਤ ਹੋ ਰਿਹਾ ਹੈ। ਹਾਲਾਂਕਿ, ਜ਼ਮੀਨੀ ਪੱਧਰ 'ਤੇ ਅਜਿਹੀਆਂ ਰਿਪੋਰਟਾਂ ਵੀ ਹਨ ਕਿ ਕੁਝ ਸੁਤੰਤਰ ਗੁਰਦੁਆਰਾ ਕਮੇਟੀਆਂ ਅਤੇ ਸਿੰਘ ਸਭਾਵਾਂ ਅਜੇ ਇਸ ਫੈਸਲੇ ਨੂੰ ਮੰਨਣ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਹਨ। ਜੇਕਰ ਆਗਾਮੀ ਚੋਣਾਂ ਤੋਂ ਬਾਅਦ 'ਆਪ' ਸਰਕਾਰ ਮੁੜ ਸੱਤਾ ਵਿੱਚ ਆ ਜਾਂਦੀ ਹੈ, ਤਾਂ ਅਕਾਲ ਤਖ਼ਤ ਸਾਹਿਬ ਦੇ ਇਸ ਆਦੇਸ਼ ਦੇ ਪ੍ਰਭਾਵ ਅਤੇ ਹੋਂਦ ਨੂੰ ਲੈ ਕੇ ਭਵਿੱਖ ਵਿੱਚ ਕਈ ਨਵੀਆਂ ਪਿਰਤਾਂ ਪੈਣਗੀਆਂ ਅਤੇ ਇਤਿਹਾਸਕ ਸਵਾਲ ਖੜ੍ਹੇ ਹੋਣਗੇ।

ਦੂਜੇ ਪਾਸੇ, ਭਾਰਤੀ ਜਨਤਾ ਪਾਰਟੀ ਦੇ ਨਵੇਂ ਸੂਬਾ ਪ੍ਰਧਾਨ ਨਿਤਿਨ ਨਬੀਨ ਵੱਲੋਂ ਅੰਮ੍ਰਿਤਸਰ, ਲੁਧਿਆਣਾ ਅਤੇ ਜਲੰਧਰ ਦੇ ਕੀਤੇ ਦੌਰਿਆਂ ਨੇ ਪਾਰਟੀ ਵਰਕਰਾਂ ਵਿੱਚ ਨਵਾਂ ਉਤਸ਼ਾਹ ਤਾਂ ਭਰਿਆ ਹੈ, ਪਰ ਜ਼ਮੀਨੀ ਹਕੀਕਤ ਇਹ ਦੱਸਦੀ ਹੈ ਕਿ ਭਾਜਪਾ ਕੋਲ ਅਜੇ ਵੀ ਸੂਬੇ ਦੀਆਂ ਸਾਰੀਆਂ 117 ਸੀਟਾਂ 'ਤੇ ਚੋਣ ਲੜਨ ਲਈ ਮਜ਼ਬੂਤ ਉਮੀਦਵਾਰ ਮੌਜੂਦ ਨਹੀਂ ਹਨ।

ਇਸ ਦੌਰਾਨ ਕਾਂਗਰਸ ਪਾਰਟੀ ਅੰਦਰੂਨੀ ਫੁੱਟ ਅਤੇ ਮੁੱਖ ਮੰਤਰੀ ਅਹੁਦੇ ਦੇ ਪੰਜ ਸਵੈ-ਘੋਸ਼ਿਤ ਦਾਅਵੇਦਾਰਾਂ ਦੀ ਲੜਾਈ ਨਾਲ ਜੂਝ ਰਹੀ ਹੈ, ਭਾਵੇਂ ਕਿ ਹਾਲ ਹੀ ਦੀਆਂ ਸਥਾਨਕ ਚੋਣਾਂ ਵਿੱਚ ਦੂਜੇ ਨੰਬਰ 'ਤੇ ਰਹਿ ਕੇ ਉਸ ਨੇ ਇਹ ਸਾਬਤ ਕੀਤਾ ਹੈ ਕਿ ਲੋਕਾਂ ਦੇ ਮਨਾਂ ਵਿੱਚ ਕਾਂਗਰਸ ਦੀ ਵਿਚਾਰਧਾਰਾ ਪ੍ਰਤੀ ਵਫ਼ਾਦਾਰੀ ਦੀ ਇੱਕ ਚੰਗਿਆੜੀ ਅਜੇ ਵੀ ਬਾਕੀ ਹੈ। ਸ਼੍ਰੋਮਣੀ ਅਕਾਲੀ ਦਲ ਲਈ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਕੀ ਪੰਜਾਬ ਦੇ ਲੋਕ ਉਨ੍ਹਾਂ ਨੂੰ 2015 ਦੇ ਬਰਗਾੜੀ ਬੇਅਦਬੀ ਕਾਂਡ ਦੇ ਗੁਨਾਹ ਲਈ ਮੁਆਫ਼ ਕਰ ਚੁੱਕੇ ਹਨ? ਅਜਿਹੀ ਸਥਿਤੀ ਵਿੱਚ, ਸਿਆਸੀ ਗਲਿਆਰਿਆਂ ਵਿੱਚ ਇਹ ਚਰਚਾ ਤੇਜ਼ ਹੈ ਕਿ 2020 ਦੇ ਖੇਤੀ ਕਾਨੂੰਨਾਂ ਕਾਰਨ ਪੈਦਾ ਹੋਈ ਕੜਵਾਹਟ ਨੂੰ ਭੁਲਾ ਕੇ ਭਾਜਪਾ ਅਤੇ ਅਕਾਲੀ ਦਲ ਆਖ਼ਰਕਾਰ ਮੁੜ ਗਲਵਕੜੀ ਪਾ ਸਕਦੇ ਹਨ, ਕਿਉਂਕਿ ਇਕੱਲੇ ਤੌਰ 'ਤੇ ਦੋਵੇਂ ਪਾਰਟੀਆਂ ਪੈਰ ਜਮਾਉਣ ਦੀ ਹਾਲਤ ਵਿੱਚ ਨਹੀਂ ਹਨ। ਇਸ ਦੇ ਨਾਲ ਹੀ ਜੇਲ੍ਹ ਵਿੱਚ ਬੰਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਜਥੇਬੰਦੀ 'ਵਾਰਿਸ ਪੰਜਾਬ ਦੇ' ਵੀ ਚੋਣ ਮੈਦਾਨ ਵਿੱਚ ਇੱਕ ਤੀਖਣ ਅਨਿਸ਼ਚਿਤਤਾ ਪੈਦਾ ਕਰ ਰਹੀ ਹੈ।

ਸਿਆਸੀ ਪਾਰਟੀਆਂ ਭਾਵੇਂ ਆਪਣੇ ਅੱਜ ਨੂੰ ਚਮਕਾਉਣ ਲਈ ਇਤਿਹਾਸ ਦਾ ਸਹਾਰਾ ਲੈ ਰਹੀਆਂ ਹਨ-ਜਿਵੇਂ 'ਆਪ' ਵੱਲੋਂ ਸ਼ਹੀਦ ਭਗਤ ਸਿੰਘ ਦੇ ਨਾਂ ਦੀ ਵਰਤੋਂ ਅਤੇ ਭਾਜਪਾ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੇ 'ਸਰਕਾਰ-ਏ-ਖ਼ਾਲਸਾ' ਦੀ ਦੁਹਾਈ-ਪਰ ਪੰਜਾਬ ਦੇ ਅਸਲ ਅਤੇ ਹਕੀਕੀ ਸੰਕਟ ਬੇਹੱਦ ਡਰਾਉਣੇ ਹਨ। ਭਾਰਤ-ਪਾਕਿਸਤਾਨ ਸਰਹੱਦ 'ਤੇ ਹਰ ਰੋਜ਼ ਰਾਡਾਰ ਦੀ ਅੱਖ ਤੋਂ ਬਚ ਕੇ ਨੀਵਾਂ ਉੱਡਣ ਵਾਲੇ ਆਧੁਨਿਕ ਡਰੋਨਾਂ ਰਾਹੀਂ ਹੈਰੋਇਨ ਅਤੇ ਹਥਿਆਰਾਂ ਦੀਆਂ ਵੱਡੀਆਂ ਖੇਪਾਂ ਭਾਰਤ ਵੱਲ ਧੱਕੀਆਂ ਜਾ ਰਹੀਆਂ ਹਨ। ਹਾਲ ਹੀ ਵਿੱਚ ਅੰਮ੍ਰਿਤਸਰ ਵਿਖੇ ਇੱਕ ਸਥਾਨਕ ਭਾਜਪਾ ਆਗੂ ਦੇ ਪੁੱਤਰ ਕੋਲੋਂ ਅਖ-47 ਸਮੇਤ 26 ਆਧੁਨਿਕ ਹਥਿਆਰਾਂ ਦੀ ਬਰਾਮਦਗੀ ਨੇ ਸਿਆਸਤ ਅਤੇ ਨਸ਼ਾ ਤਸਕਰੀ ਦੇ ਗੰਭੀਰ ਗਠਜੋੜ ਨੂੰ ਜਨਤਕ ਕੀਤਾ ਹੈ। ਸਰਕਾਰ ਵੱਲੋਂ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸ਼ਲਾਘਾਯੋਗ ਜ਼ਰੂਰ ਹੈ, ਪਰ ਚਿੱਟੇ (ਹੈਰੋਇਨ) ਕਾਰਨ ਬਰਬਾਦ ਹੋ ਰਹੇ ਹੱਸਦੇ-ਖੇਡਦੇ ਪਰਿਵਾਰਾਂ ਨੂੰ ਬਚਾਉਣ ਲਈ ਸਿਰਫ਼ ਕਾਗਜ਼ੀ ਕਾਰਵਾਈਆਂ ਜਾਂ ਇੱਕ-ਦੂਜੇ 'ਤੇ ਦੋਸ਼ ਮੜ੍ਹਨ ਦੀ ਸਿਆਸਤ ਕਾਫ਼ੀ ਨਹੀਂ ਹੈ।

ਪ੍ਰਸਿਧ ਚਿੰਤਕ ਗੁਰਤੇਜ ਸਿੰਘ ਦਾ ਕਹਿਣਾ ਹੈ ਕਿ ਪੰਜਾਬ ਦਾ ਗਰਾਫ਼ ਹੇਠਾਂ ਲਿਜਾਣ ਵਿੱਚ ਸਮੇਂ-ਸਮੇਂ ਦੀਆਂ ਸੱਤਾਧਾਰੀ ਧਿਰਾਂ ਅਤੇ ਅਫ਼ਸਰਸ਼ਾਹੀ ਦੀ ਵੱਡੀ ਭੂਮਿਕਾ ਰਹੀ ਹੈ। ਸਾਲ 1997 ਤੋਂ ਲੈ ਕੇ ਅੱਜ ਤੱਕ ਕਦੇ ਵੀ ਪੰਜਾਬ ਵਿਧਾਨ ਸਭਾ ਵਿੱਚ ਸੂਬੇ ਦੇ ਇਸ ਨਿਘਾਰ 'ਤੇ ਨਿੱਠ ਕੇ ਗੰਭੀਰ ਬਹਿਸ ਨਹੀਂ ਹੋਈ। ਪੰਜਾਬ ਦੀ ਨੁਹਾਰ ਬਦਲਣ ਲਈ ਦੂਸ਼ਣਬਾਜ਼ੀ ਦੀ ਸਿਆਸਤ, ਮੁਫ਼ਤ ਦੀਆਂ ਸੌਗਾਤਾਂ ਅਤੇ ਧਾਰਮਿਕ ਧਰੁਵੀਕਰਨ ਨੂੰ ਛੱਡ ਕੇ, ਸਾਰੀਆਂ ਸਿਆਸੀ ਧਿਰਾਂ ਨੂੰ ਇੱਕ ਮੰਚ 'ਤੇ ਇਕੱਠੇ ਹੋ ਕੇ ਇੱਕ ਵਿਆਪਕ ਅਤੇ ਠੋਸ ਆਰਥਿਕ ਰਣਨੀਤੀ ਬਣਾਉਣੀ ਪਵੇਗੀ, ਨਹੀਂ ਤਾਂ ਪੰਜਾਬ ਦਾ ਭਵਿੱਖ ਆਪਣੇ ਹੀ ਦਰਿਆਵਾਂ ਦੇ ਪਾਣੀਆਂ ਵਾਂਗ ਰਾਹਾਂ ਵਿੱਚ ਹੀ ਭਟਕ ਕੇ ਰਹਿ ਜਾਵੇਗਾ।

# ਅਮਰੀਕਾ-ਈਰਾਨ ਜੰਗਬੰਦੀ ਦੇ ਬਾਵਜੂਦ ਆਲਮੀ ਸਥਿਰਤਾ ਡਾਵਾਂਡੋਲ ਕਿਉਂ ?

**✪ ਹੋਰਮੁਜ਼ ਜਲਡਮਰੂ ਵਿਚ ਤੇਲ ਸੰਕਟ ਬਰਕਰਾਰ ਕਿਉਂ ? ✪ ਟਰੰਪ ਦੀ ਹਉਮੈ ਠੁਸ: 'ਓਪਰੇਸ਼ਨ ਐਪਿਕ ਫਿਊਰੀ' ਦੀ ਨਾਕਾਮੀ ਮਗਰੋਂ ਅਮਰੀਕਾ ਮੁੜ ਗੱਲਬਾਤ ਦੀ ਮੇਜ਼ 'ਤੇ ✪ ਤੇਲ ਰਿਫਾਇਨਰੀਆਂ ਦੀ ਤਬਾਹੀ ਕਾਰਨ ਵਿਕਾਸਸ਼ੀਲ ਦੇਸ਼ਾਂ ਸਿਰ ਮੰਡਰਾਈ ਭਾਰੀ ਮਹਿੰਗਾਈ**

ਮੱਧ ਪੂਰਬ ਵਿੱਚ ਚੱਲ ਰਹੀ ਜੰਗ ਅਤੇ ਅਮਰੀਕਾ-ਈਰਾਨ ਵਿਚਾਲੇ ਹੋਏ ਤਾਜ਼ਾ ਜੰਗਬੰਦੀ ਸਮਝੌਤੇ ਨੇ ਵਿਸ਼ਵ ਭਾਈਚਾਰੇ ਨੂੰ ਜਿੱਥੇ ਇੱਕ ਪਾਸੇ ਰਾਹਤ ਦਿੱਤੀ ਹੈ, ਉੱਥੇ ਹੀ ਕਈ ਗੰਭੀਰ ਸਵਾਲ ਵੀ ਖੜ੍ਹੇ ਕਰ ਦਿੱਤੇ ਹਨ। ਦੁਨੀਆ ਭਰ ਦੇ ਤੇਲ ਵਪਾਰ ਦਾ 20 ਫੀਸਦੀ ਹਿੱਸਾ 'ਹੋਰਮੁਜ਼ ਦੇ ਜਲਡਮਰੂ' ਰਾਹੀਂ ਲੰਘਦਾ ਹੈ। ਕੌਮਾਂਤਰੀ ਊਰਜਾ ਏਜੰਸੀ ਮੁਤਾਬਕ ਇਸ ਮਾਰਗ ਦੀ ਨਾਕਾਬੰਦੀ ਕਾਰਨ ਇਤਿਹਾਸ ਦਾ ਸਭ ਤੋਂ ਵੱਡਾ ਤੇਲ ਸੰਕਟ ਪੈਦਾ ਹੋਇਆ ਹੈ। ਹਾਲਾਂਕਿ ਹਾਲ ਹੀ ਵਿੱਚ ਕੁਝ ਜਹਾਜ਼ਾਂ ਦੀ ਆਵਾਜਾਈ ਸ਼ੁਰੂ ਹੋਈ ਹੈ, ਪਰ ਜੰਗ ਤੋਂ ਪਹਿਲਾਂ ਰੋਜ਼ਾਨਾ ਲੰਘਣ ਵਾਲੇ 100 ਜਹਾਜ਼ਾਂ ਦੇ ਮੁਕਾਬਲੇ ਇਹ ਮੌਜੂਦਾ ਸਥਿਤੀ ਅਜੇ ਵੀ ਬਹੁਤ ਨਾਜ਼ੁਕ ਹੈ। ਕਿਉਂਕਿ ਜਹਾਜ਼ਾਂ ਦੀ ਗਿਣਤੀ ਬਹੁਤ ਘੱਟ ਹੋ ਗਈ ਹੈ ਅਤੇ ਸਪਲਾਈ ਚੇਨ ਪੂਰੀ ਤਰ੍ਹਾਂ ਟੁੱਟ ਚੁੱਕੀ ਹੈ। ਜੇ ਅਸੀਂ ਅੰਕੜਿਆਂ ਨੂੰ ਦੇਖੀਏ, ਤਾਂ ਇਹ ਫਰਕ ਬਹੁਤ ਵੱਡਾ ਹੈ:

ਜੰਗ ਤੋਂ ਪਹਿਲਾਂ ਰੋਜ਼ਾਨਾ 100 ਜਹਾਜ਼ ਲੰਘਦੇ ਸਨ (ਯਾਨੀ ਕਿ ਹਫ਼ਤੇ ਵਿੱਚ ਲਗਭਗ 700 ਜਹਾਜ਼)। ਹੁਣ ਦੀ ਸਥਿਤੀ ਅਨੁਸਾਰ ਪਿਛਲੇ ਹਫ਼ਤੇ 18 ਜੂਨ ਤੋਂ ਬਾਅਦ ਸਿਰਫ਼ 284 ਜਹਾਜ਼ ਹੀ ਲੰਘੇ ਹਨ। ਜੇ ਇਸ ਨੂੰ ਰੋਜ਼ਾਨਾ ਦੇ ਹਿਸਾਬ ਨਾਲ ਦੇਖੀਏ, ਤਾਂ ਇਹ ਗਿਣਤੀ ਬਹੁਤ ਘੱਟ ਹੈ।

ਪਿਛਲੇ 4 ਮਹੀਨਿਆਂ ਦੀ ਜੰਗ ਕਾਰਨ ਮੁੱਖ ਤੇਲ ਉਤਪਾਦਕ ਦੇਸ਼ਾਂ ਵਿੱਚ ਤੇਲ ਕੱਢਣ ਦਾ ਕੰਮ ਲਗਭਗ ਬੰਦ ਰਿਹਾ ਹੈ। ਫਿਲਹਾਲ ਜੋ ਤੇਲ ਸਪਲਾਈ ਹੋ ਰਿਹਾ ਹੈ, ਉਹ ਸਿਰਫ਼ ਪਹਿਲਾਂ ਤੋਂ ਜਮ੍ਹਾਂ ਕੀਤਾ ਹੋਇਆ ਸਟਾਕ ਹੈ। ਮਾਹਰਾਂ ਨੂੰ ਡਰ ਹੈ ਕਿ ਜਿਵੇਂ ਹੀ ਇਹ ਪੁਰਾਣਾ ਸਟਾਕ ਖਤਮ ਹੋਇਆ, ਦੁਨੀਆ ਵਿੱਚ ਤੇਲ ਦੀ ਭਾਰੀ ਕਿੱਲਤ ਹੋ ਜਾਵੇਗੀ।

ਈਰਾਨ ਦੇ ਜਵਾਬੀ ਹਮਲਿਆਂ ਕਾਰਨ ਖਾੜੀ ਦੇ ਵੱਡੇ ਦੇਸ਼ਾਂ (ਜਿਵੇਂ ਕਿ ਸਾਊਦੀ ਅਰਬ, ਕਤਰ, ਯੂ.ਐਨ.ਏ., ਓਮਾਨ) ਦੀਆਂ ਅਰਬਾਂ ਡਾਲਰ ਦੀਆਂ ਤੇਲ ਸਹੂਲਤਾਂ ਅਤੇ ਰਿਫਾਇਨਰੀਆਂ ਤਬਾਹ ਹੋ ਚੁੱਕੀਆਂ ਹਨ। ਇਨ੍ਹਾਂ ਨੂੰ ਦੁਬਾਰਾ ਠੀਕ ਕਰਨ ਵਿੱਚ ਮਹੀਨੇ ਜਾਂ ਸਾਲ ਲੱਗ ਸਕਦੇ ਹਨ, ਇਸ ਲਈ ਚਾਹ ਕੇ ਵੀ ਤੇਲ ਦੀ ਸਪਲਾਈ ਤੁਰੰਤ ਪਹਿਲਾਂ ਵਾਂਗ ਸਧਾਰਨ ਨਹੀਂ ਹੋ ਸਕਦੀ।

ਭਾਵੇਂ ਜੰਗਬੰਦੀ ਹੋ ਗਈ ਹੈ, ਪਰ ਸਮੁੰਦਰੀ ਜਹਾਜ਼ਾਂ ਦੀਆਂ ਬੀਮਾ ਕੰਪਨੀਆਂ ਅਤੇ ਵਪਾਰੀ ਅਜੇ ਵੀ ਇਸ ਰਸਤੇ ਤੋਂ ਜਹਾਜ਼ ਲੰਘਾਉਣ ਤੋਂ ਡਰ ਰਹੇ ਹਨ। ਜੰਗਬੰਦੀ ਦੇ ਅਗਲੇ ਹੀ ਦਿਨ ਹੋਏ ਹਮਲਿਆਂ ਨੇ ਇਸ ਡਰ ਨੂੰ ਹੋਰ ਵਧਾ ਦਿੱਤਾ ਹੈ। ਜਦੋਂ ਤੱਕ ਇਸ ਰਸਤੇ ਤੋਂ ਪਹਿਲਾਂ ਵਾਂਗ ਰੋਜ਼ਾਨਾ 100 ਜਹਾਜ਼ ਲੰਘਣੇ ਸ਼ੁਰੂ ਨਹੀਂ ਹੁੰਦੇ, ਉਦੋਂ ਤੱਕ ਦੁਨੀਆ ਭਰ ਵਿੱਚ ਕੱਚੇ ਤੇਲ, ਗੈਸ ਅਤੇ ਖਾਦਾਂ ਦੀ ਕਮੀ ਰਹੇਗੀ। ਇਸ ਕਮੀ ਕਾਰਨ ਨਾਈਜੀਰੀਆ ਵਰਗੇ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਮਹਿੰਗਾਈ ਆਮ ਲੋਕਾਂ ਦਾ ਲਕ ਤੋੜਦੀ ਰਹੇਗੀ।

ਇਸ ਤ੍ਰਿਪੱਖੀ ਸ਼ਾਂਤੀ ਸਮਝੌਤੇ ਦੇ ਤਹਿਤ ਈਰਾਨ ਇਸ ਗੱਲ ਦੀ ਪੁਸ਼ਟੀ ਕਰੇਗਾ ਕਿ ਉਹ ਪ੍ਰਮਾਣੂ ਹਥਿਆਰ ਨਹੀਂ ਬਣਾਏਗਾ ਅਤੇ ਅੰਤਰਰਾਸ਼ਟਰੀ ਪ੍ਰਮਾਣੂ ਊਰਜਾ ਏਜੰਸੀ ਦੀ ਨਿਗਰਾਨੀ ਹੇਠ ਆਪਣੇ ਪ੍ਰਮਾਣੂ ਪਦਾਰਥਾਂ ਦੇ ਭੰਡਾਰ ਨੂੰ ਖਤਮ ਕਰੇਗਾ। ਬਦਲੇ ਵਿੱਚ, ਅਮਰੀਕਾ ਅਤੇ ਉਸਦੇ ਸਹਿਯੋਗੀ ਦੇਸ਼ ਈਰਾਨ ਨੂੰ ਜੰਗ ਤੋਂ ਬਾਅਦ ਮੁੜ ਨਿਰਮਾਣ ਅਤੇ ਆਰਥਿਕ ਵਿਕਾਸ ਲਈ 300 ਅਰਬ ਡਾਲਰ ਦੇਣਗੇ।

ਇਸ "ਆਖਰੀ ਡੀਲ" ਦਾ ਸਭ ਤੋਂ ਵੱਧ ਇੰਤਜ਼ਾਰ ਨਾਈਜੀਰੀਆ ਵਰਗੇ ਦੇਸ਼ਾਂ ਨੂੰ ਹੈ, ਜਿੱਥੇ ਇਸ ਜੰਗ ਕਾਰਨ ਵਧੀ ਮਹਿੰਗਾਈ ਨੇ ਆਮ ਲੋਕਾਂ ਦਾ ਜੀਵਨ ਮੰਦਹਾਲੀ ਵਿਚ ਪਹੁੰਚਾ ਦਿੱਤਾ ਹੈ। ਆਲਮੀ ਆਰਥਿਕ ਸਥਿਰਤਾ ਲਈ ਇਸ ਸਮਝੌਤੇ ਦਾ ਸਿਰੇ ਚੜ੍ਹਨਾ ਬਹੁਤ ਜ਼ਰੂਰੀ ਹੈ।

ਸ਼ਾਂਤੀ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਜ਼ਮੀਨੀ ਹਕੀਕਤ ਬਹੁਤ ਚਿੰਤਾਜਨਕ ਹੈ। ਈਰਾਨ ਦੇ ਸਰਵਉੱਚ ਨੇਤਾ



ਆਯਾਤੁੱਲਾ ਅਲੀ ਖਾਮੇਨੇਈ ਦੀ ਇਜ਼ਰਾਈਲੀ ਹਮਲੇ ਵਿੱਚ ਮੌਤ ਤੋਂ ਬਾਅਦ ਹਿਜ਼ਬੁੱਲਾ ਇਸ ਜੰਗ ਵਿੱਚ ਸਿੱਧੇ ਤੌਰ 'ਤੇ ਕੁੱਦ ਪਿਆ ਸੀ। ਜੰਗਬੰਦੀ ਦੇ ਅਗਲੇ ਹੀ ਦਿਨ ਇਜ਼ਰਾਈਲ ਨੇ ਲੇਬਨਾਨ ਵਿੱਚ ਹਮਲਾ ਕਰਕੇ 67 ਲੋਕਾਂ ਨੂੰ ਮਾਰ ਦਿੱਤਾ ਸੀ, ਜਦਕਿ ਹਿਜ਼ਬੁੱਲਾ ਦੀ ਜਵਾਬੀ ਕਾਰਵਾਈ ਵਿੱਚ ਵੀ ਮੌਤਾਂ ਹੋਈਆਂ ਸਨ। ਹਾਲਾਂਕਿ, ਅਮਰੀਕਾ ਅਤੇ ਈਰਾਨ ਵਿਚਾਲੇ ਗਲਤਫਹਿਮੀਆਂ ਨੂੰ ਦੂਰ ਕਰਨ ਲਈ ਇੱਕ 'ਡੀ-ਕਨਫਲਿਕਸ਼ਨ ਸੈੱਲ' ਅਤੇ ਸਿੱਧੀ ਸੰਚਾਰ ਲਾਈਨ ਬਣਾਈ ਗਈ ਹੈ, ਪਰ ਦੋਵਾਂ ਦੇਸ਼ਾਂ ਵੱਲੋਂ ਹਾਲ ਹੀ ਵਿੱਚ ਹੋਏ ਫੌਜੀ ਹਮਲਿਆਂ ਨੇ ਇਸ ਸਮਝੌਤੇ ਦੀ ਮਜ਼ਬੂਤੀ 'ਤੇ ਸਵਾਲ ਖੜ੍ਹੇ ਕੀਤੇ ਹਨ।

ਇਸ ਪੂਰੇ ਘਟਨਾਕ੍ਰਮ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਨੀਤੀ ਵੱਡੇ ਸਵਾਲਾਂ ਦੇ ਘੇਰੇ ਵਿੱਚ ਹੈ। ਜਦੋਂ ਜਨੇਵਾ ਵਿੱਚ ਤੀਜੇ ਦੌਰ ਦੀ ਗੱਲਬਾਤ ਚੱਲ ਰਹੀ ਸੀ, ਤਾਂ ਟਰੰਪ ਨੇ "ਓਪਰੇਸ਼ਨ ਐਪਿਕ ਫਿਊਰੀ" ਸ਼ੁਰੂ ਕਰਕੇ ਇੱਕ ਵੱਡੀ ਗਲਤੀ ਕੀਤੀ। ਇਸ ਜੰਗ ਕਾਰਨ 7,300 ਤੋਂ ਵੱਧ ਈਰਾਨੀ ਨਾਗਰਿਕਾਂ ਦੀ ਜਾਨ ਗਈ ਅਤੇ ਅਮਰੀਕੀ ਖਜ਼ਾਨੇ ਨੂੰ 29 ਅਰਬ ਡਾਲਰ ਦਾ ਨੁਕਸਾਨ ਹੋਇਆ। ਵ੍ਹਾਈਟ ਹਾਊਸ ਹੁਣ ਹੋਰ 87.6 ਅਰਬ ਡਾਲਰ ਦੀ ਮੰਗ ਕਰ ਰਿਹਾ ਹੈ, ਜਿਸ ਕਾਰਨ ਖੁਦ ਅਮਰੀਕੀ ਸੰਸਦ ਮੈਂਬਰ ਟਰੰਪ ਦੀ ਆਲੋਚਨਾ ਕਰ ਰਹੇ ਹਨ। ਪਹਿਲਾਂ ਬਾਰਕ ਓਬਾਮਾ ਅਤੇ ਜੋ ਬਾਈਡੇਨ ਦੀ ਗੱਲਬਾਤ ਦੀ ਨੀਤੀ ਨੂੰ ਕੋਸਣ ਵਾਲੇ ਟਰੰਪ ਅੱਜ ਖੁਦ ਉਸੇ ਮੇਜ਼ 'ਤੇ ਆ ਗਏ ਹਨ।

ਇਸ ਜੰਗ ਨੇ ਇਹ ਸਾਬਤ ਕਰ ਦਿੱਤਾ ਹੈ ਕਿ "ਸਾਰੀਆਂ ਜੰਗਾਂ ਦਾ ਅੰਤ ਆਖਰਕਾਰ ਗੱਲਬਾਤ ਦੀ ਮੇਜ਼ 'ਤੇ ਹੀ ਹੁੰਦਾ ਹੈ।" ਰਾਸ਼ਟਰਪਤੀ ਟਰੰਪ ਨੂੰ ਆਪਣੀ ਹਉਮੈ ਨੂੰ ਛੱਡ ਕੇ ਅੰਤਰਰਾਸ਼ਟਰੀ ਸ਼ਾਂਤੀ, ਮਨੁੱਖਤਾ ਅਤੇ ਤਰਕ ਨੂੰ ਪਹਿਲ ਦੇਣੀ ਚਾਹੀਦੀ ਹੈ ਤਾਂ ਜੋ ਦੁਨੀਆ ਨੂੰ ਇਸ ਭਿਆਨਕ ਸੰਕਟ ਤੋਂ ਮੁਕਤੀ ਮਿਲ ਸਕੇ।

# ਆਗਰਾ ਵਿਚ ਪਤਨੀ ਨੇ ਪਤੀ ਦਾ ਕਤਲ ਕਰਕੇ ਬਾਥਰੂਮ ਵਿਚ ਦਫ਼ਨਾਈ ਲਾਸ਼, ਉੱਪਰ ਲਗਵਾਈਆਂ ਟਾਈਲਾਂ

ਆਗਰਾ-ਉੱਤਰ ਪ੍ਰਦੇਸ਼ ਦੇ ਆਗਰਾ ਜ਼ਿਲ੍ਹੇ ਦੇ ਸਿਕੰਦਰਾ ਥਾਣਾ ਖੇਤਰ ਤੋਂ ਇੱਕ ਰੂਹ ਕੰਬਾਊ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇੱਕ ਪਤਨੀ ਰੂਬੀ ਨੇ ਆਪਣੇ ਪਤੀ 44 ਸਾਲਾ ਸੁਰਿੰਦਰ ਕੁਮਾਰ ਸ਼ਰਮਾ ਦਾ ਬੇਰਹਿਮੀ ਨਾਲ ਕਤਲ ਕਰਨ ਤੋਂ ਬਾਅਦ ਉਸ ਦੀ ਲਾਸ਼ ਨੂੰ ਘਰ ਦੇ ਬਾਥਰੂਮ ਵਿੱਚ ਹੀ ਦਫ਼ਨਾ ਦਿੱਤਾ। ਇਸ ਭਿਆਨਕ ਰਾਜ਼ 'ਤੇ ਪਰਦਾ ਪਾਉਣ ਲਈ ਉਸ ਨੇ ਲਾਸ਼ ਦੇ ਉੱਪਰ ਪੱਕਾ ਫਰਸ਼ ਬਣਵਾ ਕੇ ਨਵੀਆਂ ਟਾਈਲਾਂ ਵੀ ਲਗਵਾ ਦਿੱਤੀਆਂ।

18 ਮਈ ਨੂੰ ਪਤਨੀ ਨੇ ਸੁਰਿੰਦਰ ਦੇ ਲਾਪਤਾ ਹੋਣ ਦਾ ਡਰਾਮਾ ਰਚ ਦਿਤਾ ਅਤੇ 26 ਮਈ ਨੂੰ ਪਤਨੀ ਨੇ ਖੁਦ ਥਾਣੇ ਵਿੱਚ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕਰਵਾਈ ਸੀ। ਕਰੀਬ 45 ਦਿਨਾਂ ਤੱਕ ਪਤੀ ਦੇ ਲਾਪਤਾ ਹੋਣ ਦਾ ਡਰਾਮਾ ਰਚਦੀ ਰਹੀ। ਪੁਲੀਸ ਨੇ ਹੁਣ ਫਰਸ਼ ਪੁੱਟ ਕੇ ਗਲੀ-ਸੜੀ ਲਾਸ਼ ਬਰਾਮਦ ਕਰ ਲਈ ਹੈ ਅਤੇ ਮੁਲਜ਼ਮ ਮਹਿਲਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਇੰਝ ਹੋਇਆ ਅੰਨ੍ਹੇ ਕਤਲਕਾਂਡ ਦਾ ਖੁਲਾਸਾ-ਇਸ ਖ਼ੌਫ਼ਨਾਕ ਵਾਰਦਾਤ ਦਾ ਖੁਲਾਸਾ ਉਦੋਂ ਹੋਇਆ ਜਦੋਂ ਮ੍ਰਿਤਕ ਸੁਰਿੰਦਰ ਦੇ ਵੱਡੇ ਭਰਾ ਨੇ ਪੁਲੀਸ ਕੋਲ ਰੂਬੀ ਦੇ ਸ਼ੱਕੀ ਵਿਵਹਾਰ ਬਾਰੇ ਖ਼ਦਸ਼ਾ ਪ੍ਰਗਟਾਇਆ। ਸ਼ੱਕ ਦੇ ਆਧਾਰ 'ਤੇ ਜਦੋਂ ਪੁਲੀਸ ਰੂਬੀ ਦੇ ਘਰ ਪਹੁੰਚੀ ਤਾਂ ਉਹ ਘਬਰਾ ਗਈ।

ਪੁਲੀਸ ਵੱਲੋਂ ਸਖ਼ਤੀ ਨਾਲ ਕੀਤੀ ਗਈ ਪੁੱਛਗਿੱਛ ਦੌਰਾਨ ਰੂਬੀ ਨੇ ਆਪਣਾ ਜੁਰਮ ਕਬੂਲ ਕਰ ਲਿਆ। ਇਸ ਤੋਂ ਬਾਅਦ ਪੁਲੀਸ ਨੇ ਮੈਜਿਸਟ੍ਰੇਟ ਦੀ ਹਾਜ਼ਰੀ ਵਿੱਚ ਬਾਥਰੂਮ ਦੀਆਂ ਟਾਈਲਾਂ ਤੁੜਵਾ ਕੇ ਖੁਦਾਈ ਕਰਵਾਈ, ਜਿੱਥੋਂ ਸੁਰਿੰਦਰ ਦੀ ਗਲੀ-ਸੜੀ ਲਾਸ਼ ਬਰਾਮਦ ਹੋਈ। ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ।

ਖੀਰ ਵਿੱਚ ਮਿਲਾਈਆਂ 20 ਤੋਂ ਵੱਧ ਨੀਂਦ ਦੀਆਂ ਗੋਲੀਆਂ-ਮੁਲਜ਼ਮ ਪਤਨੀ ਰੂਬੀ ਨੇ ਪੁਲੀਸ ਨੂੰ ਦੱਸਿਆ ਕਿ ਉਸ ਦਾ ਪਤੀ ਅਕਸਰ ਸ਼ਰਾਬ ਪੀ ਕੇ ਉਸ ਨਾਲ ਕੁੱਟਮਾਰ ਅਤੇ ਝਗੜਾ ਕਰਦਾ ਸੀ, ਜਿਸ ਤੋਂ ਉਹ ਬੇਹੱਦ ਪਰੇਸ਼ਾਨ ਸੀ। ਇਸੇ ਕਰਕੇ ਉਸ ਨੇ ਕਤਲ ਦੀ ਪੂਰੀ ਸਾਜ਼ਿਸ਼ ਰਚੀ: ਰੂਬੀ ਨੇ ਇੱਕ ਯੋਜਨਾ ਤਹਿਤ ਆਪਣੀ ਸੱਸ (ਕਮਲਾ) ਅਤੇ ਦੋਵਾਂ ਧੀਆਂ ਨੂੰ ਬਹਾਨੇ ਨਾਲ ਆਪਣੇ ਜੇਠ ਦੇ ਘਰ ਭੇਜ ਦਿੱਤਾ। ਉਸ ਨੇ ਸੁਰਿੰਦਰ ਲਈ ਖੀਰ ਬਣਾਈ ਅਤੇ ਉਸ ਵਿੱਚ 20 ਤੋਂ ਵੱਧ ਨੀਂਦ ਦੀਆਂ ਗੋਲੀਆਂ ਮਿਲਾ ਦਿੱਤੀਆਂ। ਜਦੋਂ ਸੁਰਿੰਦਰ ਬੇਹੋਸ਼ ਹੋ ਕੇ ਗੂੜ੍ਹੀ ਨੀਂਦ ਸੌਂ ਗਿਆ, ਤਾਂ ਰੂਬੀ ਨੇ ਉਸ ਦਾ ਕਤਲ ਕਰ ਦਿੱਤਾ ਅਤੇ ਲਾਸ਼ ਨੂੰ ਬਾਥਰੂਮ ਵਿੱਚ ਟੋਆ ਪੁੱਟ ਕੇ ਦੱਬ ਦਿੱਤਾ।

ਸਬੂਤ ਮਿਟਾਉਣ ਲਈ ਲਗਵਾਈਆਂ ਟਾਈਲਾਂ: ਅਗਲੇ ਹੀ ਦਿਨ ਉਸ ਨੇ ਮਿਸਤਰੀ ਬੁਲਾ ਕੇ ਬਾਥਰੂਮ ਵਿੱਚ ਪੱਕਾ ਫਰਸ਼ ਬਣਵਾ ਕੇ ਉੱਪਰ ਨਵੀਆਂ ਟਾਈਲਾਂ ਲਗਵਾ ਦਿੱਤੀਆਂ ਤਾਂ ਜੋ ਕਿਸੇ ਨੂੰ ਕੋਈ ਸ਼ੱਕ ਨਾ ਹੋਵੇ। ਪੁਲੀਸ ਨੇ ਮੁਲਜ਼ਮ ਮਹਿਲਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਹੁਣ ਇਸ ਗੱਲ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਕਿ ਕੀ ਇਸ ਖ਼ੌਫ਼ਨਾਕ ਵਾਰਦਾਤ ਵਿੱਚ ਰੂਬੀ ਦੇ ਨਾਲ ਕੋਈ ਹੋਰ ਵਿਅਕਤੀ ਵੀ ਸ਼ਾਮਲ ਸੀ ਜਾਂ ਨਹੀਂ।

# ਬ੍ਰਿਟੇਨ ਵਿਚ ਨਸਲਵਾਦ ਦੀ ਮੁੜ ਵਾਪਸੀ

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

**✪ ਸਿੱਖ ਭਾਈਚਾਰੇ ਨੇ ਵੀ ਜਤਾਈ ਸੁਰੱਖਿਆ ਨੂੰ ਲੈ ਕੇ ਚਿੰਤਾ ✪ ਪ੍ਰਵਾਸੀ ਵਿਰੋਧੀ ਸਿਆਸਤ ਤੇ ਹਿੰਸਕ ਘਟਨਾਵਾਂ ਕਾਰਨ ਘੱਟਗਿਣਤੀਆਂ ਵਿਚ ਵਧਿਆ ਡਰ ✪ ਪ੍ਰਧਾਨ ਮੰਤਰੀ ਸਟਾਰਮਰ ਨੇ ਪ੍ਰਗਟਾਈ ਚਿੰਤਾ ✪ ਸਿਹਤ ਕਰਮਚਾਰੀਆਂ ’ਤੇ ਵੀ ਨਸਲਵਾਦ ਦੀ ਮਾਰ: ਨਰਸਾਂ ਨਾਲ ਵਿਤਕਰੇ ਦੇ ਮਾਮਲਿਆਂ ਵਿਚ 55% ਵਾਧਾ**




ਬ੍ਰਿਟੇਨ, ਜਿਸ ਨੂੰ ਦੁਨੀਆ ਭਰ ਵਿੱਚ ਵੱਖ-ਵੱਖ ਨਸਲਾਂ, ਧਰਮਾਂ ਅਤੇ ਸੱਭਿਆਚਾਰਾਂ ਦੇ ਸਫ਼ਲ ਸੁਮੇਲ ਦੀ ਇੱਕ ਉੱਤਮ ਮਿਸਾਲ ਵਜੋਂ ਦੇਖਿਆ ਜਾਂਦਾ ਰਿਹਾ ਹੈ, ਅੱਜ ਇਤਿਹਾਸ ਦੇ ਇੱਕ ਬੇਹੱਦ ਨਾਜ਼ੁਕ ਅਤੇ ਚਿੰਤਾਜਨਕ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਹਾਲੀਆ ਦਿਨਾਂ ਵਿੱਚ ਸਾਊਥੈਂਪਟਨ, ਬੇਲਫਾਸਟ ਅਤੇ ਐਡਿਨਬਰਗ ਵਰਗੇ ਸ਼ਹਿਰਾਂ ਵਿੱਚ ਹੋਈਆਂ ਨਸਲੀ ਹਿੰਸਾ ਦੀਆਂ ਘਟਨਾਵਾਂ ਅਤੇ ਅਸ਼ਵੇਤ ਤੇ ਏਸ਼ੀਆਈ ਭਾਈਚਾਰੇ ਵਿਰੁੱਧ ਵਧ ਰਹੀ ਨਫ਼ਰਤ ਇਹ ਸਾਫ਼ ਇਸ਼ਾਰਾ ਕਰਦੀ ਹੈ ਕਿ ਦੇਸ਼ ਵਿੱਚ ਨਸਲਵਾਦ ਦੀ ਬਿਮਾਰੀ ਇੱਕ ਵਾਰ ਫਿਰ ਭਿਆਨਕ ਰੂਪ ਵਿੱਚ ਸਿਰ ਚੁੱਕ ਰਹੀ ਹੈ।

ਸਾਊਥੈਂਪਟਨ ਵਿਖੇ ਇੱਕ ਬ੍ਰਿਟਿਸ਼ ਮੂਲ ਦੇ ਸਿੱਖ ਵੱਲੋਂ ਇੱਕ ਗੋਰੇ ਵਿਅਕਤੀ ਦੀ ਹੱਤਿਆ ਦੇ ਮਾਮਲੇ ਵਿੱਚ ਸਜ਼ਾ ਸੁਣਾਏ ਜਾਣ ਤੋਂ ਬਾਅਦ ਹਿੰਸਕ ਪ੍ਰਦਰਸ਼ਨ ਸ਼ੁਰੂ ਹੋ ਗਏ ਸਨ। ਇਸ ਮਾਮਲੇ ਨਾਲ ਜੁੜੀ ਇੱਕ ਵੀਡੀਓ ਵਾਇਰਲ ਹੋਣ ਤੋਂ ਬਾਅਦ ਸੱਜੇ-ਪੱਖੀ ਕਾਰਕੁਨਾਂ ਵੱਲੋਂ ਪ੍ਰਦਰਸ਼ਨ ਕੀਤੇ ਗਏ ਸਨ। ਬੇਲਫਾਸਟ ਉੱਤਰੀ ਆਇਰਲੈਂਡ ਦੀ ਰਾਜਧਾਨੀ ਬੇਲਫਾਸਟ ਵਿੱਚ ਇੱਕ ਸੂਡਾਨੀ ਪ੍ਰਵਾਸੀ ਵੱਲੋਂ ਸਥਾਨਕ ਗੋਰੇ ਵਿਅਕਤੀ ’ਤੇ ਕੀਤੇ ਗਏ ਜਾਨਲੇਵਾ ਹਮਲੇ ਤੋਂ ਬਾਅਦ ਦੰਗੇ ਭੜਕ ਗਏ ਸਨ। ਨਕਾਬਪੋਸ਼ ਹਮਲਾਵਰਾਂ ਨੇ ਘੱਟਗਿਣਤੀਆਂ ਦੇ ਘਰਾਂ ਅਤੇ ਕਾਰੋਬਾਰਾਂ ਨੂੰ ਨਿਸ਼ਾਨਾ ਬਣਾਇਆ ਸੀ, ਜਿਸ ਕਾਰਨ ਕਈ ਪਰਿਵਾਰਾਂ ਨੂੰ ਆਪਣੇ ਘਰ ਛੱਡਣੇ ਪਏ ਸਨ।

ਸਕਾਟਲੈਂਡ ਵਿੱਚ ਵੀ ਇੱਕ 36 ਸਾਲਾ ਵਿਅਕਤੀ ’ਤੇ ਮੁਸਲਿਮ ਵਿਰੋਧੀ ਨਫ਼ਰਤ ਤੋਂ ਪ੍ਰੇਰਿਤ ਹੋ ਕੇ ਕਈ ਹਮਲੇ ਕਰਨ ਦੇ ਦੋਸ਼ ਹੇਠ ਮਾਮਲਾ ਦਰਜ ਕੀਤਾ ਗਿਆ ਸੀ।

ਬੰਗਲਾਦੇਸ਼ ਤੋਂ 5 ਸਾਲ ਦੀ ਉਮਰ ਵਿੱਚ ਬ੍ਰਿਟੇਨ ਆਏ 44 ਸਾਲਾ ਮੁਸਲਿਮ ਪ੍ਰਾਈਵੇਟ ਹਾਇਰ ਡਰਾਈਵਰ ਅਲੀ ਹੈਦਰ ਨੇ ਭਾਵੁਕ ਹੁੰਦਿਆਂ ਦੱਸਿਆ ਕਿ ਇਸ ਸਮੇਂ ਹਰ ਗੈਰ-ਗੋਰੇ ਵਿਅਕਤੀ ਦੀ ਜਾਨ ਖ਼ਤਰੇ ਵਿੱਚ ਹੈ। ਅਸੀਂ ਆਪਣੀ ਵਿਰਾਸਤ ਅਤੇ ਪਛਾਣ ਨੂੰ ਪਿਆਰ ਕਰਦੇ ਹਾਂ, ਪਰ ਕਈ ਵਾਰ ਅਜਿਹੇ ਦਿਨ ਹੁੰਦੇ ਹਨ ਜਦੋਂ ਮੈਨੂੰ ਲੱਗਦਾ ਹੈ ਕਿ ਕਾਸ਼ ਮੈਂ ਆਪਣੀ ਭੂਰੀ ਚਮੜੀ ਨੂੰ ਲੁਕਾ ਸਕਦਾ। ਉਨ੍ਹਾਂ ਦੱਸਿਆ ਕਿ ਸਵਾਰੀਆਂ ਹੁਣ ਉਨ੍ਹਾਂ ਨੂੰ ਸਿੱਧੇ ਤੌਰ ’ਤੇ ਕਹਿੰਦੀਆਂ ਹਨ ਕਿ ਮੁਸਲਮਾਨ ਪੱਛਮੀ ਸੱਭਿਆਚਾਰ ਦੇ ਅਨੁਕੂਲ ਨਹੀਂ ਹਨ।

ਨੈੱਟਵਰਕ ਆਫ਼ ਸਿੱਖ ਆਰਗੇਨਾਈਜ਼ੇਸ਼ਨ ਦੇ ਡਿਪਟੀ ਡਾਇਰੈਕਟਰ ਹਰਦੀਪ ਸਿੰਘ ਨੇ ਦੱਸਿਆ ਕਿ ਸੋਸ਼ਲ ਮੀਡੀਆ ਹੁਣ "ਜ਼ਹਿਰ ਦਾ ਖੂਹ" ਬਣ ਚੁੱਕਾ ਹੈ। ਉਨ੍ਹਾਂ ਨੂੰ ਖੁਦ ਇੱਕ ਨਫ਼ਰਤੀ ਈਮੇਲ ਮਿਲੀ ਹੈ ਜਿਸ ਵਿੱਚ ਸਿੱਖ ਧਰਮ ਨੂੰ ਖ਼ਤਮ ਕਰਨ ਦੀ ਗੱਲ ਕਹੀ ਗਈ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿੱਚ ਕਦੇ ਵੀ ਇੰਨੀ ਨਫ਼ਰਤ ਨਹੀਂ ਦੇਖੀ। ਇਹ ਸਿਰਫ਼ ਇੱਕ ਵਿਅਕਤੀ ਦਾ ਦਰਦ ਨਹੀਂ, ਬਲਕਿ ਬ੍ਰਿਟਿਸ਼ ਲੋਕਤੰਤਰ ਅਤੇ ਸਮਾਜਿਕ ਤਾਣੇ-ਬਾਣੇ ਦੇ ਮੂੰਹ ’ਤੇ ਇੱਕ ਵੱਡੀ ਚਪੇੜ ਹੈ।

ਸਿੱਖ ਸੰਸਥਾਵਾਂ ਦਾ ਮੰਨਣਾ ਹੈ ਕਿ ਇਸ ਮੌਜੂਦਾ ਸੰਕਟ ਦੀ ਜੜ੍ਹ ਸਿਰਫ਼ ਕੁਝ ਅਪਰਾਧਿਕ ਘਟਨਾਵਾਂ ਵਿੱਚ ਨਹੀਂ, ਬਲਕਿ ਉਸ ਪ੍ਰਵਾਸੀ ਵਿਰੋਧੀ ਰਾਜਨੀਤੀ ਵਿੱਚ ਹੈ, ਜਿਸ ਨੂੰ ਸਿਆਸੀ ਲਾਹੇ ਲਈ ਹਵਾ ਦਿੱਤੀ ਜਾ ਰਹੀ ਹੈ। 2016 ਦੇ ਬ੍ਰੈਗਜ਼ਿਟ ਤੋਂ ਬਾਅਦ ਸ਼ੁਰੂ ਹੋਈ ਇਹ ਖੇਡ ਹੁਣ ਸੱਜੇ-ਪੱਖੀ ਪੌਪੁਲਿਸਟ ਆਗੂਆਂ ਦੀ ਅਗਵਾਈ ਵਿੱਚ ਸਿਖਰਾਂ ’ਤੇ ਪਹੁੰਚ ਚੁੱਕੀ ਹੈ। ਨਾਇਜਲ ਫ਼ਰਾਜ ਵਰਗੇ ਨੇਤਾਵਾਂ ਵੱਲੋਂ ਵਰਤੀ ਜਾ ਰਹੀ ਭੜਕਾਊ ਭਾਸ਼ਾ ਅਤੇ ਰਿਫਾਰਮ ਯੂਕੇ ਵਰਗੀਆਂ ਪਾਰਟੀਆਂ ਦਾ ਉਭਾਰ ਸਮਾਜ ਵਿੱਚ ਵੰਡੀਆਂ ਪਾਉਣ ਦਾ ਕੰਮ ਕਰ ਰਿਹਾ ਹੈ। ਜਦੋਂ ਸਿਆਸੀ ਆਗੂ ਵੋਟਾਂ ਦੀ ਖ਼ਾਤਰ ਬਹੁਗਿਣਤੀ ਆਬਾਦੀ ਅੰਦਰ ਇਹ ਡਰ ਪੈਦਾ ਕਰਦੇ ਹਨ ਕਿ ਪ੍ਰਵਾਸੀ ਉਨ੍ਹਾਂ ਦੇ ਰੁਜ਼ਗਾਰ, ਸੱਭਿਆਚਾਰ ਅਤੇ ਸੁਰੱਖਿਆ ਲਈ ਖ਼ਤਰਾ ਹਨ, ਤਾਂ ਉਸ ਦਾ ਨਤੀਜਾ ਅਜਿਹੇ ਨਫ਼ਰਤੀ ਅਪਰਾਧਾਂ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ।

ਹੈਰਾਨੀ ਅਤੇ ਅਫ਼ਸੋਸ ਦੀ ਗੱਲ ਇਹ ਹੈ ਕਿ ਇਹ ਨਫ਼ਰਤ ਹੁਣ ਦੇਸ਼ ਦੀ ਰੀੜ੍ਹ ਦੀ ਹੱਡੀ ਮੰਨੇ ਜਾਂਦੇ ਸਿਹਤ ਖੇਤਰ ਤੱਕ ਵੀ ਪਹੁੰਚ ਚੁੱਕੀ ਹੈ। ਵਿਦੇਸ਼ੀ ਨਰਸਾਂ ਅਤੇ ਡਾਕਟਰਾਂ ਨੇ ਬ੍ਰਿਟੇਨ ਦੇ ਸਿਹਤ ਢਾਂਚੇ ਨੂੰ ਹਮੇਸ਼ਾ ਸੰਭਾਲਿਆ ਹੈ, ਪਰ ਅੱਜ ਉਨ੍ਹਾਂ ਨੂੰ ਹੀ ਨਸਲੀ ਟਿੱਪਣੀਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਰੌਇਲ ਕਾਲਜ ਆਫ਼ ਨਰਸਿੰਗ ਦੇ ਅੰਕੜੇ, ਅਨੁਸਾਰ ਸਾਲ 2022 ਤੋਂ ਬਾਅਦ ਸਿਹਤ ਕਰਮਚਾਰੀਆਂ ਨਾਲ ਹੋਣ ਵਾਲੇ ਨਸਲੀ ਵਿਤਕਰੇ ਦੇ ਮਾਮਲਿਆਂ ਵਿੱਚ 55% ਦਾ ਵਾਧਾ ਦਰਜ ਕੀਤਾ ਗਿਆ ਹੈ। ਕਈ ਵਿਦੇਸ਼ੀ ਜਾਂ ਅਸ਼ਵੇਤ ਨਰਸਾਂ ਨੂੰ ਮਰੀਜ਼ਾਂ ਵੱਲੋਂ ਇਲਾਜ ਕਰਨ ਤੋਂ ਮਨ੍ਹਾ ਕੀਤਾ ਜਾ ਰਿਹਾ ਹੈ। ਪੁਲਿਸ ਅਨੁਸਾਰ ਇੰਗਲੈਂਡ ਅਤੇ ਵੇਲਜ਼ ਵਿੱਚ ਮਾਰਚ 2025 ਨੂੰ ਖ਼ਤਮ ਹੋਏ ਸਾਲ ਦੌਰਾਨ ਨਸਲੀ ਤੌਰ ’ਤੇ ਪ੍ਰੇਰਿਤ ਅਪਰਾਧਾਂ ਵਿੱਚ 6% ਦਾ ਵਾਧਾ ਹੋਇਆ ਹੈ, ਜਿਸ ਵਿੱਚ ਕੁੱਲ 82,490 ਘਟਨਾਵਾਂ ਦਰਜ ਕੀਤੀਆਂ ਗਈਆਂ।

ਬ੍ਰਿਟਿਸ਼ ਸੋਸ਼ਲ ਐਟੀਟਿਊਡਜ਼ ਦੇ ਸਰਵੇ ਮੁਤਾਬਕ, ਸਾਲ 2022 ਵਿੱਚ 50% ਲੋਕ ਮੰਨਦੇ ਸਨ ਕਿ ਪ੍ਰਵਾਸ ਨਾਲ ਦੇਸ਼ ਦੀ ਆਰਥਿਕਤਾ ਅਤੇ ਸੱਭਿਆਚਾਰ ਨੂੰ ਫਾਇਦਾ ਹੁੰਦਾ ਹੈ, ਪਰ 2025 ਤੱਕ ਇਹ ਅੰਕੜਾ ਘਟ ਕੇ ਸਿਰਫ਼ 32% ਰਹਿ ਗਿਆ ਹੈ।

ਬ੍ਰਿਟੇਨ ਵਿੱਚ ਸਾਲ 2023 ਦੌਰਾਨ ਰਿਕਾਰਡ 9,44,000 ਨੈੱਟ ਪ੍ਰਵਾਸ ਦਰਜ ਕੀਤਾ ਗਿਆ ਸੀ, ਜਿਸ ਨੂੰ ਸਖ਼ਤ ਨਿਯਮਾਂ ਰਾਹੀਂ 2025 ਵਿੱਚ ਘਟਾ ਕੇ 1,71,000 ਕੀਤਾ ਗਿਆ। ਇਸ ਦੇ ਬਾਵਜੂਦ, ਛੋਟੀਆਂ ਬੇੜੀਆਂ ਰਾਹੀਂ ਗੈਰ-ਕਾਨੂੰਨੀ ਤੌਰ ’ਤੇ ਆਉਣ ਵਾਲੇ ਸ਼ਰਨਾਰਥੀਆਂ ਦੀ ਗਿਣਤੀ 2025 ਵਿੱਚ 13% ਵਧ ਕੇ 41,000 ਹੋ ਗਈ।

ਸੱਜੇ-ਪੱਖੀ ਪੌਪੁਲਿਸਟ ਆਗੂ ਨਾਇਜਲ ਫ਼ਰਾਜ ਦੀ ਪਾਰਟੀ ‘ਰਿਫਾਰਮ ਯੂਕੇ’ ਇਸ ਮੁੱਦੇ ਨੂੰ ਲੈ ਕੇ ਸੁਰਖੀਆਂ ਵਿੱਚ ਹੈ ਅਤੇ ਉਹ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਵਿੱਚੋਂ ਕੱਢਣ ਦੀ ਵਕਾਲਤ ਕਰ ਰਹੀ ਹੈ। ਦੂਜੇ ਪਾਸੇ, ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਫ਼ਰਾਜ ’ਤੇ ਦੋਸ਼ ਲਾਇਆ ਹੈ ਕਿ ਉਹ ਦੇਸ਼ ਵਿੱਚ ਵੰਡੀਆਂ ਪਾਉਣ ਲਈ ਦੁਖਾਂਤਕ ਘਟਨਾਵਾਂ ਦਾ ਸਿਆਸੀ ਲਾਹਾ ਲੈ ਰਹੇ ਹਨ।

ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਵੀ ਚੇਤਾਵਨੀ ਦਿੱਤੀ ਹੈ ਕਿ ਜੇਕਰ ਪ੍ਰਵਾਸ ਪ੍ਰਣਾਲੀ ਨੂੰ ਜਲਦੀ ਠੀਕ ਨਾ ਕੀਤਾ ਗਿਆ, ਤਾਂ ਦਹਾਕਿਆਂ ਪਹਿਲਾਂ ਬ੍ਰਿਟੇਨ ਵਿੱਚ ਆ ਕੇ ਵੱਸੇ ਕਾਨੂੰਨੀ ਨਾਗਰਿਕਾਂ ਨੂੰ ਵੀ ਇਸ ਨਫ਼ਰਤ ਅਤੇ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਹਾਲਾਂਕਿ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਇਸ ਨਸਲਵਾਦ ਦੀ ਸਖ਼ਤ ਨਿੰਦਾ ਕੀਤੀ ਹੈ, ਪਰ ਸਿਰਫ਼ ਬਿਆਨਬਾਜ਼ੀ ਨਾਲ ਇਸ ਡੂੰਘੀ ਹੁੰਦੀ ਜਾ ਰਹੀ ਖੱਡ ਨੂੰ ਨਹੀਂ ਭਰਿਆ ਜਾ ਸਕਦਾ।

ਬ੍ਰਿਟਿਸ਼ ਸਰਕਾਰ ਅਤੇ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੂੰ ਇਹ ਸਮਝਣਾ ਹੋਵੇਗਾ ਕਿ ਪ੍ਰਵਾਸ ਪ੍ਰਣਾਲੀ ਦੀਆਂ ਕਮੀਆਂ ਨੂੰ ਸੁਧਾਰਨਾ ਇੱਕ ਪ੍ਰਸ਼ਾਸਨਿਕ ਮੁੱਦਾ ਹੈ, ਪਰ ਇਸ ਦੀ ਆੜ ਵਿੱਚ ਦੇਸ਼ ਦੇ ਕਾਨੂੰਨੀ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਦੀ ਇਜਾਜ਼ਤ ਕਿਸੇ ਨੂੰ ਨਹੀਂ ਦਿੱਤੀ ਜਾ ਸਕਦੀ।

ਗੁਰਦੁਆਰਾ ਸਿੰਘ ਸਭਾ ਡਰਬੀ ਦੇ ਪ੍ਰਧਾਨ ਰਘਬੀਰ ਸਿੰਘ ਦਾ ਕਹਿਣਾ ਹੈ ਕਿ ਬ੍ਰਿਟੇਨ ਦੀ ਖ਼ੁਸ਼ਹਾਲੀ ਅਤੇ ਵਿਕਾਸ ਵਿੱਚ ਪ੍ਰਵਾਸੀ ਪੰਜਾਬੀਆਂ ਤੇ ਸਿੱਖਾਂ ਦਾ ਖ਼ੂਨ-ਪਸੀਨਾ ਸ਼ਾਮਲ ਹੈ। ਜੇਕਰ ਬ੍ਰਿਟਿਸ਼ ਸਮਾਜ ਨੇ ਸਮਾਂ ਰਹਿੰਦੇ ਇਸ ਵਧਦੀ ਨਫ਼ਰਤ ਅਤੇ ਸੌੜੀ ਸਿਆਸਤ ਨੂੰ ਨਾ ਨਕਾਰਿਆ, ਤਾਂ ਉਹ ਨਾ ਸਿਰਫ਼ ਆਪਣੀ ਅਮਨ-ਸ਼ਾਂਤੀ ਗੁਆ ਬੈਠੇਗਾ, ਬਲਕਿ ਉਸ ਸਹਿਣਸ਼ੀਲ ਅਤੇ ਸੱਭਿਅਕ ਦੇਸ਼ ਦੀ ਪਛਾਣ ਵੀ ਹਮੇਸ਼ਾ ਲਈ ਖ਼ਤਮ ਹੋ ਜਾਵੇਗੀ ਜਿਸ ਨੂੰ ਬਣਾਉਣ ਵਿੱਚ ਦਹਾਕੇ ਲੱਗੇ ਹਨ।

ਉਨ੍ਹਾਂ ਕਿਹਾ ਕਿ ਅੱਜ ਲੋੜ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰਨ ਅਤੇ ਭਾਈਚਾਰਕ ਸਾਂਝ ਨੂੰ ਮੁੜ ਸੁਰਜੀਤ ਕਰਨ ਦੀ ਹੈ, ਤਾਂ ਜੋ ਕੋਈ ਵੀ ਨਾਗਰਿਕ ਆਪਣੀ ਚਮੜੀ ਦੇ ਰੰਗ ਜਾਂ ਧਰਮ ਕਾਰਨ ਖ਼ੁਦ ਨੂੰ ਅਸੁਰੱਖਿਅਤ ਮਹਿਸੂਸ ਨਾ ਕਰੇ।

# ਭਾਰਤ ਬਣਿਆ ਏਆਈ ਦਾ ਵੱਡਾ ਬਾਜ਼ਾਰ

## ✪ ਅਮਰੀਕੀ ਕੰਪਨੀਆਂ ਅੱਗੇ ਕਿਉਂ ਠੁੱਸ ਹੋਏ ਭਾਰਤੀ ਏਆਈ ਮਾਡਲ ? ✪ ਘੰਟਿਆਂ ਦਾ ਕੰਮ ਮਿੰਟਾਂ ਵਿਚ: ਭਾਰਤੀ ਪੇਸ਼ੇਵਰਾਂ ਦੀ ਮਜਬੂਰੀ ਬਣੇ ਵਿਦੇਸ਼ੀ ਏਆਈ ਮਾਡਲ ✪ ਦੇਸੀ ਤਕਨਾਲੋਜੀ ਪਿੱਛੇ ਛੁੱਟੀ

ਨਵੀਂ ਦਿੱਲੀ-ਭਾਰਤ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਬਿਜਲੀ ਦੀ ਰਫ਼ਤਾਰ ਨਾਲ ਵੱਧ ਰਹੀ ਹੈ, ਪਰ ਇਸ ਡਿਜੀਟਲ ਕ੍ਰਾਂਤੀ ਦਾ ਸਿੱਧਾ ਫ਼ਾਇਦਾ ਭਾਰਤੀ ਕੰਪਨੀਆਂ ਦੀ ਬਜਾਏ ਵਿਦੇਸ਼ੀ ਕੰਪਨੀਆਂ ਦੀਆਂ ਜੇਬਾਂ ਭਰ ਰਿਹਾ ਹੈ। ਇੱਕ ਤਾਜ਼ਾ ਰਿਪੋਰਟ ਮੁਤਾਬਕ, ਚੈਟਜੀਪੀਟੀ ਬਣਾਉਣ ਵਾਲੀ ਕੰਪਨੀ ਓਪਨ ਏਆਈ ਅਤੇ ਕਲਾਊਡ ਵਿਕਾਸ ਕੰਪਨੀ ਐਨਥੋਰਪਿਕ ਵਰਗੀਆਂ ਵਿਦੇਸ਼ੀ ਕੰਪਨੀਆਂ ਭਾਰਤੀ ਯੂਜ਼ਰਾਂ ਤੋਂ ਸਾਲਾਨਾ ਘੱਟੋ-ਘੱਟ 1,000 ਕਰੋੜ ਰੁਪਏ ਦੀ ਮੋਟੀ ਕਮਾਈ ਕਰ ਰਹੀਆਂ ਹਨ। ਦੂਜੇ ਪਾਸੇ, ਸਰਚ ਇੰਜਣ ਗੂਗਲ ਵੀ ਭਾਰਤ ਤੋਂ ਸਿਰਫ਼ ਇਸ਼ਤਿਹਾਰਾਂ ਦੇ ਨਾਂ 'ਤੇ ਸਾਲਾਨਾ 5,000 ਕਰੋੜ ਰੁਪਏ ਤੋਂ ਵੱਧ ਕਮਾ ਰਿਹਾ ਹੈ।

### 10 ਕਰੋੜ ਭਾਰਤੀ ਕਰ ਰਹੇ ਨੇ ਏ ਆਈਦੀ ਵਰਤੋਂ

ਓਪਨ ਏਆਈ ਦੇ ਅੰਕੜਿਆਂ ਮੁਤਾਬਕ, ਭਾਰਤ ਵਿੱਚ ਲਗਭਗ 10 ਕਰੋੜ ਲੋਕ ਏਆਈ ਦੀ ਵਰਤੋਂ ਕਰ ਰਹੇ ਹਨ। ਸੰਸਾਰ ਪੱਧਰ 'ਤੇ ਏਆਈ ਐਪਸ ਡਾਊਨਲੋਡ ਕਰਨ ਵਿੱਚ ਭਾਰਤੀਆਂ ਦਾ ਹਿੱਸਾ 20 ਫ਼ੀਸਦ ਹੈ, ਜੋ



ਅਮਰੀਕਾ ਤੋਂ ਬਾਅਦ ਦੁਨੀਆ ਵਿੱਚ ਸਭ ਤੋਂ ਵੱਧ ਹੈ। ਭਾਵੇਂ ਕਿ ਬਹੁਤੇ ਯੂਜ਼ਰਸ ਮੁਫ਼ਤ ਸੇਵਾਵਾਂ ਵਰਤਦੇ ਹਨ, ਪਰ ਇਨ੍ਹਾਂ ਵਿੱਚੋਂ ਇੱਕ ਫ਼ੀਸਦ (ਲਗਭਗ 10 ਲੱਖ ਯੂਜ਼ਰਸ) ਏਆਈ ਦੀਆਂ ਪ੍ਰੀਮੀਅਮ ਸੇਵਾਵਾਂ ਲਈ ਭੁਗਤਾਨ ਕਰ ਰਹੇ ਹਨ।

ਯੂਜ਼ਰਸ 400 ਰੁਪਏ ਤੋਂ ਲੈ ਕੇ 19,000 ਰੁਪਏ ਪ੍ਰਤੀ ਮਹੀਨਾ ਤੱਕ ਦਾ ਭੁਗਤਾਨ ਕਰ ਰਹੇ ਹਨ। ਔਸਤਨ ਹਰ ਭੁਗਤਾਨ ਕਰਨ ਵਾਲਾ ਯੂਜ਼ਰ 800 ਮਹੀਨਾ ਖਰਚ ਰਿਹਾ ਹੈ, ਜਿਸ ਨਾਲ ਇਹ ਅੰਕੜਾ ਸਾਲਾਨਾ 960 ਕਰੋੜ ਰੁਪਏ ਬਣਦਾ ਹੈ।

ਟੈਕਨਾਲੋਜੀ ਮਾਹਿਰਾਂ ਦਾ ਮੰਨਣਾ ਹੈ ਕਿ ਵਿਦੇਸ਼ੀ ਕੰਪਨੀਆਂ ਇਸ ਸਮੇਂ ਭਾਰਤੀਆਂ ਨੂੰ ਮੁਫ਼ਤ ਸੇਵਾਵਾਂ ਦੇ ਕੇ ਏਆਈ ਦੀ ਆਦਤ ਪਾ ਰਹੀਆਂ ਹਨ। ਇੱਕ ਵਾਰ ਆਦਤ ਪੈਣ 'ਤੇ 2 ਤੋਂ 5 ਡਾਲਰ ਦੇ ਛੋਟੇ ਪੈਕੇਜਾਂ ਰਾਹੀਂ ਪੈਸੇ ਵਸੂਲੇ ਜਾਣਗੇ। ਏਆਈ ਮਾਡਲ 'ਪਰਪਲੈਕਸਿਟੀ' ਨੇ ਤਾਂ ਭਾਰਤੀਆਂ ਲਈ 2.5 ਡਾਲਰ ਦਾ ਪੈਕੇਜ ਲਾਂਚ ਵੀ ਕਰ ਦਿੱਤਾ ਹੈ। ਯੂਜ਼ਰਸ ਮੁਤਾਬਕ, ਖਾਤੇ ਵਿੱਚ ਪੈਸਾ ਘੱਟ ਹੋਣ 'ਤੇ ਏਆਈ ਦੀ ਸਪੀਡ ਘਟਾ ਦਿੱਤੀ ਜਾਂਦੀ ਹੈ ਤਾਂ ਜੋ ਯੂਜ਼ਰ ਤੁਰੰਤ ਭੁਗਤਾਨ ਕਰੇ।

### ਭਾਰਤੀ ਏਆਈ ਮਾਡਲ ਵਿਦੇਸ਼ੀ ਮਾਡਲਾਂ ਅੱਗੇ 'ਠੁੱਸ' ਕਿਉਂ ?

ਸਭ ਤੋਂ ਵੱਡਾ ਸਵਾਲ ਇਹ ਹੈ ਕਿ ਜਦੋਂ ਭਾਰਤ ਵਿੱਚ ਇੰਨੀ ਵੱਡੀ ਮਾਰਕੀਟ ਹੈ, ਤਾਂ ਭਾਰਤੀ ਏਆਈ ਮਾਡਲ ਪਿੱਛੇ ਕਿਉਂ ਰਹਿ ਗਏ? ਟੈਕਸ ਬੋਟ ਜੀਪੀਟੀ ਦੇ ਸੰਸਥਾਪਕ ਹਿਮਾਂਸ਼ੂ ਕੁਮਾਰ ਨੇ ਦੱਸਿਆ ਕਿ ਉਹ ਖੁਦ ਵਿਦੇਸ਼ੀ ਕੰਪਨੀਆਂ ਨੂੰ ਹਰ ਮਹੀਨੇ 400 ਡਾਲਰ (ਲਗਭਗ 38,000 ਰੁਪਏ) ਦਾ ਭੁਗਤਾਨ ਕਰਦੇ ਹਨ। ਉਨ੍ਹਾਂ ਮੁਤਾਬਕ, ਵਿਦੇਸ਼ੀ ਕੰਪਨੀਆਂ ਨੂੰ ਪੈਸਾ ਦੇਣਾ ਭਾਰਤੀ ਪੇਸ਼ੇਵਰਾਂ ਦੀ ਮਜਬੂਰੀ ਹੈ, ਕਿਉਂਕਿ ਓਪਨ ਏਆਈ ਤੇ ਐਂਥਰੋਪਿਕਸ ਵਰਗੇ ਸ਼ਕਤੀਸ਼ਾਲੀ ਲਾਰਜ ਲੈਂਗਵੇਜ ਮਾਡਲ ਹਾਲੇ ਭਾਰਤ ਵਿੱਚ ਵਿਕਸਤ ਨਹੀਂ ਹੋ ਸਕੇ ਹਨ। ਭਾਰਤ ਦੇ ਘਰੇਲੂ ਮਾਡਲ ਜਿਵੇਂ ਕਿ ਸਰਵਮ, ਭਾਰਤ ਜੇਨ ਅਤੇ ਭਾਰਤ ਜੀਪੀਟੀ ਵਿਦੇਸ਼ੀ ਮਾਡਲਾਂ ਦੇ ਮੁਕਾਬਲੇ ਬਹੁਤ ਕਮਜ਼ੋਰ ਸਾਬਤ ਹੋ ਰਹੇ ਹਨ।

ਮੁਕੇਸ਼ ਅੰਬਾਨੀ ਦੀ ਰਿਲਾਇੰਸ ਇੰਡਸਟ੍ਰੀਜ਼ ਨੇ ਚੈਟਜੀਪੀਟੀ ਨੂੰ ਟੱਕਰ ਦੇਣ ਲਈ 'ਹਨੂੰਮਾਨ ਏਆਈ' ਮਾਡਲ ਲਿਆਉਣ ਦਾ ਐਲਾਨ ਕੀਤਾ ਸੀ, ਪਰ ਉਹ ਵੀ ਹਾਲੇ ਤੱਕ ਵਿਦੇਸ਼ੀ ਮਾਡਲਾਂ ਨੂੰ ਪਛਾੜਨ ਵਿੱਚ ਨਾਕਾਮ ਰਿਹਾ ਹੈ।

ਐਂਥਰੋਪਿਕਸ ਦੀ ਇੱਕ ਰਿਪੋਰਟ ਮੁਤਾਬਕ, ਪੇਸ਼ੇਵਰਾਂ ਵਿੱਚ ਏਆਈ ਦੀ ਵਰਤੋਂ ਇਸ ਲਈ ਵਧੀ ਹੈ ਕਿਉਂਕਿ ਜੋ ਕੰਮ ਪਹਿਲਾਂ ਘੰਟਿਆਂ ਵਿੱਚ ਹੁੰਦਾ ਸੀ, ਉਹ ਹੁਣ ਏਆਈ ਦੀ ਮਦਦ ਨਾਲ ਚੰਦ ਮਿੰਟਾਂ ਵਿੱਚ ਹੋ ਜਾਂਦਾ ਹੈ। ਕੰਮ ਦੀ ਰਫ਼ਤਾਰ ਅਤੇ ਸਹੀ ਨਤੀਜਿਆਂ ਕਰਕੇ ਭਾਰਤੀ ਪੇਸ਼ੇਵਰ ਮਜਬੂਰਨ ਦੇਸੀ ਮਾਡਲਾਂ ਨੂੰ ਛੱਡ ਕੇ ਵਿਦੇਸ਼ੀ ਏਆਈ ਮਾਡਲਾਂ ਨੂੰ ਚੁਣ ਰਹੇ ਹਨ। ਜੇਕਰ ਭਾਰਤ ਨੇ ਜਲਦੀ ਹੀ ਕੋਈ ਸ਼ਕਤੀਸ਼ਾਲੀ ਅਤੇ ਵਿਸ਼ਵ ਪੱਧਰੀ ਏਆਈ ਮਾਡਲ ਤਿਆਰ ਨਾ ਕੀਤਾ, ਤਾਂ ਭਾਰਤ ਦਾ ਕਰੋੜਾਂ ਰੁਪਏ ਦਾ ਮਾਲੀਆ ਇਸੇ ਤਰ੍ਹਾਂ ਵਿਦੇਸ਼ੀ ਕੰਪਨੀਆਂ ਦੇ ਖਾਤਿਆਂ ਵਿੱਚ ਜਾਂਦਾ ਰਹੇਗਾ।

# ਔਰਤ ਦੀ ਨਿੱਜੀ ਵੀਡੀਓ ਵਾਇਰਲ ਕਰਨ ਦੀ ਧਮਕੀ

## ✪ ਮਾਨਸਿਕ ਤਣਾਅ ਵਿਚ ਪਤੀ ਨੇ ਖਾਧਾ ਜ਼ਹਿਰ; 4 ਖ਼ਿਲਾਫ਼ ਮਾਮਲਾ ਦਰਜ

ਬਠਿੰਡਾ-ਬਠਿੰਡਾ ਦੇ ਥਾਣਾ ਸਿਵਲ ਲਾਈਨ ਅਧੀਨ ਆਉਂਦੇ ਇਲਾਕੇ ਵਿੱਚੋਂ ਬਲੈਕਮੇਲਿੰਗ ਅਤੇ ਮਾਨਸਿਕ ਪ੍ਰੇਸ਼ਾਨੀ ਦਾ ਇੱਕ ਬੇਹੱਦ ਮੰਦਭਾਗਾ ਮਾਮਲਾ ਸਾਹਮਣੇ ਆਇਆ ਹੈ। ਇੱਕ ਔਰਤ ਦੀ ਨਿੱਜੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਕਰਨ ਦੀਆਂ ਧਮਕੀਆਂ ਤੋਂ ਤੰਗ ਆ ਕੇ, ਉਸ ਦੇ ਪਤੀ ਵੱਲੋਂ ਜ਼ਹਿਰੀਲੀ ਚੀਜ਼ ਨਿਗਲ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਗਈ।

ਪੁਲਿਸ ਨੇ ਇਸ ਮਾਮਲੇ ਵਿੱਚ ਇੱਕ ਮਹਿਲਾ ਸਮੇਤ ਚਾਰ ਵਿਅਕਤੀਆਂ ਖ਼ਿਲਾਫ਼ ਖੁਦਕੁਸ਼ੀ ਲਈ ਮਜਬੂਰ ਕਰਨ ਦੇ ਦੋਸ਼ ਹੇਠ ਕੇਸ ਦਰਜ ਕਰ ਲਿਆ ਹੈ। ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਭੁੱਚੋ ਖੁਰਦ ਦੀ ਰਹਿਣ ਵਾਲੀ ਸਿਮਰਪ੍ਰੀਤ ਕੌਰ ਨੇ ਦੱਸਿਆ ਕਿ ਉਹ ਗੁਰੂ ਤੇਗ ਬਹਾਦਰ ਨਗਰ ਵਿੱਚ ਇੱਕ ਸਮਾਜ ਸੇਵੀ ਸੰਸਥਾ ਚਲਾਉਂਦੀ ਹੈ। ਪਹਿਲਾਂ ਇਸ ਸੰਸਥਾ ਦੇ ਪ੍ਰਧਾਨ ਗੁਰਮੀਤ ਸਿੰਘ ਅਤੇ ਉਸ ਦਾ ਪਿਤਾ ਸਤਪਾਲ ਸਿੰਘ ਵੀ ਇਸੇ ਸੰਸਥਾ ਨਾਲ ਜੁੜੇ ਹੋਏ ਸਨ। ਜਦੋਂ ਉਨ੍ਹਾਂ ਨੇ ਸੰਸਥਾ ਛੱਡੀ ਤਾਂ ਉਹ ਉੱਥੇ ਲੱਗੇ ਪੁਰਾਣੇ ਸੀਸੀਟੀਵੀ ਕੈਮਰੇ ਵੀ ਆਪਣੇ ਨਾਲ ਲੈ ਗਏ। ਇਸ ਤੋਂ ਬਾਅਦ ਸੰਸਥਾ ਵੱਲੋਂ ਨਵੇਂ ਕੈਮਰੇ ਲਗਵਾਏ ਗਏ। ਪੀੜਤ ਔਰਤ ਅਨੁਸਾਰ, ਮੁਲਜ਼ਮ ਗੁਰਮੀਤ ਸਿੰਘ ਨੇ ਅਵਤਾਰ ਸਿੰਘ ਨਾਂ ਦੇ ਵਿਅਕਤੀ ਦੀ ਮਦਦ ਨਾਲ ਉਨ੍ਹਾਂ ਨਵੇਂ ਲੱਗੇ ਸੀਸੀਟੀਵੀ ਕੈਮਰਿਆਂ ਦੇ ਪਾਸਵਰਡ ਗੈਰ-ਕਾਨੂੰਨੀ ਤਰੀਕੇ ਨਾਲ ਹਾਸਲ ਕਰ ਲਏ। ਇਸ ਤੋਂ ਬਾਅਦ ਮੁਲਜ਼ਮਾਂ ਨੇ ਕੈਮਰਿਆਂ ਰਾਹੀਂ ਉਸ ਸਮੇਂ ਦੀ ਵੀਡੀਓ ਰਿਕਾਰਡ ਕਰ ਲਈ ਜਦੋਂ ਔਰਤ ਕੱਪੜੇ ਬਦਲ ਰਹੀ ਸੀ।

ਮੁਲਜ਼ਮਾਂ ਵੱਲੋਂ ਪੀੜਤ ਔਰਤ ਨੂੰ ਇਹ ਨਿੱਜੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਕਰਨ ਦੀਆਂ ਲਗਾਤਾਰ ਧਮਕੀਆਂ ਦਿੱਤੀਆਂ ਜਾ ਰਹੀਆਂ ਸਨ। ਇਸ ਬਲੈਕਮੇਲਿੰਗ ਅਤੇ ਮਾਨਸਿਕ ਪਰੇਸ਼ਾਨੀ ਕਾਰਨ ਪੂਰਾ ਪਰਿਵਾਰ ਗੰਭੀਰ ਮਾਨਸਿਕ ਤਣਾਅ ਵਿੱਚ ਆ ਗਿਆ। ਇਸੇ ਭਾਰੀ ਦਬਾਅ ਨੂੰ ਨਾ ਸਹਾਰਦੇ ਹੋਏ ਔਰਤ ਦੇ ਪਤੀ ਹਰਜੀਤ ਸਿੰਘ ਨੇ ਬੀਤੇ ਦਿਨੀਂ ਕੋਈ ਜ਼ਹਿਰੀਲਾ ਪਦਾਰਥ ਨਿਗਲ ਲਿਆ। ਪੀੜਤ ਔਰਤ ਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਥਾਣਾ ਸਿਵਲ ਲਾਈਨ ਪੁਲਿਸ ਨੇ ਚਾਰ ਮੁਲਜ਼ਮਾਂ-ਗੁਰਮੀਤ ਸਿੰਘ, ਸਤਪਾਲ ਸਿੰਘ, ਅਵਤਾਰ ਸਿੰਘ ਅਤੇ ਕਿਰਨ ਕੌਰ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਅਧਿਕਾਰੀਆਂ ਮੁਤਾਬਕ ਮਾਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

# ਹੁਸ਼ਿਆਰਪੁਰ ਕੇਂਦਰੀ ਜੇਲ੍ਹ 'ਦਾ ਡਿਪਟੀ ਸੁਪਰਡੈਂਟ ਸਣੇ 11 ਗ੍ਰਿਫ਼ਤਾਰ

## ✪ ਗੈਂਗਸਟਰਾਂ ਨੂੰ ਨਸ਼ਾ ਤੇ ਮੋਬਾਈਲ ਸਪਲਾਈ ਕਰਨ ਵਾਲਾ ਨੈੱਟਵਰਕ ਤਬਾਹ

ਹੁਸ਼ਿਆਰਪੁਰ-ਪੰਜਾਬ ਦੀਆਂ ਜੇਲ੍ਹਾਂ ਵਿੱਚੋਂ ਚੱਲ ਰਹੇ ਗੈਰ-ਕਾਨੂੰਨੀ ਨੈੱਟਵਰਕ ਖ਼ਿਲਾਫ਼ ਹੁਸ਼ਿਆਰਪੁਰ ਪੁਲਿਸ ਨੇ ਇੱਕ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਬੀਤੀ ਦਿਨੀਂ ਪੁਲਿਸ ਨੇ ਕਾਰਵਾਈ ਕਰਦੇ ਹੋਏ ਹੁਸ਼ਿਆਰਪੁਰ ਕੇਂਦਰੀ ਜੇਲ੍ਹ ਦੇ ਡਿਪਟੀ ਸੁਪਰਡੈਂਟ ਹਰਭਜਨ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਦੇ ਨਾਲ ਹੀ ਜੇਲ੍ਹ ਦੇ ਵਾਰਡਨ, ਇੱਕ ਵਧੀਕ ਨਿਰੀਖਕ ਅਤੇ ਹੋਰਨਾਂ ਸਮੇਤ ਕੁੱਲ 11 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਨੇ ਇਸ ਮਾਮਲੇ ਵਿੱਚ ਕੁੱਲ 12 ਵਿਅਕਤੀਆਂ ਖ਼ਿਲਾਫ਼ ਮੁਕੱਦਮਾ ਦਰਜ ਕੀਤਾ ਹੈ। ਇਸ ਪੂਰੇ ਮਾਮਲੇ ਦਾ ਖੁਲਾਸਾ ਪਿਛਲੇ ਦਿਨੀਂ ਜੇਲ੍ਹ ਵਿੱਚ ਬੰਦ ਇੱਕ ਗੈਂਗਸਟਰ ਮਨਪ੍ਰੀਤ ਸਿੰਘ ਮੰਨਾ ਵੱਲੋਂ ਜੇਲ੍ਹ ਦੇ ਅੰਦਰੋਂ ਹੀ ਵੀਡੀਓ ਵਾਇਰਲ ਕਰਨ ਤੋਂ ਬਾਅਦ ਹੋਇਆ ਸੀ। ਗੈਂਗਸਟਰ ਮੰਨਾ ਨੇ ਵੀਡੀਓ ਵਿੱਚ ਸਿੱਧਾ ਦੋਸ਼ ਲਗਾਇਆ ਸੀ ਕਿ ਡਿਪਟੀ ਸੁਪਰਡੈਂਟ ਹਰਭਜਨ ਸਿੰਘ ਜੇਲ੍ਹ ਦੇ ਅੰਦਰ ਉਸ ਕੋਲੋਂ ਨਸ਼ਾ ਵਿਕਵਾਉਂਦਾ ਹੈ ਅਤੇ ਹੋਰ ਗਲਤ ਕੰਮ ਕਰਵਾਉਂਦਾ ਹੈ। ਗ੍ਰਿਫ਼ਤਾਰੀ ਸਬੰਧੀ ਪ੍ਰੈੱਸ ਕਾਨਫਰੰਸ ਕਰਦਿਆਂ ਜ਼ਿਲ੍ਹਾ



ਪੁਲਿਸ ਮੁਖੀ ਸੰਦੀਪ ਕੁਮਾਰ ਮਲਿਕ ਨੇ ਦੱਸਿਆ ਕਿ "ਵੀਡੀਓ ਵਾਇਰਲ ਹੋਣ ਤੋਂ ਬਾਅਦ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਇੱਕ ਵਿਸ਼ੇਸ਼ ਪੁਲਿਸ ਟੀਮ ਦਾ ਗਠਨ ਕੀਤਾ ਗਿਆ ਸੀ। ਸੰਦੀਪ ਕੁਮਾਰ ਮਲਿਕ, ਐਸਐਸਪੀ ਹੁਸ਼ਿਆਰਪੁਰ ਅਨੁਸਾਰ ਟੀਮ ਦੀ ਜਾਂਚ ਰਿਪੋਰਟ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਕਿ ਜੇਲ੍ਹ ਦੇ ਕਈ ਕਰਮਚਾਰੀ ਹੀ ਅੰਦਰ ਬੈਠੇ ਗੈਂਗਸਟਰਾਂ ਨੂੰ ਮੋਬਾਈਲ ਫ਼ੋਨ ਅਤੇ ਨਸ਼ਾ ਸਪਲਾਈ ਕਰ ਰਹੇ ਸਨ। ਅਸੀਂ ਇਸ ਪੂਰੇ ਅਪਰਾਧਿਕ ਨੈੱਟਵਰਕ (ਚੈਨ) ਨੂੰ ਤੋੜ ਦਿੱਤਾ ਹੈ।"

ਐਸਐਸਪੀ ਮਲਿਕ ਨੇ ਦੱਸਿਆ ਕਿ ਜੇਲ੍ਹ ਵਿੱਚੋਂ ਮਿਲੇ ਮੋਬਾਈਲ ਫ਼ੋਨਾਂ ਅਤੇ ਹੋਰ ਸਾਮਾਨ ਦੀ ਪੂਰੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਹੁਣ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦਾ ਰਿਮਾਂਡ ਹਾਸਲ ਕਰੇਗੀ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਇਸ ਨੈੱਟਵਰਕ ਦੇ ਤਾਰ ਹੋਰ ਕਿੱਥੇ-ਕਿੱਥੇ ਜੁੜੇ ਹੋਏ ਹਨ।

# ਲਾਹੌਰ ਨੇੜੇ ਫਾਰੂਕਾਬਾਦ ਦੇ ਗੁਰਦੁਆਰਾ ਸਿੰਘ ਸਭਾ 'ਤੇ ਚੱਲਿਆ ਬੁਲਡੋਜ਼ਰ

**✪ ਮੁੱਖ ਮੰਤਰੀ ਮਰੀਅਮ ਨਵਾਜ਼ ਵੱਲੋਂ ਜਾਂਚ ਦੇ ਆਦੇਸ਼ ✪ ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਬੋਲੇ-'ਘੱਟ ਗਿਣਤੀਆਂ ਦੇ ਧਾਰਮਿਕ ਸਥਾਨਾਂ ਦੀ ਸੁਰੱਖਿਆ ਕਰੇ ਪਾਕਿਸਤਾਨ' ✪ ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਪਾਕਿਸਤਾਨ ਵਿਚ ਗੁਰਦੁਆਰਾ ਸਾਹਿਬ ਨੂੰ ਢਾਹੁਣਾ ਸੋਚੀ-ਸਮਝੀ ਸਾਜ਼ਿਸ਼' ✪ ਪਾਕਿਸਤਾਨ ਵਿੱਚ ਆਖਰ ਕਿਉਂ ਹੁੰਦੇ ਹਨ ਸਿੱਖ ਧਾਰਮਿਕ ਸਥਾਨਾਂ 'ਤੇ ਕਬਜ਼ੇ ?**

ਖਾਸ ਖਬਰ

ਲਾਹੌਰ ਪਾਕਿਸਤਾਨ ਦੇ ਪੰਜਾਬ ਸੂਬੇ ਵਿੱਚ ਸਥਿਤ ਲਾਹੌਰ ਦੇ ਨੇੜੇ ਫਾਰੂਕਾਬਾਦ (ਪੁਰਾਣਾ ਨਾਮ ਚੂਹੜ ਖਾਨਾ) ਵਿਖੇ 125 ਸਾਲ ਪੁਰਾਣੇ ਇਤਿਹਾਸਕ ਗੁਰਦੁਆਰਾ ਸਿੰਘ ਸਭਾ ਦੇ ਇੱਕ ਹਿੱਸੇ ਨੂੰ ਢਾਹੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਨੇ ਦੁਨੀਆ ਭਰ ਦੇ ਸਿੱਖ ਭਾਈਚਾਰੇ ਵਿੱਚ ਭਾਰੀ ਰੋਸ ਅਤੇ ਚਿੰਤਾ ਪੈਦਾ ਕਰ ਦਿੱਤੀ ਹੈ। ਭਾਰਤ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਜਥੇਬੰਦੀਆਂ ਨੇ ਇਸ ਦੀ ਸਖ਼ਤ ਨਿੰਦਾ ਕਰਦਿਆਂ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ।

ਗੁਰਦੁਆਰੇ ਦੇ ਹਿੱਸੇ ਨੂੰ ਕਿਉਂ ਢਾਹਿਆ ਗਿਆ ?-ਮੁੱਢਲੀ ਜਾਣਕਾਰੀ ਅਨੁਸਾਰ, ਇਸ ਘਟਨਾ ਪਿੱਛੇ ਵਪਾਰਕ ਹਿੱਤ ਅਤੇ ਜ਼ਮੀਨੀ ਕਬਜ਼ਾ ਮੁੱਖ ਕਾਰਨ ਹਨ। ਔਕਾਫ਼ ਵਿਭਾਗ (ਵਕਫ਼ ਅਤੇ ਧਾਰਮਿਕ ਮਾਮਲੇ ਵਿਭਾਗ) ਦੇ ਅਧਿਕਾਰੀਆਂ ਮੁਤਾਬਕ ਇੱਕ ਸਥਾਨਕ ਕਾਰੋਬਾਰੀ ਨੇ ਸਬੰਧਤ ਵਿਭਾਗਾਂ ਤੋਂ ਕੋਈ ਲੋੜੀਂਦੀ ਐਨ.ਓ.ਸੀ. ਪ੍ਰਾਪਤ ਕੀਤੇ ਬਿਨਾਂ ਹੀ ਗੁਰਦੁਆਰੇ ਦੇ ਢਾਂਚੇ ਨੂੰ ਢਾਹੁਣਾ ਸ਼ੁਰੂ ਕਰ ਦਿੱਤਾ। ਸਥਾਨਕ ਵਪਾਰੀਆਂ ਅਤੇ ਨਿਵਾਸੀਆਂ ਦਾ ਕਹਿਣਾ ਹੈ ਕਿ ਇਹ ਇਮਾਰਤ ਪਿਛਲੇ 80 ਸਾਲਾਂ ਤੋਂ ਖਾਲੀ ਪਈ ਸੀ। ਵੰਡ ਤੋਂ ਬਾਅਦ ਇੱਥੇ ਕਈ ਪਰਿਵਾਰ ਆ ਕੇ ਵੱਸ ਗਏ ਸਨ ਅਤੇ ਕਈ ਦੁਕਾਨਾਂ ਖੋਲ੍ਹ ਲਈਆਂ ਗਈਆਂ ਸਨ, ਜਿਸ ਕਾਰਨ ਵਪਾਰਕ ਹਿੱਤਾਂ ਲਈ ਇਸ ਇਤਿਹਾਸਕ ਧਰੋਹਰ ਨੂੰ ਨੁਕਸਾਨ ਪਹੁੰਚਾਇਆ ਗਿਆ।

ਪਾਕਿਸਤਾਨ ਸਰਕਾਰ ਅਤੇ ਪ੍ਰਸ਼ਾਸਨ ਕੀ ਕਾਰਵਾਈ ਕਰ ਰਿਹਾ ਹੈ ?-ਸਥਾਨਕ ਸਿੱਖਾਂ ਦੇ ਭਾਰੀ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਪਾਕਿਸਤਾਨ ਪ੍ਰਸ਼ਾਸਨ ਹਰਕਤ ਵਿੱਚ ਆਇਆ ਹੈ: ਪਾਕਿਸਤਾਨੀ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਨੇ ਮਾਮਲੇ ਦਾ ਸਖ਼ਤ ਨੋਟਿਸ ਲੈਂਦਿਆਂ ਜਾਂਚ ਦੇ ਆਦੇਸ਼ ਦਿੱਤੇ ਹਨ। ਪੰਜਾਬ ਦੇ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਸ਼ੇਖੂਪੁਰਾ ਦੇ ਡਿਪਟੀ ਕਮਿਸ਼ਨਰ ਅਤੇ ਔਕਾਫ਼ ਵਿਭਾਗ ਦੇ ਅਧਿਕਾਰੀਆਂ ਨਾਲ ਘਟਨਾ ਵਾਲੀ ਥਾਂ ਦਾ ਨਿਰੀਖਣ ਕੀਤਾ ਸਰਕਾਰ ਨੇ ਐਲਾਨ ਕੀਤਾ ਹੈ ਕਿ ਗੁਰਦੁਆਰਾ ਸਿੰਘ ਸਭਾ ਦੇ ਢਾਹੇ ਗਏ ਹਿੱਸੇ ਦਾ ਪੁਨਰ-ਨਿਰਮਾਣ ਤੁਰੰਤ ਸ਼ੁਰੂ ਕਰਵਾਇਆ ਜਾਵੇਗਾ। ਹਾਲਾਂਕਿ, ਉੱਥੇ ਰਹਿ ਰਹੇ ਸਥਾਨਕ ਵਪਾਰੀ ਇਸ ਦਾ ਵਿਰੋਧ ਕਰ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਉਜਾੜੇ ਜਾਣ ਦਾ ਡਰ ਹੈ। ਪੁਲਿਸ ਨੇ ਫਿਲਹਾਲ ਢਾਹੁਣ ਦਾ ਕੰਮ ਰੋਕ ਦਿੱਤਾ ਹੈ ਅਤੇ ਅਧਿਕਾਰੀਆਂ ਨੂੰ ਜਲਦੀ ਤੋਂ ਜਲਦੀ ਇੱਕ ਤੱਥ-ਅਧਾਰਿਤ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ ਤਾਂ ਜੋ ਦੋਸ਼ੀਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ।

ਸ਼੍ਰੋਮਣੀ ਕਮੇਟੀ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਨੂੰ ਸਿੱਖ ਭਾਵਨਾਵਾਂ 'ਤੇ ਸਿੱਧਾ ਹਮਲਾ ਦੱਸਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਘੱਟ ਗਿਣਤੀਆਂ ਦੇ ਧਾਰਮਿਕ ਸਥਾਨਾਂ ਦੀ ਸੁਰੱਖਿਆ ਕਰਨਾ ਪਾਕਿਸਤਾਨ ਸਰਕਾਰ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ। ਉਨ੍ਹਾਂ ਮੰਗ ਕੀਤੀ ਕਿ ਪਾਕਿਸਤਾਨ ਵਿੱਚ ਸਿੱਖਾਂ ਅਤੇ ਉਨ੍ਹਾਂ ਦੇ ਗੁਰਧਾਮਾਂ ਦੀ ਸੁਰੱਖਿਆ ਨੂੰ ਹਰ ਹਾਲ ਵਿੱਚ ਯਕੀਨੀ ਬਣਾਇਆ ਜਾਵੇ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਇਸ ਸਬੰਧੀ ਭਾਰਤੀ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਵੀ ਇਸ ਨੂੰ 'ਪਹਿਲਾਂ ਤੋਂ ਸੋਚੀ-ਸਮਝੀ ਭੰਨਤੋੜ' ਦੱਸਦਿਆਂ ਪਾਕਿਸਤਾਨ ਕੋਲ ਇਹ ਮੁੱਦਾ ਸਖ਼ਤੀ ਨਾਲ ਉਠਾਉਣ ਦਾ ਭਰੋਸਾ ਦਿੱਤਾ ਹੈ।

ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਪਾਕਿਸਤਾਨੀ ਪੰਜਾਬ ਦੇ ਮੰਡੀ ਚੂਹੜਕਾਨਾ ਵਿਖੇ 125 ਸਾਲ ਪੁਰਾਣੇ ਇਤਿਹਾਸਕ ਗੁਰਦੁਆਰਾ ਸਿੰਘ ਸਭਾ ਦੇ ਇੱਕ ਹਿੱਸੇ ਅਤੇ ਗੁੰਬਦ ਨੂੰ ਭੂ-ਮਾਫ਼ੀਆ ਵੱਲੋਂ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਢਾਹੇ ਜਾਣ ਦੀ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਹੈ ਕਿ ਪਾਕਿਸਤਾਨ ਵਿੱਚ ਸਿੱਖਾਂ ਅਤੇ ਹਿੰਦੂਆਂ ਦੇ ਧਾਰਮਿਕ ਅਸਥਾਨਾਂ, ਜਾਇਦਾਦਾਂ ਅਤੇ ਘੱਟ ਗਿਣਤੀਆਂ ਦੀ ਲਗਾਤਾਰ ਵਿਗੜ ਰਹੀ ਸਥਿਤੀ ਦਾ ਮੁੱਦਾ ਪਾਕਿਸਤਾਨ ਸਰਕਾਰ ਸਮੇਤ ਅੰਤਰਰਾਸ਼ਟਰੀ ਮੰਚਾਂ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਉਠਾਇਆ ਜਾਵੇ। ਪੱਤਰ ਵਿੱਚ ਨਨਕਾਣਾ ਸਾਹਿਬ, ਹਸਨ ਅਬਦਾਲ, ਲਾਹੌਰ, ਸਿਆਲਕੋਟ ਅਤੇ ਰਾਵਲਪਿੰਡੀ ਸਮੇਤ ਕਈ ਇਤਿਹਾਸਕ ਗੁਰਦੁਆਰਿਆਂ ਅਤੇ ਮੰਦਰਾਂ ਦੀਆਂ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ਿਆਂ ਅਤੇ ਬੇਅਦਬੀ ਦੇ ਮਾਮਲਿਆਂ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ। ਸਿੱਖ ਧਾਰਮਿਕ ਸਥਾਨਾਂ ਉੱਪਰ ਕਿਉਂ ਹੁੰਦੇ ਹਨ ਕਬਜ਼ੇ ਅਤੇ ਹੁਣ ਤੱਕ ਕਿੰਨੇ ਹੋਏ ?-1947 ਦੀ ਵੰਡ: ਦੇਸ਼ ਦੀ ਵੰਡ ਵੇਲੇ ਲੱਖਾਂ ਸਿੱਖ ਪਾਕਿਸਤਾਨ ਵਾਲੇ ਹਿੱਸੇ ਨੂੰ ਛੱਡ ਕੇ ਭਾਰਤ ਆ ਗਏ। ਇਸ ਕਾਰਨ ਸੈਂਕੜੇ ਇਤਿਹਾਸਕ ਅਤੇ ਸਥਾਨਕ ਗੁਰਦੁਆਰੇ ਉੱਥੇ ਖਾਲੀ ਰਹਿ ਗਏ। ਲੰਮੇ ਸਮੇਂ ਤੱਕ ਇਨ੍ਹਾਂ ਗੁਰਦੁਆਰਿਆਂ ਦੀ ਸੇਵਾ-ਸੰਭਾਲ ਨਾ ਹੋਣ ਕਾਰਨ ਇਮਾਰਤਾਂ ਖੰਡਰ ਬਣ ਗਈਆਂ। ਪਾਕਿਸਤਾਨ ਦੇ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ ਦੀ ਕਥਿਤ ਨਾਕਾਮੀ ਜਾਂ ਮਿਲੀਭੁਗਤ ਕਾਰਨ ਸਥਾਨਕ ਰੀਅਲ ਅਸਟੇਟ ਮਾਫੀਆ ਨੇ ਇਨ੍ਹਾਂ ਕੀਮਤੀ ਜ਼ਮੀਨਾਂ 'ਤੇ ਕਬਜ਼ੇ ਕਰ ਲਏ। ਵੱਖ-ਵੱਖ ਖੋਜਾਂ, ਸਿੱਖ ਇਤਿਹਾਸਕਾਰਾਂ ਅਤੇ ਸਰਵੇਖਣਾਂ ਅਨੁਸਾਰ, 1947 ਦੀ ਵੰਡ ਤੋਂ ਪਹਿਲਾਂ ਮੌਜੂਦਾ ਪਾਕਿਸਤਾਨ ਵਾਲੇ ਖੇਤਰ ਵਿੱਚ ਸੈਂਕੜੇ ਇਤਿਹਾਸਕ ਅਤੇ ਹਜ਼ਾਰਾਂ ਸਥਾਨਕ ਗੁਰਦੁਆਰੇ ਸਨ। ਇੱਕ ਅੰਦਾਜ਼ੇ ਮੁਤਾਬਕ ਪਾਕਿਸਤਾਨ ਵਿੱਚ ਲਗਭਗ ਸੈਂਕੜੇ ਅਜਿਹੇ ਪ੍ਰਮੁੱਖ ਧਾਰਮਿਕ ਸਥਾਨ ਹਨ ਜੋ ਧਾਰਮਿਕ ਜਾਂ ਇਤਿਹਾਸਕ ਮਹੱਤਵ ਰੱਖਦੇ ਹਨ। ਇਨ੍ਹਾਂ ਵਿੱਚੋਂ ਕੇਵਲ ਕੁੱਝ ਦਰਜਨ (ਲਗਭਗ 30 ਤੋਂ 40) ਗੁਰਦੁਆਰੇ ਹੀ ਇਸ ਵੇਲੇ ਸਰਗਰਮ ਰੂਪ ਵਿੱਚ ਸੰਗਤਾਂ ਲਈ ਖੁੱਲ੍ਹੇ ਹਨ ਜਾਂ ਈਟੀਪੀਬੀ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਹਨ।

ਬਾਕੀ ਰਹਿੰਦੇ ਸੈਂਕੜੇ ਗੁਰਦੁਆਰਿਆਂ ਦੀਆਂ ਇਮਾਰਤਾਂ ਜਾਂ ਤਾਂ ਖੰਡਰ ਹੋ ਚੁੱਕੀਆਂ ਹਨ ਜਾਂ ਉਨ੍ਹਾਂ ਉੱਪਰ ਸਰਕਾਰੀ ਸਕੂਲਾਂ, ਮੁਸਲਿਮ ਮੁਸਾਫ਼ਿਰਖ਼ਾਨਿਆਂ, ਦੁਕਾਨਾਂ, ਸਰਕਾਰੀ ਦਫ਼ਤਰਾਂ ਅਤੇ ਨਿੱਜੀ ਘਰਾਂ ਦੇ ਰੂਪ ਵਿੱਚ ਨਜਾਇਜ਼ ਕਬਜ਼ੇ ਹੋ ਚੁੱਕੇ ਹਨ।

ਪ੍ਰਵਾਸੀ ਸਿੱਖ ਜਥੇਬੰਦੀਆਂ ਦੀ ਰਾਇ-ਅਮਰੀਕਾ, ਕੈਨੇਡਾ, ਯੂ.ਕੇ. ਅਤੇ ਯੂਰਪ ਵਿੱਚ ਸਰਗਰਮ ਪ੍ਰਵਾਸੀ ਸਿੱਖ ਜਥੇਬੰਦੀਆਂ ਨੇ ਇਸ ਘਟਨਾ 'ਤੇ ਡੂੰਘੀ ਚਿੰਤਾ ਅਤੇ ਰੋਸ ਪ੍ਰਗਟ ਕੀਤਾ ਹੈ। ਵਰਲਡ ਸਿੱਖ ਓਰਗੇਨਾਈਜ਼ੇਸ਼ਨ ਕੈਨੇਡਾ ਨੇ ਇਸ ਘਟਨਾ ਦੀ ਨਿੰਦਾ ਕਰਦਿਆਂ ਮੰਗ ਕੀਤੀ ਹੈ ਕਿ ਕੈਨੇਡਾ ਸਰਕਾਰ ਅਤੇ ਕੌਮਾਂਤਰੀ ਭਾਈਚਾਰਾ ਪਾਕਿਸਤਾਨ ਵਿੱਚ ਘੱਟ ਗਿਣਤੀਆਂ ਦੇ ਧਾਰਮਿਕ ਸਥਾਨਾਂ ਦੀ ਸੁਰੱਖਿਆ ਦਾ ਮੁੱਦਾ ਉਠਾਏ। ਉਨ੍ਹਾਂ ਪਾਕਿਸਤਾਨ ਦੇ ਔਕਾਫ਼ ਬੋਰਡ ਦੀ ਜਵਾਬਦੇਹੀ ਤੈਅ ਕਰਨ ਦੀ ਮੰਗ ਵੀ ਕੀਤੀ। ਅਮਰੀਕਾ ਦੀ ਇਸ ਵੱਡੀ ਸਿੱਖ ਮਨੁੱਖੀ ਅਧਿਕਾਰ ਸੰਸਥਾ ਸਿੱਖ ਕੋਲੀਸ਼ਨ ਨੇ ਧਾਰਮਿਕ ਆਜ਼ਾਦੀ ਅਤੇ ਇਤਿਹਾਸਕ ਧਰੋਹਰਾਂ ਦੀ ਸੁਰੱਖਿਆ ਦਾ ਹਵਾਲਾ ਦਿੰਦਿਆਂ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਦੋਸ਼ੀ ਕਾਰੋਬਾਰੀਆਂ ਅਤੇ ਨਜਾਇਜ਼ ਕਬਜ਼ਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਗੁਰਦੁਆਰਾ ਸਾਹਿਬ ਦੀ ਜ਼ਮੀਨ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਕੀਤਾ ਜਾਵੇ ।ਵੰਡ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੇ ਨਾਮ ਜਿੰਨੀ ਵੀ ਜ਼ਮੀਨ ਰਜਿਸਟਰਡ ਸੀ, ਉਸ ਦੀ ਸਰਕਾਰੀ ਨਿਸ਼ਾਨਦੇਹੀ ਕਰਕੇ ਕਬਜ਼ਾ ਮੁਕਤ ਕਰਵਾਇਆ ਜਾਵੇ।

ਬਿਨਾਂ ਐਨਓਸੀ ਅਤੇ ਗੈਰ-ਕਾਨੂੰਨੀ ਤਰੀਕੇ ਨਾਲ ਇਮਾਰਤ ਢਾਹੁਣ ਵਾਲੇ ਸਥਾਨਕ ਕਾਰੋਬਾਰੀ 'ਤੇ ਸਖ਼ਤ ਧਾਰਾਵਾਂ ਤਹਿਤ ਕੇਸ ਚਲਾਇਆ ਜਾਵੇ ।ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ ਵਿੱਚ ਸਿੱਖ ਨੁਮਾਇੰਦਿਆਂ ਦੀ ਗਿਣਤੀ ਵਧਾਈ ਜਾਵੇ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਪਹਿਲਾਂ ਹੀ ਰੋਕਿਆ ਜਾ ਸਕੇ।

ਪ੍ਰਵਾਸੀ ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਪਾਕਿਸਤਾਨ ਵਿੱਚ ਸਿੱਖ ਵਿਰਾਸਤ ਨੂੰ ਬਚਾਉਣ ਲਈ ਯੂਨੈਸਕੋ ਅਤੇ ਕੌਮਾਂਤਰੀ ਸੰਸਥਾਵਾਂ ਨੂੰ ਦਖ਼ਲ ਦੇਣਾ ਚਾਹੀਦਾ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਈਟੀਪੀਬੀ (ਜਿਸ ਵਿੱਚ ਜ਼ਿਆਦਾਤਰ ਗੈਰ-ਸਿੱਖ ਅਧਿਕਾਰੀ ਹੁੰਦੇ ਹਨ) ਦੀ ਬਜਾਏ, ਪਾਕਿਸਤਾਨ ਦੇ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਅਤੇ ਮਾਲਕੀ ਹੱਕ ਪੂਰੀ ਤਰ੍ਹਾਂ ਸਿੱਖ ਭਾਈਚਾਰੇ ਦੇ ਨੁਮਾਇੰਦਿਆਂ ਨੂੰ ਸੌਂਪਿਆ ਜਾਵੇ। ਪ੍ਰਵਾਸੀ ਸਿੱਖ ਆਗੂਆਂ ਮੁਤਾਬਕ, ਪਾਕਿਸਤਾਨ ਸਰਕਾਰ ਨੂੰ ਸਿੰਘ ਸਭਾ ਲਹਿਰ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦੀਆਂ ਸਾਰੀਆਂ ਇਤਿਹਾਸਕ ਇਮਾਰਤਾਂ ਨੂੰ 'ਸੁਰੱਖਿਅਤ ਰਾਸ਼ਟਰੀ ਵਿਰਾਸਤ' ਐਲਾਨਣਾ ਚਾਹੀਦਾ ਹੈ, ਤਾਂ ਜੋ ਭਵਿੱਖ ਵਿੱਚ ਕੋਈ ਵੀ ਵਪਾਰਕ ਹਿੱਤਾਂ ਲਈ ਇਨ੍ਹਾਂ ਨੂੰ ਨੁਕਸਾਨ ਨਾ ਪਹੁੰਚਾ ਸਕੇ।



## ਪਾਕਿਸਤਾਨ ਨੇ 3 ਸਾਲ ਪਹਿਲਾਂ ਢਹਿ ਚੁੱਕੇ ਇਤਿਹਾਸਕ ਗੁਰਦੁਆਰਾ ਰੋੜੀ ਸਾਹਿਬ ਦੀ ਨਵਉਸਾਰੀ ਕੀਤੀ ਸ਼ੁਰੂ

ਅੰਮ੍ਰਿਤਸਰ-ਪਾਕਿਸਤਾਨ ਦੇ ਲਾਹੌਰ ਸਥਿਤ ਸਰਹੱਦੀ ਪਿੰਡ ਜਾਹਮਨ ਵਿੱਚ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਇਤਿਹਾਸਕ ਗੁਰਦੁਆਰਾ ਰੋੜੀ ਸਾਹਿਬ ਦੀ ਇਮਾਰਤ ਦੀ ਨਵਉਸਾਰੀ ਦਾ ਕੰਮ ਪਾਕਿ ਸਰਕਾਰ ਵੱਲੋਂ ਸ਼ੁਰੂ ਕਰ ਦਿੱਤਾ ਗਿਆ ਹੈ। ਰੱਖ-ਰਖਾਅ ਦੀ ਘਾਟ ਕਾਰਨ ਇਸ ਪਵਿੱਤਰ ਗੁਰਦੁਆਰਾ ਸਾਹਿਬ ਦਾ ਗੁੰਬਦ ਅਤੇ ਇਮਾਰਤ ਦਾ ਵੱਡਾ ਹਿੱਸਾ 8 ਜੁਲਾਈ 2023 ਨੂੰ ਭਾਰੀ ਮੀਂਹ ਕਾਰਨ ਢਹਿ ਗਿਆ ਸੀ। ਪਾਕਿ ਗੁਰਦੁਆਰਾ ਕਮੇਟੀ ਜਾਂ ਪ੍ਰਸ਼ਾਸਨ ਵੱਲੋਂ ਸਾਰ ਨਾ ਲਏ ਜਾਣ ਕਰਕੇ ਇਸ ਦੇ ਬਾਕੀ ਬਚੇ ਹਿੱਸੇ 'ਤੇ ਵੀ ਖ਼ਤਰਾ ਮੰਡਰਾ ਰਿਹਾ ਸੀ, ਜਿਸ ਤੋਂ ਬਾਅਦ 'ਪੰਥਕ ਜਥੇਬੰਦੀਆਂ ਵੱਲੋਂ ਇਹ ਮਾਮਲਾ ਪ੍ਰਮੁੱਖਤਾ ਨਾਲ ਉਠਾਏ ਜਾਣ 'ਤੇ ਹੁਣ ਇਹ ਕੰਮ ਸ਼ੁਰੂ ਹੋਇਆ ਹੈ। ਇਸ ਪਵਿੱਤਰ ਅਸਥਾਨ 'ਤੇ ਗੁਰੂ ਨਾਨਕ ਦੇਵ ਜੀ ਨੇ ਤਿੰਨ ਵਾਰ ਚਰਨ ਪਾਏ ਸਨ। ਦੇਸ਼ ਦੀ ਵੰਡ ਤੋਂ ਪਹਿਲਾਂ ਇਸ ਗੁਰਦੁਆਰਾ ਸਾਹਿਬ ਦੇ ਨਾਂ 50 ਏਕੜ ਰਕਬਾ ਸੀ। ਸੇਵਾ-ਸੰਭਾਲ ਦੀ ਘਾਟ ਕਾਰਨ ਇੱਥੋਂ ਦਾ ਖ਼ੂਬਸੂਰਤ ਸਰੋਵਰ ਫਿਲਹਾਲ ਛੱਪੜ ਦਾ ਰੂਪ ਧਾਰਨ ਕਰ ਚੁੱਕਾ ਹੈ।

# ਲੈਂਡ ਪੂਲਿੰਗ ਨੀਤੀ 'ਤੇ ਸਿਆਸਤ ਗਰਮਾਈ

## ○ ਸੁਖਬੀਰ ਬਾਦਲ ਵੱਲੋਂ 'ਆਪ' ਸਰਕਾਰ ਖ਼ਿਲਾਫ਼ ਵੱਡੇ ਅੰਦੋਲਨ ਦਾ ਐਲਾਨ




ਚੰਡੀਗੜ੍ਹ-ਪੰਜਾਬ ਸਰਕਾਰ ਦੀ ਸੋਧੀ ਹੋਈ ਲੈਂਡ ਪੂਲਿੰਗ ਨੀਤੀ ਨੂੰ ਲੈ ਕੇ ਸੂਬੇ ਵਿੱਚ ਸਿਆਸੀ ਘਮਸਾਨ ਸ਼ੁਰੂ ਹੋ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਮ ਆਦਮੀ ਪਾਰਟੀ (ਆਪ) ਸਰਕਾਰ 'ਤੇ ਗੰਭੀਰ ਦੋਸ਼ ਲਾਉਂਦਿਆਂ ਇਸ ਨੀਤੀ ਨੂੰ ਕਿਸਾਨਾਂ ਦੀ ਜ਼ਮੀਨ ਹੜੱਪਣ ਦੀ ਇੱਕ ਨਵੀਂ ਸਾਜ਼ਿਸ਼ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਵਿਕਾਸ ਦੇ ਨਾਂ 'ਤੇ ਉਪਜਾਊ ਖੇਤੀਬਾੜੀ ਜ਼ਮੀਨ 'ਤੇ ਕਬਜ਼ਾ ਕਰਨ ਦੇ ਸਰਕਾਰ ਦੇ ਇਸ ਕਦਮ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਸੁਖਬੀਰ ਬਾਦਲ ਨੇ ਦੋਸ਼ ਲਗਾਇਆ ਕਿ ਚੋਣਾਂ ਨੇੜੇ ਆਉਣ ਕਾਰਨ 'ਕੇਜਰੀਵਾਲ ਐਂਡ ਕੰਪਨੀ' ਆਪਣੇ ਸਿਆਸੀ ਨਿਵੇਸ਼ਕਾਂ ਅਤੇ ਨਜ਼ਦੀਕੀ ਸਹਿਯੋਗੀਆਂ ਨੂੰ ਫਾਇਦਾ ਪਹੁੰਚਾਉਣ ਲਈ ਨੀਤੀਗਤ ਬਦਲਾਅ ਕਰ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪਿਛਲੇ ਸਾਲ ਕੀਤੇ ਗਏ ਕਥਿਤ ਗੈਰ-ਕਾਨੂੰਨੀ ਸੌਦਿਆਂ ਨੂੰ ਜਾਇਜ਼ ਠਹਿਰਾਉਣ ਲਈ ਹੀ ਇਸ ਨੀਤੀ ਵਿੱਚ ਸੋਧ ਕੀਤੀ ਗਈ ਹੈ। ਕਿਸਾਨਾਂ ਦੀ ਸਲਾਹ ਤੋਂ ਬਿਨਾਂ ਫੈਸਲੇ ਥੋਪਣ ਕਾਰਨ ਪੇਂਡੂ ਖੇਤਰਾਂ ਵਿੱਚ ਭਾਰੀ ਅਸੰਤੁਸ਼ਟੀ ਹੈ।

ਅਕਾਲੀ ਦਲ ਦੇ ਪ੍ਰਧਾਨ ਨੇ ਐਲਾਨ ਕੀਤਾ ਕਿ ਉਨ੍ਹਾਂ ਦੀ ਪਾਰਟੀ ਕਿਸਾਨਾਂ ਅਤੇ ਉਨ੍ਹਾਂ ਦੀ ਜ਼ਮੀਨ ਦੀ ਰਾਖੀ ਲਈ ਪੂਰੇ ਪੰਜਾਬ ਵਿੱਚ ਇੱਕ ਵਿਸ਼ਾਲ ਅੰਦੋਲਨ ਸ਼ੁਰੂ ਕਰੇਗੀ। ਇਸ ਮੁਹਿੰਮ ਤਹਿਤ ਹਰ ਪਿੰਡ ਦੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ ਅਤੇ ਲੋੜ ਪੈਣ 'ਤੇ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ।

# ਕੁੱਤੇ ਨੂੰ ਕ੍ਰਿਸ਼ਨ ਦਾ ਰੂਪ ਦੇਣ ਦੇ ਮਾਮਲੇ ਵਿਚ ਐਫਆਈਆਰ ਰੱਦ

## ✪ ਹਾਈ ਕੋਰਟ ਨੇ ਕਿਹਾ- ਇਹ ਭਗਤੀ ਤੇ ਪਿਆਰ ਦਾ ਪ੍ਰਗਟਾਵਾ




ਚੰਡੀਗੜ੍ਹ-ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਜਨਮ ਅਸ਼ਟਮੀ ਮੌਕੇ ਆਪਣੇ ਪਾਲਤੂ ਕੁੱਤੇ ਨੂੰ ਭਗਵਾਨ ਕ੍ਰਿਸ਼ਨ ਦੀ ਵੇਸ਼ਭੂਸ਼ਾ ਪਹਿਨਾ ਕੇ ਤਸਵੀਰਾਂ ਵ੍ਹਟਸਐਪ ਸਟੇਟਸ 'ਤੇ ਲਾਉਣ ਵਾਲੀ ਇੱਕ ਔਰਤ ਖ਼ਿਲਾਫ਼ ਦਰਜ ਐੱਫਆਈਆਰ ਰੱਦ ਕਰ ਦਿੱਤੀ ਹੈ। ਜਸਟਿਸ ਸੁਭਾਸ਼ ਮਹਿਤਾ ਨੇ ਇਹ ਹੁਕਮ ਹੁਸ਼ਿਆਰਪੁਰ ਦੇ ਥਾਣਾ ਤਲਵਾੜਾ ਵਿੱਚ 3 ਸਤੰਬਰ 2024 ਨੂੰ ਇੱਕ ਸਿਆਸੀ ਆਗੂ ਦੀ ਸ਼ਿਕਾਇਤ 'ਤੇ ਦਰਜ ਹੋਏ ਮਾਮਲੇ ਦੀ ਸੁਣਵਾਈ ਕਰਦਿਆਂ ਜਾਰੀ ਕੀਤੇ। ਸੁਣਵਾਈ ਦੌਰਾਨ ਅਦਾਲਤ ਨੇ ਕਿਹਾ ਕਿ ਇਸ ਮਾਮਲੇ ਵਿੱਚ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਕੋਈ ਦੁਰਭਾਵਨਾ ਨਹੀਂ ਸੀ, ਸਗੋਂ ਇਹ ਕਦਮ ਭਗਤੀ ਅਤੇ ਪਿਆਰ ਦਾ ਪ੍ਰਗਟਾਵਾ ਸੀ। ਬੇਔਲਾਦ ਔਰਤ ਨੇ ਆਪਣੇ ਪਾਲਤੂ ਕੁੱਤੇ ਨੂੰ ਬੱਚੇ ਵਾਂਗ ਪਾਲਿਆ ਹੈ। ਹਾਈ ਕੋਰਟ ਨੇ ਭਗਵਦ ਗੀਤਾ, ਮਹਾਭਾਰਤ ਅਤੇ ਸੰਤ ਕਬੀਰ ਦੀਆਂ ਸਿੱਖਿਆਵਾਂ ਦਾ ਹਵਾਲਾ ਦਿੰਦਿਆਂ ਸਪੱਸ਼ਟ ਕੀਤਾ ਕਿ ਹਰ ਜੀਵ ਵਿੱਚ ਇੱਕੋ ਆਤਮਾ ਦਾ ਵਾਸ ਹੁੰਦਾ ਹੈ, ਇਸ ਲਈ ਕੁੱਤੇ ਵਿੱਚ ਕ੍ਰਿਸ਼ਨ ਦਾ ਰੂਪ ਦੇਖਣਾ ਕੋਈ ਅਪਮਾਨ ਨਹੀਂ ਹੈ। ਅਦਾਲਤ ਨੇ ਸੰਵਿਧਾਨਕ ਸਹਿਣਸ਼ੀਲਤਾ ਅਤੇ ਅਭਿਵਿਅਕਤੀ ਦੀ ਆਜ਼ਾਦੀ ਨੂੰ ਪਹਿਲ ਦਿੰਦਿਆਂ ਕੇਸ ਖਾਰਜ ਕਰ ਦਿੱਤਾ।

# ਸ਼ਰਾਬ ਸਮਝ ਕੇ ਪੀ ਲਈ ਜੂੰਆਂ ਮਾਰਨ ਵਾਲੀ ਦਵਾਈ, ਇੱਕੋ ਪਰਿਵਾਰ ਦੇ 3 ਜੀਅ ਹਸਪਤਾਲ ਦਾਖ਼ਲ



ਗੁਮਲਾ-ਗੁਮਲਾ ਜ਼ਿਲ੍ਹੇ ਦੇ ਘਾਘਰਾ ਥਾਣਾ ਖੇਤਰ ਦੇ ਪਿੰਡ ਤੋਤਾਂਬੀ ਵਿੱਚ ਇੱਕ ਵੱਡੀ ਲਾਪਰਵਾਹੀ ਕਾਰਨ ਇੱਕੋ ਪਰਿਵਾਰ ਦੇ ਤਿੰਨ ਮੈਂਬਰ ਗੰਭੀਰ ਰੂਪ ਵਿੱਚ ਬੀਮਾਰ ਹੋ ਗਏ। ਬੀਤੇ ਦਿਨੀਂ 55 ਸਾਲਾ ਵਿਰਘਨ ਘਾਂਸੀ, ਉਨ੍ਹਾਂ ਦੀ ਪਤਨੀ ਰਾਜਮੁਨੀ ਦੇਵੀ ਅਤੇ ਪੁੱਤਰ ਬਬਲੂ ਨਾਇਕ ਨੇ ਫਰਿੱਜ ਉੱਪਰ ਰੱਖੀ ਜੂੰਆਂ ਮਾਰਨ ਵਾਲੀ ਦਵਾਈ ਨੂੰ ਗ਼ਲਤੀ ਨਾਲ ਸ਼ਰਾਬ ਸਮਝ ਕੇ ਪੀ ਲਿਆ। ਦਵਾਈ ਪੀਣ ਤੋਂ ਤੁਰੰਤ ਬਾਅਦ ਤਿੰਨਾਂ ਦੀ ਹਾਲਤ ਵਿਗੜ ਗਈ। ਪੀੜਤ ਦੇ ਛੋਟੇ ਪੁੱਤਰ ਲਕਸ਼ਮਣ ਮੁਤਾਬਕ, ਘਟਨਾ ਤੋਂ ਬਾਅਦ ਜਦੋਂ ਉਸ ਨੇ 108 ਐਂਬੂਲੈਂਸ ਸੇਵਾ ਨੂੰ ਫੋਨ ਕੀਤਾ ਤਾਂ ਅੱਗੋਂ ਐਂਬੂਲੈਂਸ ਖ਼ਰਾਬ ਹੋਣ ਦਾ ਜਵਾਬ ਮਿਲਿਆ। ਇਸ ਤੋਂ ਬਾਅਦ ਦੇਰ ਰਾਤ ਕਰੀਬ 2 ਵਜੇ ਇੱਕ ਇਲੈਕਟ੍ਰਿਕ ਆਟੋ ਰਾਹੀਂ ਤਿੰਨਾਂ ਮਰੀਜ਼ਾਂ ਨੂੰ ਸਦਰ ਹਸਪਤਾਲ ਗੁਮਲਾ ਵਿਖੇ ਭਰਤੀ ਕਰਵਾਇਆ ਗਿਆ, ਜਿੱਥੇ ਡਾਕਟਰਾਂ ਦੀ ਨਿਗਰਾਨੀ ਹੇਠ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਸਥਾਨਕ ਇਲਾਕੇ ਵਿੱਚ ਇਹ ਘਟਨਾ ਕਾਫੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

# ਪਾਕਿਸਤਾਨੀ ਫ਼ੌਜ ਨੇ ਪਹਿਲਾਂ ਕਸ਼ਮੀਰੀਆਂ ਨੂੰ ਬੰਦੂਕਾਂ ਦਿੱਤੀਆਂ, ਹੁਣ ਅੱਤਵਾਦੀ ਕਹਿੰਦੇ ਹਨ: ਪੀਓਕੇ ਆਗੂ



ਇਸਲਾਮਾਬਾਦ-ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਦੇ ਰਾਵਲਕੋਟ ਵਿੱਚ ਪਾਕਿਸਤਾਨ ਸਰਕਾਰ ਵਿਰੁੱਧ ਚੱਲ ਰਿਹਾ ਪ੍ਰਦਰਸ਼ਨ 24ਵੇਂ ਦਿਨ ਵਿੱਚ ਪ੍ਰਵੇਸ਼ ਕਰ ਗਿਆ ਹੈ, ਜਿੱਥੇ 80,000 ਤੋਂ ਵੱਧ ਲੋਕ ਇਕੱਠੇ ਹੋ ਕੇ ਵਿਰੋਧ ਕਰ ਰਹੇ ਹਨ। ਇਸ ਦੌਰਾਨ ਜੁਆਇੰਟ ਅਵਾਮੀ ਐਕਸ਼ਨ ਕਮੇਟੀ ਦੇ ਨੇਤਾ ਸਰਦਾਰ ਅਮਨ ਖਾਨ ਨੇ ਪਾਕਿਸਤਾਨੀ ਫੌਜ 'ਤੇ ਰਾਜ-ਪ੍ਰਯੋਜਿਤ ਅੱਤਵਾਦ ਫੈਲਾਉਣ ਦੇ ਗੰਭੀਰ ਦੋਸ਼ ਲਾਏ ਹਨ।

ਉਨ੍ਹਾਂ ਦਾਅਵਾ ਕੀਤਾ ਕਿ ਪਾਕਿਸਤਾਨੀ ਫੌਜ ਨੇ ਖੁਦ ਕਸ਼ਮੀਰੀਆਂ ਨੂੰ ਹਥਿਆਰ ਸਪਲਾਈ ਕੀਤੇ ਸਨ ਅਤੇ ਅੱਜ ਉਹੀ ਫੌਜ ਉਨ੍ਹਾਂ ਨੂੰ ਅੱਤਵਾਦੀ ਕਹਿ ਰਹੀ ਹੈ। ਅਮਨ ਖਾਨ ਨੇ ਸਥਾਨਕ ਪ੍ਰਸ਼ਾਸਨ 'ਤੇ ਵੀ ਨਿਸ਼ਾਨਾ ਸਾਧਦਿਆਂ ਕਿਹਾ ਕਿ ਰਾਵਲਕੋਟ ਦੇ ਡਿਪਟੀ ਕਮਿਸ਼ਨਰ ਨੇ ਜੈਸ਼-ਏ-ਮੁਹੰਮਦ ਵਰਗੇ ਸੰਗਠਨਾਂ ਨੂੰ ਏਕੇ-47 ਅਤੇ ਤਲਵਾਰਾਂ ਨਾਲ ਰੈਲੀਆਂ ਕਰਨ ਦੀ ਇਜਾਜ਼ਤ ਅਤੇ ਸੁਰੱਖਿਆ ਦਿੱਤੀ ਸੀ।


ਪ੍ਰਦਰਸ਼ਨਕਾਰੀਆਂ ਨੇ ਪਾਕਿਸਤਾਨ ਸਰਕਾਰ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਉਨ੍ਹਾਂ ਦੀਆਂ 38 ਮੰਗਾਂ ਜਲਦੀ ਪ੍ਰਵਾਨ ਨਾ ਕੀਤੀਆਂ ਗਈਆਂ ਤਾਂ ਇਹ ਅੰਦੋਲਨ ਪੀਓਕੇ ਨੂੰ ਪਾਕਿਸਤਾਨ ਦੇ ਕੰਟਰੋਲ ਤੋਂ ਮੁਕਤ ਕਰਵਾ ਦੇਵੇਗਾ। ਬੁਲਾਰਿਆਂ ਨੇ ਸਾਫ਼ ਕਿਹਾ ਕਿ ਹੁਣ ਇਸ ਖੇਤਰ ਨੂੰ ਪਾਕਿਸਤਾਨ ਦਾ ਹਿੱਸਾ ਨਹੀਂ ਸਮਝਿਆ ਜਾਣਾ ਚਾਹੀਦਾ ਅਤੇ ਉਨ੍ਹਾਂ ਨੇ ਭਾਰਤ ਨਾਲ ਮਜ਼ਬੂਤ ਸਬੰਧ ਬਣਾਉਣ ਦੀ ਚੇਤਾਵਨੀ ਵੀ ਦਿੱਤੀ ਹੈ।

# 6 ਸਾਲਾ ਮਾਸੂਮ ਬੱਚੀ ਨਾਲ ਫੁੱਫੜ ਵੱਲੋਂ ਜਬਰ-ਜ਼ਿਨਾਹ, ਮੁਲਜ਼ਮ ਭਈਆ ਗ੍ਰਿਫ਼ਤਾਰ

ਨੰਗਲ-ਨੰਗਲ ਦੇ ਇੱਕ ਇਲਾਕੇ ਦੀ ਬਸਤੀ ਵਿੱਚ ਕਰੀਬ 6 ਸਾਲਾ ਮਾਸੂਮ ਬੱਚੀ ਨਾਲ ਉਸ ਦੇ ਹੀ ਰਿਸ਼ਤੇ ਵਿੱਚ ਲੱਗਦੇ ਫੁੱਫੜ ਵੱਲੋਂ ਜਬਰ-ਜ਼ਿਨਾਹ ਕਰਨ ਦਾ ਅਤਿ-ਸ਼ਰਮਨਾਕ ਮਾਮਲਾ ਸਾਹਮਣੇ ਆਇਆ ਹੈ। ਨੰਗਲ ਦੇ ਐੱਸ.ਐੱਚ.ਓ. ਦਾਨਿਸ਼ਵੀਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਪੀੜਤ ਬੱਚੀ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਪ੍ਰਵਾਸੀ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਬੱਚੀ ਦੇ ਪਿਤਾ ਮੁਤਾਬਕ ਜਦੋਂ ਉਹ ਰਾਤ ਵੇਲੇ ਰਿਸ਼ਤੇਦਾਰੀ ਵਿੱਚੋਂ ਘਰ ਪਰਤੇ ਤਾਂ ਬੱਚੀ ਗਾਇਬ ਸੀ। ਲੱਭਣ ਤੋਂ ਕੁਝ ਸਮੇਂ ਬਾਅਦ ਜਦੋਂ ਬੱਚੀ ਰੋਂਦੀ ਹੋਈ ਘਰ ਆਈ ਤਾਂ ਉਸ ਨੇ ਆਪਣੇ ਨਾਲ ਵਾਪਰੀ ਇਸ ਦਰਿੰਦਗੀ ਬਾਰੇ ਪਰਿਵਾਰ ਨੂੰ ਦੱਸਿਆ। ਪੁਲਸ ਨੇ ਫੋਰੈਂਸਿਕ ਟੀਮ ਦੀ ਮਦਦ ਨਾਲ ਮੌਕੇ ਤੋਂ ਬੈੱਡਸ਼ੀਟ, ਕੱਪੜੇ ਅਤੇ ਹੋਰ ਸਬੂਤ ਕਬਜ਼ੇ ਵਿੱਚ ਲੈ ਲਏ ਹਨ। ਮੁਲਜ਼ਮ ਖ਼ਿਲਾਫ਼ ਪੋਕਸੋ ਐਕਟ ਅਤੇ ਹੋਰ ਸਬੰਧਤ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਅਦਾਲਤ ਵਿੱਚੋਂ 3 ਦਿਨਾਂ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ।

# ਚਰਿੱਤਰ 'ਤੇ ਸ਼ੱਕ ਕਾਰਨ ਪਤੀ ਨੇ ਪਿੰਡ ਵਿਚਾਲੇ ਪਤਨੀ ਨੂੰ ਗੋਲੀਆਂ ਮਾਰ ਕੇ ਕੀਤਾ ਕਤਲ



ਬਠਿੰਡਾ-ਬਠਿੰਡਾ ਜ਼ਿਲ੍ਹੇ ਦੇ ਥਾਣਾ ਸੰਗਤ ਅਧੀਨ ਪੈਂਦੇ ਪਿੰਡ ਜੱਸੀ ਬਾਗ ਵਾਲੀ ਵਿੱਚ ਵੀਰਵਾਰ ਦੁਪਹਿਰ ਨੂੰ ਇੱਕ ਸਨਸਨੀਖੇਜ਼ ਵਾਰਦਾਤ ਸਾਹਮਣੇ ਆਈ ਹੈ। ਇੱਥੇ ਇੱਕ ਪਤੀ ਨੇ ਚਰਿੱਤਰ 'ਤੇ ਸ਼ੱਕ ਅਤੇ ਘਰੇਲੂ ਕਲੇਸ਼ ਦੇ ਚੱਲਦਿਆਂ ਆਪਣੀ 35 ਸਾਲਾ ਪਤਨੀ ਗੁਰਮੀਤ ਕੌਰ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਘਟਨਾ ਉਸ ਵੇਲੇ ਵਾਪਰੀ ਜਦੋਂ ਮ੍ਰਿਤਕਾ ਦੁਕਾਨ ਤੋਂ ਸਾਮਾਨ ਲੈ ਕੇ ਘਰ ਪਰਤ ਰਹੀ ਸੀ। ਇਸ ਦੌਰਾਨ ਬਿਨਾਂ ਨੰਬਰ ਵਾਲੇ ਮੋਟਰਸਾਈਕਲ 'ਤੇ ਆਏ ਉਸ ਦੇ ਪਤੀ ਮਨਜੀਤ ਸਿੰਘ ਨੇ ਉਸ 'ਤੇ ਤਾਬੜਤੋੜ ਗੋਲੀਆਂ ਚਲਾ ਦਿੱਤੀਆਂ, ਜਿਸ ਕਾਰਨ ਮਹਿਲਾ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜ਼ਮ ਮੌਕੇ ਤੋਂ ਫਰਾਰ ਹੋ ਗਿਆ। ਸੂਚਨਾ ਮਿਲਦੇ ਹੀ ਡੀਐੱਸਪੀ ਦਿਹਾਤੀ ਹਰਵਿੰਦਰ ਸਿੰਘ ਸਰਾਂ ਅਤੇ ਥਾਣਾ ਸੰਗਤ ਦੀ ਪੁਲਸ ਟੀਮ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕੀਤੀ ਅਤੇ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜਿਆ। ਪੁਲਸ ਮੁਤਾਬਕ ਪੇਸ਼ੇ ਤੋਂ ਕਿਸਾਨ ਮੁਲਜ਼ਮ ਮਨਜੀਤ ਸਿੰਘ ਖ਼ਿਲਾਫ਼ ਕਤਲ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਉਸ ਦੀ ਗ੍ਰਿਫ਼ਤਾਰੀ ਤੇ ਹਥਿਆਰ ਦੀ ਬਰਾਮਦਗੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਮੋਦੀ ਸਰਕਾਰ ਦੇ ਬਾਰਾਂ ਵਰ੍ਹੇ, ਲੋਕਾਂ ਦਾ ਸੁਪਨਿਆਂ ਦਾ ਘਾਣ

ਗੁਰਮੀਤ ਸਿੰਘ ਪਲਾਹੀ
9815802070



ਸਾਲ 2014 ਵਿੱਚ ਜਦੋਂ ਨਰਿੰਦਰ ਮੋਦੀ ਪਹਿਲੀ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਬਣੇ, ਤਾਂ ਉਨ੍ਹਾਂ ਨੇ 'ਅੱਛੇ ਦਿਨ' ਅਤੇ ਵੱਡੇ ਬਦਲਾਅ ਦਾ ਵਾਅਦਾ ਕੀਤਾ ਸੀ। ਅੱਜ ਸਰਕਾਰ ਵੱਲੋਂ ਵਿਕਾਸ ਦੇ ਵੱਡੇ-ਵੱਡੇ ਅੰਕੜੇ ਪੇਸ਼ ਕੀਤੇ ਜਾਂਦੇ ਹਨ-ਜਿਵੇਂ ਦੇਸ਼ ਵਿੱਚ ਹਵਾਈ ਅੱਡਿਆਂ ਦੀ ਗਿਣਤੀ 74 ਤੋਂ ਵਧ ਕੇ 160 ਹੋ ਗਈ ਹੈ, ਐਕਸਪ੍ਰੈਸਵੇਅ 1000 ਕਿਲੋਮੀਟਰ ਤੋਂ ਵਧ ਕੇ 5700 ਕਿਲੋਮੀਟਰ ਤੱਕ ਫੈਲ ਗਏ ਹਨ, ਅਤੇ ਮੈਟਰੋ ਰੇਲ ਨੈੱਟਵਰਕ ਜੋ ਕਦੇ ਸਿਰਫ਼ 5 ਸ਼ਹਿਰਾਂ ਵਿੱਚ ਸੀ, ਅੱਜ 20 ਵੱਡੇ ਸ਼ਹਿਰਾਂ ਦੀ ਸ਼ਾਨ ਬਣ ਚੁੱਕਾ ਹੈ। ਪਰ ਇਸ ਚਮਕ-ਦਮਕ ਦੇ ਪਿੱਛੇ ਲੁਕੀ ਅਸਲ ਸੱਚਾਈ ਬੇਹੱਦ ਦਰਦਨਾਕ ਹੈ। ਵੱਡਾ ਸਵਾਲ ਇਹ ਉੱਠਦਾ ਹੈ ਕਿ ਇਹ ਗਗਨਚੁੰਬੀ ਇਮਾਰਤਾਂ, ਮਹਿੰਗੇ ਐਕਸਪ੍ਰੈਸਵੇਅ ਅਤੇ ਹਵਾਈ ਅੱਡੇ ਦੇਸ਼ ਦੇ ਕਿਸ ਵਰਗ ਲਈ ਬਣਾਏ ਗਏ ਹਨ? ਕੀ ਦੇਸ਼ ਦਾ ਗਰੀਬ, ਮਜ਼ਦੂਰ ਅਤੇ ਮੱਧਮ ਵਰਗ ਇਨ੍ਹਾਂ ਮਹਿੰਗੀਆਂ ਸਹੂਲਤਾਂ ਦਾ ਆਨੰਦ ਲੈਣ ਦੇ ਸਮਰੱਥ ਹੈ?

ਹਕੀਕਤ ਇਹ ਹੈ ਕਿ ਇਸ ਚਮਕਦੀ ਤਸਵੀਰ ਦੇ ਓਹਲੇ ਦੇਸ਼ ਦਾ ਆਮ ਆਦਮੀ, ਮਜ਼ਦੂਰ ਅਤੇ ਕਿਸਾਨ ਅੱਜ ਵੀ ਬੇਹਾਲ ਬਸਤੀਆਂ, ਧੂੜ-ਮਿੱਟੀ ਅਤੇ ਗੰਦੇ ਪਾਣੀ ਨਾਲ ਨਰਕ ਬਣ ਚੁੱਕੇ ਪਿੰਡਾਂ ਤੇ ਸ਼ਹਿਰਾਂ ਵਿੱਚ ਜ਼ਿੰਦਗੀ ਕੱਟਣ ਲਈ ਮਜ਼ਬੂਰ ਹੈ। ਸਰਕਾਰ ਵੱਲੋਂ ਚਲਾਏ ਜਾ ਰਹੇ ਸਰਕਾਰੀ ਸਕੂਲ ਰੱਦੀ ਹਨ, ਜਿੱਥੇ ਗਰੀਬਾਂ ਦੇ ਬੱਚੇ ਪੜ੍ਹਦੇ ਹਨ, ਅਤੇ ਖਸਤਾਹਾਲ ਸਰਕਾਰੀ ਹਸਪਤਾਲ ਇਸ ਗੱਲ ਦਾ ਸਬੂਤ ਹਨ ਕਿ ਆਮ ਲੋਕਾਂ ਲਈ ਬੁਨਿਆਦੀ ਸਹੂਲਤਾਂ ਅੱਜ ਵੀ ਜ਼ੀਰੋ ਦੇ ਬਰਾਬਰ ਹਨ। ਕੋਰੋਨਾ ਕਾਲ ਦੇ ਉਸ ਭਿਆਨਕ ਦੌਰ ਨੂੰ ਦੇਸ਼ ਕਦੇ ਨਹੀਂ ਭੁੱਲ ਸਕਦਾ, ਜਦੋਂ ਆਕਸੀਜਨ, ਬੈੱਡਾਂ ਅਤੇ ਇਲਾਜ ਦੀ ਘਾਟ ਕਾਰਨ ਲੱਖਾਂ ਲੋਕਾਂ ਨੇ ਦਮ ਤੋੜਿਆ ਅਤੇ ਸਭ ਤੋਂ ਵੱਧ ਮਾਰ ਇਸੇ ਗਰੀਬ ਜਨਤਾ 'ਤੇ ਪਈ ਸੀ। ਆਜ਼ਾਦੀ ਦੇ 70-77 ਸਾਲਾਂ ਬਾਅਦ ਵੀ ਆਮ ਇਨਸਾਨ ਲਈ 'ਰੋਟੀ ਦੀ ਟੋਕਰੀ' ਅਤੇ ਸਨਮਾਨਜਨਕ ਜ਼ਿੰਦਗੀ ਉਸ ਦੀ ਪਹੁੰਚ ਤੋਂ ਉਤਨੀ ਹੀ ਦੂਰ ਹੈ, ਜਿੰਨੀ ਪਹਿਲਾਂ ਸੀ। ਇਹ ਕਿਹੋ ਜਿਹਾ ਵਿਕਾਸ ਹੈ ਜੋ ਕਾਰਪੋਰੇਟਾਂ ਦੀਆਂ ਤਿਜੋਰੀਆਂ ਤਾਂ ਭਰਦਾ ਹੈ, ਪਰ ਗ਼ਰੀਬ ਦੀ ਥਾਲੀ ਵਿੱਚੋਂ ਰੋਟੀ ਖੋਹ ਲੈਂਦਾ ਹੈ?

ਦਰਅਸਲ, ਇਹ ਮਨਾਏ ਜਾ ਰਹੇ ਜਸ਼ਨ ਦੇਸ਼ ਦੇ ਅਸਲ ਵਿਕਾਸ ਦੇ ਨਹੀਂ, ਸਗੋਂ ਵਿਰੋਧੀ ਧਿਰਾਂ ਨੂੰ ਕੁਚਲਣ ਅਤੇ ਆਪਣੀ ਸਿਆਸੀ ਸਰਦਾਰੀ ਕਾਇਮ ਕਰਨ ਦੇ ਹਨ। ਪੱਛਮੀ ਬੰਗਾਲ ਵਿੱਚ ਮਮਤਾ ਬਨਰਜੀ ਅਤੇ ਤ੍ਰਿਣਮੂਲ ਕਾਂਗਰਸ (ਟੀ.ਐੱਮ.ਸੀ.) ਦੇ ਅਜਿੱਤ ਕਿਲੇ ਨੂੰ ਢਾਹੁਣ ਲਈ ਸਰਕਾਰ ਨੇ ਸਾਮ, ਦਾਮ, ਡੰਡ, ਭੇਦ ਸਭ ਨੀਤੀਆਂ ਦਾ ਨੰਗਾ ਨਾਚ ਕੀਤਾ। ਵਿਧਾਨ ਸਭਾ ਚੋਣ ਉਪਰੰਤ ਟੀ.ਐੱਮ.ਸੀ. ਦੇ 20 ਸੰਸਦ ਮੈਂਬਰਾਂ ਨੂੰ ਬਾਗੀ ਕਰਵਾ ਕੇ ਤ੍ਰਿਪੁਰਾ ਦੀ ਖੇਤਰੀ ਪਾਰਟੀ 'ਨੈਸ਼ਨਲ ਸਿਟੀਜ਼ਨਜ਼ ਪਾਰਟੀ ਆਫ਼ ਇੰਡੀਆ' ਵਿੱਚ ਸ਼ਾਮਲ ਕਰਵਾ ਦਿੱਤਾ ਗਿਆ। ਇਸ ਵੱਡੀ ਸਿਆਸੀ ਤੋੜ-ਭੰਨ੍ਹ ਦੇ ਪਿੱਛੇ ਇੱਕ ਬਹੁਤ ਹੀ ਗੰਭੀਰ ਅਤੇ ਖ਼ਤਰਨਾਕ ਚਾਲ ਲੁਕੀ ਹੋਈ ਹੈ। ਸਰਕਾਰ ਲੋਕ ਸਭਾ ਅਤੇ ਰਾਜ ਸਭਾ-ਦੋਵਾਂ ਸਦਨਾਂ ਵਿੱਚ 'ਦੋ-ਤਿਹਾਈ ਬਹੁਮਤ' ਹਾਸਲ ਕਰਨਾ ਚਾਹੁੰਦੀ ਹੈ। ਰਾਜ ਸਭਾ ਵਿੱਚ ਭਾਜਪਾ ਬਹੁਮਤ ਦੇ ਬੇਹੱਦ ਨਜ਼ਦੀਕ ਪਹੁੰਚ ਰਹੀ ਹੈ, ਜਿਸ ਤੋਂ ਬਾਅਦ ਦੇਸ਼ ਦੇ ਪਵਿੱਤਰ ਸੰਵਿਧਾਨ ਨੂੰ ਆਪਣੀ ਇੱਛਾ ਅਤੇ 'ਹਿੰਦੂਤਵਵਾਦੀ ਨੀਤੀਆਂ' ਅਨੁਸਾਰ ਬਦਲਣ ਜਾਂ ਨਵੇਂ ਸਿਰੇ ਤੋਂ ਲਿਖਣ ਦਾ ਰਸਤਾ ਸਾਫ਼ ਹੋ ਜਾਵੇਗਾ। ਇਹ ਕੋਸ਼ਿਸ਼ ਦੇਸ਼ ਦੇ ਬਹੁ-ਸੱਭਿਆਚਾਰਕ, ਧਰਮ-ਨਿਰਪੱਖ ਅਤੇ ਜਮਹੂਰੀ ਢਾਂਚੇ ਲਈ ਘਾਤਕ ਸਿੱਧ ਹੋ ਸਕਦੀ ਹੈ, ਜੋ ਦੇਸ਼ ਦੇ ਟੁਕੜੇ-ਟੁਕੜੇ ਕਰਨ ਦੀ ਸਮਰੱਥਾ ਰੱਖਦੀ ਹੈ।



ਕੀ ਦੂਜੀਆਂ ਪਾਰਟੀਆਂ ਵਿੱਚ ਅਜਿਹੀ ਫੁੱਟ ਪਾਉਣਾ ਅਤੇ ਜਨਾਦੇਸ਼ ਦਾ ਅਪਮਾਨ ਕਰਨਾ ਗ਼ੈਰ-ਲੋਕਤੰਤਰਿਕ ਨਹੀਂ ਹੈ? ਅੱਜ ਲੋਕਤੰਤਰ ਦੀ ਦੁਹਾਈ ਦੇਣ ਵਾਲੀ ਸਰਕਾਰ ਵਿਰੋਧੀਆਂ ਨੂੰ ਝੁਕਾਉਣ ਲਈ ਈ.ਡੀ., ਸੀ.ਬੀ.ਆਈ. ਅਤੇ ਇੱਥੋਂ ਤੱਕ ਕਿ ਚੋਣ ਕਮਿਸ਼ਨ ਵਰਗੀਆਂ ਸੰਵਿਧਾਨਕ ਸੰਸਥਾਵਾਂ ਦੀ ਸ਼ਰੇਆਮ ਅਤੇ ਸ਼ਰਮਨਾਕ ਵਰਤੋਂ ਕਰ ਰਹੀ ਹੈ। ਵਿਰੋਧੀ ਨੇਤਾਵਾਂ ਨੂੰ ਜੇਲ੍ਹਾਂ ਵਿੱਚ ਡੱਕਣਾ, ਉਨ੍ਹਾਂ ਦੇ ਫੰਡ ਫ੍ਰੀਜ਼ ਕਰਨਾ ਅਤੇ ਰਾਤੋ-ਰਾਤ ਪਾਰਟੀਆਂ ਨੂੰ ਤੋੜਨਾ ਸਿੱਧੀ ਤਾਨਾਸ਼ਾਹੀ ਵੱਲ ਇਸ਼ਾਰਾ ਕਰਦਾ ਹੈ। ਅੱਜ ਦੀਆਂ ਸੰਸਥਾਵਾਂ ਨਿਰਪੱਖ ਹੋਣ ਦੀ ਬਜਾਏ ਸੱਤਾਧਾਰੀ ਪਾਰਟੀ ਦੇ ਵਿੰਗ ਵਜੋਂ ਕੰਮ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਹਾਲਾਂਕਿ, ਇਹ ਬਿਮਾਰੀ ਭਾਰਤੀ ਰਾਜਨੀਤੀ ਵਿੱਚ ਪੁਰਾਣੀ ਹੈ। ਕਾਂਗਰਸ ਦੇ ਰਾਜ ਦੌਰਾਨ ਵੀ ਵਿਰੋਧੀ ਸਰਕਾਰਾਂ ਨੂੰ ਧਾਰਾ 356 ਦੀ ਦੁਰਵਰਤੋਂ ਕਰਕੇ ਬੇਰਹਿਮੀ ਨਾਲ ਡਿਗਾਇਆ ਜਾਂਦਾ ਸੀ ਅਤੇ ਇੰਦਰਾ ਗਾਂਧੀ ਨੇ ਵੀ ਸੱਤਾ ਵਿੱਚ ਬਣੇ ਰਹਿਣ ਲਈ ਸੀ.ਬੀ.ਆਈ. ਨੂੰ 'ਪਿੰਜਰੇ ਦਾ ਤੋਤਾ' ਬਣਾ ਕੇ ਰੱਖਿਆ ਸੀ। ਅੱਜ ਦੇ ਹਾਕਮਾਂ ਨੇ ਉਸੇ ਪੁਰਾਣੇ ਤਾਨਾਸ਼ਾਹੀ ਮਾਡਲ ਨੂੰ ਹੋਰ ਵੀ ਆਧੁਨਿਕ ਅਤੇ ਮਾਰੂ ਬਣਾ ਕੇ ਪੇਸ਼ ਕਰ ਦਿੱਤਾ ਹੈ।

ਪਰ ਮੌਜੂਦਾ ਦੌਰ ਦੀ ਸਥਿਤੀ ਹੋਰ ਵੀ ਭਿਆਨਕ ਇਸ ਲਈ ਹੈ ਕਿਉਂਕਿ ਹੁਣ ਸੱਤਾ ਦੀ ਹਵਸ ਵਿੱਚ ਸਮਾਜਿਕ ਤਾਣੇ-ਬਾਣੇ ਨੂੰ ਹੀ ਨਿਸ਼ਾਨਾ ਬਣਾਇਆ ਗਿਆ ਹੈ। ਹੁਣ ਦੀ ਸਰਕਾਰ ਨੇ ਪਹਿਲਾਂ ਧਰਮ ਦੇ ਨਾਂ 'ਤੇ ਸਮਾਜ ਵਿੱਚ ਨ਼ਫਰਤ ਦਾ ਅਜਿਹਾ ਪਾੜਾ ਪਾਇਆ, ਜੋ ਪਹਿਲਾਂ ਕਦੇ ਨਹੀਂ ਦੇਖਿਆ ਗਿਆ। ਵੋਟਾਂ ਹਥਿਆਉਣ ਲਈ ਬਹੁਗਿਣਤੀ ਭਾਵਨਾਵਾਂ ਨੂੰ ਭੜਕਾਇਆ ਗਿਆ, ਫਿਰ ਜਾਤ-ਪਾਤ ਦੇ ਵਰਤਾਰੇ ਨੂੰ ਹਵਾ ਦਿੱਤੀ ਗਈ ਅਤੇ ਹੁਣ ਹਰ ਉੱਠਣ ਵਾਲੀ ਵਿਰੋਧੀ ਅਤੇ ਸੱਚੀ ਆਵਾਜ਼ ਨੂੰ ਦੇਸ਼-ਧ੍ਰੋਹ ਦਾ ਲੇਬਲ ਲਗਾ ਕੇ ਖ਼ਤਮ ਕੀਤਾ ਜਾ ਰਿਹਾ ਹੈ। ਚਰਚਾ ਤਾਂ ਇੱਥੋਂ ਤੱਕ ਹੈ ਕਿ ਦੇਸ਼ ਦੀ ਨਿਆਂਪਾਲਿਕਾ ਦੀ ਆਜ਼ਾਦੀ ਨੂੰ ਵੀ ਹੌਲੀ-ਹੌਲੀ ਖ਼ਤਮ ਕਰਕੇ ਉਸ ਨੂੰ ਸਰਕਾਰੀ ਇੱਛਾ ਅਨੁਸਾਰ ਢਾਲਣ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ। ਚੌਥਾ ਸਤੰਭ ਕਹਾਉਣ ਵਾਲਾ ਮੀਡੀਆ ਅੱਜ 'ਗੋਦੀ ਮੀਡੀਆ' ਬਣ ਕੇ ਸੱਤਾ ਦੇ ਸੋਹਲੇ ਗਾ ਰਿਹਾ ਹੈ ਅਤੇ ਜਨਤਾ ਦੇ ਅਸਲ ਸਵਾਲਾਂ ਨੂੰ ਗਾਇਬ ਕਰ ਚੁੱਕਾ ਹੈ। ਅਜਿਹਾ ਘੁੱਟਣ ਭਰਿਆ ਅਤੇ ਦਮਨਕਾਰੀ ਮਾਹੌਲ ਭਾਰਤੀ ਲੋਕਤੰਤਰ ਦੇ ਪਿਛਲੇ 77 ਸਾਲਾਂ ਦੇ ਇਤਿਹਾਸ ਵਿੱਚ ਕਿਸੇ ਵੀ ਹੋਰ ਸ਼ਾਸਨ ਵਿੱਚ ਦੇਖਣ ਨੂੰ ਨਹੀਂ ਮਿਲਿਆ।

ਦੇਸ਼ ਦੀ ਜਨਤਾ ਨੇ ਇੱਕ 'ਚਾਹ ਵੇਚਣ ਵਾਲੇ' ਦੇ ਸਾਧਾਰਨ ਅਤੇ ਗਰੀਬ ਪਿਛੋਕੜ ਤੋਂ ਪ੍ਰਭਾਵਿਤ ਹੋ ਕੇ, ਉਸ ਦੇ ਹੰਝੂਆਂ 'ਤੇ ਵਿਸ਼ਵਾਸ ਕਰਕੇ ਦੇਸ਼ ਦੀ ਕਮਾਨ ਸੌਂਪੀ ਸੀ। ਪਰ ਅੱਜ ਉਹ ਪ੍ਰਧਾਨ ਮੰਤਰੀ, ਉਨ੍ਹਾਂ ਦੇ ਮੰਤਰੀ, ਸੰਸਦ ਮੈਂਬਰ ਅਤੇ ਮੋਦੀ ਭਗਤ ਕਿਸੇ ਤਾਨਾਸ਼ਾਹ ਰਾਜੇ-ਮਹਾਰਾਜੇ ਵਾਂਗ ਅਲੀਸ਼ਾਨ ਬੰਗਲਿਆਂ, ਅਰਬਾਂ ਰੁਪਏ ਦੇ ਹਵਾਈ ਜਹਾਜ਼ਾਂ ਅਤੇ ਮਹਿੰਗੀਆਂ ਗੱਡੀਆਂ ਦੇ ਕਾਫ਼ਲਿਆਂ ਵਿੱਚ ਰਹਿੰਦੇ ਹਨ। ਜਦੋਂ ਇਨ੍ਹਾਂ ਦੇ ਵੀ.ਆਈ.ਪੀ. ਕਾਫ਼ਲੇ ਸੜਕਾਂ 'ਤੇ ਹੂਟਰ ਵਜਾਉਂਦੇ, ਟ੍ਰੈਫਿਕ ਰੋਕ ਕੇ ਨਿਕਲਦੇ ਹਨ, ਤਾਂ ਆਮ ਜਨਤਾ ਕੜਕਦੀ ਧੁੱਪ ਵਿੱਚ ਜਾਮ ਵਿੱਚ ਫਸੀ ਪਰੇਸ਼ਾਨ ਹੁੰਦੀ ਹੈ-ਉਹ ਜਨਤਾ ਜੋ ਮਹਿੰਗਾਈ, ਆਟੇ-ਦਾਲ ਦੇ ਭਾਅ ਅਤੇ ਬੇਰੁਜ਼ਗਾਰੀ ਦੀ ਚੱਕੀ ਵਿੱਚ ਬੁਰੀ ਤਰ੍ਹਾਂ ਪਿਸ ਰਹੀ ਹੈ। ਇਹ ਲੋਕਤੰਤਰ ਨਹੀਂ, ਸਗੋਂ ਜਨਤਾ ਦੇ ਪੈਸੇ 'ਤੇ ਪਲ ਰਹੀ ਇੱਕ ਨਵੀਂ 'ਰਾਜਸ਼ਾਹੀ' ਹੈ।

ਕੀ ਮੋਦੀ ਜੀ ਦੇਸ਼ ਦੇ ਇਸ ਲੜਖੜਾਉਂਦੇ ਅਤੇ ਅਧਮੋਏ ਹੋ ਚੁੱਕੇ ਲੋਕਤੰਤਰ ਤੋਂ ਅਣਜਾਣ ਹਨ? ਉਹ ਭਾਵੇਂ ਵਿਦੇਸ਼ੀ ਮੰਚਾਂ 'ਤੇ ਜਾ ਕੇ ਭਾਰਤ ਨੂੰ 'ਲੋਕਤੰਤਰ ਦੀ ਜਨਨੀ' ਕਹਿਣ ਅਤੇ ਦੇਸ਼ ਦੀਆਂ ਰੈਲੀਆਂ ਵਿੱਚ ਲੱਖਾਂ ਪ੍ਰਾਪਤੀਆਂ ਦੇ ਦਾਅਵੇ ਕਰਨ, ਪਰ ਜਦੋਂ ਦੇਸ਼ ਦੀ ਅਸਲ ਸਥਿਤੀ, ਬੇਰੁਜ਼ਗਾਰੀ, ਕਿਸਾਨਾਂ ਦੀਆਂ ਖੁਦਕੁਸ਼ੀਆਂ ਅਤੇ ਡਿੱਗਦੀ ਆਰਥਿਕਤਾ 'ਤੇ ਤਿੱਖੇ ਸਵਾਲ ਉੱਠਦੇ ਹਨ, ਤਾਂ ਉਹ ਜਨਤਾ ਅਤੇ ਸੁਤੰਤਰ ਪੱਤਰਕਾਰਾਂ ਦੇ ਸਾਹਮਣੇ ਇੱਕ ਵੀ ਖੁੱਲ੍ਹੀ ਪ੍ਰੈੱਸ ਕਾਨਫਰੰਸ ਕਰਨ ਤੋਂ ਕੰਨੀ ਕਤਰਾਉਂਦੇ ਹਨ। ਦੇਸ਼ ਦਾ ਪੜ੍ਹਿਆ-ਲਿਖਿਆ ਨੌਜਵਾਨ ਅੱਜ ਡਿਗਰੀਆਂ ਹੱਥਾਂ ਵਿੱਚ ਲੈ ਕੇ ਨੌਕਰੀਆਂ ਨਾ ਮਿਲਣ ਕਾਰਨ ਮਾਨਸਿਕ ਤੌਰ 'ਤੇ ਪਰੇਸ਼ਾਨ ਹੈ। ਆਪਣੀ ਇਸੇ ਮਜਬੂਰੀ, ਨਿਰਾਸ਼ਾ ਅਤੇ ਸਿਸਟਮ ਖ਼ਿਲਾਫ਼ ਗੁੱਸੇ ਨੂੰ ਪ੍ਰਗਟ ਕਰਨ ਲਈ ਨੌਜਵਾਨਾਂ ਨੇ ਹੁਣ 'ਕਾਕਰੋਚ ਪਾਰਟੀ' ਵਰਗੇ ਅਨੋਖੇ ਅਤੇ ਵਿਅੰਗਆਤਮਕ ਤਰੀਕੇ ਅਪਣਾ ਕੇ ਮੋਦੀ ਸਿਸਟਮ 'ਤੇ ਚੋਟ ਕਰਨੀ ਸ਼ੁਰੂ ਕਰ ਦਿੱਤੀ ਹੈ। ਇਹ ਨੌਜਵਾਨਾਂ ਦੀ ਮਜਬੂਰੀ ਦੀ ਚੀਕ ਹੈ, ਉਨ੍ਹਾਂ ਦੇ ਸੁਪਨਿਆਂ ਦੇ ਟੁੱਟਣ ਦਾ ਆਵਾਜ਼ ਹੈ ਅਤੇ ਹਾਕਮਾਂ ਲਈ ਇੱਕ ਬਹੁਤ ਵੱਡੀ ਚੇਤਾਵਨੀ ਹੈ।

ਜਸ਼ਨਾਂ ਵਿੱਚ ਡੁੱਬੇ ਅਤੇ ਹੰਕਾਰ ਦੇ ਨਸ਼ੇ ਵਿੱਚ ਅੰਨ੍ਹੇ ਹੋ ਚੁੱਕੇ ਸ਼ਾਸਕਾਂ ਨੂੰ ਇਹ ਗੱਲ ਚੇਤੇ ਰੱਖਣੀ ਪਵੇਗੀ ਕਿ ਜਨਤਾ ਅੱਤ ਦੀ ਤਾਨਾਸ਼ਾਹੀ, ਜ਼ੁਲਮ ਅਤੇ ਹੰਕਾਰ ਨੂੰ ਕਦੇ ਲੰਬੇ ਸਮੇਂ ਤੱਕ ਬਰਦਾਸ਼ਤ ਨਹੀਂ ਕਰਦੀ। ਭਾਰਤੀ ਵੋਟਰ ਸ਼ਾਂਤ ਰਹਿ ਕੇ ਸਭ ਦੇਖਦਾ ਹੈ, ਪਰ ਜਦੋਂ ਉਹ ਬਦਲਾਅ ਦੀ ਕਰਵਟ ਲੈਂਦਾ ਹੈ, ਤਾਂ ਵੱਡੇ-ਵੱਡੇ ਸੂਰਮਿਆਂ ਦਾ ਹੰਕਾਰ ਅਤੇ ਉਨ੍ਹਾਂ ਦੇ ਤਖ਼ਤ-ਓ-ਤਾਜ ਮਿੱਟੀ ਵਿੱਚ ਮਿਲ ਜਾਂਦੇ ਹਨ। ਇਤਿਹਾਸ ਗਵਾਹ ਹੈ ਕਿ ਹੰਕਾਰ ਭਾਵੇਂ ਰਾਵਣ ਦਾ ਹੋਵੇ ਜਾਂ ਹਿਟਲਰ ਦਾ, ਉਹ ਕਦੇ ਸਲਾਮਤ ਨਹੀਂ ਰਿਹਾ। ਸ਼ਾਇਦ ਇਸੇ ਲਈ, ਮੋਦੀ ਜੀ ਅਤੇ ਉਨ੍ਹਾਂ ਦੇ ਅੰਨ੍ਹੇ ਭਗਤਾਂ ਨੂੰ ਸੱਤਾ ਦੇ ਨਸ਼ੇ ਵਿੱਚੋਂ ਬਾਹਰ ਕੱਢਣ ਅਤੇ ਆਈਨਾ ਦਿਖਾਉਣ ਲਈ ਕਿਸੇ ਨੇ ਇਹ ਪ੍ਰਸਿੱਧ ਸ਼ੇਅਰ ਯਾਦ ਕਰਵਾਇਆ ਹੈ:


ਤੁਮ ਸੇ ਪਹਿਲੇ ਵੋ ਜੋ
ਏਕ ਸ਼ਖ਼ਸ ਯਹਾਂ ਤਖ਼ਤ ਨਸ਼ੀਂ ਥਾ,
ਉਸ ਕੋ ਭੀ ਅਪਨੇ ਖੁਦਾ ਹੋਨੇ ਕਾ
ਇਤਨਾ ਹੀ ਯਕੀਂ ਥਾ।

ਪਿਛਲੇ ਦਿਨੀਂ ਕੇਂਦਰ ਦੀ ਸੱਤਾ 'ਤੇ ਕਾਬਜ਼ ਨਰਿੰਦਰ ਮੋਦੀ ਸਰਕਾਰ ਦੇ 12 ਸਾਲ ਪੂਰੇ ਹੋਣ 'ਤੇ ਦੇਸ਼ ਭਰ ਵਿੱਚ ਮੋਦੀ ਭਗਤਾਂ, ਕਾਰਪੋਰੇਟ ਘਰਾਣਿਆਂ ਅਤੇ ਸਰਕਾਰੀ ਖੁਸ਼ਾਮਦੀਆਂ ਵੱਲੋਂ ਬੜੀ ਧੂਮ-ਧਾਮ ਨਾਲ ਜਸ਼ਨ ਮਨਾਏ ਗਏ। ਇਸ ਦੌਰਾਨ ਪ੍ਰਧਾਨ ਮੰਤਰੀ ਦੀਆਂ ਪ੍ਰਾਪਤੀਆਂ ਦੇ ਸੋਹਲੇ ਗਾਏ ਗਏ ਅਤੇ ਉਨ੍ਹਾਂ ਨੂੰ ਅਜੋਕੇ ਭਾਰਤ ਦਾ ਮਸੀਹਾ ਬਣਾ ਕੇ ਪੇਸ਼ ਕੀਤਾ ਗਿਆ। ਚਾਪਲੂਸੀ ਅਤੇ ਖੁਸ਼ਾਮਦ ਦਾ ਇਹ ਆਲਮ ਦੇਖ ਕੇ ਸਿਆਸੀ ਮਾਹਰਾਂ ਨੂੰ ਵੀ ਹੈਰਾਨੀ ਹੋਈ, ਕਿਉਂਕਿ ਅਜਿਹੀ ਪੂਜਾ ਅਤੇ ਜਸ਼ਨ ਤਾਂ ਭਾਰਤੀ ਇਤਿਹਾਸ ਵਿੱਚ ਆਪਣੇ ਲੰਬੇ ਕਾਰਜਕਾਲ ਦੌਰਾਨ ਲੋਕਤੰਤਰ ਨੂੰ ਛਿੱਕੇ ਟੰਗ ਕੇ ਐਮਰਜੈਂਸੀ (ਆਪਾਤਕਾਲ) ਲਗਾਉਣ ਵਾਲੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਵੀ ਨਹੀਂ ਕਰਵਾਏ ਸਨ। ਜਦੋਂ ਸੱਤਾ ਦੇ ਗਲਿਆਰਿਆਂ ਵਿੱਚ ਹਾਕਮਾਂ ਦੀ ਆਰਤੀ ਉਤਾਰੀ ਜਾਣ ਲੱਗੇ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਲੋਕਤੰਤਰ ਦੀ ਸਿਹਤ ਠੀਕ ਨਹੀਂ ਹੈ।

# ਸ਼੍ਰੋਮਣੀ ਕਮੇਟੀ ਦਾ ਕੈਲੰਡਰ ਵਿਗਿਆਨ-2 : ਹੁਣ ਇਤਿਹਾਸ ਨੂੰ ਕੌਣ ਵਿਗਾੜ ਰਿਹਾ ਹੈ ?

**ਸਰਬਜੀਤ ਸਿੰਘ ਸੈਕਰਾਮੈਂਟੋ**





ਨਾਨਕਸ਼ਾਹੀ ਜੰਤਰੀ ਸੰਮਤ ੫੫੮

ਬਾਰਹ ਮਾਹਾ ਮਾਂਝ

ਬਾਰਹ ਮਾਹਾ ਤੁਖਾਰੀ

ਹਾੜ — ਜੂਨ-ਜੁਲਾਈ 2026

ਸੰਗਰਾਂਦ - ੦੧ ਹਾੜ / 15 ਜੂਨ

ਪੂਰਨਮਾਸ਼ੀ - ੧੫ ਹਾੜ / 29 ਜੂਨ

| | | | | | |
|---|---|---|---|---|---|
| ਐਤਵਾਰ Sunday | | ੭ (21 ਜੂਨ) | ੧੪ (28 ਜੂਨ) | ੨੧ (5 ਜੁਲਾਈ) | ੨੮ (12 ਜੁਲਾਈ) |
| ਸੋਮਵਾਰ Monday | ੧ (15 ਜੂਨ) | ੮ (22 ਜੂਨ) | ੧੫ (29 ਜੂਨ) | ੨੨ (6 ਜੁਲਾਈ) | ੨੯ (13 ਜੁਲਾਈ) |
| ਮੰਗਲਵਾਰ Tuesday | ੨ (16 ਜੂਨ) | ੯ (23 ਜੂਨ) | ੧੬ (30 ਜੂਨ) | ੨੩ (7 ਜੁਲਾਈ) | ੩੦ (14 ਜੁਲਾਈ) |
| ਬੁੱਧਵਾਰ Wednesday | ੩ (17 ਜੂਨ) | ੧੦ (24 ਜੂਨ) | ੧੭ (1 ਜੁਲਾਈ) | ੨੪ (8 ਜੁਲਾਈ) | ੩੧ (15 ਜੁਲਾਈ) |
| ਵੀਰਵਾਰ Thursday | ੪ (18 ਜੂਨ) | ੧੧ (25 ਜੂਨ) | ੧੮ (2 ਜੁਲਾਈ) | ੨੫ (9 ਜੁਲਾਈ) | |
| ਸ਼ੁੱਕਰਵਾਰ Friday | ੫ (19 ਜੂਨ) | ੧੨ (26 ਜੂਨ) | ੧੯ (3 ਜੁਲਾਈ) | ੨੬ (10 ਜੁਲਾਈ) | |
| ਸ਼ਨਿੱਚਰਵਾਰ Saturday | ੬ (20 ਜੂਨ) | ੧੩ (27 ਜੂਨ) | ੨੦ (4 ਜੁਲਾਈ) | ੨੭ (11 ਜੁਲਾਈ) | |

ਗੁਰਪੁਰਬ

ਇਤਿਹਾਸਕ ਦਿਹਾੜੇ

ਭਗਤ ਸਾਹਿਬਾਨ

ਧਾਰਮਿਕ ਪ੍ਰੀਖਿਆ

ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਜਾਰੀ ਕੀਤੇ ਗਏ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਦ੍ਰਿਕਗਿਣਤ ਸਿਧਾਂਤ) ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ, ਹਾੜ ਵਦੀ ਏਕਮ, 16 ਹਾੜ (30 ਜੂਨ) ਦਾ ਦਰਜ ਹੈ। ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈਬ ਸਾਈਟ ਉੱਪਰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦੀ ਤਾਰੀਖ, ਹਾੜ ਵਦੀ 7, 21 ਹਾੜ ਸੰਮਤ 1652 ਬਿ: (19 ਜੂਨ 1595 ਈ:, ਜੁਲੀਅਨ) ਦਰਜ ਹੈ। "Sri Guru Hargobind Sahib Ji was born at village Guru Ki Wadali (district Amritsar) on Harh Vadi 7th (21 Harh), Samvat 1652 (19th June, 1595)." (ਸਗਪਚ.ਨੇਟ) ਕਮੇਟੀ ਦੇ ਕੈਲੰਡਰ ਮੁਤਾਬਕ ਹਾੜ ਵਦੀ 7, 23 ਹਾੜ (7 ਜੁਲਾਈ) ਨੂੰ ਆਵੇਗੀ। ਸਪੱਸ਼ਟ ਹੈ ਕਿ ਦੋਵੇਂ ਤਿੱਥਾਂ (ਹਾੜ ਵਦੀ 1 ਅਤੇ ਹਾੜ ਵਦੀ 7) ਠੀਕ ਨਹੀਂ ਹੋ ਸਕਦੀਆਂ। ਇਨ੍ਹਾਂ ਵਿੱਚੋਂ ਇਕ ਗਲਤ ਹੈ ਅਤੇ ਇਕ ਠੀਕ। ਆਉ ਵੇਖੀਏ ਕਿ ਸਹੀ ਤਿੱਥ ਕਿਹੜੀ ਹੈ?

ਜੇ ਅਸੀਂ ਹਾੜ ਵਦੀ ਏਕਮ ਨੂੰ ਸਹੀ ਮੰਨ ਕੇ ਚੱਲੀਏ ਤਾਂ ਇਹ 14 ਹਾੜ, ਸੰਮਤ 1652 ਬਿ: (12 ਜੂਨ 1595 ਜੂਲੀਅਨ) ਬਣਦੀ ਹੈ।

ਡਾ. ਸੁਖਦਿਆਲ ਸਿੰਘ ਜੀ ਲਿਖਦੇ ਹਨ, "ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਪਰਚੱਲਿਤ ਰਵਾਇਤ ਅਨੁਸਾਰ 9 ਜੂਨ, 1595 ਈ: ਨੂੰ ਹੋਇਆ ਮੰਨਿਆ ਜਾਂਦਾ ਹੈ"। (ਗੁਰੂ ਹਰਿਗੋਬਿੰਦ ਸਾਹਿਬ; ਜੀਵਨ, ਯੁਧ ਅਤੇ ਯਾਤਰ, ਪੰਨਾ 15)

ਡਾ. ਦਿਲਗੀਰ ਜੀ ਦਾ ਮੰਨਣਾ ਹੈ ਕਿ ਗੁਰੂ ਜੀ ਦਾ ਜਨਮ 19 ਜੂਨ 1590 ਈ: ਨੂੰ ਹੋਇਆ ਸੀ। (ਸਿੱਖ ਤਵਾਰੀਖ, ਪੰਨਾ 225)

ਡਾ. ਇੰਦਰਜੀਤ ਸਿੰਘ ਗੋਗੋਆਣੀ ਜੀ ਮੁਤਾਬਕ ਗੁਰੂ ਜੀ ਦੀ ਜਨਮ ਤਾਰੀਖ 19 ਜੂਨ 1595 ਈ: ਹੈ। ( ਗੁਰਮਿਤ ਗਿਆਨ -ਦਰਜਾ ਦੂਜਾ, ਪੰਨਾ 200)

ਗੁਰਬਿਲਾਸ ਪਾਤਸ਼ਾਹੀ ੬ ਵਿੱਚ ਤਾਂ 21 ਹਾੜ ਸਪੱਸ਼ਟ ਤੌਰ 'ਤੇ ਲਿਖਿਆ ਹੋਇਆ ਹੈ।

ਸੰਮਤ ਸੋਲਹਿ ਸਹਸ ਬਵੰਜਾ। ਹਾੜ ਇਕੀ ਨਿਸ ਆਧੀ ਮੰਝਾ॥

ਪੁਖ ਨਿਛਤ੍ਰ ਸਿਧ ਗ੍ਰਹਿ ਸੁਖਦਾਈ। ਕ੍ਰਿਸ਼ਨ ਪਖ ਪ੍ਰਗਟੇ ਪ੍ਰਭ ਆਈ। (ਪਬਲੀਕੇਸ਼ਨ ਬਿਊਰੋ ,ਪੰਨਾ 50)

ਉਪਰੋਕਤ ਤਾਰੀਖਾਂ ਦੀ ਪੜਤਾਲ ਕਰਨ ਤੇ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਸ਼੍ਰੋਮਣੀ ਦੀ ਵੈਬ ਸਾਈਟ, ਡਾ. ਇੰਦਰਜੀਤ ਸਿੰਘ ਗੋਗੋਆਣੀ ਵੱਲੋਂ ਅਤੇ ਗੁਰਬਿਲਾਸ ਪਾਤਸ਼ਾਹੀ ੬ ਵਿੱਚ ਲਿਖੀ 21 ਹਾੜ, ਹਾੜ ਵਦੀ 7 ਸੰਮਤ 1652 ਬਿ:/ 19 ਜੂਨ 1595 ਈ: (ਜੂਲੀਅਨ), ਦਿਨ ਵੀਰਵਾਰ, ਤਾਰੀਖ ਸਹੀ ਹੈ। ਡਾ. ਸੁਖਦਿਆਲ ਸਿੰਘ ਨੇ ਸਾਲ (1595 ਈ:) ਸਹੀ ਲਿਖਿਆ ਹੈ ਪਰ ਤਾਰੀਖ 9 ਜੂਨ ਗਲਤ ਹੈ। 9 ਜੂਨ ਨੂੰ 4 ਹਾੜ ਜੇਠ ਸੁਦੀ 4 ਸੀ। ਡਾ. ਦਿਲਗੀਰ ਦੀ ਤਰੀਖ 21 ਹਾੜ ਮੁਤਾਬਕ 19 ਜੂਨ ਸਹੀ ਹੈ ਪਰ ਸਾਲ 1590 ਈ:, ਗਲਤ ਹੈ ਡਾ ਦਿਲਗੀਰ ਨੇ ਸਾਲ, ਭੱਟ ਵਹੀ ਮੁਲਤਾਨੀ ਦੇ ਹਵਾਲੇ ਨਾਲ ਲਿਖਿਆ ਹੈ, "ਸੰਮਤ ਸਤਰਾਂ ਸੈ ਸੰਤਾਲੀਸ, ਮਾਹ ਅਸਾੜ ਦਿਹੁੰ ਇਕੀਸ ਗਿਆ"। ਧਿਆਨ ਰਹੇ ਇਥੇ ਸੰਮਤ 1747 ਬਿ: ਦਰਜ ਹੈ। ਇਹ 19 ਜੂਨ 1690 ਈ: ਬਣਦੀ ਹੈ। ਪੂਰੀ ਇਕ ਸਦੀ ਦਾ ਅੰਤਰ! ਹੁਣ ਸਵਾਲ ਪੈਦਾ ਹੁੰਦਾ ਹੈ ਕਿ ਹਾੜ ਵਦੀ ਏਕਮ ਕਿੱਥੋਂ ਆਈ ਹੋਵੇਗੀ?

ਦਮਦਮੀ ਟਕਸਾਲ ਦੀ ਵੱਡਅਕਾਰੀ ਕਿਤਾਬ 'ਗੁਰਬਾਣੀ ਪਾਠ ਦਰਪਣ' ਵਿੱਚ ਇਹ ਤਾਰੀਖ ਇਸ ਤਰ੍ਹਾ ਦਰਜ ਹੈ, "ਅਵਤਾਰ ਧਾਰਨ- ਸੰਮਤ 1652 ਬਿ: ਹਾੜ ਵਦੀ ਏਕਮ, ਦਿਨ ਐਤਵਾਰ, ਪੁੰਨਿਆ ਦੀ ਰਾਤ ਸੀ। 6 ਜੂਨ 1596 ਈ:, ਪੁੱਖ ਨਛੱਤ੍ਰ ਸੰਗਰਾਂਦੀ 21 ਹਾੜ" (ਪੰਨਾ 16)

ਹੋਰ ਬਹੁਤੀਆਂ ਤਾਰੀਖਾਂ ਵਾਗੂੰ ਦਮਦਮੀ ਟਕਸਾਲ ਦੇ ਮੁੱਖੀ ਇਥੇ ਵੀ ਬੁਰੀ ਤਰ੍ਹਾਂ ਉਲਝੇ ਹੋਏ ਹਨ। ਹਾੜ ਵਦੀ ਏਕਮ ਸੰਮਤ 1652 ਬਿ: ਨੂੰ ਸਹੀ ਮੰਨ ਕੇ ਚੱਲੀਏ ਤਾਂ ਇਹ 14 ਹਾੜ, 12 ਜੂਨ 1595 ਈ: (ਜੂਲੀਅਨ), ਨਛੱਤਰ ਪੂਰਵਾਖਾੜਾ ਦਿਨ ਵੀਰਵਾਰ ਸੀ। ਪੁੰਨਿਆ 11 ਜੂਨ ਦਿਨ ਬੁਧਵਾਰ ਨੂੰ ਸੀ। 6 ਜੂਨ 1596 ਈ: ਨੂੰ 9 ਹਾੜ ਸੀ। ਇਥੇ ਸਾਲ 1596 ਵੀ ਗਲਤ ਹੈ, 1595 ਈ: ਚਾਹੀਦਾ ਹੈ। ਪੁਖ ਨਛੱਤਰ, ਇਹ ਅੱਠਵਾ ਨਛੱਤਰ ਹੈ ਜੋ ਕਿ ਜੇਠ ਸੁਦੀ 4, 3 ਹਾੜ, 1 ਜੂਨ ਨੂੰ ਸੀ। ਇਸ ਲਈ ਇਹ ਮੰਨਣ ਯੋਗ ਨਹੀਂ। ਹੋ ਸਕਦਾ ਹੈ ਕਿ ਟਕਸਾਲ ਨੇ ਪੁਖ ਨਛੱਤਰ, ਕਵੀ ਸੰਤੋਖ ਸਿੰਘ ਦੀ ਲਿਖਤ ਤੋਂ ਲਿਆ ਹੋਵੇ। ਯਾਦ ਰਹੇ 'ਗੁਰਬਿਲਾਸ ਪਾਤਸ਼ਾਹੀ ੬' ਵਿੱਚ ਵੀ ਨਛੱਤਰ ਪੁੱਖ ਹੀ ਲਿਖਿਆ ਹੋਇਆ ਹੈ।

ਆਓ ਹੁਣ ਵੇਖੀਏ ਕਿ ਕਵੀ ਸੰਤੋਖ ਸਿੰਘ ਕੀ ਲਿਖਦਾ ਹੈ,

ਸੰਮਤ ਸੋਲਹਿ ਸੈ ਅਰੁ ਬਾਵਨ ਹਾੜ ਇਕੀਸਵੀ ਕੋ ਦਿਨ ਸੋਊ।

ਜਾਮਨੀ ਆਧਿ ਬਿਤੀਤਿ ਭਈ ਜਬਿ, ਪੁੱਖਯ ਨਿਛੱਤ ਸਮੋ ਤਬਿ ਹੋਊ।

(ਡਾ ਅਜੀਤ ਸਿੰਘ ਔਲਖ, ਭਾਗ ਚੌਥਾ, ਪੰਨਾ 262)

ਕਵੀ ਸੰਤੋਖ ਸਿੰਘ ਜੀ ਬਹੁਤ ਹੀ ਸਪੱਸ਼ਟ ਸ਼ਬਦਾ ਵਿੱਚ ਲਿਖ ਰਹੇ ਹਨ ਕਿ ਗੁਰੂ ਜੀ ਦਾ ਜਨਮ 21 ਹਾੜ ਸੰਮਤ 1652 ਬਿ: ਨੂੰ ਹੋਇਆ ਸੀ।

ਉਪ੍ਰੋਕਤ ਚਰਚਾ ਤੋਂ ਪਿਛੋਂ ਸਹਿਜੇ ਹੀ ਇਸ ਨਤੀਜੇ ਤੇ ਪੁੱਜਿਆ ਜਾ ਸਕਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ 21 ਹਾੜ , ਹਾੜ ਵਦੀ 7 ਸੰਮਤ 1652 ਬਿਕ੍ਰਮੀ ਦਿਨ ਵੀਰਵਾਰ ਨੂੰ ਹੋਇਆ ਸੀ। ਜਦੋਂ ਅੰਗਰੇਜੀ ਤਾਰੀਖਾਂ ਲਿਖਣ ਦਾ ਰਿਵਾਜ ਪਿਆ ਤਾਂ ਇਹ 19 ਜੂਨ 1595 ਈ: (ਜੂਲੀਅਨ) ਲਿਖੀ ਗਈ। ਡਾ. ਗੰਡਾ ਸਿੰਘ ਜੀ ਅਤੇ ਪ੍ਰੋਫੈਸਰ ਸਾਹਿਬ ਸਿੰਘ ਜੀ ਵੀ ਇਸ ਤਾਰੀਖ ਨਾਲ ਸਹਿਮਤ ਹਨ। ਨਾਨਕਸ਼ਾਹੀ ਕੈਲੰਡਰ ਵਿੱਚ ਇਹ ਦਿਹਾੜਾ 21 ਹਾੜ ਦਾ ਦਰਜ ਹੈ।

ਸਿੱਖ ਇਤਿਹਾਸ ਰਿਸਰਚ ਬੋਰਡ ਵੱਲੋਂ ਛਾਪੀ ਗਈ 1965-66 ਈ: ਦੀ ਡਾਇਰੀ ਵਿੱਚ 21 ਹਾੜ ਦਰਜ ਹੈ।

ਖਾਲਸਾ ਡਾਇਰੀ 1975-76 ਵਿੱਚ ਵੀ 21 ਹਾੜ ਹੀ ਦਰਜ ਹੈ।

"ਜਨਮ- ਹਾੜ ਵਦੀ 7, ਹਾੜ ਪ੍ਰਵਿਸ਼ਟੇ 21, ਸੰਮਤ 1652 ਬਿ: 19 ਜੂਨ 1594 ਈ: ਵੀਰਵਾਰ"।

ਸ਼੍ਰੋਮਣੀ ਕਮੇਟੀ ਨੇ ਮਾਰਚ 2010 ਈ: ਵਿੱਚ ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰਕੇ ਧੁਮੱਕੜਸ਼ਾਹੀ ਕੈਲੰਡਰ ਲਾਗੂ ਕਰ ਦਿੱਤਾ ਸੀ। ਹੈਰਾਨੀ ਹੋਈ ਜਦੋਂ ਕਮੇਟੀ ਦਾ ਸੰਮਤ 545 ਨਾਨਕਸ਼ਾਹੀ (2013-14 ਈ:) ਦਾ ਕੈਲੰਡਰ ਵੇਖਿਆ ਤਾਂ ਉਥੇ ਗੁਰੂ ਜੀ ਦੇ ਪ੍ਰਕਾਸ਼ ਦਿਹਾੜੇ ਦੀ ਤਾਰੀਖ 21 ਹਾੜ (5 ਜੁਲਾਈ) ਹੀ ਦਰਜ ਹੈ।


ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਆਪਣੀਆਂ ਕਿਤਾਬ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਸਹੀ ਤਾਰੀਖ, 21 ਹਾੜ ਦਰਜ ਕਰਦੀ ਹੈ ਪਰ ਗੁਰੂ ਜੀ ਦਾ ਪ੍ਰਕਾਸ਼ ਦਿਹਾੜ, ਦਮਦਮੀ ਟਕਸਾਲ ਦੇ ਪ੍ਰਭਾਵ ਹੇਠ ਗਲਤ ਤਿੱਥ (ਹਾੜ ਵਦੀ 1) ਨੂੰ ਮਨਾਉਦੀਂ ਹੈ। ਜੇ ਪ੍ਰਵਿਸ਼ਟਿਆਂ ਮੁਤਾਬਕ 21 ਹਾੜ ਦੀ ਬਿਜਾਏ, ਵਦੀ-ਸੁਦੀ ਮੁਤਾਬਕ ਹੀ ਇਹ ਦਿਹਾੜਾ ਮਨਾਉਣਾ, ਸ਼੍ਰੋਮਣੀ ਕਮੇਟੀ ਦੀ ਕੋਈ ਮਜਬੂਰੀ ਹੈ ਤਾਂ ਘੱਟੋ-ਘੱਟ ਸਹੀ ਤਿੱਥ ਭਾਵ ਹਾੜ ਵਦੀ 7 ਨੂੰ ਤਾਂ ਮਨਾਓ। ਹੁਣ ਇਤਿਹਾਸ ਨੂੰ ਕੌਣ ਵਿਗਾੜ ਰਿਹਾ ਹੈ, ਨਾਨਕਸ਼ਾਹੀ ਕੈਲੰਡਰ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ? ਖਾਲਸਾ ਜੀ ਜਾਗੋ!

੦ ੦ ੦

# ਰਾਮ ਮੰਦਰ ਦੀ ਚੋਰੀ: ਕਰੋੜਾਂ ਹਿੰਦੂਆਂ ਦੀ ਆਸਥਾ ਅਤੇ ਸੰਘ ਦੀ ਦੁਚਿੱਤੀ




**ਆਸੂਤੋਸ਼**
**ਸੀਨੀਅਰ ਪੱਤਰਕਾਰ**



ਲਗਦਾ ਹੈ ਕਿ ਸਮਾਂ ਆਰ. ਐੱਸ. ਐੱਸ. (ਸੰਘ) ਲਈ ਚੰਗਾ ਨਹੀਂ ਹੈ। ਪਹਿਲਾਂ ਪ੍ਰਿਯਾਂਕ ਖੜਗੇ ਨੇ ਸੰਘ ਦੀ ਰਜਿਸਟ੍ਰੇਸ਼ਨ ਦੀ ਮੰਗ ਕਰਦਿਆਂ ਪੱਤਰ ਲਿਖ ਕੇ ਮੁੱਦਾ ਉਠਾਇਆ, ਜਿਸ ਦਾ ਸੰਘ ਕੋਲ ਕੋਈ ਜਵਾਬ ਨਹੀਂ ਹੈ। ਹੁਣ ਰਾਮ ਮੰਦਰ ਦੇ ਦਾਨ ਬਕਸੇ 'ਚ ਚੋਰੀ ਹੋਣ ਨੂੰ ਪ੍ਰਧਾਨ ਮੰਤਰੀ ਦੇ ਕਰੀਬੀ ਤੇ ਟਰੱਸਟ ਨਾਲ ਜੁੜੇ ਨ੍ਰਿਪੇਂਦਰ ਮਿਸ਼ਰਾ 'ਖੁੱਲ੍ਹੀ ਡਕੈਤੀ' ਕਹਿ ਰਹੇ ਹਨ। ਸੰਘ ਡੂੰਘੀ ਦੁਚਿੱਤੀ 'ਚ ਹੈ, ਜੇ ਕੋਈ ਤੁਰੰਤ ਕਾਰਵਾਈ ਕੀਤੀ ਤਾਂ ਲੋਕ ਕਹਿਣਗੇ ਕਿ ਸੰਘ ਨੇ ਆਪਣੀ ਗ਼ਲਤੀ ਮੰਨ ਲਈ ਹੈ ਤੇ ਉਸ ਦੇ ਆਪਣੇ ਲੋਕ ਹੀ ਚੋਰ ਨਿਕਲੇ ਹਨ। ਪਰ ਕਾਰਵਾਈ 'ਚ ਦੇਰੀ ਹੋਣ ਕਾਰਨ ਦੋਸ਼ ਲੱਗ ਰਹੇ ਹਨ ਕਿ ਵੱਡੀਆਂ ਮੱਛੀਆਂ ਨੂੰ ਬਚਾਇਆ ਜਾ ਰਿਹਾ ਹੈ। ਸੰਘ 'ਤੇ ਦੋਵੇਂ ਪਾਸਿਆਂ ਤੋਂ ਹਮਲੇ ਹੋ ਰਹੇ ਹਨ ਤੇ ਉਸ ਦੇ ਆਪਣੇ ਸਮਰਥਕ ਗੁੱਸੇ 'ਚ ਪੁੱਛ ਰਹੇ ਹਨ ਕਿ ਸੰਘ ਤੇ ਮੋਹਨ ਭਾਗਵਤ ਚੁੱਪ ਕਿਉਂ ਹਨ? ਇਹ ਚੋਰੀ ਕਰੋੜਾਂ ਹਿੰਦੂਆਂ ਦੀ ਆਸਥਾ ਨਾਲ ਖਿਲਵਾੜ ਹੈ। ਰਾਮ ਮੰਦਰ ਦੇ ਚੜ੍ਹਾਵੇ ਦੀ ਚੋਰੀ ਨਾਲ ਸੰਘ ਦੇ ਇਮਾਨਦਾਰੀ, ਪਵਿੱਤਰਤਾ ਤੇ ਸਾਦਗੀ ਵਾਲੇ ਘੜੇ ਗਏ ਪ੍ਰਭਾਵ ਨੂੰ ਖੋਰਾ ਲਾ ਦਿੱਤਾ ਹੈ। ਸੰਘ ਦੇ ਵਾਲੰਟੀਅਰਾਂ ਬਾਰੇ ਕਿਹਾ ਜਾਂਦਾ ਸੀ ਕਿ ਉਹ ਨਿਰਸਵਾਰਥ ਹੋ ਕੇ ਆਪਣਾ ਜੀਵਨ ਸੰਘ ਦੇ ਕੰਮ ਭਾਵ ਹਿੰਦੂ ਧਰਮ ਦੀ ਤਰੱਕੀ ਲਈ ਸਮਰਪਿਤ ਕਰਦੇ ਹਨ। ਇਸ ਚੋਰੀ ਨੇ ਉਨ੍ਹਾਂ ਦੇ ਅਕਸ ਨੂੰ ਢਾਹ ਲਗਾਈ ਹੈ, ਕਿਉਂਕਿ ਚੋਰੀ ਭਗਵਾਨ ਰਾਮ ਦੇ ਉਸ ਘਰ 'ਚ ਹੋਈ ਹੈ, ਜਿਸ ਬਾਰੇ ਸੰਘ ਬੜੇ ਮਾਣ ਨਾਲ ਦਾਅਵਾ ਕਰਦਾ ਹੈ ਕਿ ਰਾਮ ਮੰਦਰ ਦੀ ਉਸਾਰੀ ਲਈ ਉਸ ਦੇ ਵਾਲੰਟੀਅਰਾਂ ਨੇ ਲਾਠੀਆਂ ਖਾਧੀਆਂ ਤੇ ਆਪਣੀਆਂ ਜਾਨਾਂ ਤੱਕ ਕੁਰਬਾਨ ਕੀਤੀਆਂ ਹਨ। ਇਸ ਰਾਮ ਮੰਦਰ ਦੇ ਨਾਂਅ 'ਤੇ ਭਾਜਪਾ ਨੇ ਕਰੋੜਾਂ ਲੋਕਾਂ ਦੀਆਂ ਭਾਵਨਾਵਾਂ ਭੜਕਾ ਕੇ ਉਨ੍ਹਾਂ ਦੀਆਂ ਵੋਟਾਂ ਪ੍ਰਾਪਤ ਕੀਤੀਆਂ, 'ਜੈ ਸ੍ਰੀ ਰਾਮ' ਦਾ ਨਾਅਰਾ ਨਾ ਲਗਾਉਣ ਵਾਲੇ ਤੇ ਮੰਦਰ ਦੇ ਦਰਸ਼ਨ ਨਾ ਕਰਨ ਵਾਲਿਆਂ ਨੂੰ ਰਾਮ ਵਿਰੋਧੀ ਤੱਕ ਕਿਹਾ ਗਿਆ। ਇਸ ਸਭ ਦੇ ਪਿੱਛੇ ਰਾਮ ਪ੍ਰਤੀ ਆਸਥਾ ਘੱਟ ਤੇ ਰਾਜਨੀਤੀ ਜ਼ਿਆਦਾ ਸੀ, ਜਿਸ ਦਾ ਮਕਸਦ ਸਿਰਫ਼ ਵੋਟਾਂ ਹਾਸਲ ਕਰਨਾ ਅਤੇ ਕੇਂਦਰ ਤੇ ਰਾਜਾਂ 'ਚ ਸਰਕਾਰਾਂ ਬਣਾਉਣਾ ਸੀ।

ਪ੍ਰਧਾਨ ਮੰਤਰੀ ਮੋਦੀ ਨੇ ਜਨਵਰੀ 2024 'ਚ ਰਾਮ ਮੰਦਰ ਦੇ ਉਦਘਾਟਨ ਸਮੇਂ ਕਿਹਾ ਸੀ, ਕਿ ਇਹ ਸਿਰਫ਼ ਇਕ ਮੰਦਰ ਨਹੀਂ ਹੈ, ਇਹ ਹਿੰਦੂ ਪੁਨਰਜਾਗਰਣ ਦਾ ਪ੍ਰਤੀਕ ਹੈ ਤੇ ਇਸ ਨੂੰ ਹਜ਼ਾਰਾਂ ਸਾਲਾਂ ਤੱਕ ਯਾਦ ਰੱਖਿਆ ਜਾਵੇਗਾ। ਬਿਨਾਂ ਸ਼ੱਕ ਰਾਮ ਮੰਦਰ ਅੰਦੋਲਨ ਨੇ ਸੰਘ ਪਰਿਵਾਰ ਦੇ ਹਿੰਦੂ ਏਕਤਾ ਨੂੰ ਨਵੀਆਂ ਉੱਚਾਈਆਂ 'ਤੇ ਪਹੁੰਚਾਉਂਦਿਆ, ਹਿੰਦੂਆਂ ਦੇ ਇਕ ਵੱਡੇ ਹਿੱਸੇ 'ਚ ਹਿੰਦੂ ਧਰਮ ਪ੍ਰਤੀ ਮਾਣ ਦੀ ਭਾਵਨਾ ਪੈਦਾ ਕੀਤੀ ਹੈ। ਅੱਜ ਭਾਜਪਾ ਦੀਆਂ ਕੇਂਦਰ ਤੇ ਦੋ-ਤਿਹਾਈ ਰਾਜਾਂ 'ਚ ਸਰਕਾਰਾਂ ਹਨ, ਇਸ ਦਾ ਵੱਡਾ ਕਾਰਨ ਹਿੰਦੂ ਚੇਤਨਾ ਦਾ ਉਹ ਉਭਾਰ ਹੈ, ਜਿਸ ਦਾ ਸੁਪਨਾ ਕਦੇ ਡਾ. ਹੈਡਗੇਵਾਰ ਨੇ ਦੇਖਿਆ ਸੀ ਤੇ ਜਿਸ ਲਈ ਹਜ਼ਾਰਾਂ ਵਾਲੰਟੀਅਰ ਆਪਣੀ ਸਾਰੀ ਜ਼ਿੰਦਗੀ ਕੁਆਰੇ ਰਹਿੰਦੇ ਹਨ। ਪਰ ਇਹ ਵੀ ਸੱਚ ਹੈ ਕਿ 2014 ਤੋਂ ਬਾਅਦ ਸੰਘ ਪਰਿਵਾਰ ਦਾ ਸੁਭਾਅ ਤੇ ਰੂਪ ਦੋਵੇਂ ਬਦਲੇ ਹਨ ਤੇ ਤੇਜ਼ੀ ਨਾਲ ਬਦਲ ਰਹੇ ਹਨ। ਪਹਿਲਾਂ ਕੁੜਤਾ-ਪਜਾਮਾ ਪਾਉਣ ਵਾਲੇ ਸਵੈਮਸੇਵਕ (ਵਾਲੰਟੀਅਰ) ਦਾਲ ਚਾਵਲ ਖਾ ਕੇ ਸੰਘ ਦੇ ਕੰਮਾਂ 'ਚ ਲੱਗੇ ਰਹਿੰਦੇ ਸਨ, ਪਰ ਹੁਣ ਉਹ ਸਾਦਗੀ ਨੂੰ ਛੱਡ ਕੇ ਐਸ਼ੋ-ਆਰਾਮ ਦਾ ਜੀਵਨ ਬਤੀਤ ਕਰਦੇ ਹਨ।

ਰੇਲ ਦੇ ਆਮ ਡੱਬਿਆਂ 'ਚ ਯਾਤਰਾ ਕਰਨ ਵਾਲੇ ਸੰਘ ਦੇ ਵਰਕਰ ਅੱਜ ਜਹਾਜ਼ ਦੀ ਬਿਜ਼ਨਸ ਕਲਾਸ 'ਚ ਯਾਤਰਾ ਕਰਦੇ ਹਨ ਤੇ ਉਨ੍ਹਾਂ ਲਈ ਪ੍ਰਾਈਵੇਟ ਜੈੱਟਾਂ ਦਾ ਪ੍ਰਬੰਧ ਤੱਕ ਕੀਤਾ ਜਾਂਦਾ ਹੈ। ਉਹ ਪਹਿਲਾਂ ਵਾਂਗ ਵਰਕਰਾਂ ਦੇ ਘਰਾਂ 'ਚ ਨਹੀਂ ਠਹਿਰਦੇ, ਉਹ 7 ਸਟਾਰ 'ਚ ਠਹਿਰਾਉਣ ਦੀ ਮੰਗ ਕਰਦੇ ਹਨ।

ਮੈਂ ਉਹ ਦਿਨ ਵੀ ਦੇਖੇ ਹਨ ਜਦੋਂ ਸੰਘ ਤੇ ਭਾਜਪਾ ਦੇ ਨੇਤਾ ਮੇਰੇ ਵਰਗੇ ਪੱਤਰਕਾਰਾਂ ਕੋਲੋਂ ਦਿੱਲੀ 'ਚ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਜਾਣ ਲਈ ਮੋਟਰਸਾਈਕਲਾਂ 'ਤੇ 'ਲਿਫਟ' ਲੈ ਲੈਂਦੇ ਸਨ ਤੇ ਪ੍ਰਮੋਦ ਮਹਾਜਨ ਵਰਗੇ ਨੇਤਾਵਾਂ ਦੀ ਪੰਜ-ਸਿਤਾਰਾ ਜੀਵਨ ਸ਼ੈਲੀ ਦੀ ਆਲੋਚਨਾ ਕਰਦੇ ਸਨ। ਪਰ ਅੱਜ ਮਾਹੌਲ ਬਦਲ ਗਿਆ ਹੈ, ਪਾਰਟੀ ਤੇ ਸੰਗਠਨ ਦੇ 'ਚਾਲ, ਚਰਿੱਤਰ ਤੇ ਚਿਹਰੇ' ਦੀ ਗੱਲ ਕਰਨ ਵਾਲੇ ਰਾਜਨੀਤੀ 'ਚ ਸ਼ੁੱਧਤਾ ਬਾਰੇ ਗੱਲ ਨਹੀਂ ਕਰਦੇ। ਕਦੇ ਸਾਦਗੀ ਦੇ ਪ੍ਰਤੀਕ ਰਹੇ ਸੰਘ ਦੇ ਦਫ਼ਤਰ ਹੁਣ ਐਸ਼ੋ-ਆਰਾਮ ਦੀ ਹਰ ਚੀਜ਼ ਨਾਲ ਲੈਸ ਹੋ ਕੇ ਗਗਨਚੁੰਬੀ ਇਮਾਰਤਾਂ 'ਚ ਤਬਦੀਲ ਹੋ ਚੁੱਕੇ ਹਨ। ਇਹ ਮਹਿਜ਼ ਇਮਾਰਤਾਂ ਦਾ ਬਦਲਾਅ ਨਹੀਂ ਹੈ; ਸਗੋਂ ਉਸ ਬਦਲਾਅ ਦਾ ਨਤੀਜਾ ਹਨ, ਜੋ ਸੱਤਾ ਆਪਣੇ ਨਾਲ ਲੈ ਕੇ ਆਉਂਦੀ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਸੱਤਾ ਭ੍ਰਿਸ਼ਟ ਕਰਦੀ ਹੈ ਤੇ ਪੂਰਨ ਸੱਤਾ ਪੂਰੀ ਤਰ੍ਹਾਂ ਭ੍ਰਿਸ਼ਟ ਕਰ ਦਿੰਦੀ ਹੈ। ਇਸ ਬਾਰੇ ਗੱਲ ਕਰਨ ਵਾਲੇ ਆਲੋਚਕਾਂ ਨੂੰ ਗਾਲ੍ਹਾਂ ਦਿੰਦਿਆਂ 'ਸਨਾਤਨ ਵਿਰੋਧੀ' ਕਿਹਾ ਜਾਂਦਾ ਹੈ।

ਅੱਜ ਦੇ ਸੰਘ 'ਚ 'ਸੱਤਾ ਤੇ ਤਾਕਤ ਦੀ ਪੂਜਾ' ਹੀ ਸਭ ਤੋਂ ਉੱਪਰ ਹੈ, 'ਸੱਚ' ਤਾਂ ਬਹੁਤ ਪਿੱਛੇ ਰਹਿ ਗਿਆ ਹੈ। ਜਿਹੜੇ ਸੰਘ ਵਰਕਰ ਕਿਸੇ ਅਹੁਦੇ ਦੀ ਲਾਲਸਾ ਬਗੈਰ ਸਾਲਾਂ ਤੱਕ ਕੰਮ ਕਰਦੇ ਸਨ, ਹੁਣ ਉਹ ਅਹੁਦਿਆਂ ਦੀ ਦੌੜ 'ਚ ਲੱਗੇ ਹੋਏ ਹਨ ਤੇ ਹਰ ਪਾਸੇ ਪੈਸੇ ਦਾ ਬੋਲਬਾਲਾ ਹੈ। ਸੰਘ 'ਚ ਅੱਜ ਵੀ ਹਜ਼ਾਰਾਂ ਇਮਾਨਦਾਰ ਵਰਕਰ ਹਨ, ਪਰ ਸੱਤਾ ਦੇ ਚੱਕਰਵਿਊ ਨੇ ਉਨ੍ਹਾਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ।

ਸੱਤਾ ਤੋਂ ਵੱਡਾ ਕੋਈ ਚੁੰਬਕ ਨਹੀਂ ਹੁੰਦਾ, ਉਹ ਲੋਕਾਂ ਨੂੰ ਆਪਣੇ ਵੱਲ ਖਿੱਚਦੀ ਹੈ। 2014 ਤੋਂ ਬਾਅਦ ਅਚਾਨਕ 'ਨਵੇਂ ਸਵੈਮਸੇਵਕਾਂ' ਦੀ ਇਕ ਵੱਡੀ ਫ਼ੌਜ ਖੜ੍ਹੀ ਹੋ ਗਈ ਹੈ। ਜਿਹੜੇ ਕਦੇ ਭਾਜਪਾ, ਸੰਘ, ਹਿੰਦੂਤਵ ਤੇ ਮੋਦੀ ਦੀ ਭੰਡੀ ਕਰਦਿਆਂ ਆਪਣੇ ਆਪ ਨੂੰ ਉਨ੍ਹਾਂ ਨਾਲ ਜੋੜਨਾ ਪਸੰਦ ਨਹੀਂ ਕਰਦੇ ਸਨ, ਅੱਜ ਸੱਤਾ ਦਾ ਅਨੰਦ ਮਾਨਣ ਲਈ ਸਭ ਤੋਂ ਮੂਹਰੇ ਹੋ ਕੇ ਖੜ੍ਹੇ ਹਨ।

ਸੰਘ ਦੇ ਇਮਾਨਦਾਰ ਵਰਕਰਾਂ ਨੂੰ ਪਿੱਛੇ ਧੱਕ ਕੇ ਤੇਜ਼-ਤਰਾਰ ਲੋਕ ਸੱਤਾ ਦੇ ਸਭ ਤੋਂ ਭਰੋਸੇਮੰਦ ਸਿਪਾਹੀ ਬਣ ਕੇ ਹਰ ਦਰਵਾਜ਼ੇ 'ਤੇ ਦਰਬਾਨ ਬਣ ਗਏ ਹਨ। ਕੁਝ ਮੰਤਰੀ ਬਣ ਗਏ ਹਨ, ਕੁਝ ਹੋਰ ਉੱਚ ਸੰਵਿਧਾਨਕ ਅਹੁਦਿਆਂ 'ਤੇ ਬਿਰਾਜਮਾਨ ਹੋ ਗਏ ਤੇ ਕਈ ਸੱਤਾ ਦੀਆਂ ਹੋਰ ਸੰਸਥਾਵਾਂ 'ਚ 'ਐਡਜਸਟ' ਹੋ ਗਏ ਜਾਂ ਹੋਣ ਦੀ ਕੋਸ਼ਿਸ਼ ਕਰ ਰਹੇ ਹਨ। ਮੈਨੂੰ ਨਹੀਂ ਪਤਾ ਕਿ ਸੰਘ ਦੇ ਉੱਚ ਅਹੁਦੇਦਾਰ ਇਸ ਤਬਦੀਲੀ ਨੂੰ ਕਿਵੇਂ ਵੇਖਦੇ ਹਨ, ਪਰ ਇਹ ਵਰਤਾਰਾ ਸੰਘ ਦੇ ਅੰਦਰ ਇਮਾਨਦਾਰ ਵਰਕਰਾਂ ਵਿਚ ਬਹੁਤ ਅਸੰਤੋਸ਼ ਪੈਦਾ ਕਰ ਰਿਹਾ ਹੈ, ਕਿਉਂਕਿ ਉਹ ਦੇਖ ਰਹੇ ਹਨ ਕਿ ਕੁਝ ਸਮਾਂ ਪਹਿਲਾਂ ਤੱਕ ਸੰਘ ਨੂੰ ਗਾਲ੍ਹਾਂ ਦੇਣ ਵਾਲੇ ਲੋਕ ਅੱਜ ਸਰਕਾਰ ਤੇ ਸੰਘ ਦੇ ਚਹੇਤੇ ਬਣ ਗਏ ਹਨ। ਉਹ ਪੁੱਛਦੇ ਹਨ ਕਿ ਅਸੀਂ ਬਚਪਨ ਤੋਂ ਸੰਘ ਦੀ ਸੇਵਾ ਕਰਦਿਆਂ ਉਹ ਸਭ ਕਿਉਂ ਨਹੀਂ ਕਰ ਸਕੇ ਜੋ, ਇਹ 'ਨਵੇਂ ਵਾਲੰਟੀਅਰ' ਕਰ ਰਹੇ ਹਨ।

ਰਾਮ ਮੰਦਰ ਵਿਚ ਜੋ ਕੁਝ ਹੋਇਆ ਉਹ ਇਸੇ ਬਦਲਾਅ ਦਾ ਪ੍ਰਤੀਕ ਹੈ। ਜਦੋਂ ਇਕ ਵਾਰ ਤਾਮਸਿਕ (ਲਾਲਚ) ਪ੍ਰਵਿਰਤੀਆਂ ਹਾਵੀ ਹੋ ਜਾਣ ਤਾਂ ਉਹ ਆਸਾਨੀ ਨਾਲ ਪਿੱਛਾ ਨਹੀਂ ਛੱਡਦੀਆਂ। ਸੰਘ ਨੂੰ ਹੁਣ ਸੱਤਾ ਦਾ ਸੁਆਦ ਲੱਗ ਗਿਆ ਹੈ ਤੇ ਇਸ ਸੁਆਦ ਤੋਂ ਪਿੱਛਾ ਛੁਡਾਉਣਾ ਲਗਭਗ ਅਸੰਭਵ ਹੈ। ਕਾਂਗਰਸ ਨੂੰ ਇਸ ਦਾ ਅਹਿਸਾਸ 1937 ਵਿਚ ਹੋ ਗਿਆ ਸੀ, ਜਦੋਂ ਉਸ ਨੇ ਪਹਿਲੀ ਵਾਰ ਰਸਮੀ ਤੌਰ 'ਤੇ ਸੱਤਾ 'ਚ ਹਿੱਸੇਦਾਰੀ ਕਰਦਿਆਂ ਮੰਤਰੀਆਂ ਦੇ ਅਹੁਦਿਆਂ ਦਾ ਅਨੰਦ ਮਾਣਿਆ ਸੀ। ਗਾਂਧੀ ਜੀ ਨੇ ਐਵੇਂ ਤਾਂ ਨਹੀਂ ਕਿਹਾ ਸੀ ਕਿ ਆਜ਼ਾਦੀ ਤੋਂ ਬਾਅਦ ਕਾਂਗਰਸ ਨੂੰ ਭੰਗ ਕਰ ਦੇਣਾ ਚਾਹੀਦਾ ਹੈ, ਕਿਉਂਕਿ ਉਹ ਸੱਤਾ ਦੇ 'ਤਾਮਸਿਕ' ਸੁਭਾਅ ਤੋਂ ਜਾਣੂ ਹੋ ਚੁੱਕੀ ਹੈ। ਗਾਂਧੀ ਜਾਣਦੇ ਸਨ ਕਿ ਆਜ਼ਾਦੀ ਦੀ ਲੜਾਈ ਇਕ ਪਵਿੱਤਰ ਸੁਪਨਾ ਸੀ, ਜੋ ਕਾਂਗਰਸ ਨੂੰ ਲਗਾਤਾਰ ਉਤਸ਼ਾਹਿਤ ਕਰਦਾ ਰਿਹਾ ਸੀ। ਪਰ ਜਿਵੇਂ ਹੀ ਕਾਂਗਰਸ ਸੱਤਾ ਦੀ ਦੌੜ ਵਿਚ ਸ਼ਾਮਿਲ ਹੋ ਗਈ ਤਾਂ ਇਹ ਸੁਪਨਾ ਬਹੁਤ ਪਿੱਛੇ ਛੁਟ ਗਿਆ ਤੇ ਉਸ ਦੀ 'ਸੱਚਾਈ' ਗੁੰਮਨਾਮੀ 'ਚ ਅਲੋਪ ਹੋ ਗਈ। ਪਾਰਟੀ ਲਈ ਆਪਣੇ ਤੇ ਆਪਣੇ ਲੋਕਾਂ ਲਈ ਸੱਤਾ 'ਚ ਬਣਾਈ ਰੱਖਣਾ ਪਹਿਲੀ ਤਰਜੀਹ ਬਣ ਗਈ।

ਰਾਮ ਮੰਦਰ ਵਿਚ ਚੋਰੀ ਵੀ ਇਸੇ ਸੁਭਾਵਿਕ ਪ੍ਰਕਿਰਿਆ ਦਾ ਇਕ ਕੁਦਰਤੀ ਨਤੀਜਾ ਹੈ। ਜਦੋਂ ਗਾਂਧੀ ਦੀ ਕਾਂਗਰਸ ਨਹੀਂ ਬਚੀ ਤਾਂ ਹੈਡਗੇਵਾਰ ਦਾ ਸੰਘ ਪਰਿਵਾਰ ਕਿਵੇਂ ਬਚ ਸਕਦਾ ਸੀ? ਇਹ ਹੋਣਾ ਹੀ ਸੀ, ਇਸ ਨੇ ਇੱਥੋਂ ਹੇਠਾਂ ਹੀ ਜਾਣਾ ਹੈ, ਕਿਉਂਕਿ ਹੁਣ ਉੱਪਰ ਜਾਣ ਦਾ ਰਸਤਾ ਬੰਦ ਹੋ ਗਿਆ ਹੈ।

# ਕੀ ਪਾਕਿਸਤਾਨ ਔਰਤਾਂ ਲਈ ਨਰਕ ਬਣਦਾ ਜਾ ਰਿਹਾ ਹੈ? ਲਾਹੌਰ 'ਚ ਵਿਦੇਸ਼ੀ ਮਹਿਲਾਵਾਂ ਨਾਲ ਗੈਂਗਰੇਪ ਕਾਰਨ ਪਾਕਿਸਤਾਨ ਫਿਰ ਕਟਹਿਰੇ 'ਚ

(ਪ੍ਰੋ. ਸਰਚਾਂਦ ਸਿੰਘ ਖਿਆਲਾ , ਬੁਲਾਰਾ ਪੰਜਾਬ ਭਾਜਪਾ। 9781355522)



ਪਾਕਿਸਤਾਨ ਵਿੱਚ ਸੱਤਾ ਦੇ ਸਿਖਰ ਨਾਲ ਜੁੜੇ ਵਿਅਕਤੀਆਂ 'ਤੇ ਵਿਦੇਸ਼ੀ ਮਹਿਲਾਵਾਂ ਨਾਲ ਕਥਿਤ ਸਮੂਹਿਕ ਜਬਰ ਜਨਾਹ ਦੇ ਦੋਸ਼ਾਂ ਨੇ ਪਾਕਿਸਤਾਨ ਦੀ "ਇੱਜ਼ਤ" ਦਾ ਨਕਾਬ ਉਤਾਰਦਿਆਂ ਉਸ ਨੂੰ ਇੱਕ ਵਾਰ ਫਿਰ ਦੁਨੀਆ ਭਰ ਵਿੱਚ ਸ਼ਰਮਸਾਰ ਕਰ ਦਿੱਤਾ ਹੈ। ਪਾਕਿਸਤਾਨ ਦੇ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਇਸਹਾਕ ਡਾਰ ਦੇ ਪੋਤੇ ਮੁਹੰਮਦ ਰਜ਼ਾ ਡਾਰ ਦਾ ਨਾਮ ਲਾਹੌਰ ਵਿੱਚ ਦੋ ਵਿਦੇਸ਼ੀ ਕਾਰੋਬਾਰੀ ਮਹਿਲਾਵਾਂ ਦੇ ਕਥਿਤ ਅਗਵਾ, ਸਮੂਹਿਕ ਜਬਰ ਜਨਾਹ ਅਤੇ ਕ੍ਰਿਪਟੋਕਰੰਸੀ ਦੇ ਨਾਮ 'ਤੇ ਕਰੋੜਾਂ ਰੁਪਏ ਦੀ ਕਥਿਤ ਫਿਰੌਤੀ ਮੰਗਣ ਦੇ ਮਾਮਲੇ ਵਿੱਚ ਮੁੱਖ ਮੁਲਜ਼ਮ ਵਜੋਂ ਸਾਹਮਣੇ ਆਉਣ ਨਾਲ ਪਾਕਿਸਤਾਨ ਦੇ ਸੁਰੱਖਿਅਤ ਅਤੇ ਜ਼ਿੰਮੇਵਾਰ ਰਾਜ ਹੋਣ ਦੇ ਦਾਅਵਿਆਂ ਦੀ ਪੋਲ ਖੁੱਲ੍ਹ ਗਈ ਹੈ ਅਤੇ ਉਸ ਦੀ ਅੰਤਰਰਾਸ਼ਟਰੀ ਛਵੀ ਨੂੰ ਵੀ ਗੰਭੀਰ ਝਟਕਾ ਲੱਗਿਆ ਹੈ।

ਅੰਤਰਰਾਸ਼ਟਰੀ ਮੀਡੀਆ ਇਸ ਮਾਮਲੇ ਨੂੰ ਬੇਹੱਦ ਗੰਭੀਰਤਾ ਨਾਲ ਲੈ ਰਿਹਾ ਹੈ। ਜਦੋਂ ਕਿਸੇ ਦੇਸ਼ ਦੇ ਸਭ ਤੋਂ ਪ੍ਰਭਾਵਸ਼ਾਲੀ ਰਾਜਨੀਤਿਕ ਪਰਿਵਾਰ ਨਾਲ ਜੁੜੇ ਵਿਅਕਤੀ ਉੱਤੇ ਇੰਨੇ ਸੰਗੀਨ ਦੋਸ਼ ਲੱਗਣ, ਤਾਂ ਦੁਨੀਆ ਦਾ ਧਿਆਨ ਸਿਰਫ਼ ਅਪਰਾਧ ਵੱਲ ਨਹੀਂ, ਸਗੋਂ ਉਸ ਦੇਸ਼ ਦੀਆਂ ਕਦਰਾਂ ਕੀਮਤਾਂ, ਕਾਨੂੰਨ-ਵਿਵਸਥਾ, ਜਵਾਬਦੇਹੀ ਅਤੇ ਨਿਆਂ ਪ੍ਰਣਾਲੀ ਵੱਲ ਜਾਣਾ ਸੁਭਾਵਿਕ ਹੈ। ਇਸੇ ਕਾਰਨ ਪਾਕਿਸਤਾਨ ਦੇ ਅੰਦਰ ਵੀ ਇਸਹਾਕ ਡਾਰ ਦੇ ਅਸਤੀਫ਼ੇ ਦੀ ਮੰਗ ਜ਼ੋਰ ਫੜ ਰਹੀ ਹੈ।

ਨੀਦਰਲੈਂਡ ਅਤੇ ਵੇਨੇਜ਼ੁਏਲਾ ਦੀਆਂ ਪੀੜਤ ਮਹਿਲਾਵਾਂ ਐਸਟ੍ਰਿਡ ਗੈਬਰੀਏਲਾ ਰੌਬਿਨਸਨ ਬ੍ਰਾਚੋ ਅਤੇ ਸਟੈਫ਼ਨੀ ਐਡਰੀਆਨਾ ਨੇ ਮੈਜਿਸਟ੍ਰੇਟ ਸਾਹਮਣੇ ਦਰਜ ਬਿਆਨ ਵਿੱਚ ਦੋਸ਼ ਲਗਾਇਆ ਕਿ ਕਾਰੋਬਾਰੀ ਵੀਜ਼ੇ 'ਤੇ ਪਾਕਿਸਤਾਨ ਪਹੁੰਚਦੇ ਹੀ ਉਨ੍ਹਾਂ ਨੂੰ ਹਥਿਆਰਬੰਦ ਵਿਅਕਤੀਆਂ ਨੇ ਅਗਵਾ ਕਰ ਲਿਆ। ਕ੍ਰਿਪਟੋਕਰੰਸੀ ਸੰਪਤੀ ਹਾਸਲ ਕਰਨ ਲਈ ਉਨ੍ਹਾਂ ਨਾਲ ਕੁੱਟਮਾਰ ਕੀਤੀ ਗਈ, ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਅਤੇ ਸਮੂਹਿਕ ਜਬਰ ਜਨਾਹ ਕੀਤਾ ਗਿਆ। ਪੀੜਤਾਂ ਦੇ ਅਨੁਸਾਰ ਮੁੱਖ ਮੁਲਜ਼ਮ ਰਜ਼ਾ ਡਾਰ ਨੇ ਉਨ੍ਹਾਂ ਦੇ ਜਾਣਕਾਰਾਂ ਤੋਂ ਇੱਕ ਲੱਖ ਅਮਰੀਕੀ ਡਾਲਰ ਦੀ ਮੰਗ ਕੀਤੀ। ਰਕਮ ਮਿਲਣ ਤੋਂ ਬਾਅਦ ਦੋਵਾਂ ਨੂੰ ਹਵਾਈ ਅੱਡੇ ਵੱਲ ਲਿਜਾਂਦੇ ਸਮੇਂ ਗੱਡੀ ਹਾਦਸਾਗ੍ਰਸਤ ਹੋ ਗਈ, ਜਿਸ ਦਾ ਫ਼ਾਇਦਾ ਉਠਾ ਕੇ ਉਹ ਭੱਜ ਨਿਕਲੀਆਂ ਅਤੇ ਪੁਲਿਸ ਤੱਕ ਪਹੁੰਚੀਆਂ। ਦੋਵਾਂ ਮਹਿਲਾਵਾਂ ਦੀ ਰਜ਼ਾ ਡਾਰ ਨਾਲ ਮੁਲਾਕ-ਾਤ 2025 ਵਿੱਚ ਸਿੰਗਾਪੁਰ ਵਿੱਚ ਇੱਕ ਕ੍ਰਿਪਟੋਕਰੰਸੀ ਪ੍ਰੋਜੈਕਟ ਦੌਰਾਨ ਹੋਈ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਕਾਰੋਬਾਰੀ ਵੀਜ਼ੇ 'ਤੇ ਪਾਕਿਸਤਾਨ ਬੁਲਾਇਆ ਗਿਆ ਅਤੇ ਘਿਨੌਣੇ ਅਪਰਾਧ ਨੂੰ ਅੰਜਾਮ ਦਿਤਾ ਗਿਆ।

ਸਭ ਤੋਂ ਵੱਡੀ ਵਿਡੰਬਣਾ ਇਹ ਹੈ ਕਿ ਇੱਕ ਪਾਸੇ ਪਾਕਿਸਤਾਨ ਵਿਦੇਸ਼ੀ ਨਿਵੇਸ਼ਕਾਂ ਅਤੇ ਕ੍ਰਿਪਟੋਕਰੰਸੀ ਕਾਰੋਬਾਰ ਨੂੰ ਆਕਰਸ਼ਿਤ ਕਰਨ ਦੇ ਦਾਅਵੇ ਕਰਦਾ ਹੈ, ਜਦਕਿ ਦੂਜੇ ਪਾਸੇ ਵਿਦੇਸ਼ੀ ਕਾਰੋਬਾਰੀ ਮਹਿਲਾਵਾਂ ਹੀ ਉੱਥੇ ਆਪਣੀ ਜਾਨ ਅਤੇ ਇੱਜ਼ਤ ਦੀ ਹੀ ਸੁਰੱਖਿਆ ਸਵਾਲਾਂ ਦੇ ਘੇਰੇ ਵਿੱਚ ਹੋਵੇ, ਇਹ ਕਿਸੇ ਵੀ ਦੇਸ਼ ਲਈ ਬਹੁਤ ਗੰਭੀਰ ਸੰਦੇਸ਼ ਹੈ। ਇਹ ਆਰਥਿਕ ਭਰੋਸੇਯੋਗਤਾ ਨੂੰ ਗੰਭੀਰ ਝਟਕਾ ਹੈ?



ਇਸ ਮਾਮਲੇ ਦਾ ਇੱਕ ਹੋਰ ਚਿੰਤਾਜਨਕ ਪੱਖ ਇਹ ਹੈ ਕਿ ਪਾਕਿਸਤਾਨ ਸਾਲਾਂ ਤੋਂ ਆਪਣੇ ਆਪ ਨੂੰ ਇਸਲਾਮੀ ਕਦਰਾਂ-ਕੀਮਤਾਂ ਦਾ ਰਾਖਾ ਦੱਸਦਾ ਆਇਆ ਹੈ, ਜੇ ਵਿਦੇਸ਼ੀ ਮਹਿਲਾਵਾਂ ਨੂੰ ਕਾਰੋਬਾਰੀ ਸੱਦੇ ਦੇ ਬਹਾਨੇ ਪਾਕਿਸਤਾਨ ਬੁਲਾਇਆ ਗਿਆ ਅਤੇ ਉੱਥੇ ਹੀ ਉਹ ਕਥਿਤ ਤੌਰ 'ਤੇ ਅਜਿਹੇ ਅਪਰਾਧ ਦਾ ਸ਼ਿਕਾਰ ਬਣੀਆਂ,ਤਾਂ ਇਹ ਸਿਰਫ਼ ਅੰਤਰਰਾਸ਼ਟਰੀ ਭਰੋਸੇ ਨਾਲ ਧੋਖਾ ਹੀ ਨਹੀਂ, ਸਗੋਂ ਪਾਕਿਸਤਾਨ ਵੱਲੋਂ ਕੀਤੇ ਜਾਂਦੇ ਇਸਲਾਮੀ ਕਦਰਾਂ-ਕੀਮਤਾਂ ਦੇ ਦਾਅਵਿਆਂ 'ਤੇ ਵੀ ਗੰਭੀਰ ਸਵਾਲ ਖੜ੍ਹੇ ਕਰਦਾ ਹੈ।"

ਨਾਲ ਹੀ ਇਹ ਪਾਕਿਸਤਾਨ ਦੇ ਸੱਤਾ ਢਾਂਚੇ, ਕਾਨੂੰਨ-ਵਿਵਸਥਾ ਅਤੇ ਰਾਜਨੀਤਿਕ ਜਵਾਬਦੇਹੀ ਭਾਵ ਕੂਟਨੀਤਿਕ ਭਰੋਸੇਯੋਗਤਾ 'ਤੇ ਲੱਗਿਆ ਗੰਭੀਰ ਸਵਾਲ ਹੈ। ਜਦੋਂ ਸੱਤਾ ਦੇ ਸਿਖਰ ਨਾਲ ਜੁੜੇ ਪਰਿਵਾਰਾਂ ਦੇ ਨਾਮ ਅਜਿਹੇ ਸੰਗੀਨ ਦੋਸ਼ਾਂ ਨਾਲ ਜੁੜਨ ਲੱਗਣ, ਤਾਂ ਦੁਨੀਆ ਇਹ ਪੁੱਛਣ ਲਈ ਮਜਬੂਰ ਹੋ ਜਾਂਦੀ ਹੈ ਕਿ ਕੀ ਉੱਥੇ ਕਾਨੂੰਨ ਆਮ ਨਾਗਰਿਕਾਂ ਅਤੇ ਪ੍ਰਭਾਵਸ਼ਾਲੀ ਲੋਕਾਂ ਲਈ ਇੱਕੋ ਜਿਹਾ ਹੈ?

ਕਿਸੇ ਵੀ ਦੇਸ਼ ਦੀ ਸਭਿਆਚਾਰਕ ਅਤੇ ਲੋਕਤੰਤਰੀ ਪਰਿਪੱਕਤਾ ਦਾ ਸਭ ਤੋਂ ਵੱਡਾ ਮਾਪਦੰਡ ਇਹ ਹੁੰਦਾ ਹੈ ਕਿ ਉੱਥੇ ਔਰਤਾਂ ਕਿੰਨੀ ਸੁਰੱਖਿਅਤ, ਸਨਮਾਨਿਤ ਅਤੇ ਨਿਆਂ ਪ੍ਰਾਪਤ ਕਰਨ ਦੇ ਯੋਗ ਹਨ। ਇਸ ਕਸੌਟੀ 'ਤੇ ਹਕੀਕਤ ਇਹ ਹੈ ਕਿ ਪਾਕਿਸਤਾਨ ’ਚ ਔਰਤਾਂ ਦੀ ਸੁਰੱਖਿਆ, ਧਾਰਮਿਕ ਘੱਟਗਿਣਤੀਆਂ ਦੇ ਹੱਕਾਂ ਅਤੇ ਮਨੁੱਖੀ ਅਧਿਕਾਰਾਂ ਦਾ ਰਿਕਾਰਡ ਲਗਾਤਾਰ ਸਵਾਲਾਂ ਦੇ ਘੇਰੇ ਵਿੱਚ ਰਿਹਾ ਹੈ।

ਪਾਕਿਸਤਾਨ ਦਾ ਸੰਵਿਧਾਨ ਅਨੁਛੇਦ 25 ਤਹਿਤ ਔਰਤਾਂ ਅਤੇ ਮਰਦਾਂ ਲਈ ਬਰਾਬਰੀ ਦੇ ਅਧਿਕਾਰਾਂ ਦੀ ਗਾਰੰਟੀ ਦਿੰਦਾ ਹੈ। ਇਸ ਤੋਂ ਇਲਾਵਾ ਪਾਕਿਸਤਾਨ ਹਰ ਪਲੇਟਫ਼ਾਰਮ ’ਤੇ ਔਰਤਾਂ ਦੇ ਅਧਿਕਾਰਾਂ ਦੀ ਵਕਾਲਤ ਕਰਨ ਲਈ ਅੰਤਰਰਾਸ਼ਟਰੀ ਦਸਤਾਵੇਜ਼ਾਂ ’ਤੇ ਹਸਤਾਖ਼ਰ ਕਰਨ ਵਾਲਾ ਦੇਸ਼ ਹੈ। ਪਰ ਹਕੀਕਤ ’ਚ ਕੱਟੜਪੰਥੀਆਂ ਦੇ ਪ੍ਰਭਾਵ ਕਾਰਨ ਪਾਕਿਸਤਾਨ ’ਚ ਪਿਛਲੇ ਦੋ ਦਹਾਕਿਆਂ ਵਿਚ ਪਾਸ ਕੀਤੇ ਗਏ ਨਾਰੀਵਾਦੀ ਕਾਨੂੰਨ ਅਤੇ ਅਧਿਕਾਰਾਂ ਨੂੰ ਅਮਲੀ ਰੂਪ ਵਿਚ ਲਾਗੂ ਕਰਨ ਵਾਲਾ ਤੱਤ ਹਮੇਸ਼ਾਂ ਗਾਇਬ ਰਿਹਾ। ਅੱਜ ਪਾਕਿਸਤਾਨ ਔਰਤਾਂ ਦੇ ਰਹਿਣ ਲਈ "ਸਭ ਤੋਂ ਅਸੁਰੱਖਿਅਤ ਦੇਸ਼ਾਂ ਵਿੱਚ ਗਿਣਿਆ ਜਾ ਰਿਹਾ ਹੈ’।

ਸੰਯੁਕਤ ਰਾਸ਼ਟਰ ਦੀਆਂ ਵੱਖ-ਵੱਖ ਏਜੰਸੀਆਂ, ਹਿਊਮਨ ਰਾਈਟਸ ਵਾਚ ਅਤੇ ਐਮਨੈਸਟੀ ਇੰਟਰਨੈਸ਼ਨਲ ਵਰਗੀਆਂ ਸੰਸਥਾਵਾਂ ਵੀ ਸਾਲਾਂ ਤੋਂ ਇਹ ਦਰਸਾਉਂਦੀਆਂ ਆ ਰਹੀਆਂ ਹਨ ਕਿ ਪਾਕਿਸਤਾਨ ਵਿੱਚ ਔਰਤਾਂ ਵਿਰੁੱਧ ਹਿੰਸਾ ਇੱਕ ਗੰਭੀਰ ਸਮਾਜਿਕ ਅਤੇ ਕਾਨੂੰਨੀ ਚੁਣੌਤੀ ਬਣੀ ਹੋਈ ਹੈ। ਪਾਕਿ-ਸਤਾਨ ’ਚ ਔਰਤਾਂ ਵਿਰੁੱਧ ਹਿੰਸਾ, ਜਬਰ ਜਨਾਹ, ਕਥਿਤ "ਆਨਰ ਕਿਲਿੰਗ", ਜਬਰੀ ਵਿਆਹ, ਨਾਬਾਲਗ ਲੜਕੀਆਂ ਦੇ ਅਗਵਾ ਅਤੇ ਗੈਰ ਮੁਸਲਮਾਨਾਂ ਦੇ ਜਬਰੀ ਨਧਰਮ ਪਰਿਵਰਤਨ ਵਰਗੇ ਮੁੱਦੇ ਵਾਰ-ਵਾਰ ਵਿਸ਼ਵ ਪੱਧਰ 'ਤੇ ਚਿੰਤਾ ਦਾ ਕਾਰਨ ਬਣੇ ਹਨ। ਕਈ ਮਾਮਲਿਆਂ ਵਿੱਚ ਸਮਾਜਿਕ ਦਬਾਅ, ਪ੍ਰਭਾਵਸ਼ਾਲੀ ਲੋਕਾਂ ਦਾ ਰੁਤਬਾ, ਡਰ ਅਤੇ ਜਾਂਚ ਪ੍ਰਣਾਲੀ ਦੀਆਂ ਕਮੀਆਂ ਕਾਰਨ ਪੀੜਤਾਂ ਨੂੰ ਪੂਰਾ ਨਿਆਂ ਨਹੀਂ ਮਿਲਦਾ। ਹੁਣ ਜੇ ਵਿਦੇਸ਼ੀ ਮਹਿਲਾਵਾਂ ਵੀ ਪਾਕਿਸਤਾਨ ਵਿੱਚ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਨ ਲੱਗਣ, ਤਾਂ ਇਸ ਦਾ ਸਿੱਧਾ ਅਸਰ ਉਸ ਦੀ ਅੰਤਰਰਾਸ਼ਟਰੀ ਸਾਖ, ਸੈਰ-ਸਪਾਟੇ, ਵਿਦੇਸ਼ੀ ਨਿਵੇਸ਼ ਅਤੇ ਭਰੋਸੇ 'ਤੇ ਪੈਣਾ ਸੁਭਾਵਿਕ ਹੈ। ਜਦੋਂ ਕਿਸੇ ਦੇਸ਼ ਦਾ ਉਪ ਪ੍ਰਧਾਨ ਮੰਤਰੀ ਵਿਸ਼ਵ ਮੰਚਾਂ 'ਤੇ ਆਪਣੇ ਦੇਸ਼ ਦੀ ਨੁਮਾਇੰਦਗੀ ਕਰ ਰਿਹਾ ਹੋਵੇ ਅਤੇ ਉਸੇ ਸਮੇਂ ਉਸ ਦੇ ਪਰਿਵਾਰ ਨਾਲ ਜੁੜੇ ਵਿਅਕਤੀ ਉੱਤੇ ਅਜਿਹੇ ਸੰਗੀਨ ਦੋਸ਼ਾਂ ਦੀਆਂ ਸੁਰਖ਼ੀਆਂ ਵਿਸ਼ਵ ਮੀਡੀਆ ਵਿੱਚ ਛਾਈਆਂ ਹੋਣ, ਤਾਂ ਉਸ ਦੇਸ਼ ਦੀ ਨੈਤਿਕ ਸਥਿਤੀ ਆਪਣੇ ਆਪ ਕਮਜ਼ੋਰ ਹੋ ਜਾਂਦੀ ਹੈ।

ਪਾਕਿਸਤਾਨ ਵਿੱਚ ਵਿਦੇਸ਼ੀ ਔਰਤਾਂ ਨਾਲ ਹੋਏ ਜਬਰ ਜਨਾਹ ਜਾਂ ਬਦਸਲੂਕੀ ਦਾ ਇਹ ਪਹਿਲਾ ਮਾਮਲਾ ਨਹੀਂ ਹੈ। ਇਸ ਤੋਂ ਪਹਿਲਾਂ ਸਤੰਬਰ 2020 ਵਿੱਚ ਲਾਹੌਰ ਦੇ ਮੋਟਰਵੇਅ 'ਤੇ ਇੱਕ ਫਰਾਂਸੀਸੀ ਮੂਲ ਦੀ ਪਾਕਿਸਤਾਨੀ ਔਰਤ ਨਾਲ ਉਸਦੇ ਬੱਚਿਆਂ ਦੇ ਸਾਹਮਣੇ ਸਮੂਹਿਕ ਜਬਰ ਜਨਾਹ ਦੀ ਖਬਰ ਆਈ। 2018 ਵਿੱਚ ਇਸਲਾਮਾਬਾਦ ਵਿੱਚ ਇੱਕ ਚੀਨੀ ਮਹਿਲਾ ਨਾਲ ਕਥਿਤ ਜਬਰ ਜਨਾਹ ਦਾ ਮਾਮਲਾ ਵੀ ਸਾਹਮਣੇ ਆਇਆ ਸੀ। ਵੱਖ-ਵੱਖ ਸਾਲਾਂ ਦੌਰਾਨ ਕੁਝ ਵਿਦੇਸ਼ੀ ਮਹਿਲਾ ਸੈਲਾਨੀਆਂ, ਪੱਤਰਕਾਰਾਂ ਅਤੇ ਐਨਜੀਓ ਕਰਮਚਾਰੀਆਂ ਨੇ ਵੀ ਪਾਕਿਸਤਾਨ ਵਿੱਚ ਜਿਨਸੀ ਛੇੜਛਾੜ, ਪਰੇਸ਼ਾਨੀ ਅਤੇ ਧਮਕੀਆਂ ਦੀਆਂ ਸ਼ਿਕਾਇਤਾਂ ਕੀਤੀਆਂ ਹਨ। ਵਿਦੇਸ਼ੀ ਮਹਿਲਾਵਾਂ ਨਾਲ ਜੁੜੇ ਅਜਿਹੇ ਉੱਚ-ਪ੍ਰੋਫ਼ਾਈਲ ਮਾਮਲਿਆਂ ਅਤੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਰਿਪੋਰਟਾਂ ਨੇ ਪਾਕਿਸਤਾਨ ਵਿੱਚ ਔਰਤਾਂ ਦੀ ਸੁਰੱਖਿਆ ਅਤੇ ਨਿਆਂ ਪ੍ਰਣਾਲੀ ਬਾਰੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ।

ਪਾਕਿਸਤਾਨ ਵਿੱਚ ਔਰਤਾਂ ਦੀ ਸਥਿਤੀ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਉੱਥੇ ਕਿਸੇ ਮਰਦ ਨੂੰ "ਨਹੀਂ" ਕਹਿਣਾ ਕਈ ਵਾਰ ਮੌਤ ਨੂੰ ਸੱਦਾ ਦੇਣ ਦੇ ਬਰਾਬਰ ਸਾਬਤ ਹੋ ਜਾਂਦਾ ਹੈ। ਚਿਤਰਾਲ ਦੀ 17 ਸਾਲਾ ਟਿਕਟਾਕ ਸਟਾਰ ਸਨਾ ਯੂਸਫ਼ ਲਈ ਉਸ ਦਾ ਜਨਮਦਿਨ ਹੀ ਜ਼ਿੰਦਗੀ ਦਾ ਆਖ਼ਰੀ ਦਿਨ ਸਾਬਤ ਹੋਇਆ। ਇਸਲਾਮਾਬਾਦ ਵਿੱਚ 22 ਸਾਲਾ ਉਮਰ ਹਯਾਤ ਨੇ ਕਥਿਤ ਤੌਰ 'ਤੇ ਉਸ ਦੀ ਇਸ ਲਈ ਹੱਤਿਆ ਕਰ ਦਿੱਤੀ ਕਿਉਂਕਿ ਸਨਾ ਨੇ ਹਰ ਵਾਰ ਉਸ ਦੇ ਰਿਸ਼ਤੇ ਨੂੰ ਠੁਕਰਾ ਕੇ "ਨਹੀਂ" ਕਿਹਾ ਸੀ। ਇਹ ਪਾਕਿਸਤਾਨ ਦੇ ਉਸ ਸਮਾਜਿਕ ਮਨੋਵਿਗਿਆਨ ਦੀ ਤਸਵੀਰ ਹੈ, ਜਿੱਥੇ ਕੁਝ ਮਰਦ ਕਿਸੇ ਔਰਤ ਨੂੰ ਆਪਣੀ "ਮਲਕੀਅਤ" ਸਮਝਣ ਲੱਗ ਪੈਂਦੇ ਹਨ। ਜੇ ਉਹ ਇਨਕਾਰ ਕਰ ਦੇਵੇ ਤਾਂ ਧਮਕੀਆਂ, ਪਿੱਛਾ ਕਰਨਾ, ਤੇਜ਼ਾਬੀ ਹਮਲੇ, ਜਿਨਸੀ ਹਿੰਸਾ ਅਤੇ ਕਤਲ ਵਰਗੀਆਂ ਘਟਨਾਵਾਂ ਸਾਹਮਣੇ ਆ ਜਾਂਦੀਆਂ ਹਨ। ਨੂਰ ਮੁਕੱਦਮ, ਕੰਦੀਲ ਬਲੋਚ ਅਤੇ ਆਇਸ਼ਾ ਅਕਰਮ ਵਰਗੇ ਮਾਮਲੇ ਵੀ ਇਸੇ ਸਮਾਜਿਕ ਸੋਚ ਦੀਆਂ ਮਿਸਾਲਾਂ ਹਨ।

ਇਹ ਵੀ ਇੱਕ ਹਕੀਕਤ ਹੈ ਕਿ ਪਾਕਿ-ਸਤਾਨ ਵਿੱਚ ਬਹੁਤ ਸਾਰੇ ਪੱਤਰਕਾਰ, ਵਕੀਲ, ਮਹਿਲਾ ਅਧਿਕਾਰ ਕਾਰਕੁਨ ਅਤੇ ਸਮਾਜਿਕ ਸੰਸਥਾਵਾਂ ਔਰਤਾਂ ਦੇ ਹੱਕਾਂ ਲਈ ਲਗਾਤਾਰ ਸੰਘਰਸ਼ ਕਰ ਰਹੀਆਂ ਹਨ। ਉਨ੍ਹਾਂ ਦੀਆਂ ਕੋਸ਼ਿਸ਼ਾਂ ਇਹ ਦਰਸਾਉਂਦੀਆਂ ਹਨ ਕਿ ਪਾਕਿਸਤਾਨੀ ਸਮਾਜ ਇਕਸਾਰ ਨਹੀਂ ਹੈ ਅਤੇ ਉੱਥੇ ਸੁਧਾਰ ਦੀ ਮੰਗ ਕਰਨ ਵਾਲੀਆਂ ਮਜ਼ਬੂਤ ਆਵਾਜ਼ਾਂ ਵੀ ਮੌਜੂਦ ਹਨ। ਪਰ ਇਹ ਵੀ ਉਤਨਾ ਹੀ ਸਪੱਸ਼ਟ ਹੈ ਕਿ ਔਰਤਾਂ ਦੀ ਸੁਰੱਖਿਆ, ਨਿਆਂ ਅਤੇ ਜਵਾਬਦੇਹੀ ਨਾਲ ਜੁੜੀਆਂ ਚੁਣੌਤੀਆਂ ਅਜੇ ਵੀ ਬਹੁਤ ਗੰਭੀਰ ਹਨ। ਲਾਹੌਰ ਦਾ ਮੌਜੂਦਾ ਮਾਮਲਾ ਕੇਵਲ ਦੋ ਵਿਦੇਸ਼ੀ ਮਹਿਲਾਵਾਂ ਨਾਲ ਕਥਿਤ ਅਪਰਾਧ ਦਾ ਨਹੀਂ, ਸਗੋਂ ਪਾਕਿਸਤਾਨ ਦੀ ਅੰਤਰਰਾਸ਼ਟਰੀ ਸਾਖ, ਮਨੁੱਖੀ ਅਧਿਕਾਰਾਂ ਪ੍ਰਤੀ ਉਸ ਦੀ ਵਚਨਬੱਧਤਾ ਅਤੇ ਕਾਨੂੰਨ ਦੇ ਰਾਜ ਦੀ ਭਰੋਸੇਯੋਗਤਾ ਦੀ ਕਸੌਟੀ ਬਣ ਚੁੱਕਾ ਹੈ।

ਭਾਵੇਂ ਰਜ਼ਾ ਡਾਰ ਨੂੰ ਸੰਬੰਧਿਤ ਵਿਦੇਸ਼ੀ ਦੂਤਾਵਾਸ ਦੇ ਦਖ਼ਲ ਤੋਂ ਬਾਅਦ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਹੁਣ ਪਾਕਿਸਤਾਨ ਦੀ ਨਿਆਂ ਪ੍ਰਣਾਲੀ ਦੀ ਅਸਲ ਪ੍ਰੀਖਿਆ ਹੈ। ਕੀ ਕਾਨੂੰਨ ਸੱਤਾ ਅਤੇ ਪ੍ਰਭਾਵ ਤੋਂ ਉੱਪਰ ਉੱਠ ਕੇ ਇਨਸਾਫ਼ ਕਰੇਗਾ, ਜਾਂ ਇਹ ਮਾਮਲਾ ਵੀ ਸਿਆਸੀ ਦਬਾਅ ਦੀ ਭੇਟ ਚੜ੍ਹ ਜਾਵੇਗਾ? ਇਸ ਦਾ ਜਵਾਬ ਸਿਰਫ਼ ਪਾਕਿਸਤਾਨ ਨਹੀਂ, ਸਾਰੀ ਦੁਨੀਆ ਉਡੀਕ ਰਹੀ ਹੈ।

# ਗੁਰਪ੍ਰਤਾਪ ਸੂਰਜ ਗ੍ਰੰਥ ਦੇ ਰਚਨਾਕਾਰ-ਮਹਾਂਕਵੀ ਭਾਈ ਸੰਤੋਖ ਸਿੰਘ ਨੂੰ ਯਾਦ ਕਰਦਿਆਂ

**22 ਜੁਲਾਈ ਜਨਮ ਦਿਨ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਸਮੁੱਚੇ ਸੰਸਾਰ ਵਿੱਚ ਸਥਾਪਤ ਗੁਰਦੁਆਰਾ ਸਾਹਿਬਾਨ ਵਿੱਚ ਸਿੱਖ ਇਤਿਹਾਸ ਦੀ ਕਥਾ ਰੋਜ਼ਾਨਾ ਕੀਤੀ ਜਾਂਦੀ ਹੈ । ਇਸ ਕਥਾ ਨੂੰ ਸੈਂਕੜੇ ਸਾਲਾਂ ਤੋਂ ਸਿੱਖ ਸੰਗਤ ਬੜੀ ਸ਼ਰਧਾ ਤੇ ਪ੍ਰੇਮ ਨਾਲ ਸਰਵਣ ਕਰਦੀ ਹੈ । ਇਸ ਗ੍ਰੰਥ ਦੇ ਰਚਨਹਾਰ ਮਹਾਂਕਵੀ ਭਾਈ ਸੰਤੋਖ ਸਿੰਘ ਵੱਲੋਂ ਅਨੇਕਾਂ ਹੋਰ ਗ੍ਰੰਥਾਂ ਵਿੱਚੋਂ ਹਵਾਲਿਆਂ ਸਹਿਤ ਆਪਣੇ ਵਿਚਾਰਾਂ ਨੂੰ ਵਿਸਥਾਰ ਦਿੱਤਾ ਹੈ । ਸਿੱਖ ਸੰਪਰਦਾਈ ਵਿਦਵਾਨ ਅਤੇ ਧਰਮ ਅਧਿਐਨ ਦੇ ਵਿੱਦਿਆਰਥੀ ਮਹਾਂਕਵੀ ਭਾਈ ਸੰਤੋਖ ਸਿੰਘ ਨੂੰ ਸਿੱਖ ਪੰਥ ਦੀ ਮਹਾਨ ਹਸਤੀ ਅਤੇ ਦੂਰਦਰਸ਼ੀ ਵਿਦਵਾਨ ਵਜੋਂ ਸਤਿਕਾਰ ਦਿੰਦੇ ਹਨ । ਇਨ੍ਹਾਂ ਦੇ ਪਿਤਾ ਜੀ ਭਾਈ ਦੇਵਾ ਸਿੰਘ ਨਿਰਮਲ ਸੰਪਰਦਾ ਦੇ ਸੰਤ ਮਹਾਂਪੁਰਸ਼ਾਂ ਦੀ ਸੰਗਤ ਕਰਦੇ ਸਨ । ਨਿਰਮਲੇ ਸੰਤਾਂ ਵਿੱਚ ਭਾਈ ਦੇਵਾ ਸਿੰਘ ਨੂੰ ਆਤਮ-ਰਸੀ ਮਹਾਂਪੁਰਸ਼ ਵਜੋਂ ਮਾਣ ਦਿੱਤਾ ਜਾਂਦਾ ਸੀ । ਭਾਈ ਸੰਤੋਖ ਸਿੰਘ ਦਾ ਜਨਮ ਉਸ ਸਮੇਂ ਦੇ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਨੂਰ ਦੀਨ ਦੀ ਸਰਾਂ (ਮੌਜੂਦਾ ਜ਼ਿਲ੍ਹਾ ਤਰਨਤਾਰਨ) ਵਿਖੇ 22 ਜੁਲਾਈ ਅਰਥਾਤ 7 ਸਾਵਣ ਨੂੰ 1787 ਈ: ਵਿੱਚ ਭਾਈ ਦੇਵਾ ਸਿੰਘ ਤੇ ਮਾਤਾ ਰਾਜ ਦੇਈ ਦੇ ਗ੍ਰਹਿ ਵਿਖੇ ਹੋਇਆ । ਧਾਰਮਿਕ ਸੰਸਕਾਰ ਤੇ ਵਿੱਦਿਆ ਭਾਈ ਸੰਤੋਖ ਸਿੰਘ ਨੂੰ ਵਿਰਾਸਤ ਵਿੱਚੋਂ ਹੀ ਮਿਲ ਗਈ ਸੀ । ਘਰ ਦਾ ਰਹਿਣ-ਸਹਿਣ ਤੇ ਸੰਸਕਾਰੀ ਜੀਵਨ ਵਿੱਚੋਂ ਸਿੱਖ ਇਤਿਹਾਸ ਨੂੰ ਜਾਨਣਾ, ਵਿਚਾਰਨਾਂ ਤੇ ਵਰੇਡਿਆਂ ਦੀ ਸੰਗਤ ਤੇ ਤੀਖਣ ਬੁੱਧੀ ਵਿੱਚ ਕਵਿਤਾ ਵਰਗੀ ਕੋਮਲ ਕਲਾ ਦਾ ਵਿਕਾਸ ਹੋਇਆ । ਪੰਜਾਬ ਵਿੱਚ ਮਿਸਲਾਂ ਦਾ ਬੋਲਬਾਲਾ ਸੀ, ਹਰ ਮਿਸਲ ਦਾ ਸਰਦਾਰ ਆਪਣੀ ਮਿਸਲ ਦੇ ਵਾਧੇ ਲਈ ਜ਼ੋਰ-ਅਜ਼ਮਾਈ ਕਰਦਾ ਸੀ । ਪਿਤਾ ਜੀ ਭਾਈ ਦੇਵਾ ਸਿੰਘ ਦੀ ਨਿਗਰਾਨੀ ਵਿੱਚ ਬਚਪਨ ਤੋਂ ਜਵਾਨੀ ਦਾ ਸਫ਼ਰ ਤਹਿ ਕੀਤਾ ।

ਜਦੋਂ ਭਾਈ ਸਾਹਿਬ ਨੇ ਕਾਵਿ-ਰਚਨਾ ਸ਼ੁਰੂ ਕੀਤੀ ਤਾਂ ਸਭ ਤੋਂ ਪਹਿਲਾਂ ਇਕ ਪੁਰਾਤਨ ਗ੍ਰੰਥ ਅਮਰ ਕੋਸ਼ ਦਾ ਅਨੁਵਾਦ ਨਾਮ ਕੋਸ਼ ਦੇ ਰੂਪ ਵਿੱਚ ਕਰਕੇ ਆਪਣੇ ਗਿਆਨ-ਭੰਡਾਰ ਵਿੱਚ ਵਾਧਾ ਕੀਤਾ । ਇਸ ਤੋਂ ਪਿੱਛੋਂ ਇਕ ਮਹਾਨ ਰਚਨਾ ਜੋ ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਸੀ, ਜੋ ਗੁਰੂ ਨਾਨਕ ਪ੍ਰਕਾਸ਼ ਦੇ ਨਾਂਅ ਨਾਲ ਜਾਣੀ ਜਾਂਦੀ ਹੈ, ਦੀ ਰਚਨਾ ਕੀਤੀ ।

ਲਗਪਗ 36 ਸਾਲ ਦੀ ਆਯੂ ਵਿੱਚ ਮਹਾਂਕਵੀ ਭਾਈ ਸੰਤੋਖ ਸਿੰਘ ਜਗਾਧਰੀ ਨੇੜੇ ਬੂੜੀਆਂ ਰਿਆਸਤ ਵਿਖੇ ਚਲੇ ਗਏ । ਇਸ ਰਿਆਸਤ ਦੇ ਨਿਵਾਸ ਦੌਰਾਨ ਇਨ੍ਹਾਂ ਦੀ ਸ਼ਾਦੀ ਬੀਬੀ ਰਾਮ ਕੌਰ ਨਾਲ ਹੋਈ । ਇਥੇ ਰਹਿੰਦਿਆਂ ਹੀ ਤਿੰਨ-ਚਾਰ ਸਾਲਾਂ ਵਿੱਚ ਹੀ ਇਨ੍ਹਾਂ ਦੀ ਵਿਦਵਤਾ ਦੀ ਚਰਚਾ ਸਮੁੱਚੀਆਂ ਸੰਪਰਦਾਵਾਂ ਤੇ ਸਿੱਖ ਜਗਤ ਵਿੱਚ ਹੋਣ ਲੱਗੀ। ਇਨ੍ਹਾਂ ਦੇ ਪ੍ਰਮੁੱਖ ਵਿਦਵਾਨ ਕਵੀ ਵਜੋਂ ਮਾਣ-ਵਡਿਆਈ ਦਾ ਇਹ ਸਿਖਰ ਸੀ। ਪੰਜਾਬ ਵਿੱਚ ਸ਼ੇਰ-ਏ-ਪੰਜਾਬ ਮਹਾਰ-ਾਜਾ ਰਣਜੀਤ ਸਿੰਘ ਜੀ ਦੀ ਖ਼ਾਲਸਾ ਸਰਕਾਰ ਹਕੂਮਤ ਕਰ ਰਹੀ ਸੀ । 1827 ਈ: ਵਿੱਚ ਕੈਥਲ ਰਿਆਸਤ ਨੇ ਭਾਈ ਸੰਤੋਖ ਸਿੰਘ ਮਹਾਂਕਵੀ ਨੂੰ ਆਪਣੇ ਰਾਜ ਦਾ ਰਾਜ ਕਵੀ ਬਣਾ ਲਿਆ । ਇਸੇ ਕਾਲ ਦੇ ਦੌਰਾਨ ਆਪ



ਭਾਈ ਸੰਤੋਖ ਸਿੰਘ

ਨੇ ਸਭ ਤੋਂ ਪਹਿਲਾਂ ਗਰਬ ਗੰਜਨੀ ਟੀਕਾ ਅਤੇ ਫਿਰ ਬਾਲਮੀਕੀ ਰਮਾਇਣ ਭਾਸ਼ਾ ਅਤੇ ਆਤਮ ਪੁਰਾਣ ਦੀ ਰਚਨਾ ਕੀਤੀ ।

ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਚਨਾ ਕਰਨ ਲਈ ਸੱਤ ਸਾਲ ਦਾ ਸਮਾਂ ਲੱਗਾ । ਇਹ ਮਹਾਨ ਗ੍ਰੰਥ 1843 ਈ: ਵਿੱਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ 4 ਸਾਲ ਬਾਅਦ ਮੁਕੰਮਲ ਹੋਇਆ। ਮਹਾਂਕਵੀ ਭਾਈ ਸੰਤੋਖ ਸਿੰਘ ਨੇ ਭਾਰਤੀ ਦਰਸ਼ਨ ਸ਼ਾਸਤਰ, ਕਾਵਿ-ਸ਼ਾਸਤਰ ਤੇ ਧਰਮ ਸਾਧਨਾ ਦਾ ਅਧਿਐਨ ਇਕ ਨਿਸ਼ਠਾਵਾਨ ਵਿਦਵਾਨ ਵਜੋਂ ਕੀਤਾ । ਜਦੋਂ ਅਜੋਕੇ ਸਮੇਂ ਵਿੱਚ ਅਸੀਂ ਭਾਰਤੀ ਪੁਰਾਤਨ ਧਾਰਮਿਕ ਵਿੱਦਿਆ ਦੀ ਕੋਈ ਉਦਾਹਰਣ ਦਿੰਦੇ ਹਾਂ ਤਾਂ ਸਭ ਤੋਂ ਪਹਿਲਾਂ ਮਹਾਂਕਵੀ ਭਾਈ ਸੰਤੋਖ ਸਿੰਘ ਦਾ ਜ਼ਿਕਰ ਮਿਲਦਾ ਹੈ, ਜਿਸ ਨੇ ਭਾਰਤੀ ਸੰਸਕ੍ਰਿਤੀ ਅਤੇ ਧਰਮ-ਅਧਿਐਨ ਵਿੱਚ ਨਿਪੁੰਨਤਾ ਹਾਸਲ ਕੀਤੀ । ਇਸ ਤੋਂ ਇਲਾਵਾ ਸ਼ਸਤਰ ਅਤੇ ਯੁੱਧ ਕਲਾ ਦੀ ਵਿੱਦਿਆ ਵਿੱਚ ਵੀ ਭਾਈ ਸਾਹਿਬ ਨੂੰ ਸਤਿਕਾਰ ਵਜੋਂ ਯਾਦ ਕੀਤਾ ਜਾਂਦਾ ਹੈ । ਬਹੁ-ਭਾਸ਼ਾਵਾਂ ਦੇ ਗਿਆਤਾ ਵਜੋਂ ਅਜੋਕੇ ਵਿਦਵਾਨ ਆਪ ਜੀ ਨੂੰ ਕਦਰਦਾਨ ਵਾਲੀ ਨਜ਼ਰ ਨਾਲ ਵੇਖਦੇ ਹਨ । ਕਵਿਤਾ ਵਰਗੀ ਕੋਮਲ ਕਲਾ ਦਾ ਆਵੇਸ਼ ਮਹਾਂਕਵੀ ਭਾਈ ਸੰਤੋਖ ਸਿੰਘ ਨੂੰ ਆਪ-ਮੁਹਾਰੇ ਰੱਬੀ ਬਖ਼ਸ਼ਿਸ਼ ਨਾਲ ਹੁੰਦਾ ਸੀ । ਇੰਨੇ ਵੱਡੇ ਵਿਦਵਾਨ ਤੇ ਗਿਆਨਵਾਨ ਹੋਣ ਦੇ ਨਾਤੇ ਅਹੰਕਾਰ ਵਰਗਾ ਵੱਡਾ ਔਗੁਣ ਆਪ ਤੋਂ ਕੋਹਾਂ ਦੂਰ ਰਹਿੰਦਾ ਸੀ। ਆਪ ਨਿਮਰਤਾ, ਕੋਮਲਤਾ, ਨਿਰਮਾਣ-ਤਾ ਅਤੇ ਉਦਾਰ ਚਿੱਤ ਸੁਭਾਅ ਦੇ ਮਾਲਕ, ਪੂਰਨ ਗੁਰਮੁੱਖ ਸਨ । ਤਿਆਗ ਤੇ ਵੈਰਾਗ ਆਪ ਦੇ ਜੀਵਨ ਦੇ ਵੱਡੇ ਗੁਣ ਸਨ ।

ਗੁਰਪ੍ਰਤਾਪ ਸੂਰਜ ਗ੍ਰੰਥ ਦੀ ਮਹਾਨ ਰਚਨਾ ਤੋਂ ਪਿੱਛੋਂ ਆਪ ਤਿੰਨ ਕੁ ਮਹੀਨੇ ਹੀ ਸਰੀਰ ਕਰਕੇ ਇਸ ਨਾਸ਼ਵਾਨ ਸੰਸਾਰ ਵਿੱਚ ਰਹੇ । 56-57 ਸਾਲ ਦੀ ਅਰਜਾ ਭੋਗ ਕੇ ਆਪ ਆਪਣੇ ਲੱਖਾਂ ਸਨੇਹੀਆਂ ਨੂੰ ਅਛੋਪਲੇ ਜਿਹੇ ਅਲਵਿਦਾ ਆਖ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ । ਸਮੁੱਚੇ ਸਿੱਖ ਜਗਤ ਵਿੱਚ ਆਪ ਜੀ ਦੀ ਯਾਦ ਸਦੀਵੀ ਬਣੀ ਰਹੇਗੀ ।

## ਸਿੱਖ ਸ਼ਰਧਾਲੂਆਂ ਲਈ ਵੱਡੀ ਖ਼ੁਸ਼ਖ਼ਬਰੀ: ਕੇਂਦਰੀ ਰੇਲ ਮੰਤਰੀ ਵੱਲੋਂ ਨਵੀਆਂ ਨਾਂਦੇੜ ਐਕਸਪ੍ਰੈਸ ਰੇਲ ਗੱਡੀਆਂ ਨੂੰ ਹਰੀ ਝੰਡੀ

ਉੜੀਸਾ: ਸਿੱਖ ਸ਼ਰਧਾਲੂਆਂ ਅਤੇ ਆਮ ਮੁਸਾਫ਼ਰਾਂ ਦੇ ਸਫ਼ਰ ਨੂੰ ਸੁਖਾਲਾ ਬਣਾਉਣ ਲਈ ਕੇਂਦਰ ਸਰਕਾਰ ਵੱਲੋਂ ਇੱਕ ਅਹਿਮ ਉਪਰਾਲਾ ਕੀਤਾ ਗਿਆ ਹੈ। ਸੋਮਵਾਰ ਨੂੰ ਕੇਂਦਰੀ ਰੇਲ ਮੰਤਰੀ ਅਸ਼ਵਿਨੀ ਵੈਸ਼ਨਵ ਨੇ ਉੜੀਸਾ ਦੇ ਭੁਵਨੇਸ਼ਵਰ ਸਥਿਤ ਰੇਲ ਸਦਨ ਤੋਂ ਵੀਡੀਓ ਕਾਨਫਰੰਸਿੰਗ ਰਾਹੀਂ ਨਾਂਦੇੜ-ਮੁੰਬਈ ਅਤੇ ਟਨਕਪੁਰ-ਨਾਂਦੇੜ ਐਕਸਪ੍ਰੈਸ ਰੇਲ ਗੱਡੀਆਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਟਨਕਪੁਰ-ਪੀਲੀਭੀਤ ਰੇਲ ਸੇਵਾ ਦਾ ਸ਼ਾਹਜਹਾਂਪੁਰ ਤੱਕ ਕੀਤੇ ਗਏ ਵਿਸਥਾਰ ਦਾ ਵੀ ਰਸਮੀ ਉਦਘਾਟਨ ਕੀਤਾ।

ਵੀਡੀਓ ਕਾਨਫਰੰਸ ਰਾਹੀਂ ਸਮਾਗਮ ਨੂੰ ਸੰਬੋਧਨ ਕਰਦਿਆਂ ਰੇਲ ਮੰਤਰੀ ਨੇ ਦੱਸਿਆ ਕਿ ਇਨ੍ਹਾਂ ਨਵੀਆਂ ਰੇਲ ਸੇਵਾਵਾਂ ਦੇ ਸ਼ੁਰੂ ਹੋਣ ਨਾਲ ਰੇਲ ਕਨੈਕਟੀਵਿਟੀ ਵਿੱਚ ਵੱਡਾ ਸੁਧਾਰ ਦੇਖਣ ਨੂੰ ਮਿਲੇਗਾ।

◎ ਨਵੀਆਂ ਰੇਲ ਸੇਵਾਵਾਂ ਦੇ ਮੁੱਖ ਵੇਰਵੇ ਅਤੇ ਫਾਇਦੇ:

ਸਿੱਖ ਭਾਈਚਾਰੇ ਨੂੰ ਵੱਡੀ ਸਹੂਲਤ: ਟਨਕਪੁਰ ਤੋਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਤੱਕ ਟ੍ਰੇਨ ਚਲਾਉਣ ਦੀ ਮੰਗ ਕਾਫ਼ੀ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਸੀ। ਇਸ ਨਵੀਂ ਸੇਵਾ ਨਾਲ ਖ਼ਾਸ ਕਰਕੇ ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਦੇ ਤਰਾਈ ਖੇਤਰਾਂ ਵਿੱਚ ਰਹਿਣ ਵਾਲੇ ਸਿੱਖ ਪਰਿਵਾਰਾਂ ਨੂੰ ਯਾਤਰਾ ਕਰਨ ਵਿੱਚ ਵੱਡੀ ਮਦਦ ਮਿਲੇਗੀ।

ਪੰਜ ਤਖ਼ਤਾਂ ਨਾਲ ਜੁੜਨ ਦੀ ਇੱਛਾ ਹੋਵੇਗੀ ਪੂਰੀ: ਰੇਲ ਮੰਤਰੀ ਮੁਤਾਬਕ, ਹਰ ਇੱਕ ਸ਼ਰਧਾਲੂ ਦੀ ਖ਼ਾਹਿਸ਼ 'ਪੰਜ ਤਖ਼ਤਾਂ' ਨਾਲ ਜੁੜੇ ਰਹਿਣ ਦੀ ਹੁੰਦੀ ਹੈ ਅਤੇ ਇਹ ਨਵਾਂ ਰੇਲ ਸੰਪਰਕ ਸ਼ਰਧਾਲੂਆਂ ਦੀ ਇਸੇ ਭਾਵਨਾ ਨੂੰ ਪੂਰਾ ਕਰੇਗਾ।

ਨਵੇਂ ਸਟਾਪੇਜਾਂ ਦੀ ਮੰਗ 'ਤੇ ਵਿਚਾਰ: ਜਨਤਾ ਵੱਲੋਂ ਖਟੀਮਾ ਅਤੇ ਬਨਬਾਸਾ ਵਿਖੇ ਇਸ ਰੇਲ ਗੱਡੀ ਦੇ ਠਹਿਰਾਅ (ਸਟਾਪੇਜ) ਦੇਣ ਦੀ ਮੰਗ ਕੀਤੀ ਜਾ ਰਹੀ ਹੈ। ਰੇਲਵੇ ਪ੍ਰਸ਼ਾਸਨ ਵੱਲੋਂ ਇਸ ਮੰਗ ਦੀ ਬਾਰੀਕੀ ਨਾਲ ਜਾਂਚ ਕੀਤੀ ਜਾਵੇਗੀ ਅਤੇ ਜੇਕਰ ਸਭ ਕੁਝ ਸੰਭਵ ਰਿਹਾ, ਤਾਂ ਆਉਣ ਵਾਲੇ ਕੁਝ ਹੀ ਦਿਨਾਂ ਵਿੱਚ ਇਨ੍ਹਾਂ ਸਟੇਸ਼ਨਾਂ 'ਤੇ ਵੀ ਸਟਾਪੇਜ ਦੀ ਸਹੂਲਤ ਸ਼ੁਰੂ ਕਰ ਦਿੱਤੀ ਜਾਵੇਗੀ।

**ਗੁਰੂ ਨਾਨਕ ਗੁਰਦੁਆਰਾ ਸਾਊਥ ਬ੍ਰਮਿੰਘਮ ਵਿਖੇ**

**ਗ੍ਰੰਥੀ ਸਿੰਘ ਦੀ ਲੋੜ ਹੈ**

*ਉਮੀਦਵਾਰ ਟੀਅਰ-5 ਦੇ ਮੁਤਾਬਕ ਹੇਠ ਲਿਖੀਆਂ ਸੇਵਾਵਾਂ ਨਿਭਾ ਸਕਦਾ ਹੋਵੇ ਜੀ :-*
ਗੁਰਬਾਣੀ ਪੜਨੀ, ਕੀਰਤਨ ਕਰਨਾ, ਅਰਦਾਸ, ਰੋਜ਼ਾਨਾ ਅਤੇ ਹਫ਼ਤਾਵਾਰੀ ਦੀਵਾਨ, ਵਿਆਹ ਅਤੇ ਕੁੜਮਾਈ, ਅੰਤਿਮ ਸੰਸਕਾਰ ਅਤੇ ਹੋਰ ਧਾਰਮਿਕ ਸੇਵਾਵਾਂ ਆਦਿ । ਤਜ਼ਰਬੇਕਾਰ ਅਤੇ ਯੋਗ ਵਿਅਕਤੀਆਂ ਨੂੰ ਪਹਿਲ ਦਿੱਤੀ ਜਾਵੇਗੀ ।ਇਹ ਯੋਗਤਾ ਰੱਖਣ ਵਾਲੇ ਨੂੰ 37 ਘੰਟੇ/ਹਫਤਾ ਕੰਮ, ਯੂ ਕੇ ਦੇ ਘੱਟੋ-ਘੱਟ ਵੇਜ ਕਾਨੂੰਨ ਮੁਤਾਬਕ ਤਨਖਾਹ ਦਿੱਤੀ ਜਾਵੇਗੀ। ਤੁਹਾਡੇ ਕੋਲ ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਇਜ਼ਾਜ਼ਤ ਹੋਣੀ ਜ਼ਰੂਰੀ ਹੈ। ਰਿਹਾਇਸ਼ ਦਾ ਪ੍ਰਬੰਧ ਹੈ ।
**ਉਮੀਦਵਾਰ ਹੋਰ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਵੀ ਕਰ ਸਕਦਾ ਹੈ।**
**ਅਰਜ਼ੀ ਭੇਜਣ ਦੀ ਆਖਰੀ ਤਰੀਕ 17 ਜੁਲਾਈ 2026**

**VACANCY - at Guru Nanak Gurdwara South Birmingham.**

We need Granthi Singh (Tier 5) to do the following duties. Reading from Guru Granth Sahib Ji, singing Hymns, saying prayers, conducting daily and weekly Diwans, marriages & engagements, funeral and other religious ceremonies. Preference will be given to qualified and experienced person. The post is for 37 hours per week and earnings will be in accordance with UK minimum wage law. You should have no limit for working in UK. Full boarding and lodging facilities are available.

***Please apply or contact management committee.***

**Closing date: 17th July 2026**

**Contact: President Kulwinder Singh: 07817 721091**
**Head Granthi Kirpal Singh : 07480 175308**

**GURU NANAK GURDWARA SOUTH BIRMINGHAM**
*629-631 STRATFORD ROAD, SPARKHILL, BIRMINGHAM, B11 4LS*

– ਲੇਖਕ –
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



# ਗੁਰੁ ਬੈਠਾ ਅਮਰੁ ਸਰੂਪ ਹੋਇ





## ਕਿਸ਼ਤ–45

ਸੁਨਤ ਜਪਤ ਹਰਿਨਾਮੁ
ਜਸੁ-ਫਿਰਿਆ ਕਟਾਰਾ

ਗੋਇੰਦਵਾਲ ਸਾਹਿਬ ਵਿਖੇ ਮੀਰਪੁਰ ਕਸ਼ਮੀਰ ਨਿਵਾਸੀ, ਖੱਤ੍ਰੀ-ਪੁੱਤ ਫਿਰਿਆ ਅਤੇ ਕਟਾਰਾ ਕੁਝ ਸਮੇਂ ਤੋਂ ਇਥੇ ਟਿਕੇ ਹੋਏ ਬੜੀ ਭਾਵਨਾ ਨਾਲ ਸੇਵਾ ਕਰ ਰਹੇ ਸਨ। ਲਗਾਤਾਰ ਉਨ੍ਹਾਂ ਦੀ ਨਿਸ਼ਠਾ ਵੇਖ ਇਕ ਦਿਨ ਗੁਰੂ ਪਾਤਸ਼ਾਹ ਜੀ ਨੇ ਉਨ੍ਹਾਂ ਨੂੰ ਪੁੱਛਿਆ,

'ਫਿਰਿਆ! ਤੁਹਾਡੇ ਦੇਸ ਵਿਚ ਲੋਕਾਂ ਦਾ ਕੀ ਵਰਤਾਰਾ ਹੈ'? ਫਿਰਿਆ ਕਿਹਾ,

'ਪਾਤਸ਼ਾਹ ਜੀ! ਸਾਡੇ ਪਾਸੇ ਜੋਗੀਆਂ ਦਾ ਜ਼ੋਰ ਹੈ ਜਿਵੇਂ ਉਹ ਦੱਸਦੇ ਨੇ, ਓਵੇਂ ਲੋਕ ਚਲਦੇ ਹਨ'।

'ਲੋਕ ਕਿਵੇਂ ਚਲਦੇ ਹਨ'? ਹਜ਼ੂਰ ਨੇ ਦੁਹਰਾਇਆ ਤਾਂ ਭਾਈ ਜੀ ਕਿਹਾ,

'ਲੋਕ ਇਨ੍ਹਾਂ ਦੇ ਭੈ ਵਿਚ ਜੰਤਾਂ-ਮੰਤ੍ਰਾਂ ਵਿਚ ਭਰੋਸਾ ਰੱਖਦੇ ਹਨ, ਹੋਰ ਨਾ ਦੇਵੀ-ਦੇਵਤਿਆਂ ਨੂੰ ਮੰਨਦੇ ਹਨ ਨਾ ਤੀਰਥ ਪੂਜਾ ਨੂੰ। ਉਨ੍ਹਾਂ ਵਾਸਤੇ ਗੋਰਖ ਨਾਥ ਹੀ ਸਾਰਾ ਕੁਝ ਹੈ ਜੋ ਇਨ੍ਹਾਂ ਜੋਗੀਆਂ ਦਾ ਵਡੇਰਾ ਹੋ ਗੁਜ਼ਰਿਆ ਹੈ। ਇਹ ਘਰ-ਬਾਰ ਛੱਡ ਕੇ ਗੁਫ਼ਾਵਾਂ ਵਿਚ ਜਾਂ ਆਪਣੇ ਮੱਠਾਂ ਵਿਚ ਰਹਿੰਦੇ ਹਨ ਜੋ ਪਹਾੜਾਂ ਵਿਚ ਥਾਂ-ਥਾਂ 'ਤੇ ਇਨ੍ਹਾਂ ਬਣਾਏ ਹੋਏ ਹਨ ਅਤੇ ਜੋਗ-ਸਾਧਨਾ ਕਰ ਰਹੇ ਇਹ ਜੋਗ-ਮੱਤ ਦਾ ਪ੍ਰਚਾਰ ਕਰਦੇ ਹਨ। ਲੋਕਾਂ ਅੰਦਰ ਇਨ੍ਹਾਂ ਦਾ ਬੜਾ ਭੈ ਬਣਿਆ ਹੋਇਆ ਹੈ'।

ਸੁਣ ਕੇ ਗੁਰੂ ਪਾਤਸ਼ਾਹ ਫ਼ੁਰਮਾਇਆ, 'ਫਿਰਿਆ! ਤੁਹਾਡੀ ਸੇਵਾ ਪੂਰੀ ਹੋਈ। ਭਾਈ! ਅਸੀਂ ਚਾਹੁੰਦੇ ਹਾਂ ਕਿ ਹੁਣ ਤੁਸੀਂ ਆਪਣੇ ਇਲਾਕੇ ਵਿਚ ਜਾ ਕੇ ਨਾਮ-ਬਾਣੀ ਦਾ ਪ੍ਰਚਾਰ ਕਰੋ, ਲੋਕਾਂ ਨੂੰ ਸਿੱਧੇ ਰਾਹ ਪਾਉ ਅਰ ਜੋਗੀਆਂ ਦੇ ਭੈ ਤੋਂ ਮੁਕਤ ਕਰੋ'। ਫਿਰਿਆ ਕਹਿਣ ਲੱਗੇ,

'ਪਾਤਸ਼ਾਹ ਜੀ! ਸਾਡੇ ਵਿਚ ਅਜਿਹਾ ਕਰਨ ਦੀ ਕੋਈ ਸਮਰੱਥਾ ਨਹੀਂ। ਜੋਗੀ ਜੰਤ੍ਰਾਂ-ਮੰਤ੍ਰਾਂ ਅਤੇ ਸਿੱਧੀਆਂ ਦੀ ਵਰਤੋਂ ਦੇ ਪ੍ਰਭਾਉ ਨਾਲ ਆਪਣੇ ਚੇਲਿਆਂ ਰਾਹੀਂ ਸਾਨੂੰ ਓਥੋਂ ਭਜਾ ਦੇਣਗੇ। ਆਪ ਜੀ ਦੇ ਦਰ 'ਤੇ ਆਉਣ ਤੋਂ ਪਹਿਲਾਂ ਅਸੀਂ ਵੀ ਉਨ੍ਹਾਂ ਕੋਲ ਜਾਇਆ ਕਰਦੇ ਸਾਂ, ਉਨ੍ਹਾਂ ਦੀ ਮੰਨਦੇ ਵੀ ਸਾਂ। ਓਹ ਬਾਹਰਲਿਆਂ ਦਾ ਕੀਹ ਹਾਲ ਕਰਦੇ ਹਨ, ਮੈਂ ਅੱਖੀਂ ਵੇਖਦਾ ਰਿਹਾ ਹਾਂ। ਹੁਣ ਆਪ ਜੀ ਜਿਵੇਂ ਹੁਕਮ ਕਰੋਗੇ ਅਸੀਂ ਚਲਾਂਗੇ,' ਕਹਿੰਦਿਆਂ ਭਾਈ ਜੀ ਨੇ ਸਿਰ ਨਿਵਾਇਆ। ਹਜ਼ੂਰ ਨੇ ਫ਼ੁਰਮਾਇਆ,

'ਭਾਈ ਜੀ! ਨਾਮ-ਬਾਣੀ ਤੋਂ ਉੱਪਰ ਕੋਈ ਮੰਤ੍ਰ ਨਹੀਂ ਹੈ, ਸਰਬ ਸ਼ਕਤੀਮਾਨ ਕਰਤਾਰ ਨਾਲ ਜੁੜਨ ਦਾ ਹੋਰ ਕੋਈ ਉੱਤਮ ਅਰ ਸੁਖੈਨ ਸਾਧਨ ਨਹੀਂ ਹੈ। ਲੋਕ ਜਿਵੇਂ ਜਿਵੇਂ ਨਾਮ-ਬਾਣੀ ਦਾ ਪ੍ਰਤਾਪ ਵੇਖਣਗੇ, ਤੁਹਾਡੇ ਨਾਲ ਜੁੜਨਗੇ। ਤੁਹਾਡੀ ਰੱਖਿਆ ਕਰਤਾਰ ਖ਼ੁਦ ਕਰੇਗਾ, ਐਸਾ ਕੋਈ ਨਹੀਂ ਜੋ ਤੁਹਾਡਾ ਨੁਕਸਾਨ ਕਰ ਸਕੇ, ਜੋਗੀ ਆਪਣੇ ਮੱਠ ਛੱਡ ਕੇ ਭੱਜ ਜਾਣਗੇ। ਤੁਸੀਂ ਜਾਉ ਅਰ ਜੋਗੀਆਂ ਦੇ ਮੱਠਾਂ 'ਤੇ ਪਹੁੰਚ ਕੇ ਗੁਰਮਤ ਦਾ ਪ੍ਰਚਾਰ ਕਰੋ ਅਤੇ ਗੁਰੂ ਕਾ ਲੰਗਰ ਚਲਾਉ'।

ਹੋਇ ਪ੍ਰਸੰਨ ਤਿਨ ਸੰਗਿ ਉਚਾਰਾ।
'ਅਬਿ ਤੇ ਫੁਰਹਿ ਸੁ ਬਾਕ ਤੁਮਾਰਾ।49॥..
ਜੋਗੀ ਤੁਮ ਕੋ ਦੇਖ ਨ ਸਕੈਂ।
ਭ੍ਰਮ ਚਿਤ ਹੋਇ ਭਾਗਬੋ ਤਕੈਂ।
ਧਰਮਸਾਲ ਸਭ ਗ੍ਰਾਮ ਕਰਾਵਹੁ।
ਭਜਨ ਕੀਰਤਨ ਕਰਿ ਸੁਖ ਪਾਵਹੁ।51॥
ਨਾਮ ਦਾਨ ਇਸ਼ਨਾਨ ਦ੍ਰਿੜਾਇ।
ਪਾਵਨ ਦੇਸ਼ ਕਰਹੁ ਸਭ ਜਾਇ'।..

ਹਜ਼ੂਰ ਦੇ ਬਚਨਾਂ ਸਨਮੁਖ ਭਾਈ ਫਿਰਿਆ ਜੀ ਨੇ 'ਸਤਿ ਬਚਨ ਜੀ' ਕਹਿੰਦਿਆਂ ਸੀਸ ਨਿਵਾਇਆ। ਹਜ਼ੂਰ ਨੇ ਸੀਸ 'ਤੇ ਹੱਥ ਰੱਖ ਕੇ ਫਿਰਿਆ ਅਤੇ ਕਟਾਰਾ ਜੀ ਨੂੰ ਭਰਪੂਰ ਕਰ ਦਿੱਤਾ। ਆਗਿਆ ਲੈ ਕੇ ਆਪ ਜੀ ਆਪਣੇ ਇਲਾਕੇ ਵਿਚ ਮੀਰਪੁਰ ਕਸ਼ਮੀਰ ਜਾ ਪਹੁੰਚੇ।

ਸਾਡੇ ਸਾਖੀਕਾਰ ਦੱਸਦੇ ਹਨ ਕਿ ਆਪ ਜੀ ਦੇ ਪ੍ਰਚਾਰ ਦੇ ਪ੍ਰਭਾਉ ਨਾਲ ਬਹੁਤ ਲੋਕ ਨਾਲ ਜੁੜੇ, ਜੋਗੀ ਆਪਣੇ ਮੱਠ-ਮੜ੍ਹੀਆਂ ਛੱਡ ਗਏ ਓਥੇ ਸੰਗਤਾਂ ਜੁੜ ਕੇ ਸਤਸੰਗ ਮਾਣਣ ਲੱਗੀਆਂ। ਗੁਰੂ-ਹੁਕਮ ਅਨੁਸਾਰ ਭਾਈ ਫਿਰਿਆ ਜੀ ਨੇ ਥਾਂ-ਥਾਂ ਗੁਰੂ ਕੇ ਲੰਗਰ ਚਾਲੂ ਕਰ ਦਿੱਤੇ।

ਤਹ ਤਹ ਧਰਮਸਾਲ ਬਨਵਾਇ।
ਨਾਮ ਦਾਨ ਇਸ਼ਨਾਨ ਦ੍ਰਿੜਾਇ।
ਜੰਤ੍ਰ ਮੰਤ੍ਰ ਤਹਿੰ ਤੇ ਕਰ ਦੂਰ।
ਦੇਸ਼ ਬਿਦਤਿ ਸਿੱਖੀ ਸੁਖ ਪੂਰ।63॥...
ਭਾਤਿ ਅਨੇਕਨ ਅਰਪ
ਉਪਾਇਨ ਸਤਿਸੰਗਤਿ ਦੇ ਭੋਜਨ ਆਇਨ।
ਸਗਰੋ ਦੇਸ਼ ਨਿਹਾਲ ਬਿਸਾਲੇ।
ਗੁਰ ਸਿੱਖੀ ਕੈ ਮਾਰਗ ਚਾਲੇ।65॥62॥
ਰਾਸ 1

ਸਮੇਂ ਨਾਲ ਆਪ ਜੀ ਫਿਰ ਵੀ ਸੰਗਤ ਨੂੰ ਨਾਲ ਲੈ ਕੇ ਗੋਇੰਦਵਾਲ ਸਾਹਿਬ ਆਉਂਦੇ ਰਹੇ। ਗੁਰਦੁਆਰਾ ਹਵੇਲੀ ਸਾਹਿਬ ਗੋਇੰਦਵਾਲ ਅਨੁਸਾਰ ਫਿਰਿਆ ਅਤੇ ਕਟਾਰਾ ਦੋ ਗੁਰਸਿਖ ਹੋਏ ਅਰ ਦੋਹਾਂ ਨੂੰ ਮੰਜੀਆਂ ਦੇ ਕੇ ਸਤਿਗੁਰਾਂ ਨੇ ਪ੍ਰਚਾਰਕ ਥਾਪਿਆ।

ਪੰਚਮ ਪਾਤਸ਼ਾਹ ਹਜ਼ੂਰ ਸਾਨੂੰ ਦ੍ਰਿੜ ਕਰਾਉਂਦੇ ਹਨ:

ਹਰਿ ਹਰਿ ਹਰਿ ਹਰਿ ਜਾਪੀਐ
ਅੰਤਰਿ ਲਿਵ ਲਾਈ॥
ਕਿਲਵਿਖ ਉਤਰਹਿ ਸੁਧੁ ਹੋਇ
ਸਾਧੂ ਸਰਣਾਈ।3॥
ਸੁਣਤ ਜਪਤ ਹਰਿ ਨਾਮੁ ਜਸੁ
ਤਾ ਕੀ ਦੂਰਿ ਬਲਾਈ॥
ਮਹਾ ਮੰਤ੍ਰੁ ਨਾਨਕ ਕਥੈ
ਹਰਿ ਕੇ ਗੁਣ ਗਾਈ।4॥23॥53॥
ਗੁ.ਗ੍ਰ.ਸਾ. ਪੰਨਾ 814

### ਹੋਰ ਇਤਿਹਾਸਕ ਹਵਾਲੇ:

ਤਬ ਜੋਗੀ ਕੇ ਸਿਖਉ ਨੇ ਮਾਰਨ ਕੋ ਆਵੈ। ਜਬ ਨਜੀਕ ਆਵੈ ਤਾ ਡਰ ਮੰਨੇਹ ਕੀ ਇਨੋ ਨੇ ਤੋ ਹਮਾਰੇ ਗੁਰੂ ਕੀ ਮੜੀ ਢਾਹ ਡਾਲੀ ਹੈ ਇਨ ਕੋ ਕੁਛ ਭੈ ਨਹੀ ਆਵਦੀ। ਏਹ ਕੋਈ ਬਡੇ ਮਹਾਪੁਰਖ ਹੈ।

ਜੋਗੀ ਸਿਖ ਸਭ ਆਨ ਕਰ
ਚਰਨ ਪਕੜਨ ਅਰ
ਸਿਖ ਹੋਦੇ ਜਾਹਿ।49॥ ਮ.ਪ੍ਰ. ਵਾਰਤਕ
ਸਤਿਗੁਰ ਦਇਆਲ ਬਖਸ ਤਿਹ ਕੀਨਾ।
ਰਿਧਿ ਸਿਧਿ ਸਮਾਜ ਸੰਗ ਦੀਨਾ।
ਕਰ ਬਖਸ ਦਾਨ ਬਿਦਾ ਤਿਨ ਕੀਨਾ।
ਤਿਨ ਚਰਨ ਹਿਰਦੇ ਧਰ ਮਾਰਗ ਲੀਨਾ।12॥
ਗੁਰ ਆਗਿਆ ਲੇ ਪਹੁਚੇ ਨਿਜ ਦੇਸ।
ਜੋਗੀ ਕੇ ਮਠ ਕੀਆ ਪ੍ਰਵੇਸ।
ਤਿਹ ਦਰਸ ਦੇਖ ਜੋਗੀ ਉਠ ਭਾਗੇ।
ਜਿਉ ਮ੍ਰਿਗ ਭਾਗੇ ਦਾੜਾ ਲਾਗੇ।13॥..
ਦੋਹਰਾ॥ ਕੀਰਤਨ ਭਜਨ ਕਰਨੇ ਲਗੇ
ਫਿਰਾ ਕਟਾਰਾ ਆਪ।
ਸੁਨਤ ਮਗਨ ਸਗਲੇ ਭਏ ਮਿਟ ਗਏ
ਸੋਗ ਸੰਤਾਪ।15॥ ਮ.ਪ੍ਰ.

### ਮਾਣਕ ਚੰਦ ਜੀਵੜਾ

ਭਾਈ ਪਾਰੋ ਅਰ ਸ੍ਰੀ (ਗੁਰੂ) ਰਾਮਦਾਸ ਜੀ ਨੇ ਗੁਰੂ ਸਾਹਿਬ ਨੂੰ ਇਤਲਾਹ ਦਿੱਤੀ ਕਿ ਬਾਉਲੀ ਦੀ ਖ਼ੁਦਾਈ ਕਰਦਿਆਂ ਹੇਠਲੇ ਤਲ 'ਤੇ ਸਖ਼ਤ ਕੰਕਰੀਲੀ ਮਿੱਟੀ ਜਾਂ ਪੱਥਰ ਆ ਗਿਆ ਹੈ ਜੋ ਅਜੇ ਤੱਕ ਟੁੱਟਾ ਨਹੀਂ, ਆਪ ਹੁਕਮ ਕਰੋ ਹੁਣ ਕੀਹ ਕਰੀਏ? ਸੁਣ ਕੇ ਗੁਰੂ ਪਾਤਸ਼ਾਹ ਜੀ ਨੇ ਕੋਲ ਬੈਠੇ ਤਕੜੇ ਜੁੱਸੇ ਵਾਲੇ ਇਕ ਖੱਤ੍ਰੀ ਪੁੱਤ੍ਰ ਮਾਣਕ ਚੰਦ ਨੂੰ ਆਖਿਆ,

'ਮਾਣਕ ਚੰਦ! ਉੱਠੋ ਪੁੱਤਰ, ਤੁਸੀਂ ਇਹ ਸੇਵਾ ਕਰੋ। ਤਕੜਾ ਵਦਾਣ ਲੈ ਜਾਉ ਅਰ ਉਸ ਕੜ 'ਤੇ ਸੱਟਾਂ ਮਾਰੋ, ਗੁਰੂ-ਬਾਬਾ ਜੀ ਦੀ ਕਿਰਪਾ ਸਦਕਾ ਜਲਦੀ ਹੀ ਟੁੱਟ ਜਾਵੇਗਾ। ਸੰਭਵ ਹੈ ਕਿ ਖ਼ੁਦਾਈ ਜਲ ਤਕ ਪਹੁੰਚ ਗਈ ਹੋਵੇ ਤੇ ਕੜ ਪਾਟਣ ਨਾਲ ਜਲ ਚੜ੍ਹ ਆਵੇ, ਸਾਵਧਾਨ ਰਹਿਣਾ'।

ਮਾਣਕ ਚੰਦ ਗੁਰੂ ਕਾ ਹੁਕਮ ਸੁਣਦਿਆਂ ਉਸੇ ਵੇਲੇ ਉੱਠ ਖੜੋਤਾ ਅਰ ਲੋਹੇ ਦਾ ਵੱਡਾ ਵਦਾਣ, ਲੈ ਕੇ ਬਾਉਲੀ ਵਿਚ ਹੇਠਾਂ ਉੱਤਰ ਗਿਆ। ਭਾਈ ਪਾਰੋ ਆਦਿ ਬਾਕੀ ਸੱਜਣ ਕੁਝ ਪਿਛੇ ਖੜੇ ਰਹੇ। ਗੁਰੂ ਕਾ ਧਿਆਨ ਧਰਦਿਆਂ ਮਾਣਕ ਚੰਦ ਨੇ ਪੂਰੇ ਜ਼ੋਰ ਨਾਲ ਵਦਾਨ ਮਾਰਨਾ ਸ਼ੁਰੂ ਕੀਤਾ। ਛੇਤੀ ਹੀ ਕੜ ਪਾਟ ਗਿਆ ਅਰ ਥੱਲਿਓਂ ਜਲ ਨਿਕਲ ਆਇਆ। ਜਲ ਦਾ ਫ਼ੁਹਾਰਾ ਏਨੀ ਤੇਜ਼ੀ ਨਾਲ ਨਿਕਲਿਆ ਕਿ ਮਾਣਕ ਚੰਦ ਪਿੱਛੇ ਪਰਤ ਕੇ ਪਉੜੀ ਨਾ ਚੜ੍ਹ ਸਕਿਆ। ਪਿਛਲੇ ਖੜੋਤੇ ਇਹ ਸਾਰਾ ਕੁਝ ਵੇਖਦੇ ਰਹੇ ਪਰ ਉਸ ਨੂੰ ਬਾਹਰ ਨ ਕੱਢ ਸੱਕੇ। ਉਨ੍ਹਾਂ ਵਿਚੋਂ ਕਿਸੇ ਨੇ ਭੱਜ ਕੇ ਗੁਰੂ ਸਾਹਿਬ ਨੂੰ ਦੱਸਿਆ ਤਾਂ ਹਜ਼ੂਰ ਕਹਿਣ ਲੱਗੇ,

'ਭਾਈ! ਫ਼ਿਕਰ ਨਾ ਕਰੋ,
ਮਾਣਕ ਡੁੱਬਦਾ ਨਹੀਂ ਹੁੰਦਾ'।
'ਮਾਣਕ ਹੋਇ ਸੁ ਮਰਤੋ ਨਾਂਹੀ।
ਲੇ ਆਵਹੁ ਤਿਸ ਕੋ ਹਮ ਪਾਹੀ'।

ਇਤਨਾ ਬਚਨ ਕਰਦਿਆਂ ਆਪ ਜੀ ਉੱਠ ਕੇ ਬਾਉਲੀ ਵੱਲ ਆ ਗਏ। ਤਦ ਨੂੰ ਬਾਉਲੀ ਵਿਚਲੇ ਸਿੱਖਾਂ ਨੇ ਮਾਣਕ ਚੰਦ ਦੇ ਸਰੀਰ ਨੂੰ ਜਲ ਉੱਪਰ ਤਰ ਆਇਆ ਵੇਖਿਆ ਤਾਂ ਹਿੰਮਤ ਕਰ ਕੇ ਉਸ ਨੂੰ ਬਾਹਰ ਕੱਢ ਲਿਆਂਦਾ। ਮੂਧਾ ਪਾ ਕੇ ਉਸ ਅੰਦਰੋਂ ਪਾਣੀ ਬਾਹਰ ਕੱਢਿਆ। ਹਜ਼ੂਰ ਸੱਚੇ ਪਾਤਸ਼ਾਹ ਜੀ ਨੇ ਚਰਨ ਛੁਹਾਉਂਦਿਆਂ ਆਖਿਆ,

'ਉੱਠੋ ਜੀਵੜੇ ਮਾਣਕ ਪੁੱਤਰ! ਵੇਖੋ ਤੁਹਾਡੀ ਸੇਵਾ ਸਫ਼ਲ ਹੋ ਗਈ ਹੈ, ਉੱਠੋ'!

ਕਿਸੀ ਡੂੰਘੀ ਨੀਂਦ ਵਿਚੋਂ ਮਾਣਕ ਚੰਦ ਪਰਤ ਕੇ ਅੱਖਾਂ ਮਲਦਾ ਹੋਇਆ ਉੱਠ ਬੈਠਾ ਅਰ ਹਜ਼ੂਰ ਦੇ ਚਰਨਾਂ ਵਿਚ ਸੀਸ ਨਿਵਾਇਆ।

ਦਾਹਨ ਚਰਨ ਸੀਸ ਕੋ ਛੁਹਾਯੋ।
ਉਠਿ ਬੈਠਯੋ ਜਨ ਸੁਪਤਿ ਜਗਾਯੋ।

ਗੁਰੂ ਪਾਤਸ਼ਾਹ ਜੀ ਨੇ ਫ਼ੁਰਮਾਇਆ,

'ਮਾਣਕ ਚੰਦਾ! ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਤੋਂ ਚੱਲੀ ਆ ਰਹੀ ਤੁਹਾਡੇ ਪ੍ਰਵਾਰ ਦੀ ਸੇਵਾ ਅੱਜ ਸਫ਼ਲ ਹੋ ਗਈ ਹੈ। ਅਸਾਂ ਜਿਉਂ ਹੀ ਤੈਨੂੰ ਵਦਾਣ ਲੈ ਕੇ ਕੜ ਤੋੜਨ ਲਈ ਹੁਕਮ ਕੀਤਾ, ਤੂੰ ਜ਼ਰਾ ਨਹੀਂ ਝਿਜਕਿਆ ਕਿ ਕੜ ਟੁੱਟਣ ਨਾਲ ਅਚਾਨਕ ਮੌਤ ਦਾ ਵੀ ਖਤਰਾ ਹੋ ਸਕਦਾ ਹੈ ਪਰ, ਤੂੰ ਨਤੀਜਿਆਂ ਦੀ ਪਰਵਾਹ ਕੀਤੇ ਬਿਨਾਂ ਵਦਾਣ ਲੈ ਕੇ ਸੇਵਾ ਲਈ ਥੱਲੇ ਉੱਤਰ ਗਿਆ। ਪੁੱਤਰ! ਗੁਰੂ-ਬਾਬਾ ਜੀ ਵੱਲੋਂ ਤੇਰੇ 'ਪਰਮੇਸ਼ਰ ਦੇ ਪੰਥ' ਦੀ ਸੇਵਾ ਦੀ ਇਹ ਸਿਖਰ ਹੈ ਕਿ ਜਦੋਂ ਸੇਵਕ ਸੇਵਾ ਲਈ ਆਪਣੀ ਜਾਨ 'ਤੇ ਵੀ ਖੇਲ੍ਹ ਜਾਂਦਾ ਹੈ ਤਾਂ ਫਿਰ ਪਰਮ-ਗੁਰੂ ਜੀ ਉਸ ਨੂੰ ਖ਼ੁਸ਼ੀਆਂ ਬਖ਼ਸ਼ਦੇ ਹਨ।

ਚਲਦਾ.....

# ਭਾਰਤੀ ਹਾਕਮੋ! ਭਾਈ ਖਾਲੜਾ ਦੀ ਫ਼ਿਲਮ ਬੰਦ ਕਰਾ ਕੇ ਸੱਚ ਨਹੀਂ ਛੁਪਣਾ

**ਰਣਜੀਤ ਸਿੰਘ ਦਮਦਮੀ ਟਕਸਾਲ**
ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ



**ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਬੋਲ ਸਨ ਕਿ "ਗੁਰੂ ਦੇ ਸਿੱਖ ਹੋਣ ਦੇ ਨਾਤੇ ਸਾਡਾ ਇਨਸਾਫ਼ ਲਈ ਆਵਾਜ਼ ਬੁਲੰਦ ਕਰਨ ਦਾ ਫ਼ਰਜ਼ ਬਣਦਾ ਹੈ। ਏਸ ਦੁਨੀਆਂ ਵਿਚ ਸਦੀਵੀ ਤੌਰ 'ਤੇ ਕਿਸੇ ਨਹੀਂ ਬੈਠੇ ਰਹਿਣਾ, ਅਤੇ ਸਾਨੂੰ ਇਹ ਜੀਵਨ ਇਸ ਲਈ ਮਿਲਿਆ ਹੈ ਕਿ ਅਸੀਂ ਪੰਜਾਬ ਅੰਦਰ ਹਰ ਰੋਜ਼ ਕੋਹੇ, ਮਾਰੇ ਤੇ ਲਾਪਤਾ ਕੀਤੇ ਜਾ ਰਹੇ ਆਪਣੇ ਭਰਾਵਾਂ ਤੇ ਭੈਣਾਂ ਦੇ ਦਰਦ ਨੂੰ ਵੰਡਾਈਏ। ਜੰਮਣਾ ਤੇ ਮਰਨਾ ਤਾਂ ਵਾਹਿਗੁਰੂ ਦੇ ਹੱਥ ਹੈ ਅਤੇ ਇਸ ਦੁਨੀਆਂ ਤੋਂ ਰੁਖ਼ਸਤ ਹੋਣ ਤੋਂ ਪਹਿਲਾਂ ਮੈਨੂੰ ਆਪਣੇ ਸਿੱਖ ਭਰਾਵਾਂ ਤੇ ਭੈਣਾਂ ਪ੍ਰਤੀ ਆਪਣਾ ਫ਼ਰਜ਼ ਪੂਰਾ ਕਰਨਾ ਚਾਹੀਦਾ ਹੈ। ਗੁਰੂ ਸਾਹਿਬਾਨ ਨੇ ਸਾਨੂੰ ਇਹੋ ਸਿਖਾਇਆ ਹੈ। ਵਾਹਿਗੁਰੂ ਨਿਰਭਉ ਹੈ ਅਤੇ ਸਾਨੂੰ ਡਰੂ ਨਹੀਂ ਹੋਣਾ ਚਾਹੀਦਾ।"**



ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ

ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਫ਼ਿਲਮ 'ਤੇ ਲੱਗੀ ਮੁੜ ਪਾਬੰਦੀ ਉੱਤੇ ਸਿੱਖਾਂ ਨੂੰ ਸਮਝ ਜਾਣਾ ਚਾਹੀਦਾ ਹੈ ਕਿ ਕਾਂਗਰਸ ਅਤੇ ਭਾਜਪਾ ਦੀਆਂ ਸਿੱਖ ਵਿਰੋਧੀ ਨੀਤੀਆਂ ਇੱਕੋ ਜਿਹੀਆਂ ਹਨ। ਕਾਂਗਰਸ ਵੱਲੋਂ ਕੀਤੇ ਜ਼ੁਲਮਾਂ ਨੂੰ ਭਾਜਪਾ ਸਰਕਾਰ ਵੀ ਨਹੀਂ ਵਿਖਾਉਣਾ ਚਾਹੁੰਦੀ। ਗਾਇਕ ਅਤੇ ਅਦਾਕਾਰ ਦਿਲਜੀਤ ਸਿੰਘ ਦੁਸਾਂਝ ਵੱਲੋਂ ਸਿੱਖ ਸੰਘਰਸ਼ ਦੇ ਨਾਇਕ ਅਤੇ ਮਨੁੱਖੀ ਹੱਕਾਂ ਦੇ ਪਹਿਰੇਦਾਰ ਤੇ ਲਾਵਾਰਿਸ ਲਾਸ਼ਾਂ ਦੇ ਵਾਰਿਸ ਕਹੇ ਜਾਂਦੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਅਧਾਰਿਤ ਫ਼ਿਲਮ ਬਣਾਈ ਗਈ ਸੀ ਜੋ ਭਾਰਤੀ ਹਕੂਮਤ/ਕਾਂਗਰਸ ਸਰਕਾਰ ਦੇ ਸਿੱਖਾਂ ਉੱਤੇ ਕੀਤੇ ਜ਼ੁਲਮਾਂ ਨੂੰ ਬਾਖ਼ੂਬੀ ਬਿਆਨ ਕਰਦੀ ਸੀ ਕਿ ਕਿਵੇਂ ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਭਾਰਤੀ ਹਿੰਦੂ ਹਾਕਮਾਂ ਦੇ ਹੁਕਮ 'ਤੇ ਪੰਜਾਬ ਦੇ ਬੁੱਚੜ ਪੁਲੀਸ ਅਫ਼ਸਰਾਂ ਨੇ ਸਿੱਖ ਜਵਾਨੀ ਨੂੰ ਕੋਹ ਕੋਹ ਕੇ ਮਾਰਿਆ ਸੀ। ਘਰਾਂ, ਖੇਤਾਂ ਤੇ ਦੁਕਾਨਾਂ ਵਿੱਚੋਂ ਚੁੱਕ ਕੇ ਹਜ਼ਾਰਾਂ ਨੌਜਵਾਨ ਲਾਪਤਾ ਕਰ ਦਿੱਤੇ ਤੇ ਲਵਾਰਿਸ ਲਾਸ਼ਾਂ ਕਹਿ ਕੇ ਸਾੜ ਦਿੱਤੇ ਸਨ। ਸੈਂਟਰਲ ਬੋਰਡ ਆਫ਼ ਫ਼ਿਲਮ ਸਰਟੀਫੀਕੇਸ਼ਨ ਤੋਂ ਮਨਜ਼ੂਰੀ ਦੇ ਲੰਬੇ ਇੰਤਜ਼ਾਰ ਤੋਂ ਬਾਅਦ ਫ਼ਿਲਮ 'ਪੰਜਾਬ 95' ਜੋ ਹੁਣ 'ਸਤਲੁਜ' ਦੇ ਨਾਂ 'ਤੇ ਓਟੀਟੀ (ਜ਼ੀ ਫਾਈਵ) 'ਤੇ ਜਾਰੀ ਹੋਈ ਸੀ ਤੇ ਦੋ ਦਿਨ ਬਾਅਦ ਹੀ ਭਾਜਪਾ ਸਰਕਾਰ ਵੱਲੋਂ ਹਟਾ ਦਿੱਤੀ ਗਈ ਤਾਂ ਜੋ ਸਿੱਖ ਕੌਮ ਉੱਤੇ ਹੋਏ ਜ਼ੁਲਮਾਂ ਦੀ ਆਵਾਜ਼ ਨੂੰ ਦਬਾਇਆ ਜਾਏ।

ਇਹਨਾਂ ਸਿੱਖ ਨੌਜਵਾਨਾਂ ਉੱਤੇ ਖੂੰਖਾਰ ਪੁਲਸੀਆਂ ਨੇ ਅਜਿਹੇ ਖ਼ੌਫ਼ਨਾਕ ਜ਼ੁਲਮ ਕੀਤੇ ਸਨ ਕਿ ਜਿਸ ਨੇ ਮੁਗਲ ਹਕੂਮਤ ਅਤੇ ਅੰਗਰੇਜ਼ ਹਕੂਮਤ ਦੇ ਜ਼ੁਲਮਾਂ ਨੂੰ ਵੀ ਮਾਤ ਪਾ ਦਿੱਤੀ ਸੀ। ਪੱਤਾ-ਪੱਤਾ ਸਿੰਘਾਂ ਦਾ ਵੈਰੀ ਬਣ ਗਿਆ ਸੀ, ਅੰਮ੍ਰਿਤਧਾਰੀ-ਕੇਸਾਧਾਰੀ ਤੇ ਹੋਰ ਸਿੱਖਾਂ ਨੂੰ ਅੱਤਵਾਦੀ-ਦਹਿਸ਼ਤਗਰਦ ਤੇ ਖਾੜਕੂ ਕਹਿ ਕੇ ਥਾਣਿਆਂ ਅਤੇ ਬੁੱਚੜਖਾਨਿਆਂ ਵਿੱਚ ਲਿਜਾ ਕੇ ਉਹਨਾਂ ਦੇ ਚੱਡੇ ਪਾੜੇ, ਸਰੀਰਾਂ 'ਤੇ ਕਰੰਟ ਲਾਏ, ਲੱਤਾਂ 'ਤੇ ਘੋਟਣੇ ਫੇਰੇ, ਡਾਂਗਾਂ ਨਾਲ ਸਰੀਰ ਪਿੰਜ ਦਿੱਤਾ, ਕਿਸੇ ਦੀਆਂ ਅੱਖਾਂ ਕੱਢੀਆਂ, ਕਿਸੇ ਦੇ ਸਰੀਰ 'ਤੇ ਗਰਮ ਪ੍ਰੈੱਸਾਂ ਲਾਈਆਂ, ਕਿਸੇ ਦੇ ਸਿਰ 'ਤੇ ਕਿੱਲ ਠੋਕੇ, ਕਿਸੇ ਦੀ ਖੋਪਰੀ ਲਾਹ ਦਿੱਤੀ, ਕਿਸੇ ਦੀ ਜ਼ੁਬਾਨ ਵੱਢ ਦਿੱਤੀ, ਕਿਸੇ ਨੂੰ ਪੁੱਠਾ ਟੰਗ ਕੇ ਥੱਲਿਓਂ ਹੀਟਰ ਨਾਲ ਉਸਦਾ ਸਿਰ ਸਾੜ ਦਿੱਤਾ, ਕਿਸੇ ਨੂੰ ਗਰਮ ਕੜਾਹੇ ਵਿੱਚ ਉਬਾਲ ਦਿੱਤਾ, ਕਿਸੇ ਦੀਆਂ ਲੱਤਾਂ ਦੋ ਜੀਪਾਂ ਨਾਲ ਬੰਨ੍ਹ ਕੇ ਵਿਚਾਲਿਓਂ ਪਾੜ ਦਿੱਤਾ, ਕਿਸੇ ਦੀ ਲੱਤ ਵਿੱਚ ਸਰੀਏ ਖੁਭ ਦਿੱਤੇ, ਪਿੱਛੇ ਗੁਦਾ ਵਿੱਚ ਮਿਰਚਾਂ ਲਾ ਕੇ ਡੰਡਾ ਧੱਕ ਦਿੱਤਾ, ਕਿਸੇ ਦੇ ਹੱਥ-ਪੈਰ ਵੱਢ ਦਿੱਤੇ, ਕਈਆਂ ਦੇ ਹੱਥ-ਪੈਰ ਬੰਨ੍ਹ ਕੇ ਸੁੰਨਸਾਨ ਜਗ੍ਹਾ 'ਤੇ ਲਿਜਾ ਕੇ ਗੋਲ਼ੀਆਂ ਮਾਰ ਕੇ ਮੁਕਾਬਲਾ ਵਿਖਾ ਦਿੱਤਾ।

ਦਿੱਲੀ ਦਰਬਾਰ ਦੀਆਂ ਸਿੱਖ-ਮਾਰੂ ਨੀਤੀਆਂ ਤਹਿਤ ਦਰਿੰਦੇ ਪੁਲਸੀਆਂ ਨੇ ਮੁੱਖ ਮੰਤਰੀ ਜ਼ਾਲਮ ਬਿਅੰਤ ਸਿਹੁੰ ਤੇ ਪੁਲਿਸ ਮੁਖੀ ਬੁੱਚੜ ਕੇ.ਪੀ.ਐਸ. ਗਿੱਲ ਦੇ ਕਹਿਣ 'ਤੇ ਪੰਜਾਬ ਨੂੰ ਸ਼ਮਸ਼ਾਨ ਘਾਟ ਵਿੱਚ ਬਦਲ ਦਿੱਤਾ, ਪੁਲਿਸ ਇੱਕ ਕਾਤਲ ਮਸ਼ੀਨ ਬਣ ਗਈ, ਬੰਦੇ ਮਾਰਨ ਦਾ ਸਵਾਦ ਪੈ ਗਿਆ, ਫੀਤੀਆਂ-ਸਟਾਰਾਂ ਤੇ ਇਨਾਮਾਂ ਦੇ ਲਾਲਚਾਂ ਵਿੱਚ 25 ਹਜ਼ਾਰ ਤੋਂ ਵੱਧ ਸਿੱਖ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾਏ ਗਏ, ਉਹਨਾਂ ਦੇ ਪਰਿਵਾਰਾਂ ਨੂੰ ਲਾਸ਼ਾਂ ਵੀ ਨਾ ਸੌਂਪੀਆਂ, ਕਈਆਂ ਦੀਆਂ ਲਾਸ਼ਾਂ ਲਵਾਰਿਸ ਕਹਿ ਕੇ ਸ਼ਮਸ਼ਾਨਾਂ ਘਾਟਾਂ ਵਿੱਚ ਸਾੜ ਦਿੱਤੀਆਂ ਤੇ ਕਈ ਦਰਿਆ ਦੇ ਵਿੱਚ ਵਹਾ ਦਿੱਤੀਆਂ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਦੇਵ ਸਿੰਘ ਕਾਉਂਕੇ ਅਤੇ ਬਾਬਾ ਚਰਨ ਸਿੰਘ ਕਾਰ ਸੇਵਾ ਬੀੜ ਸਾਹਿਬ ਵਾਲੇ ਵੀ ਨਾ ਬਖਸ਼ੇ ਗਏ।

ਇਹਨਾਂ ਹਲਾਤਾਂ ਵਿੱਚ ਭਾਈ ਜਸਵੰਤ ਸਿੰਘ ਖਾਲੜਾ ਤੇ ਉਹਨਾਂ ਦੀ ਟੀਮ ਸਰਕਾਰ ਵਿਰੁੱਧ ਖੜ੍ਹ ਗਈ, ਸ਼ਮਸ਼ਾਨ ਘਾਟਾਂ 'ਚੋਂ ਰਿਕਾਰਡ ਪ੍ਰਾਪਤ ਕਰਕੇ ਅਤੇ ਹਰ ਸ਼ਹੀਦ ਦੇ ਪਰਿਵਾਰ ਨੂੰ ਸੰਪਰਕ ਕਰਕੇ ਉਹਨਾਂ ਨੇ ਭਾਰਤ ਅਤੇ ਵਿਦੇਸ਼ਾਂ ਵਿੱਚ ਸਰਕਾਰ ਦਾ ਕਰੂਪ ਚਿਹਰਾ ਨੰਗਾ ਕਰ ਦਿੱਤਾ। ਭਾਈ ਜਸਵੰਤ ਸਿੰਘ ਖਾਲੜਾ ਦੀ ਚੁਣੌਤੀ ਅਤੇ ਸੱਚ ਨੇ ਸਰਕਾਰ ਅਤੇ ਪੁਲਿਸ ਦੀ ਹਰ ਪਾਸਿਓਂ ਘੇਰਾਬੰਦੀ ਕਰ ਦਿੱਤੀ ਤੇ ਤੇ ਫਿਰ ਭਾਈ ਜਸਵੰਤ ਸਿੰਘ ਖਾਲੜਾ ਨਾਲ ਵੀ ਓਹੀ ਕੁਝ ਹੋਇਆ ਜਿਨ੍ਹਾਂ ਦੀ ਉਹ ਪੈਰਵਾਈ ਕਰ ਰਹੇ ਸਨ ਤੇ ਲਾਵਾਰਿਸ ਲਾਸ਼ਾਂ ਦੇ ਵਾਰਸ ਨੂੰ ਵੀ ਲਵਾਰਿਸ ਬਣਾ ਦਿੱਤਾ ਗਿਆ। ਪਰ ਭਾਈ ਖਾਲੜਾ ਨੇ ਜੋ ਕਰ ਵਿਖਾਇਆ ਸੀ ਉਹ ਰਹਿੰਦੀ ਦੁਨੀਆਂ ਤਕ ਭਾਰਤੀ ਹਕੂਮਤ ਦੇ ਮੱਥੇ ਉੱਤੇ ਵੱਡਾ ਕਲੰਕ ਬਣ ਗਿਆ ਹੈ ਜੋ ਕਦੇ ਨਹੀਂ ਮਿਟਣਾ ਤੇ ਇਹ ਸੱਚ ਹੁਣ ਕਦੇ ਨਹੀਂ ਛੁਪਣਾ, ਚਾਹੇ ਜਿੰਨੀਆਂ ਮਰਜ਼ੀ ਫ਼ਿਲਮਾਂ ਉੱਤੇ ਪਾਬੰਦੀਆਂ ਲਗਾ ਲਈਆਂ ਜਾਣ, ਭਾਈ ਖਾਲੜਾ ਦੀ ਆਵਾਜ਼ ਕਦੇ ਦਬਾਈ ਨਹੀਂ ਜਾਣੀ ਉਹ ਸਦਾ ਬੋਲਦਾ ਰਹਿਣਗੇ।

ਭਾਰਤ ਵਿੱਚ ਕਸ਼ਮੀਰ ਫਾਈਲ 'ਤੇ ਫ਼ਿਲਮ ਬਣ ਸਕਦੀ ਹੈ ਤੇ ਧੜੱਲੇ ਨਾਲ ਚੱਲ ਸਕਦੀ ਹੈ ਪਰ ਗੁਜਰਾਤ ਫਾਈਲ 'ਤੇ ਫ਼ਿਲਮ ਨਹੀਂ ਬਣ ਸਕਦੀ ਕਿਉਂਕਿ ਉਸ ਵਿੱਚ ਸਰਕਾਰੀ ਸ਼ਹਿ ਉੱਤੇ ਘੱਟ-ਗਿਣਤੀ ਦਾ ਘਾਣ ਤੇ ਮੋਦੀ-ਸ਼ਾਹ ਦਾ ਕਰੂਰ ਚਿਹਰਾ ਵਿਖਾਇਆ ਗਿਆ ਹੈ ਤੇ ਜੇ ਕੋਈ ਮਨੁੱਖੀ ਅਧਿਕਾਰਾਂ ਦੇ ਰਾਖੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਉੱਪਰ ਫ਼ਿਲਮ ਬਣਾ ਹੀ ਲਵੇ ਤਾਂ ਮਨੁੱਖੀ ਹੱਕਾਂ ਦਾ ਘਾਣ ਕਰਨ ਵਾਲੇ ਕਿਵੇਂ ਚੱਲਣ ਦੇਣਗੇ ? ਜਿਹੜਾ ਮੁਲਕ ਭਾਈ ਖਾਲੜੇ ਉੱਤੇ ਬਣੀ ਫ਼ਿਲਮ ਬਰਦਾਸ਼ਤ ਨਹੀਂ ਕਰਦਾ, ਓਹ ਭਾਈ ਖਾਲੜੇ ਨੂੰ ਕਿਵੇਂ ਬਰਦਾਸ਼ਤ ਕਰ ਲੈਂਦਾ ? ਭਾਰਤ ਆਪਣੇ ਆਪ ਨੂੰ ਮਨੁੱਖੀ ਹੱਕਾਂ ਦਾ ਅਲੰਬਰਦਾਰ, ਸਭ ਤੋਂ ਵੱਡਾ ਲੋਕਤੰਤਰ ਤੇ ਧਰਮ ਨਿਰਪੱਖ ਅਖਵਾਉਂਦਾ ਹੈ ਪਰ ਇਹ ਸਭ ਢਕਵੰਜ ਹੈ ਤੇ ਸਿੱਖਾਂ, ਮੁਸਲਮਾਨਾਂ ਅਤੇ ਹੋਰ ਘੱਟ-ਗਿਣਤੀ ਕੌਮਾਂ ਦੀ ਆਵਾਜ਼ ਨੂੰ ਇੱਥੇ ਦਬਾਇਆ ਜਾਂਦਾ ਹੈ ਤੇ ਉਹਨਾਂ ਉੱਤੇ ਘੱਲੂਘਾਰੇ ਤੇ ਨਸਲਕੁਸ਼ੀ ਵਰਤਾਈ ਜਾਂਦੀ ਹੈ। ਭਾਈ ਖਾਲੜਾ ਦੀ ਫ਼ਿਲਮ ਦੇ ਪਹਿਲਾਂ ਕਈ ਸੀਨ ਕਟਾ ਕੇ ਵੀ ਸਿਨਮਿਆਂ 'ਚ ਨਹੀਂ ਸੀ ਚੱਲਣ ਦਿੱਤੀ ਗਈ, ਸੈਂਸਰ ਬੋਰਡ ਨੇ ਕਈ ਅੜਿੱਕੇ ਪਾਈ ਰੱਖੇ ਸਨ ਤੇ ਹੁਣ ਭਾਜਪਾ/ਹਿੰਦੂਤਵੀ ਸਰਕਾਰ ਨੇ ਜੀ-ਫਾਈਵ ਤੋਂ ਵੀ ਹਟਾ ਕੇ ਸਿੱਖ ਕੌਮ ਨੂੰ ਗ਼ੁਲਾਮੀ ਦਾ ਅਹਿਸਾਸ ਕਰਵਾਇਆ ਹੈ ਪਰ ਭਾਜਪਾ ਦੀ ਝੋਲੀ ਵਿੱਚ ਬੈਠੇ ਸਿੱਖ ਕੌਮ ਦੀਆਂ ਕੁਝ ਧਾਰਮਿਕ ਅਤੇ ਸਿਆਸੀ ਆਗੂਆਂ ਨੂੰ ਫਿਰ ਵੀ ਸ਼ਰਮ ਨਹੀਂ ਆਉਣੀ।

ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਬੋਲ ਸਨ ਕਿ "ਗੁਰੂ ਦੇ ਸਿੱਖ ਹੋਣ ਦੇ ਨਾਤੇ ਸਾਡਾ ਇਨਸਾਫ਼ ਲਈ ਆਵਾਜ਼ ਬੁਲੰਦ ਕਰਨ ਦਾ ਫ਼ਰਜ਼ ਬਣਦਾ ਹੈ। ਏਸ ਦੁਨੀਆਂ ਵਿਚ ਸਦੀਵੀ ਤੌਰ 'ਤੇ ਕਿਸੇ ਨਹੀਂ ਬੈਠੇ ਰਹਿਣਾ, ਅਤੇ ਸਾਨੂੰ ਇਹ ਜੀਵਨ ਇਸ ਲਈ ਮਿਲਿਆ ਹੈ ਕਿ ਅਸੀਂ ਪੰਜਾਬ ਅੰਦਰ ਹਰ ਰੋਜ਼ ਕੋਹੇ, ਮਾਰੇ ਤੇ ਲਾਪਤਾ ਕੀਤੇ ਜਾ ਰਹੇ ਆਪਣੇ ਭਰਾਵਾਂ ਤੇ ਭੈਣਾਂ ਦੇ ਦਰਦ ਨੂੰ ਵੰਡਾਈਏ। ਜੰਮਣਾ ਤੇ ਮਰਨਾ ਤਾਂ ਵਾਹਿਗੁਰੂ ਦੇ ਹੱਥ ਹੈ ਅਤੇ ਇਸ ਦੁਨੀਆਂ ਤੋਂ ਰੁਖ਼ਸਤ ਹੋਣ ਤੋਂ ਪਹਿਲਾਂ ਮੈਨੂੰ ਆਪਣੇ ਸਿੱਖ ਭਰਾਵਾਂ ਤੇ ਭੈਣਾਂ ਪ੍ਰਤੀ ਆਪਣਾ ਫ਼ਰਜ਼ ਪੂਰਾ ਕਰਨਾ ਚਾਹੀਦਾ ਹੈ। ਗੁਰੂ ਸਾਹਿਬਾਨ ਨੇ ਸਾਨੂੰ ਇਹੋ ਸਿਖਾਇਆ ਹੈ। ਵਾਹਿਗੁਰੂ ਨਿਰਭਉ ਹੈ ਅਤੇ ਸਾਨੂੰ ਡਰੂ ਨਹੀਂ ਹੋਣਾ ਚਾਹੀਦਾ।"

ਮੋ: 8872293883.

## 23 ਜੁਲਾਈ ਨੂੰ ਗਲਾਸਗੋ ਹਾਈਡਰੋ ਵਿੱਚ 600 ਵਲੰਟੀਅਰ ਕਰਨਗੇ ਦੁਨੀਆਂ ਦਾ ਮਨੋਰੰਜਨ

ਗਲਾਸਗੋ,(ਹਰਜੀਤ ਸਿੰਘ ਦੁਸਾਂਝ ਪੁਆਦੜਾ) - 23ਵੀਂਆਂ ਕਾਮਨਵੈਲਥ ਖੇਡਾਂ ਇਸ ਵਾਰ ਗਲਾਸਗੋ ਵਿੱਚ 23 ਜੁਲਾਈ ਤੋਂ 2 ਅਗਸਤ ਤੱਕ ਕਰਵਾਈਆਂ ਜਾ ਰਹੀਆਂ ਹਨ। ਖੇਡਾਂ ਦੇ ਉਦਘਾਟਨੀ ਸਮਾਰੋਹ ਦੀਆਂ ਤਿਆਰੀਆਂ ਜ਼ੋਰਾਂ ਤੇ ਚੱਲ ਰਹੀਆਂ ਹਨ। ਗਲਾਸਗੋ ਦੇ ਪ੍ਰਸਿੱਧ ਹਾਈਡਰੋ ਸਟੇਡੀਅਮ ਵਿੱਚ ਉਦਘਾਟਨੀ ਸਮਾਰੋਹ ਹੋਵ-ਗਾ ਅਤੇ ਇਸ ਸਮਾਰੋਹ ਦੀਆਂ ਰਿਹਰਸਲਾਂ ਸ਼ੁਰੂ ਹੋ ਚੁੱਕੀਆਂ ਹਨ। ਉਦਘਾਟਨੀ ਸਮਾਰੋਹ ਵਿੱਚ 600 ਵਾਲੰਟੀਅਰ ਅਤੇ ਕਲਾਕਾਰ ਹਿੱਸਾ ਲੈਣਗੇ, ਜੋ ਦੁਨੀਆ ਭਰ ਤੋਂ ਆਉਣ ਵਾਲੇ ਖਿਡਾਰੀਆਂ ਅਤੇ ਮਹਿਮਾਨਾਂ ਦਾ ਸ਼ਾਨਦਾਰ ਸਵਾਗਤ ਕਰਨਗੇ। ਇਨ੍ਹਾਂ ਨਾਲ ਸਥਾਨਕ ਡਾਂਸ ਗਰੁੱਪ, ਰਵਾਇਤੀ ਸੱਭਿਆਚਾਰਕ ਕਲਾਕਾਰ ਅਤੇ ਵੱਖ-ਵੱਖ ਭਾਈਚਾਰਕ ਸੰਸਥਾਵਾਂ ਵੀ ਆਪਣੀਆਂ ਪੇਸ਼ਕਾਰੀਆਂ ਨਾਲ ਸਮਾਰੋਹ ਨੂੰ ਯਾਦਗਾਰ ਬਣਾਉਣਗੀਆਂ। ਸਕਾਟਲੈਂਡ ਦੇ ਪ੍ਰਸਿੱਧ ਇਲੈਕਟ੍ਰੋ-ਟ੍ਰੈਡ ਸੰਗੀਤ ਬੈਂਡ ਵਾਲਟੋਸ ਨੇ ਇਸ ਸਮਾਰੋਹ ਲਈ ਇੱਕ ਘੰਟੇ ਦਾ ਵਿਸ਼ੇਸ਼ ਸੰਗੀਤਕ ਤਿਆਰ ਕੀਤਾ ਹੈ। ਇਸ ਸੰਗੀਤ ਵਿੱਚ ਸਕਾਟਲੈਂਡ ਦੀਆਂ ਰਵਾਇਤੀ ਧੁਨਾਂ ਨੂੰ ਆਧੁਨਿਕ ਇਲੈਕਟ੍ਰਾਨਿਕ ਸੰਗੀਤ ਨਾਲ ਜੋੜਿਆ ਗਿਆ ਹੈ, ਜਿਸ ਨਾਲ ਸਮਾਰੋਹ ਨੂੰ ਵਿਲੱਖਣ ਪਛਾਣ ਮਿਲੇਗੀ। ਆਯੋਜਕਾਂ ਨੇ ਦੱਸਿਆ ਕਿ ਇਸ ਸਾਲ ਦੇ ਸ਼ੁਰੂ ਵਿੱਚ 800 ਤੋਂ ਵੱਧ ਉਮੀਦਵਾਰਾਂ ਦੇ ਆਡੀਸ਼ਨ ਲਏ ਗਏ ਸਨ। ਕੜੀ ਚੋਣ ਪ੍ਰਕਿਰਿਆ ਤੋਂ ਬਾਅਦ 600 ਵਾਲੰਟੀਅਰ ਕਲਾਕਾਰਾਂ ਦੀ ਚੋਣ ਕੀਤੀ ਗਈ, ਜੋ ਹੁਣ ਰਿਹਰਸਲਾਂ ਵਿੱਚ ਰੁੱਝੇ ਹੋਏ ਹਨ।



ਉਦਘਾਟਨੀ ਸਮਾਰੋਹ ਦੀਆਂ ਤਿਆਰੀਆਂ ਕਰਦੇ ਵਲੰਟੀਅਰ


ਲੜੀਵਾਰ ਨਾਵਲ

ਲੇਖਕ
ਗੁਰਨਾਮ ਬਾਵਾ
M +91 83073 6430




# ਬੰਦੂਕ ਤੋਂ ਕਲਮ ਤੱਕ

ਸੋਨੂੰ ਦੀ ਹਿੰਮਤ ਨਹੀਂ ਹੋ ਰਹੀ ਕਿ ਰੁੱਕਾ ਜੇਬ ਵਿੱਚੋਂ ਕੱਢ ਕੇ ਪੜ੍ਹੇ । ਉਹ ਉਦਾਸ ਜਿਹਾ ਹੋਇਆ ਟਰਾਂਸਪੋਰਟ ਪੁੱਜ ਗਿਆ । ਆਖ਼ਿਰ ਉਸ ਨੇ ਦੁਪਹਿਰ ਨੂੰ ਇਕ ਪਾਸੇ ਜਾ ਕੇ ਰੁੱਕਾ ਕੱਢ ਕੇ ਪੜ੍ਹਨਾ ਸ਼ੁਰੂ ਕੀਤਾ। ਉਸ ਵਿੱਚ ਸੀਮਾ ਨੇ ਸਪੱਸ਼ਟ ਲਿਖਿਆ ਹੋਇਆ ਸੀ ਕਿ ਮੈਂ ਤੇਰੇ ਬਿਨਾਂ ਨਹੀਂ ਰਹਿ ਸਕਦੀ । ਇਸ ਤਰ੍ਹਾਂ ਦੀਆਂ ਬਾਕੀ ਲਾਈਨਾਂ ਵਿੱਚ ਵੀ ਇਹੋ ਜਿਹਾ ਹੀ ਕੁਝ ਸੀ । ਸੋਨੂੰ ਦਾ ਇਕ ਵਾਰ ਤਾਂ ਮਨ ਕੀਤਾ ਕਿ ਮੈਂ ਇਸ ਆ ਰਹੀ ਨਵੀਂ ਖ਼ੁਸ਼ਹਾਲ ਜ਼ਿੰਦਗੀ ਨੂੰ ਜੀ ਆਇਆਂ ਕਹਾਂ ਪਰ ਇਹ ਕਿਵੇਂ ਹੋ ਸਕਦੈ॥ ਸਾਰਾ ਦਿਨ ਸੋਨੂੰ ਕਈ ਗੱਲਾਂ ਸੋਚਦਾ ਰਿਹਾ । ਫਿਰ ਉਸ ਨੂੰ ਖ਼ਿਆਲ ਬੀਜੀ ਕੀ ਕਹਿਣਗੇ ਮੈਂ ਇਸ ਨੂੰ ਪੁੱਤਰਾਂ ਵਾਂਗ ਰੱਖਿਆ ਤੇ ਇਹ ਸਾਡੀ ਇੱਜ਼ਤ ਨੂੰ ਹੀ ਹੱਥ ਪਾ ਕੇ ਬਹਿ ਗਿਆ ।




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ-15

## ਭਾਗ 17

ਇਹ ਮਕਾਨ ਇਕ ਪੰਜਾਬੀ ਹਿੰਦੂ ਪਰਿਵਾਰ ਦਾ ਸੀ। ਇਸ ਪਰਿਵਾਰ ਵਿਚ ਲਾਲਾ ਚਿਰੰਜੀ ਲਾਲ, ਉਸ ਦੀ ਪਤਨੀ ਤੇ ਉਸ ਦੀ ਇਕਲੋਤੀ ਧੀ ਸੀਮਾ ਰਹਿੰਦੇ ਸਨ। ਲਾਲਾ ਜੀ ਆਪ ਇਕ ਫੈਕਟਰੀ ਵਿੱਚ ਸੁਪਰਵਾਈਜ਼ਰ ਲੱਗੇ ਹੋਏ ਸਨ।

ਸੋਨੂੰ ਦੇ ਨਿੱਘੇ ਤੇ ਸ਼ਰਮੀਲੇ ਸੁਭਾਅ ਨੇ ਤਿੰਨਾਂ ਨੂੰ ਕੀਲ ਲਿਆ ਸੀ। ਹੁਣ ਉਸ ਦਾ ਨਾਸ਼ਤਾ ਤੇ ਰਾਤ ਦੀ ਰੋਟੀ ਵੀ ਲਾਲਾ ਜੀ ਦੀ ਘਰਵਾਲੀ ਬਣਾ ਕੇ ਦੇਣ ਲੱਗ ਪਈ। ਸੋਨੂੰ ਲਈ ਇਹ ਬਹੁਤ ਵੱਡਾ ਆਸਰਾ ਸੀ। ਉਹ ਵੀ ਅੰਟੀ ਜੀ ਦੀ ਥਾਂ ਉਸ ਨੂੰ ਸੀਮਾ ਵਾਂਗ ਬੀਜੀ ਕਹਿਣ ਲੱਗ ਪਿਆ ਸੀ। ਬੀਜੀ ਨੂੰ ਵੀ ਉਹ ਪੁੱਤਰਾਂ ਵਾਂਗ ਲੱਗਦਾ।

ਸੀਮਾ ਕਾਲਜ ਵਿੱਚ ਬੀ.ਏ. ਦੇ ਆਖਰੀ ਸਾਲ ਦੀ ਪੜ੍ਹਾਈ ਕਰ ਰਹੀ ਸੀ। ਉਹ ਸਵੇਰੇ ਕਾਲਜ ਜਾਣ ਲਈ ਸੋਨੂੰ ਨਾਲ ਹੀ ਬੱਸ ਸਟੈਂਡ ਤੱਕ ਜਾਂਦੀ ਸੀ। ਸੋਨੂੰ ਉਥੋਂ ਹੀ ਪੈਦਲ ਟਰਾਂਸਪੋਰਟ 'ਤੇ ਚਲਾ ਜਾਂਦਾ ਸੀ। ਦਿਨ ਸੋਹਣੇ ਲੰਘ ਰਹੇ ਸਨ। ਸੋਨੂੰ ਦਾ ਵੀ ਮਨ ਲੱਗ ਗਿਆ ਸੀ ਕਿਉਂਕਿ ਸ਼ਾਮ ਨੂੰ ਉਸ ਦੇ ਆਉਣ ਦੀ ਉਡੀਕ ਬੀਜੀ ਨੂੰ ਹੁੰਦੀ ਸੀ।

ਜੇਕਰ ਉਹ ਕਦੇ ਕਦਾਈਂ ਕੰਮ ਜ਼ਿਆਦਾ ਹੋਣ ਕਰਕੇ ਦੇਰ ਨਾਲ ਆਉਂਦਾ ਤਾਂ ਬੀਜੀ ਪੁੱਛਦੇ, ਕੀ ਗੱਲ? ਕਿਥੇ ਰਹਿ ਗਿਆ ਸੀ ਅੱਜ ਤੂੰ?

ਉਸ ਨੂੰ ਆਪਣੀ ਮਾਂ ਦੀ ਯਾਦ ਆ ਜਾਂਦੀ, ਉਸ ਨੂੰ ਸਕੂਲ ਤੋਂ ਦੇਰ ਨਾਲ ਆਏ ਨੂੰ ਇਹੋ ਸਵਾਲ ਪੁੱਛਦੀ ਹੁੰਦੀ ਸੀ। ਸੋਨੂੰ ਅੱਖਾਂ ਝੁਕਾ ਕੇ ਕਹਿੰਦਾ, ਬੱਸ, ਬੀਜੀ ਅੱਜ ਕੰਮ ਜ਼ਿਆਦਾ ਸੀ...। ਕਹਿੰਦਾ ਚੁਬਾਰੇ ਦੀਆਂ ਪੌੜੀਆਂ ਚੜ੍ਹ ਜਾਂਦਾ ਸੀ।

ਉਹ ਕੁਝ ਦਿਨਾਂ ਤੋਂ ਦੇਖ ਰਿਹਾ ਸੀ ਕਿ ਉਸ ਦੇ ਆਉਣ ਤੋਂ ਪਹਿਲਾਂ, ਸਵੇਰੇ ਧੋਤੇ ਕੱਪੜੇ, ਪ੍ਰੈੱਸ ਕੀਤੇ ਹੁੰਦੇ, ਨਾਲ ਹੀ ਕਮਰੇ ਵਿੱਚ ਪਿਆ ਖਿਲਾਰਾ ਵੀ ਸਾਂਭਿਆ ਹੁੰਦਾ ਸੀ। ਉਹ ਹੈਰਾਨ ਹੁੰਦਾ ਇਹ ਕੌਣ ਕਰ ਜਾਂਦਾ ਪਿੱਛੋਂ?

ਉਸ ਨੇ ਇਕ ਦਿਨ ਬੀਜੀ ਨੂੰ ਪੁੱਛ ਹੀ ਲਿਆ, ਬੀਜੀ ਮੇਰੇ ਕੱਪੜੇ ਤੁਸੀਂ ਪ੍ਰੈੱਸ ਕਰਕੇ ਰੱਖਦੇ ਹੋ?

ਬੀਜੀ ਨੇ ਹੱਸ ਕੇ ਕੋਲ ਬੈਠੀ ਸੀਮਾ ਵੱਲ ਹੱਥ ਕਰਕੇ ਕਿਹਾ, ਆ ਕਰਦੀ ਹੈ, ਆਪਣੇ ਕਾਲਜ ਦੇ ਸੂਟ ਪ੍ਰੈੱਸ ਕਰਨ ਲੱਗੀ, ਤੇਰੇ ਨਾਲ ਹੀ ਕਰ ਦਿੰਦੀ ਹੈ। ਇਹ ਨੂੰ ਕਈ ਵਾਰ ਕਿਹਾ, ਐਵੇਂ ਸੋਨੂੰ ਦੇ ਕਮਰੇ ਵਿੱਚ ਨਾ ਜਾਇਆ ਕਰ, ਪਰ ਇਹ ਕਿਹੜਾ ਮੇਰੀ ਗੱਲ ਸੁਣਦੀ ਹੈ।

ਬੀਜੀ ਦੱਸ ਰਹੇ ਸਨ ਤਾਂ ਸੀਮਾ, ਸੋਨੂੰ ਵੱਲ ਦੇਖਦੀ ਥੋੜ੍ਹੇ ਨਖ਼ਰੇ ਨਾਲ ਬੋਲੀ, ਇਕ ਕਿਸੇ ਦਾ ਕੰਮ ਕਰ ਕੇ ਦਿਉ, ਅੱਗੋਂ ਉਲਾਂਭਾ ਵੀ ਲਉ।

ਉਹ ਬੋਲ ਕੇ ਚੁੱਪ ਹੋਈ ਤਾਂ ਉਸ ਦੀ ਸ਼ਰਾਰਤੀ ਤੱਕਣੀ ਦੇਖ ਸੋਨੂੰ ਸ਼ਰਮਾਉਂਦਾ ਹੋਇਆ, ਨਹੀਂ ਜੀ, ਮੇਰਾ ਇਹ ਮਤਲਬ ਨਹੀਂ ਸੀ। ਸੋਨੂੰ ਐਨਾਂ ਕਹਿ ਕੇ ਵਾਪਿਸ ਚੁਬਾਰੇ ਜਾ ਚੜ੍ਹਿਆ।

ਇਕ ਐਤਵਾਰ ਬੀਜੀ ਤੇ ਲਾਲਾ ਜੀ ਬਜ਼ਾਰ ਗਏ ਹੋਏ ਸਨ। ਸੋਨੂੰ ਆਪਣੇ ਕਮਰੇ ਵਿੱਚ ਛੁੱਟੀ ਵਾਲਾ ਦਿਨ ਹੋਣ ਕਰਕੇ ਆਰਾਮ ਕਰ ਰਿਹਾ ਸੀ। ਸੀਮਾ ਦੁਪਹਿਰ ਦੀ ਰੋਟੀ ਲੈ ਕੇ ਉਸ ਦੇ ਕਮਰੇ ਵਿੱਚ ਆ ਗਈ।

ਸੋਨੂੰ ਉਸ ਨੂੰ ਅਚਾਨਕ ਆਇਆ ਦੇਖ ਮੰਜੀ 'ਤੇ ਲੰਮਾ ਪਿਆ, ਉਠ ਕੇ ਬੈਠਦਾ ਬੋਲਿਆ, ਹਾਂ ਜੀ, ਤੁਸੀਂ!

ਸੀਮਾ ਰੋਟੀ ਵਾਲੀ ਥਾਲੀ ਅੱਗੇ ਕਰਦੀ ਬੋਲੀ, ਆਹ ਲਉ, ਰੋਟੀ ਖਾ ਲਉ, ਭੁੱਖ ਲੱਗੀ ਹੋਣੀ ਤੁਹਾਨੂੰ!

ਸੋਨੂੰ ਨੇ ਥਾਲੀ ਫੜ ਕੇ ਮੰਜੀ ਕੋਲ ਪਏ ਇਕ ਛੋਟੇ ਜਿਹੇ ਸਟੂਲ 'ਤੇ ਰੱਖ ਦਿੱਤੀ ਫਿਰ ਨੀਵੀਂ ਪਾ ਕੇ ਕਿਹਾ, ਧੰਨਵਾਦ ਜੀ, ਮੈਂ ਰੁੱਕ ਕੇ ਖਾ ਲਵਾਂਗਾ।

ਪਰ ਸੀਮਾ ਕੋਲ ਪਈ ਕੁਰਸੀ ਖਿੱਚ ਕੇ ਉਸ ਦੇ ਸਾਹਮਣੇ ਬੈਠ ਗਈ ਤੇ ਬੋਲੀ, ਪਹਿਲਾਂ ਰੋਟੀ ਖਾਉ, ਮੇਰੇ ਸਾਹਮਣੇ ਫਿਰ ਜਾਵਾਂਗੀ।

ਸੋਨੂੰ ਬਿਨਾਂ ਉਸ ਵੱਲ ਦੇਖਿਆਂ ਥਾਲੀ ਚੁੱਕ ਕੇ, ਰੋਟੀ ਖਾਣ ਲੱਗ ਪਿਆ। ਸੀਮਾ ਉਸ ਨੂੰ ਬੱਚਿਆਂ ਵਾਂਗ ਰੋਟੀ ਖਾਂਦਿਆਂ ਦੇਖ ਕੇ ਮੁਸਕਰਾਉਂਦੀ ਰਹੀ।

ਸੋਨੂੰ ਨੇ ਰੋਟੀ ਖਾ ਕੇ ਥਾਲ ਸਟੂਲ 'ਤੇ ਰੱਖਦਿਆਂ ਕਿਹਾ, ਆਹ...ਲਉ ਜੀ, ਖਾ ਲਈ ਰੋਟੀ।

ਸੀਮਾ ਨੇ ਬਿਨਾਂ ਸ਼ਰਮਾਉਂਦਿਆਂ ਕਿਹਾ, ਤੁਸੀਂ ਇਕੱਲੇ ਕਿਉਂ ਰਹਿੰਦੇ ਹੋ? ਤੁਹਾਡੇ ਘਰ ਦੇ ਕਿਥੇ ਹਨ? ਮਤਲਬ ਤੁਹਾਡੇ ਮੰਮੀ, ਪਾਪਾ ਜੀ?

ਸੋਨੂੰ ਨੇ ਰਟਿਆ-ਰਟਾਇਆ ਜਵਾਬ ਦਿੰਦੇ ਕਿਹਾ, ਮੇਰੇ ਮੰਮੀ, ਪਾਪਾ ਵਿਦੇਸ਼ ਵਿੱਚ ਹਨ, ਇੰਗਲੈਂਡ ਵਿੱਚ, ਪਰ ਮੇਰਾ ਅਜੇ ਵੀਜ਼ਾ ਨਹੀਂ ਲੱਗ ਰਿਹਾ। ਓਨੀ ਦੇਰ ਮੇਰੇ ਮਾਮਾ ਜੀ ਨੇ ਮੈਨੂੰ ਐਥੇ ਭੇਜ ਦਿੱਤਾ ਹੈ।

ਸੀਮਾ ਅੱਗੋਂ ਹੋਰ ਸਵਾਲ ਕਰਦੀ ਸੋਨੂੰ ਨੇ ਬਹਾਨਾ ਲਾਉਂਦਿਆਂ ਕਿਹਾ, ਪਲੀਜ਼, ਤੁਸੀਂ ਜਾਉ, ਮੇਰੇ ਸਿਰ ਦਰਦ ਹੋ ਰਿਹਾ ਹੈ, ਮੈਂ ਥੋੜ੍ਹੀ ਦੇਰ ਆਰਾਮ ਕਰਨਾ ਚਾਹੁੰਦਾ ਹਾਂ।

ਸੀਮਾ ਫੇਰ ਬੋਲ ਪਈ, ਤੁਸੀਂ ਦੋ ਮਿੰਟ ਰੁਕੋ, ਮੈਂ ਤੁਹਾਡੇ ਲਈ, ਦਰਦ ਵਾਲੀ ਗੋਲੀ ਲੈ ਕੇ ਆਉਂਦੀ ਹਾਂ।

ਸੋਨੂੰ ਨੇ ਪਿੱਛਾ ਛੁਡਾਉਣ ਲਈ ਕਿਹਾ, ਗੋਲੀ ਮੇਰੇ ਕੋਲ ਹੈ, ਮੈਂ ਰੁਕ ਕੇ ਖਾ ਲਵਾਂਗਾ।

ਸੀਮਾ ਕਿਥੇ ਮੰਨੇ ਉਹ ਤਾਂ ਅੱਜ ਸੋਚ ਕੇ ਆਈ ਸੀ, ਆਪਣੇ ਮਨ ਦੀ ਗੱਲ ਇਸ ਨਾਲ ਕਰ ਕੇ ਜਾਣੀ ਹੈ ਤੇ ਇਸ ਦੇ ਮੂੰਹ ਵਿੱਚੋਂ ਆਪਣੇ ਬਾਰੇ ਵੀ ਕੁਝ ਕੱਢਵਾ ਕੇ ਜਾਣਾ ਹੈ। ਉਹ ਅੱਗੋਂ ਬੋਲੀ, ਦੱਸੋ, ਗੋਲੀ ਕਿਥੇ ਪਈ ਹੈ ਮੈਂ ਖਵਾ ਕੇ ਜਾਵਾਂਗੀ।

ਸੋਨੂੰ ਆਪਣੇ ਆਪ ਨੂੰ ਕੁੜਿੱਕੀ ਵਿੱਚ ਫਸਿਆ ਮਹਿਸੂਸ ਕੀਤਾ, ਪਲੀਜ਼, ਤੁਸੀਂ ਜਾਉ, ਮੈਂ ਆਪ ਹੀ ਲੈ ਲਵਾਂਗਾ ਜੀ, ਤੁਹਾਡਾ ਧੰਨਵਾਦ। ਉਸ ਨੇ ਕਿਹਾ।

ਸੋਨੂੰ ਵੱਲੋਂ ਮਿਲੇ ਰੁੱਖੇ ਜਿਹੇ ਜਵਾਬ ਤੋਂ ਨਿਰਾਸ਼ ਹੋਈ ਸੀਮਾ ਬੋਲੀ, ਠੀਕ ਹੈ, ਜਿਵੇਂ ਤੁਹਾਡੀ ਮਰਜ਼ੀ।

ਉਹ ਵੀ ਬਿਨਾਂ ਉਸ ਵੱਲ ਦੇਖੇ, ਕਮਰੇ ਵਿੱਚੋਂ ਬਾਹਰ ਜਾਂਦੀ-ਜਾਂਦੀ, ਆਪਣਾ ਗੁੱਸਾ ਦਿਖਾਉਣ ਲਈ, ਦਰਵਾਜ਼ੇ ਨੂੰ ਜ਼ੋਰ ਦੀ ਹੱਥ ਮਾਰ ਕੇ ਚਲੀ ਗਈ।

ਉਸ ਦੇ ਜਾਣ ਤੋਂ ਬਾਅਦ ਸੋਨੂੰ ਹੈਰਾਨ ਹੋਇਆ ਤੇ ਸੋਚਣ ਲੱਗ ਪਿਆ ਕਿ ਇਹ ਕੁੜੀ ਸੁਦੈਣ ਹੈ। ਫਿਰ ਸੋਚਣ ਲਈ ਮਜ਼ਬੂਰ ਹੋ ਗਿਆ...ਯਾਰ ਇਹ ਤਾਂ ਹੋਰ ਹੀ ਪਾਸੇ ਤੁਰ ਪਈ, ਮੇਰੇ ਬਾਰੇ ਜੇਕਰ ਸੱਚ ਪਤਾ ਲੱਗ ਗਿਆ ਤਾਂ ਵੀ ਮੇਰੇ ਨਾਲ ਰਹਿਣ ਨੂੰ ਤਿਆਰ ਹੋ ਜਾਵੇਗੀ...ਪਰ ਇਹ ਤਿਆਰ ਹੋਈ ਵੀ ਤਾਂ ਮੈਂ ਕਿਥੇ ਰੱਖੂੰਗਾ? ਮੇਰਾ ਤਾਂ ਆਪਣਾ ਨਹੀਂ ਪਤਾ ਕੱਲ੍ਹ ਨੂੰ ਕੀ ਹੋ ਜਾਣਾ...ਇਹ ਨੂੰ ਪਿਆਰ ਨਾਲ ਸਮਝਾਉਣਾ ਪੈਣਾ ਕਿ ਮੈਂ ਤੇਰੇ ਲਾਇਕ ਨਹੀਂ ਹਾਂ। ਤੂੰ ਪੜ੍ਹੀ ਲਿਖੀ ਕੁੜੀ ਏਂ ਤੇ ਮੈਂ ਬਾਰਵੀਂ ਪਾਸ...ਤੇਰਾ ਮੇਰਾ ਕੀ ਮੇਲ? ਇਨ੍ਹਾਂ ਸੋਚਾਂ ਵਿੱਚ ਕਦ ਉਸ ਨੂੰ ਨੀਂਦ ਆ ਗਈ ਪਤਾ ਹੀ ਨਹੀਂ ਲੱਗਾ।

ਦੂਜੇ ਪਾਸੇ ਸੀਮਾ ਵੀ ਬੇਚੈਨ ਸੀ। ਉਸ ਨੇ ਬੜੀ ਦੇਰ ਸੋਚਣ ਤੋਂ ਬਾਅਦ ਇਹ ਫੈਸਲਾ ਕੀਤਾ ਕਿ ਇਹ ਮੁੰਡਾ ਤਾਂ ਇਸ਼ਕ ਵਾਲੇ ਮਾਮਲੇ ਵਿੱਚ ਅਨਾੜੀ ਹੈ। ਇਹ ਨੇ ਕਦੀ ਪਹਿਲ ਨਹੀਂ ਕਰਨੀ, ਆਪਣੇ ਮਨ ਦੀ ਗੱਲ ਕਰਨ ਲਈ, ਮੈਨੂੰ ਹੀ ਕੁਝ ਕਰਨਾ ਪੈਣਾ। ਉਸ ਨੇ ਬੀਜੀ ਹੋਰਾਂ ਦੇ ਆਉਣ ਤੋਂ ਪਹਿਲਾਂ ਪੰਜ ਕੁ ਲਾਈਨਾਂ ਦਾ ਇਕ ਰੁੱਕਾ ਲਿਖ ਲਿਆ ਸੋਨੂੰ ਨੂੰ ਦੇਣ ਲਈ। ਇਕ ਗੱਲ ਤਾਂ ਸੀਮਾ ਸਮਝ ਗਈ ਸੀ। ਬੰਗਲਾ ਭਾਸ਼ਾ ਤਾਂ ਇਸ ਨੂੰ ਆਉਂਦੀ ਨਹੀਂ ਹੋਣੀ, ਇਸ ਲਈ ਹਿੰਦੀ ਵਿੱਚ ਹੀ ਰੁੱਕਾ ਲਿਖਿਆ।

ਉਹ ਹਰ ਰੋਜ਼ ਕਾਲਜ ਜਾਣ ਲਈ ਬੱਸ ਸਟੈਂਡ ਤੱਕ ਸੋਨੂੰ ਨਾਲ ਜਾਂਦੀ ਹੀ ਸੀ। ਅੱਜ ਉਸ ਨੇ ਉਹ ਰੁੱਕਾ ਸੋਨੂੰ ਦੀ ਕਮੀਜ਼ ਦੀ ਉਪਰਲੀ ਜੇਬ ਵਿੱਚ ਪਾਉਂਦਿਆਂ ਕਿਹਾ, ਇਸ ਨੂੰ ਪੜ੍ਹ ਜ਼ਰੂਰ ਲਈਂ ਸ਼ਾਇਦ ਤੈਨੂੰ ਕੁਝ ਸਮਝ ਆ ਜਾਏ। ਸੋਨੂੰ ਬਿਨਾਂ ਕੋਈ ਜਵਾਬ ਦਿੱਤਿਆਂ ਟਰਾਂਸਪੋਰਟ ਵੱਲ ਚੱਲ ਪਿਆ।

ਸੋਨੂੰ ਦੀ ਹਿੰਮਤ ਨਹੀਂ ਹੋ ਰਹੀ ਕਿ ਰੁੱਕਾ ਜੇਬ ਵਿੱਚੋਂ ਕੱਢ ਕੇ ਪੜ੍ਹੇ। ਉਹ ਉਦਾਸ ਜਿਹਾ ਹੋਇਆ ਟਰਾਂਸਪੋਰਟ ਪੁੱਜ ਗਿਆ। ਆਖ਼ਿਰ ਉਸ ਨੇ ਦੁਪਹਿਰ ਨੂੰ ਇਕ ਪਾਸੇ ਜਾ ਕੇ ਰੁੱਕਾ ਕੱਢ ਕੇ ਪੜ੍ਹਨਾ ਸ਼ੁਰੂ ਕੀਤਾ। ਉਸ ਵਿੱਚ ਸੀਮਾ ਨੇ ਸਪੱਸ਼ਟ ਲਿਖਿਆ ਹੋਇਆ ਸੀ ਕਿ ਮੈਂ ਤੇਰੇ ਬਿਨਾਂ ਨਹੀਂ ਰਹਿ ਸਕਦੀ। ਇਸ ਤਰ੍ਹਾਂ ਦੀਆਂ ਬਾਕੀ ਲਾਈਨਾਂ ਵਿੱਚ ਵੀ ਇਹੋ ਜਿਹਾ ਹੀ ਕੁਝ ਸੀ। ਸੋਨੂੰ ਦਾ ਇਕ ਵਾਰ ਤਾਂ ਮਨ ਕੀਤਾ ਕਿ ਮੈਂ ਇਸ ਆ ਰਹੀ ਨਵੀਂ ਖ਼ੁਸ਼ਹਾਲ ਜ਼ਿੰਦਗੀ ਨੂੰ ਜੀ ਆਇਆਂ ਕਹਾਂ ਪਰ ਇਹ ਕਿਵੇਂ ਹੋ ਸਕਦੈ...ਸਾਰਾ ਦਿਨ ਸੋਨੂੰ ਕਈ ਗੱਲਾਂ ਸੋਚਦਾ ਰਿਹਾ। ਫਿਰ ਉਸ ਨੂੰ ਖ਼ਿਆਲ ਬੀਜੀ ਕੀ ਕਹਿਣਗੇ ਮੈਂ ਇਸ ਨੂੰ ਪੁੱਤਰਾਂ ਵਾਂਗ ਰੱਖਿਆ ਤੇ ਇਹ ਸਾਡੀ ਇੱਜ਼ਤ ਨੂੰ ਹੀ ਹੱਥ ਪਾ ਕੇ ਬਹਿ ਗਿਆ।

ਅੱਜ ਅਣਮੰਨੇ ਮਨ ਨਾਲ ਦੇਰ ਨਾਲ ਕਮਰੇ ਵੱਲ ਗਿਆ।

ਜਦ ਪੌੜੀਆਂ ਚੜ੍ਹਨ ਲੱਗਾ ਤਾਂ ਕਮਰੇ ਅੰਦਰੋਂ ਬੀਜੀ ਦੀ ਅਵਾਜ਼ ਆਈ, ਅੱਜ ਤਾਂ ਪੁੱਤ ਤੂੰ ਜ਼ਿਆਦਾ ਲੇਟ ਨਹੀਂ ਹੋ ਗਿਆ। ਚੱਲ ਜਾ ਕੇ ਮੂੰਹ ਹੱਥ ਧੋ ਲੈ, ਮੈਂ ਤੇਰੇ ਲਈ ਰੋਟੀ ਭੇਜਦੀ ਹਾਂ।

ਬਾਕੀ ਹਿਸਾ ਅਗਲੇ ਸਫ਼ੇ 33 ਤੇ ਪੜ੍ਹੋ

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ !
-ਸੰਪਾਦਕ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**721. ਕੀ ਸਾਕਤ ਦੇ ਕੀਤੇ ਪਾਪ ਨਸ਼ਟ ਹੋ ਸਕਦੇ ਹਨ?**

ਜੀ, ਕੀਤੇ ਜਾ ਸਕਦੇ ਹਨ! ਸਾਕਤ ਮਨੁੱਖ ਬੜੇ ਬੜੇ ਬੱਜਰ ਪਾਪ ਕਰਦੇ ਹਨ, (ਉਹਨਾਂ ਪਾਪਾਂ ਨੂੰ ਸਾੜਨ ਵਾਸਤੇ) ਗੁਰੂ ਨੂੰ ਮਿਲ ਕੇ (ਪ੍ਰਭੂ ਦੇ ਨਾਮ ਰੂਪੀ ਅੱਗ ਦੀ) ਚੁਆਤੀ ਦਿਓ । "ਮਹਾ ਉਗ੍ਰ ਪਾਪ ਸਾਕਤ ਨਰ ਕੀਨੇ ਮਿਲਿ ਸਾਧੂ ਲੂਕੀ ਦੀਜੈ ॥4॥ ਅੰਗ 1324" ।

**722. ਝੂਠ ਕੀ ਹੈ?**

ਹੇ ਪਿਆਰੇ ਮਿਤਰ ਮਨਾ! ਪ੍ਰਭੂ ਤੋਂ ਬਿਨਾ, ਉਸਦੇ ਨਾਮ ਤੋਂ ਬਿਨਾ ਸ੍ਰਿਸ਼ਟੀ ਦਾ ਪਸਾਰਾ ਝੂਠਾ ਹੈ; ਭਾਵ ਨਾਸਵੰਤ ਹੈ । "ਮਨ ਪਿਆਰਿਆ ਜੀ ਮਿਤ੍ਰਾ ਹਰਿ ਬਿਨੁ ਝੂਠੁ ਪਸਾਰੇ ॥ ਅੰਗ 79", "ਨਾਨਕੁ ਸਿਖ ਦੇਇ ਮਨ ਪ੍ਰੀਤਮ ਬਿਨੁ ਹਰਿ ਝੂਠ ਪਸਾਰੇ॥2॥ ਅੰਗ 79", ਨਾਮ ਬਿਨਾ ਝੂਠੇ ਪਾਸਾਰਾ ॥7॥ ਅੰਗ 240", "ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥1॥ ਰਹਾਉ ॥ ਅੰਗ 694", "ਨਾਮ ਬਿਨਾ ਸਭੁ ਝੂਠੁ ਪਰਾਨੀ ॥ ਅੰਗ 890" । ਅਤੇ, ਹਰਿ ਕੇ ਨਾਮ ਬਿਨਾ ਸਭ ਝੂਠੁ ॥ ਅੰਗ 1151" । "ਇਕ ਪ੍ਰਭੂ ਜੋ ਕਿ ਸ਼ੁਰੂ ਤੋਂ ਹੈ, ਸਾਰੇ ਜੁਗਾਂ 'ਚ ਸੀ ਤੇ ਅਗਾਂਹ ਨੂੰ ਵੀ ਹੋਵੇਗਾ ਤੋਂ ਬਿਨਾ ਹੋਰ ਸਭ ਝੂਠਾ ਜਾਣੋ। "ਆਦਿ ਜੁਗਾਦੀ ਹੈ ਭੀ ਹੋਸੀ ਅਵਰੁ ਝੂਠਾ ਸਭੁ ਮਾਨੋ ॥ ਅੰਗ 437" । ਕਿਹਨੂੰ ਸਮਝਾਈਐ ਕਿ ਇਹ ਸੰਸਾਰ ਝੂਠਾ ਹੈ । "ਝੂਠਾ ਇਹੁ ਸੰਸਾਰੁ ਕਿਨਿ ਸਮਝਾਈਐ ॥ ਅੰਗ 147" । ਨਾਨਕ ਆਖਦਾ ਹੈ—ਹੇ ਮਿੱਤਰ! ਇਹ ਜਾਣ ਲੈ ਕਿ ਜਗਤ ਦੀ ਰਚਨਾ ਸਭ ਝੂਠ (ਨਾਸਵੰਤ) ਹੈ । ਰੇਤ ਦੀ ਕੰਧ ਵਾਂਗ ਇਹ ਸਦਾ ਕਾਇਮ ਰਹਿਣ ਵਾਲ਼ੀ ਨਹੀਂ ਹੈ । "ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥ ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ 49॥ ਅੰਗ 1429" । ਪ੍ਰਭੂ ਦੇ ਨਾਮ ਤੋਂ ਬਿਨਾ ਬਾਕੀ ਸਭ ਝੂਠ ਹੈ! ਭਾਵ ਨਾਸਵੰਤ ਹੈ, ਸਦਾ ਰਹਿਣ ਵਾਲ਼ਾ ਨਹੀਂ । ਅਤੇ, ਹੇ ਨਾਨਕ! ਸੱਚੇ ਪ੍ਰਭੂ ਦੇ ਨਾਮ ਤੋਂ ਬਿਨਾ ਮਨੁੱਖ ਦਾ ਸੰਸਾਰ ਤੇ ਆਉਣਾ ਜਾਣਾ ਝੂਠ ਹੈ ਅਤੇ ਪ੍ਰਭੂ ਦੇ ਦਰ ਤੇ ਕੋਈ ਆਸਰਾ ਨਹੀਂ ਮਿਲਦਾ । "ਹਰਿ ਕੇ ਨਾਮ ਬਿਨਾ ਸਭ ਝੂਠੁ॥ ਅੰਗ 1151", "ਨਾਨਕ ਸਚੇ ਨਾਮ ਵਿਣੁ ਝੂਠਾ ਆਵਣ ਜਾਣੁ ॥ ਅੰਗ 936"। ਅਤੇ, "ਨਾਮ ਬਿਨਾ ਨਾਹੀ ਦਰਿ ਢੋਈ ਝੂਠਾ ਆਵਣ ਜਾਣੁ ॥ ਅੰਗ 992" । ਇਹ ਧਨ, ਦੌਲਤ, ਮਾਇਆ ਤੇ ਇਸ ਨਾਲ਼ ਪ੍ਰੀਤ ਝੂਠੀ ਹੈ, ਅੰਤ ਨੂੰ ਇਸਨੇ ਨਾਲ ਨਹੀਂ ਜਾਣਾ, ਇਸਨੂੰ ਛੱਡ ਕੇ ਜਾਣਾ ਪੈਣਾ । "ਇਹੁ ਧਨੁ ਸੰਪੈ ਮਾਇਆ ਝੂਠੀ ਅੰਤਿ ਛੋਡਿ ਚਲਿਆ ਪਛੁਤਾਈ ॥ ਅੰਗ 77" । ਅਤੇ, ਇਹੁ ਮੋਹੁ ਮਾਇਆ ਤੇਰੈ ਸੰਗਿ ਨ ਚਾਲੈ ਝੂਠੀ ਪ੍ਰੀਤਿ ਲਗਾਈ ॥ ਅੰਗ 78" ਅਤੇ, "ਚਲਦਿਆ ਸਭ ਨਾਲਿ ਨ ਚਲਈ ਸਭੁ ਝੂਠੁ ਦਰਬੁ ਲਖਾ ॥ ਅੰਗ 1087" । ਪ੍ਰਭੂ ਤੋਂ ਬਿਨਾ ਹੋਰ ਕੁਛ ਵੀ ਕੰਮ ਨਹੀਂ ਆਉਂਦਾ, ਝੂਠਾ ਮਾਇਆ ਦਾ ਮੋਹ ਹੈ ਤੇ ਝੂਠਾ ਹੈ ਇਸਦਾ ਪਸਾਰਾ । "ਬਿਨੁ ਹਰਿ ਅਵਰੁ ਨ ਆਵਸਿ ਕਾਮਾ ਝੂਠਾ ਮੋਹੁ ਮਿਥਿਆ ਪਸਾਰੇ ॥1॥ਰਹਾਉ ॥ ਅੰਗ 387" । ਮਾਇਆ ਦਾ ਸਭ ਸ਼ੋਰ (ਰੌਲਾ ਰੱਪਾ) ਤੇ ਹੰਕਾਰ ਦਾ ਨਸ਼ਾ ਝੂਠਾ ਹੈ । "ਝੂਠਾ ਮਾਇਆ ਕਾ ਸਭੁ ਸੋਰੁ ॥ ਅੰਗ 178" । ਅਤੇ, "ਝੂਠੋ ਮਾਇਆ ਕੋ ਮਦ ਮਾਨੁ ॥ ਅੰਗ 1215" । ਇਸ ਕਰਕੇ ਸਤਿਗੁਰੂ ਜੀ ਉਪਦੇਸ਼ ਕਰਦੇ ਹਨ ਕਿ ਝੂਠਾ ਮਾਣ ਕਿਉਂ ਕਰਦਾ ਹੈਂ? ਜਗਤ ਨੂੰ ਸੁਪਨੇ ਵਾਂਗ ਜਾਣ । ਨਾਨਕ ਬਿਆਨ ਕਰ ਰਿਹਾ ਹੈ ਕਿ ਇਹਨਾਂ ਵਿਚੋਂ ਤੇਰਾ ਕੁਛ ਭੀ ਨਹੀਂ ਹੈ; ਭਾਵ ਕਿਸੇ ਨੇ/ਕੋਈ ਚੀਜ਼ ਤੇਰੇ ਨਾਲ ਨਹੀਂ ਜਾਣੀ । "ਝੂਠੈ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨੁ ॥ ਇਨ ਮੈ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨਿ ॥41॥ ਸਾਰੀ ਲੋਕਾਈ (ਮਾਇਆ ਕਮਾਉਣ ਖਾਤਿਰ) ਝੂਠੇ ਧੰਧਿਆਂ ਦੇ ਮੋਹ 'ਚ ਪਲਚ ਪਲਚ ਕੇ ਮਰ ਗਈ ਹੈ । ਇਕ ਪ੍ਰਭੂ ਦੇ ਨਾਮ ਤੋਂ ਬਿਨਾ (ਸਾਰੇ ਪੁੰਨ, ਕਰਮ ਕਾਂਡ, ਆਦਿ) ਪਰਲੋਕ ਵਿਚ (ਜਮ ਜਗਾਤੀ) ਖੋਹ ਲੈਂਦੇ ਹਨ । "ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ ਇਕਸ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥ ਅੰਗ 133" । ਅਤੇ, "ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥ ਅੰਗ 747" । ਮਾਇਆ ਦੇ ਝੂਠੈ ਮੋਹ ਨੇ ਸੰਸਾਰ ਨੂੰ ਭਰਮ ਵਿਚ ਭੁਲਾ ਰੱਖਿਆ ਹੈ । "ਝੂਠੈ ਮੋਹਿ ਭਰਮਿ ਭੁਲਾਈ ॥1॥ ਅੰਗ 357"। ਸਾਰੇ ਸਾਕ/ਰਿਸ਼ਤੇ ਨਾਮ ਮਾਤਰ ਹੀ ਹਨ ਤੇ ਝੂਠੇ ਹਨ ਅਤੇ ਇਹਨਾਂ ਨਾਲ਼ ਪ੍ਰੀਤ ਵੀ ਝੂਠੀ ਹੈ! "ਨਾਮ ਧਰੀਕ ਝੂਠੇ ਸਭਿ ਸਾਕ ॥1॥ ਅੰਗ 188" । ਅਤੇ, "ਜਗਤ ਮੈ ਝੂਠੀ ਦੇਖੀ ਪ੍ਰੀਤਿ ॥ ਅੰਗ 536" । ਜਗਤ ਨਾਲ਼ ਝੂਠੀ ਪ੍ਰੀਤ ਟੁੱਟ ਜਾਂਦੀ ਹੈ । "ਜਗ ਸਿਉ ਝੂਠੀ ਝੂਠ ਪਰੀਤਿ ॥1॥ ਅੰਗ 1187" । ਕਬੀਰ ਜੀ ਬਚਨ ਕਰਦੇ ਹਨ ਕਿ ਹੇ ਸੰਤੋ ਸੁਣੋ ਮੇਰੀ ਮੇਰੀ (ਇਹ ਮੇਰਾ ਹੈ, ਔਹ ਮੇਰਾ ਹੈ) ਝੂਠ ਹੈ । "ਕਹੈ ਕਬੀਰੁ ਸੁਨਹੁ ਰੇ ਸੰਤਹੁ ਮੇਰੀ ਮੇਰੀ ਝੂਠੀ ॥ ਅੰਗ 480" । ਸਾਡਾ ਇਹ ਸਰੀਰ ਵੀ ਝੂਠਾ ਹੈ, ਇਹ ਰਾਤ ਦੇ ਸੁਪਨੇ ਦੀ ਤਰ੍ਹਾਂ ਹੈ ਅਤੇ ਇਸਨੂੰ ਅਸੀਂ ਸੱਚਾ (ਸਦਾ ਰਹਿਣ ਵਾਲ਼ਾ) ਮੰਨੀ ਬੈਠੇ ਹਾਂ । "ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥1॥ ਅੰਗ 219" । ਬੰਦਿਆ ਤੂੰ ਇਸ ਸਰੀਰ ਦਾ ਹੰਕਾਰ ਕਿਉਂ ਕਰਦਾ ਹੈਂ? ਇਸ ਝੂਠੇ ਸਰੀਰ ਨੇ ਨਾਸ ਹੋ ਜਾਣਾ ਹੈ । "ਕਾਹੇ ਰੇ ਨਰ ਗਰਬੁ ਕਰਤ ਹਹੁ ਬਿਨਸਿ ਜਾਇ ਝੂਠੀ ਦੇਹੀ ॥1॥ ਰਹਾਉ ॥ ਅੰਗ 692" ।

ਸ਼ਿੰਗਾਰ, ਮਿੱਠੇ ਰਸ ਭੋਜਨ ਭੋਗਣੇ ਸਭ ਝੂਠ ਹਨ ਤੇ ਕਿਸੇ ਲੇਖੇ ਨਹੀਂ । "ਸੀਗਾਰ ਮਿਠ ਰਸ ਭੋਗ ਭੋਜਨ ਸਭੁ ਝੂਠੁ ਕਿਤੈ ਨ ਲੇਖਏ॥ ਅੰਗ 242" । ਜਗਤ ਦਾ ਸੁਖ ਤੇ ਸ਼ਾਨੋ ਸ਼ੌਕਤ ਸਭ ਝੂਠੇ ਹਨ । "ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ ॥1॥ ਰਹਾਉ॥ ਅੰਗ 1352" । ਪ੍ਰਭੂ ਦੀ ਭਗਤੀ ਤੋਂ ਬਿਨਾ ਜਿੰਨੇ ਪਿਆਰ ਤੇ ਸੁਆਦ ਹਨ, ਦਇਆਵਾਨ ਸੰਤ ਜਨ ਸਭ ਝੂਠੇ ਜਾਣਦੇ ਹਨ । "ਬਿਨੁ ਹਰਿ ਭਜਨ ਰੰਗ ਰਸ ਜੇਤੇ ਸੰਤ ਦਇਆਲ ਜਾਨੇ ਸਭਿ ਝੂਠੇ ॥ ਅੰਗ 717" ।

ਚਲਦਾ...

## ਲੜੀਵਾਰ ਨਾਵਲ

32 ਸਫ਼ੇ ਦੀ ਬਾਕੀ

ਉਨ੍ਹਾਂ ਵੱਲੋਂ ਇਕੋ ਸਾਹੇ ਕਹੀਆਂ ਗੱਲਾ ਦਾ ਜਵਾਬ ਸੋਨੂੰ ਨੇ ਇਕੋ ਵਾਕ ਵਿੱਚ ਹੀ ਦਿੰਦੇ ਕਿਹਾ, ਬੀਜੀ ਅੱਜ ਸਰਦਾਰ ਜੀ ਘਰ ਜਾਣਾ ਪੈ ਗਿਆ ਸੀ, ਰੋਟੀ ਉਥੋਂ ਹੀ ਖਾ ਆਇਆ ਹਾਂ।

ਸੋਨੂੰ ਹੁਣ ਸੀਮਾ ਤੋਂ ਬਚਣ ਦਾ ਹਰ ਹੀਲਾ ਵਰਤਣ ਲੱਗ ਪਿਆ। ਉਸ ਤੋਂ ਪਹਿਲਾਂ ਘਰੋਂ ਚਲਾ ਜਾਂਦਾ ਤੇ ਰਾਤ ਨੂੰ ਵੀ ਥੋੜ੍ਹੀ ਦੇਰ ਨਾਲ ਆਉਂਦਾ। ਇਸ ਤਰ੍ਹਾਂ ਕਰਦਿਆਂ ਦੱਸ-ਪੰਦਰਾਂ ਦਿਨ ਲੰਘ ਗਏ।

ਇਕ ਦਿਨ ਸੋਨੂੰ ਜਲਦੀ ਕਮਰੇ ਵਿੱਚ ਆਇਆ ਤਾਂ ਬੀਜੀ ਨੇ ਪੌੜੀਆਂ ਚੜ੍ਹਦੇ ਨੂੰ ਆਵਾਜ਼ ਮਾਰ ਕੇ ਕਿਹਾ, ਪੁੱਤ ਮੇਰੇ ਕੋਲ ਆ।

ਸੋਨੂੰ ਨੀਵੀਂ ਪਾ ਜਦ ਉਨ੍ਹਾਂ ਦੇ ਕਮਰੇ ਵਿੱਚ ਗਿਆ ਤਾਂ ਇਕ ਬਾਬੂ ਜਿਹਾ ਬੰਦਾ ਅਤੇ ਉਸ ਦੀ ਘਰਵਾਲੀ ਨਾਲ ਇਕ ਖ਼ੂਬਸੂਰਤ ਨੌਜਵਾਨ ਕਲੀਨਸ਼ੇਵ ਮੁੰਡਾ ਵੀ ਸਾਹਮਣੇ ਸੋਫ਼ੇ 'ਤੇ ਬੈਠੇ ਸਨ।

ਉਨ੍ਹਾਂ ਵੱਲ ਇਸ਼ਾਰਾ ਕਰ ਕੇ ਕਿਹਾ, ਸੋਨੂੰ! ਇਹ ਸਾਡੇ ਰਿਸ਼ਤੇਦਾਰ ਹਨ। ਇਹ ਇਨ੍ਹਾਂ ਦਾ ਬੇਟਾ ਰਾਮ ਲਾਲ ਹੈ। ਅੱਜ ਹੀ ਪੰਜਾਬ ਦੇ ਜਲੰਧਰ ਤੋਂ ਆਏ ਹਨ, ਕੱਲ੍ਹ ਸੀਮਾ ਦਾ ਇਸ ਬੇਟੇ ਨਾਲ ਰਿਸ਼ਤਾ ਪੱਕਾ ਕਰਨਾ ਹੈ ਤੂੰ ਕੱਲ੍ਹ ਛੁੱਟੀ ਕਰ ਲਈਂ।

ਫਿਰ ਉਨ੍ਹਾਂ ਨਾਲ ਬੀਜੀ ਨੇ ਸੋਨੂੰ ਦੀ ਜਾਣ-ਪਹਿਚਾਣ ਕਰਾਉਂਦੇ ਕਿਹਾ, ਭਾਈ ਸਾਹਿਬ ਇਹ ਹੀ ਸਮਝੋ ਸਾਡੇ ਪੁੱਤਰਾਂ ਵਰਗਾ ਹੀ ਹੈ... ਇਹ ਸੋਨੂੰ।

ਸੋਨੂੰ ਪੌੜੀਆਂ ਚੜ੍ਹਦਾ ਇਹ ਸੋਚ ਕੇ ਪਹਿਲਾਂ ਤਾਂ ਖ਼ੁਸ਼ ਹੋਇਆ, ਚਲੋ ਬਲਾ ਟਲੀ। ਪਰ ਕਮਰੇ ਵਿੱਚ ਜਾਂਦਾ ਉਦਾਸ ਹੋ ਗਿਆ। ਯਾਰ ਮੈਂ ਇਕੱਲਾ ਹੀ ਇਸੇ ਤਰ੍ਹਾਂ ਰੁਲਦਾ ਫਿਰਦਾ ਰਹਾਂਗਾ?

ਰਾਤ ਦੇ ਕੋਈ ਬਾਰਾਂ ਕੁ ਵਜੇ ਹੋਣੇ ਕਿਸੇ ਨੇ ਆ ਦਰਵਾਜ਼ਾ ਖੜਕਾਇਆ। ਸੋਨੂੰ ਵੀ ਜਾਗਦਾ ਹੀ ਪਿਆ ਸੀ। ਇਸ ਤੋਂ ਪਹਿਲਾਂ ਕਿ ਉਹ ਕੁਝ ਬੋਲਦਾ ਸੀਮਾ ਦੀ ਅਵਾਜ਼ ਆਈ, ਬੂਹਾ ਖੋਲ੍ਹ ਜਲਦੀ।

ਸੋਨੂੰ ਨੇ ਬੂਹਾ ਖੋਲ੍ਹਿਆ ਤਾਂ ਉਹ ਉਥੇ ਹੀ ਖੜ੍ਹੀ ਬੋਲੀ, ਮੈਂ ਤਾਂ ਵਿਆਹ ਤੇਰੇ ਨਾਲ ਹੀ ਕਰਵਾਉਣਾ ਹੈ, ਸਮਝ ਗਿਆ? ਹੁਣ ਤੂੰ ਸੋਚ ਲੈ ਸਵੇਰ ਤੱਕ। ਸੀਮਾ ਤਾਂ ਚਲੀ ਗਈ ਪਰ ਸੋਨੂੰ ਦੇ ਹੋਸ਼ ਉਡਾ ਗਈ।

ਸੋਨੂੰ ਨੇ ਬੜਾ ਸੋਚ ਸਮਝ ਕੇ ਆਪਣੇ ਜ਼ਰੂਰਤ ਦੇ ਕੱਪੜੇ ਇਕ ਬੈਗ ਵਿੱਚ ਪਾਏ ਤੇ ਸਵੇਰੇ ਚਾਰ ਕੁ ਵਜੇ ਜਦੋਂ ਬੀਜੀ ਹੋਰਾਂ ਦਾ ਪਰਿਵਾਰ ਸੁੱਤਾ ਪਿਆ ਸੀ, ਉਹ ਉਥੋਂ ਨਿਕਲ ਕੇ ਸਿੱਧਾ ਟਰਾਂਸਪੋਰਟ ਵੱਲ ਚੱਲ ਪਿਆ। ਸੋਨੂੰ ਨੂੰ ਕਲਕੱਤਾ ਵਿੱਚ ਰਹਿੰਦਿਆਂ ਢਾਈ ਸਾਲ ਹੋ ਚੱਲੇ ਸਨ। ਐਥੇ ਹੀ ਉਸ ਨੇ ਅਖ਼ਬਾਰਾਂ ਤੇ ਟੀ.ਵੀ. ਵਿੱਚ ਖ਼ਬਰਾਂ ਪੜ੍ਹੀਆਂ ਤੇ ਸੁਣੀਆਂ ਸਨ ਕਿ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਇਕ ਬੰਬ ਧਮਾਕੇ ਵਿੱਚ ਮਾਰ ਮੁਕਾਇਆ ਹੈ।

ਚਲਦਾ....

ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ।
ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME..........................................................................
ADDRESS......................................................................
..............................................POST CODE.............................
TEL.............................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***


PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388

*www.panjabtimes.uk Email: Panjabtimes@aol.com*

# ਕਹਾਣੀ

## ਸ਼ਿਵਚਰਨ ਜੱਗੀ ਕੁੱਸਾ



ਬਾਬਾ ਮੱਲ ਸਿੰਘ ਦੀ ਸਰਕਾਰੇ ਦਰਬਾਰੇ ਬੜੀ ਪੁੱਛ ਦੱਸ ਸੀ। ਹਰ ਅਫ਼ਸਰ ਬਾਬੇ ਨੂੰ ਬੜੇ ਸਤਿਕਾਰ ਨਾਲ ਮਿਲਦਾ। ਬਾਬੇ ਦੀ ਬੜ੍ਹਕ ਬਲਕਾਰੀ ਸ਼ੇਰ ਵਰਗੀ ਸੀ। ਪੰਦਰਾਂ ਸਾਲ ਪਿੰਡ ਦਾ ਸਰਪੰਚ ਰਿਹਾ। ਹਰ ਵਾਰੀ ਬਾਬਾ ਸਰਬ-ਸੰਮਤੀ ਨਾਲ ਸਰਪੰਚ ਚੁਣ ਲਿਆ ਜਾਂਦਾ ਸੀ। ਪਿੰਡ ਦਾ ਹਰ ਬੰਦਾ-ਬੁੜ੍ਹੀ ਬਾਬੇ ਦੀ ਦਿਲੋਂ ਇੱਜ਼ਤ ਕਰਦਾ। ਬੱਚੇ ਬਾਬੇ ਨੂੰ 'ਸਤਿ ਸ੍ਰੀ ਅਕਾਲ' ਆਖਦੇ ਤਾਂ ਬਾਬਾ 'ਗੁਰ-ਪੁਕਾਰ ਭਾਈ' ਆਖ ਕੇ ਉੱਤਰ ਦਿੰਦਾ। ਪੰਦਰਾਂ ਸਾਲ ਬਾਅਦ ਬਾਬੇ ਨੇ ਆਪ ਹੀ ਸਰਪੰਚੀ ਛੱਡ ਦਿੱਤੀ। ਲੋਕਾਂ ਨੇ ਬਥੇਰਾ ਜੋਰ ਪਾਇਆ, ਪਰ ਬਾਬੇ ਨੇ ਲੱਤ ਨਾ ਲਾਈ, "ਬੱਸ! ਹੁਣ ਨਾਮ ਈ ਜਪਣੈਂ!" ਆਖ ਕੇ ਸਾਰਿਆਂ ਨੂੰ ਚੁੱਪ ਕਰਵਾ ਦਿੱਤਾ। ਪੰਦਰਾਂ ਸਾਲਾਂ ਵਿਚ ਬਾਬੇ ਨੇ ਪਿੰਡ 'ਤੇ ਖੇੜਾ ਲੈ ਆਂਦਾ ਸੀ। ਕਿਧਰੇ ਗਲੀਆਂ ਪੱਕੀਆਂ ਕਰਵਾ, ਟੂਟੀਆਂ ਲੁਆ, ਗੱਲ ਕੀ, ਇਸ ਪਿੰਡ ਕੋਲ ਹਰ ਸਹੂਲਤ ਸੀ। ਪਿੰਡ ਵਿਚ ਕੋਈ ਲੜਾਈ ਝਗੜਾ ਹੁੰਦਾ ਤਾਂ ਸੱਥ ਵਿਚ ਬੈਠ ਕੇ ਹੀ ਨਬੇੜ ਲਿਆ ਜਾਂਦਾ। ਬਾਬੇ ਦੀ ਇਜਾਜ਼ਤ ਬਿਨਾ ਪੁਲੀਸ ਇਸ ਪਿੰਡ ਨਹੀਂ ਵੜਦੀ ਸੀ। ਬਾਬਾ ਨਾ ਖ਼ੁਦ ਦਾਰੂ ਪੀਂਦਾ ਸੀ ਅਤੇ ਨਾ ਹੀ ਕਿਸੇ ਨੂੰ ਪੀਣ ਦਿੰਦਾ ਸੀ। ਹਰ ਬੰਦੇ ਨੂੰ ਦਲੀਲ ਨਾਲ ਪ੍ਰੇਰਨਾ ਬਾਬੇ ਦਾ ਕਰਮ ਸੀ। ਨਾ ਬਾਬਾ ਧੱਕਾ ਕਰਦਾ ਸੀ ਅਤੇ ਨਾ ਹੀ ਜਰਦਾ ਸੀ। ਆਥਣ-ਸਵੇਰ ਗੁਰਦੁਆਰੇ ਜਾਣਾ, ਸੇਵਾ ਕਰਨੀ ਇਕ ਤਰ੍ਹਾਂ ਨਾਲ ਬਾਬੇ ਦਾ ਨਿੱਤ-ਨੇਮ ਬਣ ਗਿਆ ਸੀ। ਜ਼ਮੀਨ ਬਾਬੇ ਦੇ ਪ੍ਰੀਵਾਰ ਕੋਲ ਸੋਹਣੀ ਸੀ। ਘਰ ਇਕ ਫ਼ੋਰਡ ਟਰੈਕਟਰ ਸੀ। ਘਰ ਦਾ ਗੁਜ਼ਾਰਾ ਸੋਹਣਾ ਰਿੜ੍ਹਿਆ ਹੋਇਆ ਸੀ। ਬਾਬੇ ਦਾ ਵੱਡਾ ਮੁੰਡਾ ਕੈਨੇਡਾ ਵਿਆਹਿਆ ਹੋਇਆ ਸੀ। ਕੁਝ ਵਕਫ਼ਾ ਪਾ ਕੇ ਛੋਟਾ ਵੀ ਪਰਿਵਾਰ ਸਮੇਤ ਚਲਿਆ ਗਿਆ ਸੀ ਅਤੇ ਹੁਣ ਸਾਰਿਆਂ ਤੋਂ ਛੋਟਾ ਕਾਲਜ ਪੜ੍ਹਦਾ ਦਲਜੀਤ ਕੈਨੇਡਾ ਜਾਣ ਨੂੰ ਪੂਛ ਚੁੱਕੀ ਫਿਰਦਾ ਸੀ। ਬਾਬਾ ਸਾਰਿਆਂ ਤੋਂ ਛੋਟੇ ਦਲਜੀਤ ਨੂੰ ਬਾਹਰ ਭੇਜ ਕੇ ਖ਼ੁਸ਼ ਨਹੀਂ ਸੀ। ਬਾਬੇ ਦੇ ਘਰਵਾਲੀ ਸ਼ਮਸ਼ੇਰ ਕੌਰ, ਜਿਸ ਨੂੰ ਬਾਬਾ 'ਸ਼ਾਮੋਂ' ਹੀ ਆਖਦਾ, ਕਦੇ-ਕਦੇ ਛੋਟੇ ਦੀਆਂ ਆਦਤਾਂ ਤੋਂ ਦੁਖੀ ਹੋ ਕੇ ਆਖਦੀ, "ਐਵੂੰ ਤਾਂ ਰੱਬ ਇਕ ਅੱਧੀ ਕੁੜੀ ਈ ਦੇ ਦਿੰਦਾ-ਕਦੇ ਕਦਾਈਂ ਬੁੜ੍ਹੀ ਧੀ ਨਾਲ ਦਿਲ ਹੌਲਾ ਈ ਕਰ ਲੈਂਦੀ ਐ-ਮੁੰਡਿਆਂ ਨੂੰ ਤਾਂ ਨਾ ਚੜ੍ਹੀਦੀ ਨਾ ਲੱਥੀਦੀ-ਇਕ ਇਹ ਪਿਉ ਦੇ ਝਮਲਾਏ ਬਾਹਲੇ ਐ-ਜਾਣੀ ਦੀ ਸਹੁੰ ਵੀਰ ਦੀ-ਮੈਨੂੰ ਤਾਂ ਧੀ ਬਗੈਰ ਘਰ ਛੜਿਆਂ ਦਾ ਘਰ ਜਿਆ ਲੱਗਦੈ।" ਸ਼ਾਮੋਂ ਕਦੇ-ਕਦੇ ਅੰਦਰਲੀ ਭੜ੍ਹਾਸ ਕੱਢ ਲੈਂਦੀ।

ਸ਼ਾਮ ਨੂੰ ਬਾਬਾ ਜਦੋਂ ਗੁਰਦੁਆਰਿਓਂ ਵਾਪਿਸ ਆਇਆ ਤਾਂ ਟਰੈਕਟਰ ਘਰੇ ਖੜ੍ਹਾ ਸੀ। ਸੀਰੀ ਬਿੱਲੂ ਪਸ਼ੂਆਂ ਨੂੰ ਪੱਠੇ ਪਾ ਰਿਹਾ ਸੀ।

-"ਬਿੱਲੂ! ਜੀਤਾ ਕਿੱਥੇ ਐ?" ਬਾਬੇ ਨੇ ਪੁੱਛਿਆ।

-"ਉਹ ਤਾਂ ਬਾਬਾ ਜੀ ਪਰਸੋਂ ਦਾ ਖੇਤ ਈ ਨ੍ਹੀ ਆਇਆ।"

-"ਗਿਆ ਕਿੱਥੇ ਐ?"

-"ਪਤਾ ਨ੍ਹੀ - ਅੰਮਾਂ ਨੂੰ ਪਤਾ ਹੋਣੈਂ।"



# ਤੂੰ ਸੁੱਤਾ ਰੱਬ ਜਾਗਦਾ

-"ਨੀ ਸ਼ਾਮੋਂ...!" ਬਾਬੇ ਦੀ ਘੜਿਆਲ ਵਰਗੀ ਅਵਾਜ਼ ਗੂੰਜੀ।

-"ਹਾਂ...! ਕੀ ਐ?"

-"ਦਲਜੀਤਾ ਕਿੱਥੇ ਐ ਆਪਣਾ?"

-"ਪਤਾ ਨ੍ਹੀ ਕਿੱਥੇ ਐ-ਪਰਸੋਂ ਪਾਸਕੋਰਟ ਬਣਾਉਣੈਂ - ਪਾਸਕੋਰਟ ਬਣਾਉਣੈਂ ਕਰਦਾ ਫਿਰਦਾ ਸੀ - ਕਾਲਜੋਂ ਈ ਨ੍ਹੀ ਮੁੜ ਕੇ ਆਇਆ।"

-"ਬਣਾਉਣੈਂ ਪਾਸਪੋਰਟ-ਮੈਂ ਠਿੱਬੀਂ ਵੀ ਡਹਿਜੂੰ-ਦੋ ਗਏ ਤਾਂ ਢੀਠ ਹੋ ਕੇ ਉਥੇ ਈ ਬਹਿਗੇ-ਤੇ ਆਹ ਜਮੀਨ ਇਹਨਾਂ ਦਾ ਪਿਉ ਸਾਂਭੂ? ਮੈਂ ਸਾਰੀ ਵੇਚ ਕੇ ਪਰ੍ਹੇ ਮਾਰਨੀ ਐਂ-ਸਾਲੇ ਸਿੱਧੇ ਤੁਰਦੇ ਤੁਰਦੇ ਬਲਦ ਮੁਤਣੀਆਂ ਪਾਉਣ ਲੱਗ ਪੈਂਦੇ ਐ-ਜਦੋਂ ਹੁਣ ਆਇਆ ਜੁੜ ਪਾ ਕੇ ਰੱਖੀਂ ਮੇਰੇ ਆਉਣ ਤੱਕ-ਮੈਂ ਕਰਦੈਂ ਉਹਨੂੰ ਬੱਤ!"

-"ਮੇਰੀ ਤਾਂ ਕੋਈ ਨ੍ਹੀ ਸੁਣਦਾ! ਸਾਰੇ ਈ ਗਲ ਨੂੰ ਆਉਂਦੇ ਐ।" ਸ਼ਾਮੋਂ ਨੇ ਬੇਵੱਸੀ ਜ਼ਾਹਿਰ ਕੀਤੀ।

-"ਸੁਣਦਾ ਕਿਮੇਂ ਨ੍ਹੀ? ਤੂੰ ਉਹਦੀ ਮਾਂ ਐਂ - ਚਾਰ ਮਾਰ ਪੌਲੇ ਸਿਰ 'ਚ!"

ਸ਼ਾਮੋਂ ਚੁੱਪ ਸੀ।

-"ਬਰਾਬਰ ਦੇ ਪੁੱਤ ਨੂੰ ਘੂਰਨਾ ਵੀ ਠੀਕ ਨ੍ਹੀ ਬਾਬਾ!" ਵੀਹਾਂ ਸਾਲਾਂ ਤੋਂ ਨਾਲ ਚੱਲੇ ਆ ਰਹੇ ਸੀਰੀ ਨੇ ਕਿਹਾ।

-"ਕਿਉਂ? ਇਉਂ ਤਾਂ ਸਾਲੇ ਨਾਸੀਂ ਧੂੰਆਂ ਲਿਆ ਦੇਣਗੇ ਆਪਹੁਦਰੇ ਹੋ ਕੇ!"

-"ਬਾਬਾ ਸਿਆਣੇ ਕਹਿੰਦੇ ਹੁੰਦੇ ਐ ਬਈ ਜੇ ਬੋਤਾ ਇੱਛ-ਇੱਛ ਕਰੇ ਤੋਂ ਨਾ ਬੈਠੇ, ਉਹਦਾ ਕੀ ਕਰ ਲਈਏ? ਫੜ ਕੇ ਤਾਂ ਬਿਠਾਉਣੋਂ ਰਹੇ?" ਸੀਰੀ ਸਿਆਣਾ ਸੀ।

-"ਫੇਰ ਡੰਡਾ...! ਡੰਡਾ ਬਿੱਲੂ ਵੱਡਿਆਂ ਵੱਡਿਆਂ ਦੀ ਗੋਡੀ ਲੁਆ ਦਿੰਦੈ।"

-"ਫੇਰ ਘਰ 'ਚ ਬਖਾਧ ਈ ਵਧੂ-ਬਾਧੂ ਕਲੇਸ਼ ਦਾ ਕੀ ਫਾਇਦਾ?" ਸ਼ਾਮੋਂ ਬੋਲੀ। ਬਾਬਾ ਅਣਸੁਣੀ ਕਰਕੇ ਬਾਹਰ ਨਿਕਲ ਗਿਆ। ਕਈ ਲੋਕ ਬਾਬੇ ਨੂੰ 'ਜੱਥੇਦਾਰ' ਅਤੇ ਕਈ 'ਕਮਲਾ ਅਕਾਲੀ' ਵੀ ਆਖਦੇ ਸਨ।

ਧੌਅ-ਪੀਏ ਜਿਹੇ ਹੋਏ ਦਲਜੀਤ ਘਰ ਆ ਗਿਆ। ਉਹ ਡਿੱਕਡੋਲੇ ਜਿਹੇ ਖਾਂਦਾ ਫਿਰਦਾ ਸੀ। ਲੱਗਦਾ ਸੀ ਉਸ ਦੀ ਦਾਰੂ ਪੀਤੀ ਹੋਈ ਸੀ। ਬਾਬੇ ਦੀਆਂ ਅੱਖਾਂ 'ਚੋਂ ਚੰਗਿਆੜੇ ਫੁੱਟੇ। ਪਰ ਉਹ ਕਸੂਤਾ ਮੌਕਾ ਦੇਖ ਕੇ ਚੁੱਪ ਕਰ ਗਿਆ। ਜੁਆਨ ਅਤੇ ਸ਼ਰਾਬੀ ਪੁੱਤ ਨਾਲ ਝਗੜਾ ਕਰਕੇ ਉਹ ਲੋਕਾਂ ਨੂੰ ਤਮਾਸ਼ਾ ਨਹੀਂ ਦਿਖਾਉਣਾ ਚਾਹੁੰਦਾ ਸੀ। ਸਾਰੇ ਪਿੰਡ ਦੀ ਮੁੰਡੀਹਰ ਬਾਬੇ ਦਾ ਭੈਅ ਮੰਨਦੀ ਸੀ। ਪਰ ਅੱਜ ਦਲਜੀਤ ਹੀ ਬਾਬੇ ਦੀ ਦਸਤਾਰ ਸੱਥ ਵਿਚ ਰੋਲਣ ਲਈ ਤਿਆਰ ਸੀ।

ਸ਼ਾਮੋਂ ਨੇ ਪੁੱਤ ਨੂੰ ਰੋਟੀ ਪੁੱਛੀ, ਪਰ ਉਹ ਮੱਟ ਬਣਿਆਂ ਚੁੱਪ-ਚਾਪ ਚੁਬਾਰੇ ਚੜ੍ਹ ਗਿਆ। ਉਸ ਦੀ ਬੁੜ-ਬੁੜ ਬਾਬੇ ਅਤੇ ਸ਼ਾਮੋਂ ਨੂੰ ਥੱਲੇ ਤੱਕ ਸੁਣਦੀ ਰਹੀ। ਦੋਨੋਂ ਜੀਅ ਸੜੇ-ਭੁੱਜੇ ਪਾਸੇ ਪਰਤਦੇ ਰਹੇ। ਬੇਬੇ ਸ਼ਾਮੋਂ ਨੂੰ ਬਾਬੇ ਤੋਂ ਡਰ ਆ ਰਿਹਾ ਸੀ। ਪਤਾ ਨਹੀਂ ਕਿਹੜੇ ਮੌਕੇ ਬਾਬੇ ਦੇ ਅੰਦਰੋਂ ਜੁਆਲਾ-ਮੁਖੀ ਫੁੱਟ ਪੈਣਾ ਸੀ? ਉਸ ਨੇ ਤਾਂ ਰੈਂਗੜਾ ਫੜ ਕੇ ਦਲਜੀਤ ਦੀ ਤਹਿ ਲਾ ਦੇਣੀਂ ਸੀ। ਬੇਬੇ ਸਾਰੀ ਰਾਤ ਗੁਰੂ ਨੂੰ ਧਿਆਉਂਦੀ ਰਹੀ। ਸੁੱਖ ਸ਼ਾਂਤੀ ਬਖਸ਼ਣ ਲਈ ਅਰਦਾਸਾਂ ਕਰਦੀ ਰਹੀ। ਦਲਜੀਤ ਪਤਾ ਨਹੀਂ ਕਦੋਂ ਸੌਂ ਗਿਆ ਸੀ। ਬੇਬੇ ਅਤੇ ਬਾਬਾ ਸਾਰੀ ਰਾਤ ਨਹੀਂ ਸੁੱਤੇ ਸਨ। ਦਲਜੀਤ ਦੇ ਸੌਣ ਤੋਂ ਬਾਅਦ ਬਾਬੇ ਨੇ, "ਮਾਰ ਲਏ ਗੰਦੀ 'ਲਾਦ ਨੇ!" ਆਖਿਆ ਸੀ। ਬੇਬੇ ਸਾਹ ਘੁੱਟੀ ਪਾਠ ਕਰਦੀ ਰਹੀ ਸੀ। ਬਾਬੇ ਦੇ ਅੱਤੜ ਸੁਭਾਅ ਕਰਕੇ ਕੁਝ ਨਹੀਂ ਬੋਲੀ ਸੀ।

ਤੜਕੇ ਅੰਮ੍ਰਿਤ ਵੇਲੇ ਹੀ ਬਾਬਾ ਇਸ਼ਨਾਨ ਕਰਕੇ ਗੁਰਦੁਆਰੇ ਚਲਾ ਗਿਆ। ਬੇਬੇ ਨੇ ਸ਼ੁਕਰ ਕੀਤਾ। ਪਰ ਗੁਰੂ ਘਰ ਵੀ ਬਾਬੇ ਦਾ ਜੀਅ ਨਾ ਲੱਗਿਆ। ਗੁਰੂ ਮਹਾਰਾਜ ਦੀ ਤਾਬਿਆ ਵਿਚ ਬੈਠੇ ਦਾ ਮਨ ਭਰਦਾ ਰਿਹਾ। ਹਿੰਦ ਮਹਾਂਸਾਗਰ ਵਰਗੇ ਵਿਸ਼ਾਲ ਹਿਰਦੇ ਵਾਲਾ ਬਾਬਾ ਅੱਜ ਮੋਮਬੱਤੀ ਦੀ ਲਾਟ ਵਾਂਗ ਡੋਲ ਗਿਆ ਸੀ। ਸਾਰੀ ਜ਼ਿੰਦਗੀ ਹਿੱਕ ਦੀ ਜੋਰ 'ਤੇ ਕੱਟੀ ਸੀ। ਕੋਈ ਮੂਹਰੇ ਕੁਸਕਿਆ ਤੱਕ ਨਹੀਂ ਸੀ। ਪਰ ਅੱਜ ਬਾਬੇ ਨੂੰ ਰੱਤੀ-ਭਰ ਦਲਜੀਤ ਹੀ ਭੁਲਾ ਗਿਆ ਸੀ। ਆਪਣੀ ਹੀ ਜੰਮੀ ਔਲਾਦ! ਉਸ ਦਾ ਪਾਠ ਵੱਲ ਮਨ ਨਹੀਂ ਲੱਗ ਰਿਹਾ ਸੀ। ਬਿਰਤੀ ਪਲ-ਪਲ ਖੰਡਨ ਹੋ ਰਹੀ ਸੀ। ਦਿਲੋਂ ਬਾਬਾ ਅਥਾਹ ਦੁਖੀ ਸੀ। ਉਸ ਦੀ ਆਤਮਾ ਲਹੂ-ਲੁਹਾਣ, ਕੁਰਲਾਈ ਜਾ ਰਹੀ ਸੀ। ਗੁਰੂ ਦਾ ਵਾਕ ਅਤੇ ਦੇਗ ਲੈ ਕੇ ਬਾਬਾ ਘਰ ਆ ਗਿਆ। ਉਸ ਦਾ ਪਰਬਤ ਵਰਗਾ ਜਿਗਰਾ ਕਿਰ-ਕਿਰ ਪੈਂਦਾ ਸੀ!

ਸਵੇਰ ਦੇ ਅੱਠ ਵੱਜ ਚੁੱਕੇ ਸਨ। ਦਲਜੀਤ ਅਜੇ ਵੀ ਸੁੱਤਾ ਪਿਆ, ਘੁਰਾੜਿਆਂ ਦੀ ਚੱਕੀ ਪੀਸੀ ਜਾ ਰਿਹਾ ਸੀ।

-"ਸ਼ਾਮ ਕੁਰੇ, ਗੱਲ ਸੁਣ!" ਬਾਬਾ ਬੇਬੇ ਨਾਲ ਪਹਿਲੀ ਵਾਰ ਇਤਨਾ ਨਰਮ ਬੋਲਿਆ ਸੀ। ਬੇਬੇ ਕੋਲ ਆ ਗਈ। ਚਾਹ ਦਾ ਗਿਲਾਸ ਉਸ ਦੇ ਹੱਥ ਵਿਚ ਸੀ।

-"ਕੀ ਹੋਣਾ ਚਾਹੀਦੈ? ਰੌਲਾ ਕਰਦੇ ਐਂ, ਤਾਂ ਲੋਕ ਤਮਾਸ਼ਾ ਦੇਖਣਗੇ, ਸਾਰੀ ਉਮਰ ਦੀ ਕੀਤੀ ਕਰਾਈ ਖੂਹ 'ਚ ਜਾਊ, ਤੇ ਲੋਕਾਂ ਦੀ ਮੂੰਹ ਕਾਲਸ ਬਾਧੂ ਦੀ ਮਿਲੂ।"

-"ਤੁਸੀਂ ਮੇਰੀ ਸਾਰੀ ਉਮਰ ਨ੍ਹੀ ਸੁਣੀ-ਮੈਂ ਤਾਂ ਕਹਿੰਨੀ ਐਂ ਪਿਆਰ ਨਾਲ ਸਮਝਾਉਣ ਅਰਗੀ ਰੀਸ ਕੋਈ ਨ੍ਹੀ-ਜੇ ਕਹਿੰਦੈ-ਕਨੇਡੇ ਤੋਰ ਦਿਓ-ਐਥੇ ਇਹਦੀਆਂ ਘਤਿੱਤਾਂ ਤੋਂ ਮੈਨੂੰ ਡਰ ਲੱਗਦੈ!"

-"ਤੇ ਐਥੋਂ ਦਾ ਕੰਮ ਧੰਦਾ ਕੌਣ ਸਾਂਭੂ?"

-"ਆਪੇ ਬਿੱਲੂ ਹੋਰੀਂ ਕਰੀ ਜਾਣਗੇ-ਅੱਗੇ ਕਿਹੜਾ ਇਹੀ ਵਾਹੀ ਕਰਦੈ? ਬਥੇਰਾ ਕਰੀ ਜਾਂਦੇ ਐ ਜਿਉਣ ਜੋਕਰੇ-ਤੁਸੀਂ ਇਹਨੂੰ ਤੋਰੋ ਬਾਹਰ-ਵਿਹਲਾ ਰਿਹਾ ਬੰਦਾ ਕਦੇ ਕੰਮ ਨ੍ਹੀ ਕਰ ਸਕਦਾ-ਬਾਹਰ ਤਾਂ ਕਹਿੰਦੇ ਕੰਮ ਬਿਨਾ ਬੰਦੇ ਦੀ ਰੋਟੀ ਨ੍ਹੀ ਤੁਰਦੀ-ਜਦੋਂ ਹੱਥੀਂ ਕਰਕੇ ਖਾਣਾ ਪਿਆ-ਆਪੇ ਮੁੜ ਆਊ-ਗੁਰੂ 'ਤੇ ਭਰੋਸਾ ਕਰ ਕੇ ਇਹਨੂੰ ਹੱਥੀਂ ਤੋਰ ਦਿਓ-ਕਲੇਸ਼ ਪਾ ਕੇ ਤੋਰਿਆ ਤਾਂ ਕੀ ਤੋਰਿਆ?"

-"ਠੀਕ ਐ-ਮੈਂ ਸਕੂਲ ਤੱਕ ਜਾ ਆਵਾਂ-ਤੂੰ ਉਹਨੂੰ ਉਠਾ-ਉਹਦਾ ਪਾਸਪੋਰਟ ਬਣਨਾ ਦੇਈਏ।" ਤੇ ਬਾਬਾ ਤੁਰ ਗਿਆ। ਬੇਬੇ ਨੇ ਰੱਬ ਦਾ ਸ਼ੁਕਰ ਕੀਤਾ। ਨਹੀਂ ਅੜਬ ਬਾਬੇ ਤੋਂ ਉਸ ਨੂੰ ਇਤਨੀ ਭਦਰਕਾਰੀ ਦੀ ਉਕਾ ਹੀ ਉਮੀਦ ਨਹੀਂ ਸੀ। ਗੁਰੂ ਦੇ ਸ਼ੁਕਰਾਨੇ ਵਜੋਂ ਬੇਬੇ ਦੇ ਨੇਤਰ ਭਰ ਆਏ।

ਜਦੋਂ ਬਾਬਾ ਸਕੂਲੋਂ ਮੁੜ ਕੇ ਆਇਆ ਤਾਂ ਦਲਜੀਤ ਬੈਠਕ ਵਿਚ ਬੈਠਾ ਚਾਹ ਪੀ ਰਿਹਾ ਸੀ। ਬਾਬੇ ਨੂੰ ਤੱਕ ਕੇ ਉਸ ਦੀਆਂ ਨਜ਼ਰਾਂ ਝੁਕ ਗਈਆਂ। ਬੇਬੇ ਨੇ ਸਾਰੀ ਗੱਲ ਦੱਸ ਦਿੱਤੀ ਸੀ।

-"ਉਠ ਖੜ੍ਹਿਆ ਬਈ ਸ਼ੇਰਾ?"

-"ਹਾਂ ਬਾਪੂ ਜੀ!" ਉਹ ਨਮੋਸ਼ੀ ਦਾ ਮਾਰਿਆ ਹੋਇਆ ਸ਼ਰਮਿੰਦਾ ਸੀ।

-"ਜਾਹ ਫ਼ੌਜੀ ਨੂੰ ਗੱਡੀ ਆਖ ਕੇ ਆ-ਤੇਰਾ ਪਾਸਪੋਰਟ ਬਣਨਾ ਦੇਈਏ।"

-"ਪਾਸਕੋਰਟ ਤਾਂ ਇਹ ਬਣਨਾ ਦੇ ਵੀ ਆਇਆ!" ਬੇਬੇ ਨੇ ਪਾਸਿਓਂ ਕਿਹਾ।

-"ਹਲਾ...! ਤਾਂ-ਤਾਂ ਬੜਾ ਤੱਤਾ ਐ ਬਈ!" ਬਾਬੇ ਨਾਲ ਸਾਰੇ ਹੱਸ ਪਏ। ਬਿੱਲੂ ਪਸ਼ੂਆਂ ਨੂੰ ਪੱਠੇ ਪਾ ਰਿਹਾ ਸੀ।

-"ਲੈ ਸ਼ੇਰਾ ਗੱਲ ਸੁਣ! ਹੁਣ ਜਿੰਨਾਂ ਕੁ ਚਿਰ ਤੂੰ ਸਾਡੇ ਕੋਲ ਐਂ-ਮੇਰੀ ਮਿੰਨਤ ਐ ਦਾਰੂ ਨਾ ਪੀਈਂ ਸ਼ੇਰ ਬਣਕੇ-ਮੈਂ ਸਾਰੀ ਉਮਰ ਕਿਸੇ ਤੋਂ ਉਂਗਲ ਨ੍ਹੀ ਕਰਵਾਈ-ਮੇਰਾ ਪੁੱਤ ਬਣਕੇ ਸ਼ਰਾਬ ਨੂੰ ਮੂੰਹ ਨਾ ਲਾਈਂ-ਕਨੇਡਾ ਜਾ ਕੇ ਜੋ ਮਰਜੀ ਐ ਕਰੀ ਚੱਲੀਂ-ਕਿਹੜਾ ਅਸੀਂ ਤੈਨੂੰ ਦੇਖਣ ਆਉਣੈਂ?"

-"ਤੇਰਾ ਬਾਪੂ ਤੇਰੀ ਸ਼ਰਾਬ ਕਰਕੇ ਸਾਰੀ ਰਾਤ ਨ੍ਹੀ ਸੁੱਤਾ।" ਬੇਬੇ ਨੇ ਆਖਿਆ।

-"ਬਾਪੂ ਜੀ ਗਲਤੀ ਹੋ ਗਈ-ਕਸਮ ਖਾ ਕੇ ਆਖਦੈਂ-ਜਮਾਂ ਈ ਨ੍ਹੀ ਪੀਂਦਾ-ਵਿਸ਼ਵਾਸ ਕਰੋ!" ਦਲਜੀਤ ਦੇ ਆਖਣ 'ਤੇ ਬਾਬਾ ਹੌਲਾ ਫ਼ੁੱਲ ਹੋ ਗਿਆ। ਕਈ ਮਣਾਂ ਭਾਰ ਉਸ ਦੇ ਦਿਲ ਤੋਂ ਲਹਿ ਗਿਆ ਸੀ। ਬਾਬਾ ਕੈਨੇਡਾ ਨੂੰ ਫ਼ੋਨ ਕਰਨ ਤੁਰ ਪਿਆ।

ਦੋ ਕੁ ਮਹੀਨਿਆਂ ਵਿਚ ਹੀ ਦਲਜੀਤ ਕੈਨੇਡਾ ਪੁੱਜ ਗਿਆ। ਰਹਾਇਸ਼ ਉਸ ਦੀ ਆਪਣੇ ਭਰਾਵਾਂ ਬਾਲੀ ਅਤੇ ਲਾਲੀ ਕੋਲੇ ਹੀ ਸੀ। ਦੋਨੋਂ ਭਰਾ ਆਹਮੋ-ਸਾਹਮਣੇ ਵੱਖੋ-ਵੱਖਰੇ ਘਰਾਂ ਵਿਚ ਰਹਿੰਦੇ ਸਨ। ਦਲਜੀਤ ਲਈ ਇਹ ਨਵੀਂ ਦੁਨੀਆਂ ਸੀ। ਹਰ ਕੋਈ ਆਪਣੇ-ਆਪਣੇ ਕੰਮ ਵਿਚ ਮਸ਼ਰੂਫ਼! ਰੁੱਖੀ ਜ਼ਿੰਦਗੀ! ਮਸ਼ੀਨੀ ਯੁੱਗ! ਹਰ ਕੋਈ ਆਪਣੇ ਮਤਲਬ ਪ੍ਰਤੀ ਸੁਚੇਤ! ਮਤਲਬ-ਪ੍ਰਸਤ ਦੁਨੀਆਂ! ਐਸ਼-ਪ੍ਰਸਤ ਲੋਕ! ਬੇਪ੍ਰਵਾਹ ਦੇਸ਼! ਮਸ਼ੀਨਾਂ ਨਾਲ ਮਸ਼ੀਨ ਬਣੀ ਜਨਤਾ!

ਬਾਕੀ ਹਿਸਾ ਸਫ਼ਾ 35 ਤੇ ਪੜ੍ਹੋ

# ✶ ਮਿੰਨੀ ਕਹਾਣੀਆਂ ✶

## ਬੇਟਿਕਟੇ

ਦਿੱਲੀ ਨੂੰ ਜਾਣ ਵਾਲੀ ਰੇਲ ਗੱਡੀ ਬਠਿੰਡੇ ਤੋਂ ਚੱਲ ਕੇ ਅਜੇ ਮੌੜ ਮੰਡੀ ਹੀ ਪਹੁੰਚੀ ਸੀ ਕਿ ਤਿੰਨ ਚਾਰ ਟੀਟੀਈ ਗੱਡੀ ਦੇ ਵੱਖ ਵੱਖ ਡੱਬਿਆਂ ਵਿੱਚ ਚੜ੍ਹ ਕੇ ਟਿਕਟਾਂ ਚੈੱਕ ਕਰਨ ਲੱਗੇ। ਜਿਹੜੀਆਂ ਸਵਾਰੀਆਂ ਕੋਲ ਟਿਕਟਾਂ ਨਹੀਂ ਸਨ, ਉਨ੍ਹਾਂ ਨੂੰ ਜੁਰਮਾਨੇ ਲਾਉਣ ਦੇ ਨਾਲ ਨਾਲ ਬਦਸਲੂਕੀ ਵੀ ਕੀਤੀ ਜਾ ਰਹੀ ਸੀ। ਕੋਈ ਬੇਨਤੀ ਕਰ ਰਿਹਾ ਸੀ ਕਿ ਮੈਂ ਭੱਜ ਕੇ ਗੱਡੀ ਚੜ੍ਹਿਆ ਹਾਂ, ਇਸ ਕਰਕੇ ਟਿਕਟ ਨਹੀਂ ਲੈ ਸਕਿਆ, ਜਿੱਥੇ ਵੀ ਅੱਗੇ ਗੱਡੀ ਰੁਕੀ ਮੈਂ ਟਿਕਟ ਲੈ ਲਵਾਂਗਾ। ਕੋਈ ਕਹੇ ਕਿ ਮੈਂ ਵਿਦਿਆਰਥੀ ਹਾਂ। ਟੀਟੀਈ ਅੱਗੇ ਕੋਈ ਬਹਾਨਾ ਨਹੀਂ ਸੀ ਚੱਲ ਰਿਹਾ।

ਉਹ ਬੇਟਿਕਟੇ ਮੁਸਾਫ਼ਿਰਾਂ ਨੂੰ ਜੁਰਮਾਨੇ ਦੀਆਂ ਰਸੀਦਾਂ ਕੱਟ ਕੇ ਉਨ੍ਹਾਂ ਤੋਂ ਪੈਸੇ ਵਸੂਲੀ ਜਾ ਰਿਹਾ ਸੀ। ਮੇਰੇ ਨਾਲ ਦੀ ਸੀਟ ’ਤੇ ਬੈਠੇ ਇੱਕ ਪਹਿਨੇ-ਪੱਚਰੇ ਆਦਮੀ ਨੂੰ ਟੀਟੀਈ ਨੇ ਟਿਕਟ ਪੁੱਛੀ ਤਾਂ ਉਸ ਨੇ ਆਪਣੇ ਮੋਬਾਈਲ ਤੋਂ ਇੱਕ ਨੰਬਰ ਮਿਲਾ ਕੇ ਟੀਟੀਈ ਦੇ ਕੰਨ ਨੂੰ ਲਗਾ ਦਿੱਤਾ।

ਟੀਟੀਈ ਮੋਬਾਈਲ ’ਤੇ ਕਹਿ ਰਿਹਾ ਸੀ, “ਕੋਈ ਗੱਲ ਨਹੀਂ ਜਨਾਬ, ਮਸਾਂ ਮਸਾਂ ਤੁਸੀਂ ਸੇਵਾ ਦਾ ਮੌਕਾ ਦਿੱਤਾ ਹੈ। ਕੋਈ ਗੱਲ ਨਹੀਂ। ਤੁਹਾਡਾ ਦੋਸਤ ਸਾਡਾ ਦੋਸਤ। ਤੁਸੀਂ ਫ਼ਿਕਰ ਨਾ ਕਰੋ, ਧੁਰ ਤਕ ਲੈ ਕੇ ਜਾਵਾਂਗੇ।” ਫੋਨ ਕੱਟਣ ਤੋਂ ਬਾਅਦ ਟੀਟੀਈ ਨੇ ਉਸ ਆਦਮੀ ਨੂੰ ਕਿਹਾ, “ਤੁਸੀਂ ਆਰਾਮ ਨਾਲ ਬੈਠੋ। ਨਾਲੇ ਮੇਰਾ ਮੋਬਾਈਲ ਨੰਬਰ ਨੋਟ ਕਰ ਲਵੋ, ਅੱਗੇ ਕੋਈ ਹੋਰ ਚੈਕਿੰਗ ਸਟਾਫ ਆਇਆ ਤਾਂ ਮੇਰੇ ਨਾਲ ਗੱਲ ਕਰਾ ਦੇਣੀ।” ਮੇਰਾ ਮਨ ਟੀਟੀਈ ਦੀ ਦੋਗਲੀ ਨੀਤੀ ਬਾਰੇ ਸੋਚ ਹੀ ਰਿਹਾ ਸੀ ਕਿ ਉਹ ਪੰਜ ਸੱਤ ਸੀਟਾਂ ਅੱਗੇ ਜਾ ਕੇ ਮੈਲੇ-ਕੁਚੈਲੇ ਕੱਪੜਿਆਂ ਵਾਲੇ ਇੱਕ ਗ਼ਰੀਬ ਬਜ਼ੁਰਗ ਦੇ ਗਲ ਪੈ ਰਿਹਾ ਸੀ, ‘ਚੋਰ ਕਿਸੇ ਥਾਂ ਦਾ ਪਤਾ ਨਹੀਂ ਕਿੱਥੋਂ ਉੱਠ ਕੇ ਆ ਜਾਂਦੇ ਐ ਬੇਟਿਕਟੇ। ਕਿਰਾਇਆ ਨਹੀਂ ਤਾਂ ਘਰ ਨਹੀਂ ਬੈਠਿਆ ਜਾਂਦਾ! ਆਪੇ ਉਤਰ ਜਾਵੀਂ ਅਗਲੇ ਸਟੇਸ਼ਨ ’ਤੇ ਨਹੀਂ ਤਾਂ ਧੱਕੇ ਮਾਰ ਕੇ ਲਾਹੂੰ।”

ਟੀਟੀਈ ਦੀਆਂ ਝਿੜਕਾਂ ਤੋਂ ਡਰਿਆ ਉਹ ਗ਼ਰੀਬ ਬਜ਼ੁਰਗ ਅਗਲਾ ਸਟੇਸ਼ਨ ਆਉਣ ਤੋਂ ਪਹਿਲਾਂ ਹੀ ਖਿੜਕੀ ਕੋਲ ਜਾ ਖੜ੍ਹਿਆ। ਸਟੇਸ਼ਨ ਆਉਣ ’ਤੇ ਗੱਡੀ ਰੁਕੀ ਤਾਂ ਉਹ ਉਤਰ ਗਿਆ। ਇਧਰ ਸ਼ਿਫਾਰਸ਼ੀ ਬੇਟਿਕਟਾ ਚਾਹ ਦਾ ਕੱਪ ਲੈ ਕੇ ਬੜੇ ਆਰਾਮ ਨਾਲ ਪੀ ਰਿਹਾ ਸੀ।

**- ਸਵਰਨਦੀਪ ਸਿੰਘ ਨੂਰ**

## ਰਿਸ਼ਤੇ

ਸੜਕ ਹਾਦਸੇ ਵਿੱਚ ਇੱਕ ਨੌਜਵਾਨ ਦੀ ਮੌਤ ਹੋ ਗਈ। ਪਿੱਛੇ ਜਵਾਨ ਪਤਨੀ, ਦੋ ਕੁ ਸਾਲ ਦਾ ਪੁੱਤਰ ਅਤੇ ਪੰਜ-ਛੇ ਸਾਲ ਦੀ ਧੀ ਛੱਡ ਗਿਆ। ਇੱਕ ਇਮਾਨਦਾਰ ਵਿਅਕਤੀ ਮ੍ਰਿਤਕ ਦੇ ਛੋਟੇ ਭਰਾ ਨੂੰ 20 ਹਜ਼ਾਰ ਰੁਪਏ ਇਹ ਕਹਿ ਕੇ ਦੇ ਗਿਆ ਕਿ ਉਸ ਨੇ ਮ੍ਰਿਤਕ ਦੇ ਇਹ ਪੈਸੇ ਦੇਣੇ ਸਨ।

“ਮਾਤਾ, ਗੁਰਮੀਤ 20 ਹਜ਼ਾਰ ਰੁਪਏ ਦੇ ਗਿਆ ਸੀ। ਭੋਗ ਤਕ 19 ਹਜ਼ਾਰ ਰੁਪਏ ਖਰਚ ਹੋਏ ਸਨ।

ਬਾਕੀ 1000 ਬਚੇ ਹਨ। ਰੱਖ ਲਉ,” ਛੋਟੇ ਭਰਾ ਨੇ ਮਾਂ ਨੂੰ ਆਖਿਆ। “ਇਹ ਵੀ ਤੂੰ ਹੀ ਰੱਖ ਲੈ, ਪੁੱਤਰ,“ ਮਾਂ ਨੇ ਚੁੰਨੀ ਨਾਲ ਅੱਥਰੂ ਪੂੰਝਦਿਆਂ ਮਸਾਂ ਏਨਾ ਹੀ ਆਖਿਆ।

**- ਹਰਜੀਤ ਸਿੰਘ**

## ਭੇਡਾਂ

“ਨਹੀਂ! ਨਹੀਂ!! ਇੰਜ ਬਿਲਕੁਲ ਨਹੀਂ ਹੋਵੇਗਾ।” ਬੁੱਢੀ ਭੇਡ ਚਿਲਾਈ। “ਕਿਉਂ ਨਹੀਂ ਹੋਵੇਗਾ? ਮੈਂ ਇਸ ਚਰਾਗਾਹ ਦਾ ਮਾਲਕ ਹਾਂ। ਤੇ ਤੁਸੀਂ ਹੁਕਮ ਅਦੂਲੀ ਬਿਲਕੁਲ ਵੀ ਨਹੀਂ ਕਰ ਸਕਦੀਆਂ।” ਸ਼ਿਕਾਰੀ ਨੇ ਰੋਹ ਵਿੱਚ ਦੰਦ ਕਰੀਚੇ।

‘’ਤੇਰੇ ਇਸ ਵਤੀਰੇ ਤੋਂ ਤਾਂ ਅਸੀਂ ਪਹਿਲਾਂ ਹੀ ਬਹੁਤ ਜ਼ਿਆਦਾ ਤੰਗ ਹਾਂ। ਆਹ ਦੇਖ ਸਾਰਾ ਇੱਜੜ ਕਿੰਜ ਸਹਿਮਿਆ ਪਿਆ ਹੈ। ਅਜਿਹੇ ਹਾਲਾਤ ਵਿੱਚ ਤਾਂ ਇਨ੍ਹਾਂ ਨੂੰ ਸੇਧ ਦੇਣਾ ਮੇਰਾ ਮੁੱਢਲਾ ਕਰਤੱਵ ਹੈ।” ਬੁੱਢੀ ਭੇਡ ਆਪਣੀ ਜਮਾਤ ਲਈ ਫ਼ਿਕਰਮੰਦ ਸੀ।

“ਕਿਉਂ ਬਈ ਭੇਡੋ! ਮੈਂ ਤੁਹਾਨੂੰ ਕਦੇ ਤੰਗ ਕੀਤਾ? ਮੇਰੇ ਪਾਲਤੂ ਕੁੱਤਿਆਂ ਨੇ ਕਦੇ ਲੋੜ ਤੋਂ ਵੱਧ ਜੀਵ ਹੱਤਿਆ ਕੀਤੀ ਹੈ? ਇਹ ਬੁੱਢੀ ਤਾਂ ਐਵੇਂ ਤੁਹਾਨੂੰ ਗੁੰਮਰਾਹ ਕਰ ਰਹੀ ਹੈ।”

ਸ਼ਿਕਾਰੀ ਨੇ ਬੜੀ ਚੁਸਤੀ ਨਾਲ ਪੱਤਾ ਖੇਡਦਿਆਂ ਭੇਡਾਂ ਨੂੰ ਕਿਹਾ। ਭੇਡਾਂ ਵਿੱਚ ਪਹਿਲਾਂ ਤਾਂ ਘੁਸਰ-ਮੁਸਰ ਹੋਈ ਤੇ ਫਿਰ ਹਿਲਜੁਲ। ਹੁਣ ‘ਸ਼ਿਕਾਰੀ ਮਹਾਰਾਜ ਜੀ ਦੀ ਜੈ’ ਦੇ ਨਾਅਰਿਆਂ ਦੀ ਗੂੰਜ ਫ਼ਿਜ਼ਾ ਵਿੱਚ ਫੈਲ ਰਹੀ ਸੀ ਤੇ ਬੁੱਢੀ ਭੇਡ ਦੀ ਆਵਾਜ਼ ਇਨ੍ਹਾਂ ਨਾਅਰਿਆਂ ਵਿੱਚ ਹੀ ਅਲੋਪ ਹੋ ਗਈ ਸੀ।

**- ਸਤੇਸ਼ ਭੂੰਦੜ**

## ਨਵਾਂ ਤਰੀਕਾ

ਉਜਾਗਰ ਸਿੰਘ ਅੱਜ ਬੰਤਾ ਸਿੰਘ ਨੂੰ ਦੱਸਣ ਲੱਗਿਆ, “ਦੁਨੀਆਂ ਵੀ ਕਮਾਲ ਹੀ ਕਰਦੀ ਹੈ ਅੱਜਕੱਲ੍ਹ। ਪਿਛਲੇ ਐਤਵਾਰ ਕਿਸੇ ਜਾਣੂੰ ਨਾਲ ਉਹਦੀ ਰਿਸ਼ਤੇਦਾਰੀ ਵਿੱਚ ਲੜਕੀ ਪਰਿਵਾਰ ਵੱਲੋਂ ਰਿਸ਼ਤੇ ਦੀ ਤਰੀਕ ਪੱਕੀ ਕਰਨ ਗਿਆ ਸੀ। ਮੁੰਡੇ ਦੀ ਮਾਂ ਦੇ ਵਿਚਾਰ ਬੜੇ ਵਧੀਆ ਸਨ।

ਕਹਿੰਦੀ: ‘ਸਭ ਕੁਝ ਦਿੱਤਾ ਹੈ ਰੱਬ ਨੇ ਸਾਨੂੰ। ਦਾਜ ਦਹੇਜ ਦਾ ਕੋਈ ਲੋਕ ਦਿਖਾਵਾ ਨਹੀਂ ਕਰਨਾ।’ ਪਹਿਲਾਂ ਤਾਂ ਮੈਂ ਬੜਾ ਖ਼ੁਸ਼ ਹੋਇਆ, ਪਰ ਬਾਅਦ ਵਿੱਚ ਖਚਰਾ ਜਿਹਾ ਹਾਸਾ ਹੱਸਦੀ ਕਹਿਣ ਲੱਗੀ : ‘ਵਿਆਹ ਤੋਂ ਬਾਅਦ ਦੀਵਾਲੀ ਆਵੇਗੀ ਤੇ ਫਿਰ ਲੋਹੜੀ। ਉਦੋਂ ਹੀ ਦੇ ਦਿਉ ਜੋ ਦੇਣਾ ਹੋਇਆ ਆਪਣੀ ਧੀ ਨੂੰ।

ਇੱਕ ਤਾਂ ਲੋਕ ਗੱਲਾਂ ਨਹੀਂ ਕਰਨਗੇ ਤੇ ਦੂਜਾ ਦਿਨ ਤਿਉਹਾਰ ’ਤੇ ਦਿੱਤਾ ਸੋਹਣਾ ਲੱਗਦਾ ਹੈ।’ ਵੈਸੇ ਬੰਤਾ ਸਿੰਹਾਂ, ਇਹ ਨਵਾਂ ਤਰੀਕਾ ਹੈ ਦਾਜ ਲੈਣ ਦਾ।”

**- ਇਕਵਾਕ ਸਿੰਘ ਪੱਟੀ**

**34 ਸਫ਼ੇ ਦੀ ਬਾਕੀ**

ਦੋ ਹਫ਼ਤਿਆਂ ਵਿਚ ਲਾਲੀ ਅਤੇ ਬਾਲੀ ਨੇ ਛੋਟੇ ਭਾਈ ਦਲਜੀਤ ਨੂੰ ਅੱਧਾ ਕੈਨੇਡਾ ਘੁੰਮਾ ਦਿੱਤਾ। ਨਿਆਗਰਾ-ਫ਼ਾਲ ਦਾ ਨਜ਼ਾਰਾ ਦਲਜੀਤ ਨੂੰ ਕੁਦਰਤ ਦੇ ਵੱਧ ਨਜ਼ਦੀਕ ਜਾਪਿਆ। ਵੱਡੀਆਂ ਭਰਜਾਈਆਂ ਨੇ ਦਲਜੀਤ ਨੂੰ ਦਿਲੋਂ ਮੋਹ ਕੀਤਾ। ਛੋਟਾ ਹੋਣ ਕਰਕੇ ਟਿੱਚਰਾਂ ਵੀ ਕੀਤੀਆਂ। ਪੰਦਰ੍ਹਵੇਂ ਦਿਨ ਸ਼ਾਮ ਨੂੰ ਬੋਤਲ ਖੋਲ੍ਹ ਕੇ ਲਾਲੀ ਅਤੇ ਬਾਲੀ ਨੇ ਦਲਜੀਤ ਨੂੰ ਆਪਣੇ ਕੋਲ ਬਿਠਾ ਲਿਆ। ਦਲਜੀਤ ਸਾਊ ਜਿਹਾ ਬਣਿਆਂ ਬੈਠਾ ਸੀ।

-“ਦੇਖ ਛੋਟੇ ਭਾਈ ਦਲਜੀਤ! ਪਿੰਡ ਆਲੀ ਐਸ਼ ਤੇ ਨਜਾਰੇ ਤੈਨੂੰ ਐਥੇ ਨ੍ਹੀ ਮਿਲਣੇ-ਇੱਥੇ ਤਾਂ ਕੰਮ ਕਰੇਂਗਾ ਤਾਂ ਗੁਜਾਰਾ ਚਲਾ ਲਵੇਂਗਾ-ਤੇ ਨਹੀਂ ਤਾਂ ਰਾਮ ਸੱਤ ਐ-ਅਸੀਂ ਤੈਨੂੰ ਐਥੋਂ ਘਰੋਂ ਨ੍ਹੀ ਕੱਢਦੇ-ਰਹਿਣਾ ਐ ਤਾਂ ਜੀਅ ਸਦਕੇ ਰਹਿ-ਕੰਮ ਤੈਨੂੰ ਦੁਆ ਦਿਆਂਗੇ-ਕਰਕੇ ਦੇਖ ਲੈ-ਹੋਰ ਤੁਰ ਫਿਰ ਕੇ ਕੈਨੇਡਾ ਦੇਖਣੈਂ ਤਾਂ ਉਹ ਵੀ ਦੇਖ ਲੈ-ਚਾਹੇ ਦੋ ਮਹੀਨੇ ਰਹਿ!”

-“ਜੇ ਕਿਸੇ ਤੱਤੀ ਠੰਢੀ ਚੀਜ ਦਾ ਸੁਆਦ ਦੇਖਣੈਂ ਤਾਂ ਉਹ ਵੀ ਦਿਖਾ ਦਿੰਨੇ ਆਂ-ਬਥੇਰੀਆਂ ਗੋਰੀਆਂ ਫਿਰਦੀਐਂ।” ਗੱਲ ਕੱਟ ਕੇ ਭਰਜਾਈ ਨੇ ਕਿਹਾ ਤਾਂ ਦਲਜੀਤ ਦਾ ਮੂੰਹ ਲਾਲ ਹੋ ਗਿਆ।

-“ਇਹ ਤਾਂ ਐਥੇ ਮਾਮੂਲੀ ਮਸਲੈ- !”

-“ਕੰਮ ਕੀ ਮਿਲੂ?” ਦਲਜੀਤ ਨੇ ਪੁੱਛਿਆ।

-“ਕੰਮ..? ਐਥੇ ਜੱਜ ਤਾਂ ਤੈਨੂੰ ਕਿਸੇ ਨੇ ਲਾ ਨ੍ਹੀ ਦੇਣਾ? ਜਾਂ ਤਾਂ ਫਲ ਤੋੜਨੇ ਪੈਣਗੇ ਤੇ ਜਾਂ ਫਿਰ ਬਿਲਡਿੰਗ ਉਸਾਰੀ ਦਾ ਕੰਮ ਕਰਨਾ ਪਊ।” ਬਾਲੀ ਦੇ ਆਖਣ ‘ਤੇ ਦਲਜੀਤ ਨੂੰ ਆਪਣੇ ਪਿੰਡ ਵਾਲਾ ਕਾਟੂ ਮਜ਼ਬੀ ਅਤੇ ਮਾਲੀ ਦੌਲਤ ਰਾਮ ਚੇਤੇ ਆ ਗਏ। ਕਾਟੂ ਲੋਕਾਂ ਨਾਲ ਦਿਹਾੜੀਆਂ ਦੱਪੇ ਕਰਦਾ ਸੀ ਅਤੇ ਦੌਲਤੀ ਪੇਂਡੂ ਬੇਰ ਤੋੜਦਾ ਹੁੰਦਾ ਸੀ।

ਉਹ ਝੂਠਾ ਜਿਹਾ ਹੋ ਗਿਆ। ਉਪਰੋਥਲੀ ਉਸ ਨੇ ਕਈ ਪੈੱਗ ਸੂਤ ਧਰੇ। ਉਹ ਸੋਚ ਰਿਹਾ ਸੀ ਕਿ ਯਾਰ ਬੇਲੀ ਕੀ ਸੋਚਣਗੇ? ਕਿ ਕੈਨੇਡਾ ਗਿਆ ਸੀ, ਖੋਟੇ ਪੈਸੇ ਵਾਂਗੂੰ ਵਾਪਿਸ ਮੁੜ ਆਇਆ? ਇਹਦੇ ਵਿਚ ਹੀ ਕੋਈ ਨੁਕਸ ਹੋਊ! ਕੰਮਚੋਰ, ਨਲਾਇਕ ਅਤੇ ਹੋਰ ਪਤਾ ਨਹੀਂ ਕੀ-ਕੀ ਲੋਕ ਉਹਦੇ ਬਾਰੇ ਲੱਖਣ ਲਾਉਣਗੇ? ਜੁੰਡੀ ਦੇ ਯਾਰ ਚੋਭਾਂ ਲਾਉਣਗੇ: ਇਹਤੋਂ ਮੇਮਾਂ ਆਲੇ ਮੁਲਕ ‘ਚ ਨ੍ਹੀ ਰਿਹਾ ਗਿਆ। ਬਾਪੂ ਬੇਬੇ ਵੀ ਪਤਾ ਨਹੀਂ ਕੀ ਸੋਚਣ?

-“ਬਾਈ ਇਕ ਗੱਲ ਆਖਾਂ?” ਉਸ ਨੇ ਲੰਡਾ ਪੈੱਗ ਹੋਰ ਅੰਦਰ ਸੁੱਟਦਿਆਂ ਕਿਹਾ।

-“ਬੋਲ- ?” ਸਾਰੇ ਗਿੱਦੜ ਹੁਆਂਕਣ ਵਾਂਗ ਇਕੱਠੇ ਹੀ ਬੋਲੇ।

-“ਮੈਂ ਪਿੰਡ ਨ੍ਹੀ ਮੁੜਨਾ-ਐਥੇ ਚਾਹੇ ਮੈਨੂੰ ਕਿਸੇ ਨਾਲ ਸੀਰੀ ਰਲਾ ਦਿਓ।” ਉਸ ਨੇ ਗੱਲ ਹੀ ਨੇਹਣ ਦਿੱਤੀ। ਭੋਲਾ ਭਾਲਾ ਜੱਟ ਦਾਰੂ ਨਾਲ ਕਮਲਾ ਹੋਇਆ ਬੈਠਾ ਸੀ।

-“-----।” ਸਾਰੇ ਹਥਿਆਰ ਸੁੱਟ ਗਏ।

-“ਉਏ ਵੱਸ ਇਹਦੇ ਵੀ ਕੋਈ ਨ੍ਹੀ!” ਬਾਲੀ ਬੋਲਿਆ, “ਘਰੇ ਜੱਟ ਦਾ ਪੁੱਤ ਮੱਝ ਹੇਠੋਂ ਗੋਹਾ ਹਟਾਉਣਾ ਵੀ ਆਬਦੀ ਹੱਤਕ ਮੰਨਦੈ-ਜੱਟ ਜਿਉਂ ਹੁੰਦੈ! ਤੇ ਬਾਹਰ ਆ ਕੇ ਚਾਹੇ ਮਰੇ ਵੇ ਕੱਟੇ ਚੱਕਣ ਲਾ ਦਿਓ!”

-“ਜੱਟ ਦੇ ਗਲੋਂ ਜੱਟਵਾਧ ਦਾ ਕਰੀਂਡਲ ਜਮਾਂ ਨ੍ਹੀ ਲਹਿੰਦਾ।”

-“ਇਹ ਤੇਰਾ ਆਖਰੀ ਫ਼ੈਸਲੈ ਦਿਉਰਾ?”

-“ਭਾਬੀ ਜੀ-ਬਿਲਕੁਲ ਈ ਆਖਰੀ! ਇਸ ਤੋਂ ਅੱਗੇ ਕੋਈ ਬਾਡਰ ਈ ਨ੍ਹੀ ਪੈਂਦਾ।” ਦਾਰੂ ਪੀ ਕੇ ਰਾਠ ਬਣਿਆਂ ਉਹ ਤੋਤਲਾ ਬੋਲ ਰਿਹਾ ਸੀ।

-“ਮੈਂ ਭਲਾ ਕੁਛ ਖਾ ਕੇ ਮਰਜਾਂ-ਪਰ ਪਿੰਡ ਪੈਰ ਨ੍ਹੀ ਪਾਉਂਦਾ-ਜੇ ਤੁਸੀਂ ਮੇਰੀ ਬਾਂਹ ਨਹੀਂ ਫੜਨੀ-ਮੈਨੂੰ ਹੁਣੇ ਦੱਸ ਦਿਓ-ਮੈਂ ਕੋਈ ਹੋਰ ਟਿਕਾਣਾ ਕਰਾਂ-ਬੱਸ ਮੈਂ ਕੁਛ ਖਾ ਕੇ ਮਰਜੂੰ-ਤੁਸੀਂ ਮੈਨੂੰ ਆਪਣਾ ਭਾਈ ਈ ਨ੍ਹੀ ਮੰਨਦੇ-ਮੈਂ ਕਾਲਜ ‘ਚ ਜਨਰਲ ਸਕੱਤਰ ਰਿਹੈਂ-ਝੰਡੀ ਸੀ ਮੇਰੀ ਪੂਰੇ ਡੀ. ਐੱਮ. ਕਾਲਜ ‘ਚ ਬਾਈ..! ਸਾਰੇ ਮੋਗੇ ਦੇ ਵਿਦਿਆਰਥੀ ਮੇਰੇ ਗੋਡੀਂ ਹੱਥ ਲਾਉਂਦੇ ਸੀ-ਬਾਈ ਮੈਂ ਐਥੇ ਆ ਕੇ ਕੱਖੋਂ ਹੌਲਾ ਹੋ ਗਿਆ-ਪ੍ਰੋਫ਼ੈਸਰ ਬਾਠ ਕਹਿੰਦਾ ਹੁੰਦਾ ਸੀ-ਕਲਯੁਗ ‘ਚ ਕੋਈ ਨ੍ਹੀ ਕਿਸੇ ਦਾ-ਮੈਂ ਬਾਈ ਕੁਛ ਖਾ ਕੇ ਮਰਜੂੰ-ਮੋਗੇ ਡੀ. ਐੱਮ. ਕਾਲਜ ‘ਚ ਮੇਰਾ ਰਾਜ ਸੀ ਬਾਈ, ਸਰਦਾਰੀ ਸੀ ਮੇਰੀ ਪੂਰੇ ਮੋਗੇ ‘ਚ---!” ਸ਼ਰਾਬੀ ਹੋਇਆ ਉਹ ਰੋਣ ਲੱਗ ਪਿਆ।

-“ਅਸੀਂ ਸਾਰੇ ਈ ਤੇਰੇ ਐਂ।” ਵੱਡੀ ਭਰਜਾਈ ਨੇ ਉਸ ਨੂੰ ਬੱਚਿਆਂ ਵਾਂਗ ਥਾਪੜਿਆ। ਬਾਕੀ ਸਾਰੇ ਚੁੱਪ ਸਨ।

-“ਨਹੀਂ ਭਾਬੀ ਮੈਨੂੰ ਹੱਥ ਨਾ ਲਾਅ!” ਉਸ ਨੇ ਇਕ ਹੋਰ ਗਿਲਾਸ ਕੰਗਣੀਂ ਤੱਕ ਭਰ ਲਿਆ।

-“ਕੋਈ ਨ੍ਹੀ ਭਾਬੀ ਕਿਸੇ ਨੂੰ ਉਚੇ ਉਠਦੇ ਨੂੰ ਦੇਖ ਕੇ ਖੁਸ਼-ਮੇਰੀ ਕਾਲਜ ‘ਚ ਸਰਦਾਰੀ ਸੀ-ਘੈਂਟ ਸਟੂਡੈਂਟ ਮੈਥੋਂ ਸਲਾਹਾਂ ਲੈਣ ਆਉਂਦੇ ਸੀ-ਮੈਂ ਸਰਦਾਰ ਸੀ ਪੂਰੇ ਡੀ. ਐੱਮ. ਕਾਲਜ ਮੋਗੇ ਦਾ---!” ਤੇ ਉਹ ਦਾਰੂ ਦਾ ਆਖਰੀ ਗਿਲਾਸ ਅੰਦਰ ਸੁੱਟਦਿਆਂ ਹੀ ਮਾੜੇ ਟੱਟੂ ਵਾਂਗ ਸੈਟੀ ‘ਤੇ ਹੀ ਲੁੜਕ ਗਿਆ। ਦਲਜੀਤ ਦੇ ਘੁਰਾੜ੍ਹੇ ਸ਼ੁਰੂ ਹੋ ਚੁੱਕੇ ਸਨ।

-“ਕਿੱਡਾ ਬੇਵਕੂਫ਼ ਐ ਇਹ ਮੁੰਡਾ?” ਲਾਲੀ ਨੇ ਕਿਹਾ।

-“ਸਿੱਧੀ ਗੱਲ ਪੁੱਠੀ ਪਾਉਂਦੈ!”

-“ਬਈ ਜੇ ਤੇਰੀ ਓਥੇ ਸਰਦਾਰੀ ਸੀ-ਐਥੇ ਆਉਣ ਵਾਸਤੇ ਤੈਨੂੰ ਬਾਬੇ ਭਾਨ ਸਿਉਂ ਨੇ ਕਿਹਾ ਸੀ?”

-“ਗਧੇ ਨੂੰ ਦਿੰਦੇ ਸੀ ਨੂਣ-ਕਹਿੰਦਾ ਅਖੇ ਮੇਰੇ ਕੰਨ ਪਾੜਦੇ ਐ-ਇਹਤੋਂ ਪਿੰਡ ਰਹਿ ਕੇ ਵਧੀਆ ਐਸ਼ ਨ੍ਹੀ ਹੁੰਦੀ-ਦੱਸੋ ਘਰੇ ਕੀ ਘਾਟਾ ਐ?”

-“ਚਲੋ ਜੇ ਕਹਿੰਦੈ ਤਾਂ ਕੰਮ ‘ਤੇ ਲੁਆ ਦਿਓ-ਤੁਹਾਨੂੰ ਵੀਹ ਬੰਦੇ ਜਾਣਦੇ ਐ-ਦਿਲ ਕਰੂ, ਕਰੀ ਜਾਊ-ਤੇ ਨਹੀਂ ਇਹਦੀ ਸਾਹਬ ਦੀ ਮਰਜੀ।” ਭਾਬੀ ਨੇ ਕਿਹਾ।

-“ਮੈਨੂੰ ਸਮਝ ਨ੍ਹੀ ਆਉਂਦੀ ਬਈ ਇਹ ਕਰੂ ਕੀ? ਪਿੰਡ ਤਾਂ ਇਹਨੇ ਮੱਝ ਧੁੱਪਿਓਂ ਖੋਲ੍ਹ ਕੇ ਕਦੇ ਛਾਂਵੇਂ ਨ੍ਹੀ ਕੀਤੀ।”

-“ਕਿਸੇ ਕੰਨਸਟਰਕਸ਼ਨ ਫ਼ਰਮ ‘ਚ ਕੰਮ ਦੁਆ ਦਿਓ, ਨਾ ਹੋਇਆ ਭੱਜ ਆਊ।”

-“ਲੋਕ ਕੀ ਆਖਣਗੇ..? ਆਪ ਵੱਡੇ ਭਰਾ ਐਸ਼ ਕਰਦੇ ਐ ਤੇ ਛੋਟੇ ਨੂੰ ਇੱਟਾਂ ਫੜਾਉਣ ‘ਤੇ ਲਾ ਦਿੱਤਾ?”

-“ਜੱਟਾਂ ਆਲਾ ਰੰਘੜਊ ਤੇਰੇ ‘ਚੋਂ ਵੀ ਨ੍ਹੀ ਜਾਂਦਾ।” ਲਾਲੀ ਨੇ ਬਾਲੀ ਨੂੰ ਕਿਹਾ, “ਜਦੋਂ ਨੱਚਣ ਈ ਲੱਗਪੀ ਤਾਂ ਘੁੰਡ ਕਾਹਦਾ? ਹੁਣ ਤੇਰੇ ਖਾਨਦਾਨੀ ਖੁਰਕ ਉਠ ਖੜ੍ਹੀ!”

ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ

**ਰਵਿੰਦਰ ਸਿੰਘ ਸੋਢੀ**

# ਬੇਅਦਬੀ ਕਾਨੂੰਨ : ਤਸਵੀਰ ਦਾ ਦੂਜਾ ਪਾਸਾ



ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਾਲ ਸੰਬੰਧਿਤ ਕਾਨੂੰਨ ਪਾਸ ਕੀਤੇ ਜਾਣ ਤੋਂ ਬਾਅਦ ਪੰਜਾਬ ਸਰਕਾਰ ਅਤੇ ਸਿੱਖਾਂ ਦੀ ਸਰਵਉੱਚ ਧਾਰਮਿਕ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਚਕਾਰ ਇੱਕ ਅਣਚਾਹਿਆ ਟਕਰਾਅ ਪੈਦਾ ਹੋ ਗਿਆ। ਇਸ ਸਥਿਤੀ ਦੇ ਮੱਦੇਨਜ਼ਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜੱਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਵਿਧਾਨ ਸਭਾ ਦੇ ਆਮ ਆਦਮੀ ਪਾਰਟੀ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨਾਲ ਸੰਬੰਧਿਤ ਸਾਰੇ ਸਿੱਖ ਵਿਧਾਇਕਾਂ ਅਤੇ ਪੰਜਾਬ ਸਰਕਾਰ ਦੇ ਸਿੱਖ ਮੰਤਰੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕੀਤਾ। ਸਾਰੇ ਸੱਦੇ ਗਏ ਨੁਮਾਇੰਦੇ ਉੱਥੇ ਹਾਜ਼ਰ ਹੋਏ। ਇਸ ਕਾਰਵਾਈ ਦਾ ਸਿੱਧਾ ਪ੍ਰਸਾਰਨ ਵੀ ਹੋਇਆ ਅਤੇ ਅਗਲੇ ਦਿਨ ਅਖ਼ਬਾਰਾਂ ਅਤੇ ਟੈਲੀਵਿਜ਼ਨ ਚੈਨਲਾਂ ਨੇ ਇਸ ਨੂੰ ਪ੍ਰਮੁੱਖਤਾ ਨਾਲ ਉਭਾਰਿਆ।

ਇਸ ਘਟਨਾ ਬਾਰੇ ਦੇਸ਼ ਭਰ ਵਿੱਚ ਵੱਖ-ਵੱਖ ਪ੍ਰਤੀਕਿਰਿਆਵਾਂ ਸਾਹਮਣੇ ਆਈਆਂ। ਕੁਝ ਰਾਸ਼ਟਰੀ ਟੈਲੀਵਿਜ਼ਨ ਚੈਨਲਾਂ ਨੇ ਇਹ ਸਵਾਲ ਉਠਾਇਆ ਕਿ ਕੀ ਕੋਈ ਧਾਰਮਿਕ ਸੰਸਥਾ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਵੱਲੋਂ ਬਣਾਏ ਕਾਨੂੰਨ ਵਿੱਚ ਸੋਧ ਕਰਨ ਜਾਂ ਉਸ ਨੂੰ ਵਾਪਸ ਲੈਣ ਲਈ ਦਬਾਅ ਬਣਾ ਸਕਦੀ ਹੈ? ਇਹ ਵੀ ਦਲੀਲ ਦਿੱਤੀ ਗਈ ਕਿ ਜੇ ਇਸ ਨੂੰ ਸਵੀਕਾਰ ਕਰ ਲਿਆ ਗਿਆ ਤਾਂ ਭਵਿੱਖ ਵਿੱਚ ਹੋਰ ਧਰਮਾਂ ਦੀਆਂ ਧਾਰਮਿਕ ਸੰਸਥਾਵਾਂ ਵੀ ਆਪਣੇ-ਆਪਣੇ ਧਾਰਮਿਕ ਮਾਮਲਿਆਂ ਨਾਲ ਸੰਬੰਧਿਤ ਕਾਨੂੰਨਾਂ ਵਿੱਚ ਦਖ਼ਲ ਦੇਣ ਦਾ ਦਾਅਵਾ ਕਰ ਸਕਦੀਆਂ ਹਨ। ਪਹਿਲੀ ਨਜ਼ਰ ਵਿੱਚ ਇਹ ਦਲੀਲ ਕਾਨੂੰਨੀ ਅਤੇ ਸੰਵਿਧਾਨਕ ਦ੍ਰਿਸ਼ਟੀ ਤੋਂ ਵਾਜਬ ਜਾਪ ਸਕਦੀ ਹੈ। ਪਰ ਕਿਸੇ ਵੀ ਘਟਨਾ ਨੂੰ ਉਸਦੇ ਇਤਿਹਾਸਕ ਅਤੇ ਸਮਾਜਿਕ ਸੰਦਰਭ ਤੋਂ ਵੱਖ ਕਰਕੇ ਨਹੀਂ ਸਮਝਿਆ ਜਾ ਸਕਦਾ। ਸਿੱਖ ਇਤਿਹਾਸ ਵਿੱਚ ਧਾਰਮਿਕ ਸੰਸਥਾਵਾਂ ਦੀ ਖੁਦਮੁਖਤਿਆਰੀ ਦਾ ਸਵਾਲ ਨਵਾਂ ਨਹੀਂ ਹੈ; ਇਸ ਦੀਆਂ ਜੜ੍ਹਾਂ ਕਾਫ਼ੀ ਪੁਰਾਣੀਆਂ ਹਨ।

ਮੌਜੂਦਾ ਵਿਵਾਦ ਨੂੰ ਸਮਝਣ ਲਈ 1959 ਦੇ ਉਸ ਘਟਨਾਕ੍ਰਮ ਵੱਲ ਮੁੜਨਾ ਪਵੇਗਾ, ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਇੱਕ ਵਿਵਾਦ ਨੂੰ ਲੈ ਕੇ ਮਾਸਟਰ ਤਾਰਾ ਸਿੰਘ ਅਤੇ ਦੇਸ਼ ਦੇ ਤਤਕਾਲੀਨ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਵਿਚਕਾਰ ਗੱਲਬਾਤ ਹੋਈ ਸੀ।

1959 ਵਿੱਚ ਪੰਜਾਬ ਦੇ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਕੁਝ ਸੋਧਾਂ ਕਰਨ ਦੀ ਕੋਸ਼ਿਸ਼ ਕੀਤੀ। ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੇ ਇਸ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਸਰਕਾਰੀ ਦਖ਼ਲ ਵਜੋਂ ਦੇਖਿਆ ਅਤੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿੱਚ ਅੰਦੋਲਨ ਸ਼ੁਰੂ ਹੋ ਗਿਆ। ਸਥਿਤੀ ਤਣਾਅਪੂਰਨ ਹੋਣ 'ਤੇ ਮਾਸਟਰ ਤਾਰਾ ਸਿੰਘ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ। ਬਾਅਦ ਵਿੱਚ ਪੰਡਿਤ ਨਹਿਰੂ ਨੇ ਉਨ੍ਹਾਂ ਨੂੰ ਦਿੱਲੀ ਸੱਦ ਕੇ ਗੱਲਬਾਤ ਕੀਤੀ। ਇਸ ਗੱਲਬਾਤ ਤੋਂ ਬਾਅਦ ਇਸ ਗੱਲ ਤੇ ਸਹਿਮਤੀ ਬਣੀ ਕਿ ਐਸ ਜੀ ਪੀ ਸੀ ਸਿੱਖਾਂ ਦੀ ਨੁਮਾਇੰਦਗੀ ਕਰ ਰਹੀ ਇਕ ਅਜਿਹੀ ਸੰਸਥਾ ਹੈ ਜਿਸ ਕੋਲ ਸਿੱਖਾਂ ਦੇ ਧਾਰਮਿਕ ਮਸਲਿਆਂ ਸੰਬੰਧੀ ਫੈਸਲੇ ਲੈਣ ਦੇ ਪੂਰੇ ਅਧਿਕਾਰ ਹਨ। ਇਸ ਪੱਖ ਤੇ ਸਹਿਮਤ ਹੁੰਦੇ ਹੋਏ ਪੰਡਿਤ ਨਹਿਰੂ ਨੇ ਮਾਸਟਰ ਤਾਰਾ ਸਿੰਘ ਨੂੰ ਯਕੀਨ ਦਿਵਾਇਆ ਕਿ ਕੇਂਦਰੀ ਸਰਕਾਰ ਜਾਂ ਪੰਜਾਬ ਸਰਕਾਰ ਐਸ ਜੀ ਪੀ ਸੀ ਦੀ ਸਹਿਮਤੀ ਬਿਨਾਂ ਕੋਈ ਕਾਨੂੰਨ ਨਹੀਂ ਬਣਾਏ ਗੀ। ਇਸ ਆਧਾਰ 'ਤੇ ਅੰਦੋਲਨ ਵਾਪਸ ਲੈ ਲਿਆ ਗਿਆ। ਅਸਲ ਵਿਚ ਪੰਡਿਤ ਨਹਿਰੂ ਨੂੰ ਇਹ ਪਤਾ ਸੀ ਕਿ ਐਸ ਜੀ ਪੀ ਸੀ ਦੀ ਸਥਾਪਨਾ 1925 ਵਿਚ ਅੰਗਰੇਜ਼ੀ ਰਾਜ ਸਮੇਂ ਇਕ ਕਾਨੂੰਨ ਅਧੀਨ ਹੋਈ ਸੀ, ਜਿਸ ਵਿਚ ਇਸ ਸੰਸਥਾ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਸੰਬੰਧੀ ਫ਼ੈਸਲੇ ਲੈਣ ਦੇ ਅਧਿਕਾਰ ਦਿੱਤੇ ਗਏ ਸੀ। ਇਸ ਘਟਨਾਕ੍ਰਮ ਤੋਂ ਬਾਅਦ ਇਹ ਪਰੰਪਰਾ ਹੋਰ ਮਜ਼ਬੂਤ ਹੋਈ ਕਿ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਸਰਕਾਰ ਨੂੰ ਬੇਲੋੜੀ ਦਖ਼ਲਅੰਦਾਜ਼ੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਇਤਿਹਾਸਕ ਪਿਛੋਕੜ ਨੂੰ ਨਜ਼ਰਅੰਦਾਜ਼ ਕਰਕੇ ਅੱਜ ਦੇ ਵਿਵਾਦ ਨੂੰ ਸਮਝਣਾ ਅਧੂਰੀ ਤਸਵੀਰ ਦੇਖਣ ਦੇ ਬਰਾਬਰ ਹੈ।

ਇਹ ਅਫ਼ਸੋਸ ਦੀ ਗੱਲ ਹੈ ਕਿ ਇਸ ਸਾਰੇ ਵਿਵਾਦ ਦੀ ਚਰਚਾ ਦੌਰਾਨ ਬਹੁਤੇ ਰਾਸ਼ਟਰੀ ਚੈਨਲਾਂ ਨੇ ਇਸ ਇਤਿਹਾਸਕ ਪਿਛੋਕੜ ਨੂੰ ਜਾਂ ਤਾਂ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਕੇ ਇਸ ਦਾ ਜ਼ਿਕਰ ਤੱਕ ਨਹੀਂ ਕੀਤਾ। ਚਰਚਾ ਦਾ ਕੇਂਦਰ ਸਿਰਫ਼ ਇਹ ਬਣਾਇਆ ਗਿਆ ਕਿ ਇੱਕ ਧਾਰਮਿਕ ਸੰਸਥਾ ਚੁਣੇ ਹੋਏ ਵਿਧਾਇਕਾਂ ਨੂੰ ਕਿਵੇਂ ਤਲਬ ਕਰ ਸਕਦੀ ਹੈ ਜਾਂ ਵਿਧਾਨ ਸਭਾ ਵੱਲੋਂ ਪਾਸ ਕੀਤੇ ਕਾਨੂੰਨ 'ਤੇ ਆਪਣੀ ਰਾਏ ਕਿਵੇਂ ਦੇ ਸਕਦੀ ਹੈ? ਇਸ ਨਾਲ ਦਰਸ਼ਕਾਂ ਅੱਗੇ ਘਟਨਾ ਦਾ ਸਿਰਫ਼ ਇੱਕ ਪੱਖ ਹੀ ਪੇਸ਼ ਹੋਇਆ, ਜਦਕਿ ਦੂਜਾ ਪੱਖ, ਜੋ ਕੇ ਬਹੁਤ ਹੀ ਮੱਹਤਵਪੂਰਨ ਹੈ, ਗਾਇਬ ਹੀ ਰਿਹਾ।

ਇਸ ਵਿਵਾਦ ਨੂੰ ਸਿਰਫ਼ ਸੰਵਿਧਾਨਕ ਜਾਂ ਕਾਨੂੰਨੀ ਨਜ਼ਰੀਏ ਨਾਲ ਨਹੀਂ, ਸਗੋਂ ਪੰਜਾਬ ਦੇ ਇਤਿਹਾਸ ਅਤੇ ਸਿੱਖ ਸੰਸਥਾਵਾਂ ਦੀ ਵਿਲੱਖਣ ਪਰੰਪਰਾ ਦੇ ਪ੍ਰਸੰਗ ਵਿੱਚ ਵੀ ਸਮਝਣ ਦੀ ਲੋੜ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਿਰਫ਼ ਧਾਰਮਿਕ ਸੰਸਥਾਵਾਂ ਹੀ ਨਹੀਂ, ਸਗੋਂ ਸਿੱਖ ਸਮਾਜ ਦੇ ਇਤਿਹਾਸਕ ਅਤੇ ਸੱਭਿਆਚਾਰਕ ਜੀਵਨ ਨਾਲ ਡੂੰਘੇ ਤੌਰ 'ਤੇ ਜੁੜੀਆਂ ਸੰਸਥਾਵਾਂ ਹਨ। ਇਸ ਹਕੀਕਤ ਨੂੰ ਨਜ਼ਰਅੰਦਾਜ਼ ਕਰਕੇ ਕੀਤੀ ਗਈ ਚਰਚਾ ਲਾਜ਼ਮੀ ਤੌਰ 'ਤੇ ਅਧੂਰੀ ਰਹਿ ਜਾਂਦੀ ਹੈ।

ਇਸ ਸਾਰੇ ਘਟਨਾਕ੍ਰਮ ਵਿੱਚ ਰਾਜਨੀਤੀ ਦਾ ਪੱਖ ਵੀ ਅਣਦੇਖਿਆ ਨਹੀਂ ਕੀਤਾ ਜਾ ਸਕਦਾ।

ਮੇਰੇ ਵਿਚਾਰ ਵਿੱਚ ਬੇਅਦਬੀ ਨਾਲ ਸੰਬੰਧਿਤ ਕਾਨੂੰਨ ਨੂੰ ਲੈ ਕੇ ਉੱਠੇ ਵਿਵਾਦ ਵਿੱਚ ਸਾਰੀਆਂ ਪ੍ਰਮੁੱਖ ਸਿਆਸੀ ਧਿਰਾਂ ਆਪਣੇ-ਆਪਣੇ ਰਾਜਨੀਤਿਕ ਹਿਸਾਬ-ਕਿਤਾਬ ਨਾਲ ਚੱਲਦੀਆਂ ਨਜ਼ਰ ਆਈਆਂ। ਵਿਰੋਧੀ ਧਿਰਾਂ ਨੂੰ ਇਹ ਸ਼ੰਕਾ ਸੀ ਕਿ ਜੇ ਇਹ ਕਾਨੂੰਨ ਬਿਨਾਂ ਕਿਸੇ ਵਿਵਾਦ ਦੇ ਲਾਗੂ ਹੋ ਜਾਂਦਾ ਹੈ ਤਾਂ ਇਸ ਦਾ ਰਾਜਨੀਤਿਕ ਲਾਭ ਸੱਤਾਧਾਰੀ ਪਾਰਟੀ ਨੂੰ ਮਿਲ ਸਕਦਾ ਹੈ। ਦੂਜੇ ਪਾਸੇ, ਪੰਜਾਬ ਸਰਕਾਰ ਨੇ ਵੀ ਬਿਨਾਂ ਵਿਆਪਕ ਸਲਾਹ-ਮਸ਼ਵਰੇ ਅਤੇ ਜਲਦਬਾਜ਼ੀ ਵਿੱਚ ਕੁਝ ਅਜਿਹੇ ਨੁਕਤੇ ਨਵੇਂ ਕਾਨੂੰਨ ਵਿਚ ਸ਼ਾਮਲ ਕਰ ਦਿੱਤੇ, ਜਿਨ੍ਹਾਂ ਨੇ ਵਿਵਾਦ ਨੂੰ ਹੋਰ ਗੰਭੀਰ ਬਣਾ ਦਿੱਤਾ। ਇਹ ਕਹਿਣਾ ਸ਼ਾਇਦ ਅਤਿਕਥਨੀ ਹੋਵੇਗਾ ਕਿ ਕਿਸੇ ਇੱਕ ਧਿਰ ਨੇ ਹੀ ਇਹ ਸਾਰਾ ਵਿਵਾਦ ਖੜ੍ਹਾ ਕੀਤਾ, ਪਰ ਇਹ ਕਹਿਣਾ ਵੀ ਔਖਾ ਹੈ ਕਿ ਇਸ ਪੂਰੇ ਮਾਮਲੇ ਵਿੱਚ ਰਾਜਨੀਤਿਕ ਲਾਭ-ਹਾਨੀ ਦਾ ਕੋਈ ਹਿਸਾਬ ਨਹੀਂ ਸੀ। ਅੱਜ ਦੀ ਰਾਜਨੀਤੀ ਵਿੱਚ ਧਾਰਮਿਕ ਅਤੇ ਭਾਵਨਾਤਮਕ ਮੁੱਦੇ ਅਕਸਰ ਚੋਣ ਗਣਿਤ ਨਾਲ ਜੁੜ ਜਾਂਦੇ ਹਨ ਅਤੇ ਇਸ ਵਿਵਾਦ ਵਿੱਚ ਵੀ ਉਸ ਦੀ ਝਲਕ ਸਾਫ਼ ਦਿਖਾਈ ਦਿੰਦੀ ਹੈ।

ਇਸ ਲਈ, ਇਸ ਸਾਰੇ ਮਾਮਲੇ ਨੂੰ ਸਿਰਫ਼ ਇੱਕ ਪਾਰਟੀ, ਇੱਕ ਸੰਸਥਾ ਜਾਂ ਇੱਕ ਵਿਅਕਤੀ ਦੀ ਗ਼ਲਤੀ ਮੰਨ ਕੇ ਨਹੀਂ ਦੇਖਿਆ ਜਾ ਸਕਦਾ। ਹਕੀਕਤ ਇਹ ਹੈ ਕਿ ਇਸ ਵਿੱਚ ਰਾਜਨੀਤਿਕ ਦੂਰਅੰਦੇਸ਼ੀ ਦੀ ਘਾਟ, ਧਾਰਮਿਕ ਸੰਵੇਦਨਸ਼ੀਲਤਾ ਅਤੇ ਸੰਵਿਧਾਨਕ ਪ੍ਰਕਿਰਿਆ—ਤਿੰਨੇ ਤੱਤ ਇੱਕੋ ਸਮੇਂ ਮੌਜੂਦ ਸਨ। ਜਦੋਂ ਤੱਕ ਇਨ੍ਹਾਂ ਤਿੰਨਾਂ ਨੂੰ ਇਕੱਠੇ ਨਹੀਂ ਦੇਖਿਆ ਜਾਂਦਾ, ਉਦੋਂ ਤੱਕ ਇਸ ਵਿਵਾਦ ਦੀ ਪੂਰੀ ਤਸਵੀਰ ਸਾਹਮਣੇ ਨਹੀਂ ਆ ਸਕਦੀ। ਇਸ ਸਾਰੇ ਘਟਨਾਕ੍ਰਮ ਵਿੱਚ ਇੱਕ ਹੋਰ ਗੱਲ ਵੀ ਬਹੁਤ ਚਰਚਾ ਵਿੱਚ ਰਹੀ ਕਿ ਵਿਧਾਇਕਾਂ ਨੇ ਜੱਥੇਦਾਰ ਸਾਹਿਬ ਅੱਗੇ ਇਹ ਕਿਹਾ ਕਿ ਉਨ੍ਹਾਂ ਨੂੰ ਬਿੱਲ ਦੀ ਕਾਪੀ ਇੱਕ ਦਿਨ ਪਹਿਲਾਂ ਹੀ ਮਿਲੀ ਸੀ, ਇਸ ਕਰਕੇ ਉਹ ਉਸ ਨੂੰ ਪੂਰੀ ਤਰ੍ਹਾਂ ਪੜ੍ਹ ਨਹੀਂ ਸਕੇ। ਵਿਰੋਧੀ ਧਿਰਾਂ ਅਤੇ ਮੀਡੀਆ ਦੇ ਇੱਕ ਹਿੱਸੇ ਨੇ ਇਸ ਗੱਲ ਨੂੰ ਇਸ ਤਰ੍ਹਾਂ ਉਭਾਰਿਆ ਜਿਵੇਂ ਇਹ ਵਿਧਾਇਕਾਂ ਦੀ ਬੇਧਿਆਨੀ ਜਾਂ ਬੌਧਿਕ ਕਮਜ਼ੋਰੀ ਦਾ ਸਬੂਤ ਹੋਵੇ। ਜੇ ਇਸ ਗੱਲ ਨੂੰ ਸੰਸਦੀ ਪ੍ਰਕਿਰਿਆ ਦੇ ਸੰਦਰਭ ਵਿੱਚ ਸਮਝਿਆ ਜਾਵੇ, ਤਾਂ ਤਸਵੀਰ ਕੁਝ ਹੋਰ ਹੀ ਹੈ। ਵਿਧਾਨ ਸਭਾਵਾਂ ਅਤੇ ਸੰਸਦ ਵਿੱਚ ਬਿੱਲ ਸਿਰਫ਼ ਵਿਅਕਤੀਗਤ ਪੜ੍ਹਨ ਨਾਲ ਨਹੀਂ, ਸਗੋਂ ਪਾਰਟੀ ਪ੍ਰਣਾਲੀ, ਕਮੇਟੀਆਂ ਅਤੇ ਅੰਦਰੂਨੀ ਵਿਚਾਰ-ਵਟਾਂਦਰੇ ਰਾਹੀਂ ਵੀ ਸਮਝੇ ਜਾਂਦੇ ਹਨ। ਹਰ ਵਿਧਾਇਕ ਲਈ ਹਰ ਤਕਨੀਕੀ ਵਿਸ਼ੇ ਨੂੰ ਵਿਸਥਾਰ ਨਾਲ ਸਮਝਣਾ ਹਮੇਸ਼ਾਂ ਸੰਭਵ ਨਹੀਂ ਹੁੰਦਾ, ਖਾਸ ਕਰਕੇ ਜਦੋਂ ਬਿੱਲ ਬਹੁਤ ਜਟਿਲ ਅਤੇ ਤਕਨੀਕੀ ਹੋਵੇ।

ਇੱਥੇ ਇੱਕ ਹੋਰ ਹਕੀਕਤ ਵੀ ਧਿਆਨ ਯੋਗ ਹੈ—ਪਾਰਟੀ ਵਿਵਸਥਾ ਵਿੱਚ "ਵਿਪ" ਪ੍ਰਣਾਲੀ ਦਾ ਮਹੱਤਵ। ਜਦੋਂ ਕਿਸੇ ਵੀ ਬਿੱਲ 'ਤੇ ਵੋਟਿੰਗ ਹੁੰਦੀ ਹੈ, ਤਾਂ ਪਾਰਟੀਆਂ ਆਪਣੇ ਮੈਂਬਰਾਂ ਲਈ ਵਿਪ ਜਾਰੀ ਕਰਦੀਆਂ ਹਨ, ਜਿਸ ਅਨੁਸਾਰ ਸਾਰੇ ਮੈਂਬਰਾਂ ਨੂੰ ਸਦਨ ਵਿੱਚ ਹਾਜ਼ਰ ਰਹਿਣਾ ਅਤੇ ਪਾਰਟੀ ਦੇ ਫੈਸਲੇ ਅਨੁਸਾਰ ਵੋਟ ਪਾਉਣਾ ਲਾਜ਼ਮੀ ਹੁੰਦਾ ਹੈ (ਭਾਵੇਂ ਉਹ ਵਿਅਕਤੀਗਤ ਤੌਰ ਤੇ ਇਸ ਨਾਲ ਸਹਿਮਤ ਨਾ ਹੋਣ)। ਇਸ ਪ੍ਰਣਾਲੀ ਵਿੱਚ ਵਿਅਕਤੀਗਤ ਰਾਏ ਦੀ ਗੁੰਜਾਇਸ਼ ਸੀਮਤ ਹੋ ਜਾਂਦੀ ਹੈ। ਇਸ ਲਈ ਸਿਰਫ਼ ਇਹ ਕਹਿ ਦੇਣਾ ਕਿ ਬਿੱਲ ਨਹੀਂ ਪੜ੍ਹਿਆ ਗਿਆ, ਪੂਰੀ ਤਸਵੀਰ ਪੇਸ਼ ਨਹੀਂ ਕਰਦਾ। ਇਸ ਦਾ ਇਹ ਅਰਥ ਨਹੀਂ ਕਿ ਵਿਧਾਇਕਾਂ ਦੀ ਜ਼ਿੰਮੇਵਾਰੀ ਘੱਟ ਹੋ ਜਾਂਦੀ ਹੈ। ਲੋਕਤੰਤਰ ਵਿੱਚ ਚੁਣੇ ਹੋਏ ਨੁਮਾਇੰਦਿਆਂ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਘੱਟੋ-ਘੱਟ ਮੂਲ ਮੁੱਦਿਆਂ ਦੀ ਸਮਝ ਰੱਖਣ। ਪਰ ਪ੍ਰਣਾਲੀ ਦੀ ਅਸਲੀ ਕਾਰਗੁਜ਼ਾਰੀ ਇਹ ਦਰਸਾਉਂਦੀ ਹੈ ਕਿ ਫੈਸਲੇ ਅਕਸਰ ਸਮੂਹਿਕ ਰੂਪ ਵਿੱਚ ਲਏ ਜਾਂਦੇ ਹਨ, ਨਾ ਕਿ ਚੁਣੇ ਗਏ ਪ੍ਰਤੀਨਿਧਾ ਦੀ ਵਿਅਕਤੀਗਤ ਸੋਚ ਦੇ ਆਧਾਰ 'ਤੇ।

ਇਹ ਗੱਲ ਵੀ ਵਿਚਾਰਯੋਗ ਹੈ ਕਿ ਆਧੁਨਿਕ ਕਾਨੂੰਨ ਬਹੁਤ ਤਕਨੀਕੀ ਹੋ ਚੁੱਕੇ ਹਨ। ਬਜਟ, ਵਿੱਤੀ ਨੀਤੀਆਂ ਅਤੇ ਕਾਨੂੰਨੀ ਸੋਧਾਂ ਅਕਸਰ ਐਸੇ ਵਿਸ਼ੇ ਹੁੰਦੇ ਹਨ ਜਿਨ੍ਹਾਂ ਦੀ ਪੂਰੀ ਸਮਝ ਅਰਥਸ਼ਾਸਤਰੀਆਂ, ਕਾਨੂੰਨੀ ਮਾਹਿਰਾਂ ਅਤੇ ਅਧਿਕਾਰੀਆਂ ਦੀ ਮਦਦ ਤੋਂ ਬਿਨਾਂ ਸੰਭਵ ਨਹੀਂ ਹੁੰਦੀ। ਇਸ ਲਈ ਇਹ ਉਮੀਦ ਕਰਨਾ ਕਿ ਹਰ ਵਿਧਾਇਕ ਹਰ ਲਾਈਨ ਦਾ ਗਹਿਰਾਈ ਨਾਲ ਵਿਸ਼ਲੇਸ਼ਣ ਕਰੇਗਾ, ਅਸਲ ਹਕੀਕਤ ਨਾਲ ਪੂਰੀ ਤਰ੍ਹਾਂ ਮੇਲ ਨਹੀਂ ਖਾਂਦਾ। ਇਸ ਪੂਰੇ ਪ੍ਰਸੰਗ ਵਿੱਚ, ਵਿਧਾਇਕਾਂ ਵੱਲੋਂ ਦਿੱਤਾ ਗਿਆ ਜਵਾਬ ਸਿਰਫ਼ ਇੱਕ ਬਚਾਅ ਨਹੀਂ, ਸਗੋਂ ਮੌਜੂਦਾ ਸੰਸਦੀ ਅਤੇ ਪਾਰਟੀ ਪ੍ਰਣਾਲੀ ਦੀ ਹਕੀਕਤ ਨੂੰ ਵੀ ਦਰਸਾਉਂਦਾ ਹੈ। ਲੋਕਤੰਤਰ ਦਾ ਇਹ ਇੱਕ ਅਜਿਹਾ ਪੱਖ ਹੈ ਜਿੱਥੇ ਵਿਅਕਤੀਗਤ ਸਮਝ, ਪਾਰਟੀ ਅਨੁਸ਼ਾਸਨ ਅਤੇ ਪ੍ਰਸ਼ਾਸਕੀ ਜਟਿਲਤਾ ਇਕੱਠੇ ਕੰਮ ਕਰਦੇ ਹਨ, ਅਤੇ ਕਈ ਵਾਰ ਇਹ ਤਿੰਨੇ ਤੱਤ ਮਿਲ ਕੇ ਸਥਿਤੀ ਨੂੰ ਸਧਾਰਨ ਨਹੀਂ ਰਹਿਣ ਦਿੰਦੇ। ਇਸ ਪੱਖ ਤੋਂ ਵਿਧਾਇਕਾਂ ਦੀ ਸੂਝ-ਬੂਝ ਤੇ ਅਯੋਗ ਟਿੱਪਣੀ ਕਰਨਾ ਠੀਕ ਨਹੀਂ ਜਾਪਦਾ। ਇਹ ਵੀ ਹੋ ਸਕਦਾ ਹੈ ਕਿ ਇਹ ਜੁਆਬ ਇਕ ਸੋਚੀ ਸਮਝੀ ਰਣਨੀਤੀ ਦੇ ਅਧੀਨ ਹੀ ਹੋਵੇ ਤਾਂ ਜੋ ਕਿਸੇ ਹੋਰ ਟਕਰਾਅ ਤੋਂ ਬਚਿਆ ਜਾ ਸਕੇ।

ਇਸ ਪੂਰੇ ਵਿਵਾਦ ਨੂੰ ਜੇ ਇੱਕ ਵੱਡੀ ਤਸਵੀਰ ਵਾਂਗ ਦੇਖਿਆ ਜਾਵੇ ਤਾਂ ਇਹ ਸਿਰਫ਼ ਇੱਕ ਕਾਨੂੰਨ ਜਾਂ ਇੱਕ ਘਟਨਾ ਦਾ ਮਾਮਲਾ ਨਹੀਂ ਰਹਿੰਦਾ, ਸਗੋਂ ਇਹ ਪੰਜਾਬ ਦੀ ਰਾਜਨੀਤੀ, ਧਾਰਮਿਕ ਸੰਸਥਾਵਾਂ ਦੀ ਭੂਮਿਕਾ ਅਤੇ ਲੋਕਤੰਤਰਕ ਪ੍ਰਣਾਲੀ ਦੇ ਆਪਸੀ ਰਿਸ਼ਤਿਆਂ ਨੂੰ ਸਮਝਣ ਦਾ ਸਵਾਲ ਬਣ ਜਾਂਦਾ ਹੈ। ਇਸ ਮੁੱਦੇ ਨੂੰ ਇਸ ਤਰਾਂ ਉਭਾਰਨਾ ਅਸਲ ਵਿਚ ਰਾਜਨੀਤਕ ਲਾਹਾ ਲੈਣਾ ਵਧੇਰੇ ਲੱਗਦਾ ਹੈ।

ਇੱਕ ਪਾਸੇ ਸ੍ਰੀ ਅਕਾਲ ਤਖ਼ਤ ਸਾਹਿਬ ਵਰਗੀ ਸਰਵਉੱਚ ਧਾਰਮਿਕ ਸੰਸਥਾ ਹੈ, ਜਿਸਦੀ ਸਿੱਖ ਜਗਤ ਵਿੱਚ ਇਤਿਹਾਸਕ ਅਤੇ ਨੈਤਿਕ ਅਗਵਾਈ ਰਹੀ ਹੈ। ਦੂਜੇ ਪਾਸੇ ਲੋਕਾਂ ਵੱਲੋਂ ਚੁਣੀ ਗਈ ਭਵਿਧਾਨ ਸਭਾ ਅਤੇ ਉਸ ਦੀ ਬਣਾਈ ਹੋਈ ਸਰਕਾਰ ਹੈ, ਜਿਸ ਦਾ ਕੰਮ ਕਾਨੂੰਨ ਬਣਾਉਣਾ ਅਤੇ ਪ੍ਰਸ਼ਾਸਨ ਚਲਾਉਣਾ ਹੈ। ਜਦੋਂ ਇਹ ਦੋਵੇਂ ਧੁਰੇ ਕਿਸੇ ਵਿਸ਼ੇ 'ਤੇ ਸਾਹਮਣੇ ਆ ਜਾਂਦੇ ਹਨ, ਤਾਂ ਟਕਰਾਅ ਦੀ ਸਥਿਤੀ ਬਣਨਾ ਅਸੁਭਾਵਿਕ ਨਹੀਂ ਹੁੰਦਾ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਿੱਖ ਧਾਰਮਿਕ ਸੰਸਥਾਵਾਂ ਅਤੇ ਰਾਜਨੀਤਿਕ ਤਾਕਤਾਂ ਦੇ ਰਿਸ਼ਤੇ ਹਮੇਸ਼ਾਂ ਸਧਾਰਨ ਨਹੀਂ ਰਹੇ। ਕਦੇ ਇਹ ਸਹਿਯੋਗ ਦੇ ਰੂਪ ਵਿੱਚ ਰਹੇ ਹਨ ਅਤੇ ਕਦੇ ਤਣਾਅ ਦੇ ਰੂਪ ਵਿੱਚ। ਇਸ ਸੰਦਰਭ ਵਿੱਚ 1959 ਵਰਗੇ ਘਟਨਾਕ੍ਰਮ ਅਤੇ ਬਾਅਦ ਦੀਆਂ ਕਈ ਇਤਿਹਾਸਕ ਘਟਨਾਵਾਂ ਇਹ ਦਰਸਾਉਂਦੀਆਂ ਹਨ ਕਿ ਇਹ ਮੁੱਦਾ ਨਵਾਂ ਨਹੀਂ ਹੈ, ਸਗੋਂ ਲੰਬੇ ਸਮੇਂ ਤੋਂ ਚੱਲਦਾ ਆ ਰਿਹਾ ਇੱਕ ਸੰਵੇਦਨਸ਼ੀਲ ਸਵਾਲ ਹੈ।

ਇਸ ਪੂਰੇ ਵਿਵਾਦ ਵਿੱਚ ਮੀਡੀਆ ਦੀ ਭੂਮਿਕਾ ਵੀ ਵਿਚਾਰਨਯੋਗ ਹੈ। ਕਿਸੇ ਵੀ ਘਟਨਾ ਦੀ ਪੇਸ਼ਕਾਰੀ ਜਦੋਂ ਪੂਰੇ ਸੰਦਰਭ ਤੋਂ ਕੱਟ ਕੇ ਕੀਤੀ ਜਾਂਦੀ ਹੈ, ਤਾਂ ਉਹ ਜਨਮਤ ਨੂੰ ਇੱਕ ਪਾਸੇ ਵੱਲ ਝੁਕਾ ਸਕਦੀ ਹੈ। ਇਸੇ ਕਰਕੇ ਜ਼ਰੂਰੀ ਹੈ ਕਿ ਅਜਿਹੇ ਸੰਵੇਦਨਸ਼ੀਲ ਮੁੱਦਿਆਂ 'ਤੇ ਚਰਚਾ ਕਰਦੇ ਸਮੇਂ ਸਿਰਫ਼ ਤੁਰੰਤ ਪ੍ਰਤੀਕਿਰਿਆ ਨਹੀਂ, ਸਗੋਂ ਇਤਿਹਾਸਕ ਪਿਛੋਕੜ ਅਤੇ ਸੰਵਿਧਾਨਕ ਢਾਂਚੇ ਦੋਹਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ, ਪਰ ਅਫਸੋਸ ਸਾਡੇ ਦੇਸ ਦਾ ਮੀਡੀਆ ਇਸ ਪੱਖੋਂ ਮਾਰ ਖਾ ਜਾਂਦਾ ਹੈ। ਮੇਰੇ ਵਿਚਾਰ ਵਿੱਚ ਇਸ ਪੂਰੇ ਘਟਨਾਕ੍ਰਮ ਤੋਂ ਸਭ ਤੋਂ ਵੱਡਾ ਸਬਕ ਇਹ ਨਿਕਲਦਾ ਹੈ ਕਿ ਲੋਕਤੰਤਰ ਵਿੱਚ ਸੰਸਥਾਵਾਂ ਦਾ ਆਪਸੀ ਸਨਮਾਨ ਅਤੇ ਸੰਵਾਦ ਬਹੁਤ ਜ਼ਰੂਰੀ ਹੈ। ਧਾਰਮਿਕ ਸੰਸਥਾਵਾਂ ਦੀ ਆਪਣੀ ਨੈਤਿਕ ਅਤੇ ਸਮਾਜਿਕ ਭੂਮਿਕਾ ਹੈ, ਜਦਕਿ ਰਾਜਨੀਤਿਕ ਸੰਸਥਾਵਾਂ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ। ਜਦੋਂ ਤੱਕ ਇਹ ਦੋਵੇਂ ਇੱਕ-ਦੂਜੇ ਦੀ ਸੀਮਾ ਅਤੇ ਭੂਮਿਕਾ ਨੂੰ ਸਮਝਦੇ ਰਹਿੰਦੇ ਹਨ, ਤਦ ਤੱਕ ਟਕਰਾਅ ਦੀ ਬਜਾਏ ਸੰਤੁਲਨ ਬਣਿਆ ਰਹਿ ਸਕਦਾ ਹੈ।


ਅੰਤ ਵਿੱਚ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਬੇਅਦਬੀ ਵਰਗੇ ਸੰਵੇਦਨਸ਼ੀਲ ਮਾਮਲੇ ਸਿਰਫ਼ ਕਾਨੂੰਨ ਜਾਂ ਰਾਜਨੀਤੀ ਦੇ ਦਾਇਰੇ ਵਿੱਚ ਨਹੀਂ ਸਿਮਟਦੇ, ਸਗੋਂ ਇਹ ਸਮਾਜਿਕ ਭਾਵਨਾਵਾਂ, ਇਤਿਹਾਸਕ ਅਨੁਭਵਾਂ ਅਤੇ ਧਾਰਮਿਕ ਸੰਵੇਦਨਸ਼ੀਲਤਾ ਨਾਲ ਵੀ ਗਹਿਰਾਈ ਨਾਲ ਜੁੜੇ ਹੁੰਦੇ ਹਨ। ਇਸ ਲਈ ਅਜਿਹੇ ਵਿਸ਼ਿਆਂ 'ਤੇ ਚਰਚਾ ਕਰਦੇ ਸਮੇਂ ਸੰਤੁਲਨ, ਸਾਵਧਾਨੀ ਅਤੇ ਪੂਰੇ ਸੰਦਰਭ ਦੀ ਸਮਝ ਸਭ ਤੋਂ ਜ਼ਰੂਰੀ ਹੋ ਜਾਂਦੀ ਹੈ। -

ਰਵਿੰਦਰ ਸਿੰਘ ਸੋਢੀ ਕੈਲਗਰੀ , ਕੈਨੇਡਾ।

## ਸ਼ਹੀਦ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਨੂੰ ਸਮਰਪਿਤ

# ਜਿਹੜੀ ਕੌਮ ਦੇ ਸੂਰਬੀਰ ਸਿਧਾਂਤਾਂ ਲਈ ਮਰ ਮਿਟਣ ਦਾ ਤਹੱਈਆ ਕਰ ਲੈਣ, ਉਹ ਕੌਮਾਂ ਖ਼ਤਮ ਨਹੀਂ ਹੁੰਦੀਆਂ

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



ਭਾਈ ਮਨੀ ਸਿੰਘ ਜੀ ਬੜੇ ਹੀ ਮਾਨਯੋਗ, ਸੰਤ ਲੋਕ, ਪੂਰਨ ਬੁੱਧੀ ਵਾਲ਼ੇ, ਸਤ ਪ੍ਰਤੱਗੀ ਅਤੇ ਸ਼ਬਦ ਸੁਰਤ ਦੇ ਅਭਿਆਸੀ ਪੂਰਨ ਗੁਰਸਿੱਖ ਸਨ। ਜਿੱਥੇ ਆਪ ਜੀ ਤਪੱਸਵੀ, ਸ਼ਾਂਤ ਚਿੱਤ, ਦੂਸਰੇ ਦੀ ਵਧੀਕੀ ਨੂੰ ਨਾ ਸਹਾਰਨ ਵਾਲ਼ੇ ਸੂਰਮੇ ਅਤੇ ਕਿਸੇ ਦਾ ਭੈਅ ਨਾ ਮੰਨਣ ਵਾਲ਼ੇ ਨਿਰਭੈ ਸਿੱਖ ਸਨ, ਓਥੇ ਆਪਣੇ ਕਰਮ-ਧਰਮ ਵਿੱਚ ਪੂਰੇ ਭਗਤ, ਗਿਆਨਵਾਨ, ਆਪਣੀ ਬੁੱਧ ਨੂੰ ਸਤਿਗੁਰਾਂ ਦੀ ਬਾਣੀ ਅਨੁਸਾਰ ਢਾਲ ਕੇ ਸਤਿਗੁਰਾਂ ਦੇ ਚਰਨਾਂ ਵਿੱਚ ਬਹੁਤ ਚਿਰ ਰਹੇ।


ਮਨੀ ਸਿੰਘ ਥੇ ਸੰਤ ਸੁਜਾਨ,
ਜਤੀ ਸਤੀ ਔ ਧਯਾਨੀ ਮਾਨ,
ਹਠੀ ਤਪੀ ਔ ਮਤ ਕੋ ਪੂਰੋ,
ਸਹਿਨਸ਼ੀਲ ਔ ਦਿਲ ਕੋ ਸੂਰੋ।
ਕਰਮੀ ਧਰਮੀ ਭਗਤਿ ਗਿਆਨੀ,
ਸਤਿਗੁਰ ਬਚਨਨ ਪਰ ਮਤ ਠਾਨੀ,
ਹੁਤ ਸਤਿਗੁਰ ਸੋ ਰਹਿਤ ਹਜੂਰ,
ਤਿਸ ਪਰ ਭਯੋ ਸੁ ਗੁਰਮਤ ਪੂਰ।

(ਪ੍ਰਾਚੀਨ ਪੰਥ ਪ੍ਰਕਾਸ਼ (ਸਟੀਕ) ਭਾਗ ਦੂਜਾ ਪੰਨਾ 58)

ਸੇਵਾ ਸਿੰਘ ਜੀ ਦਾ 'ਭੱਟ ਵਹੀਆਂ' ਦੇ ਆਧਾਰ ’ਤੇ ਲਿਖਿਆ ਸ਼ਹੀਦ ਬਿਲਾਸ ਅਤੇ ਪ੍ਰਸਿੱਧ ਇਤਿਹਾਸਕਾਰ ਗਿਆਨੀ ਗਰਜਾ ਸਿੰਘ ਜੀ ਅਨੁਸਾਰ “ਭਾਈ ਮਨੀ ਦਾ ਜਨਮ ਭਾਈ ਮਾਈ ਦਾਸ ਦੇ ਘਰ 7 ਅਪ੍ਰੈਲ 1644 ਨੂੰ ਮਾਤਾ 'ਮਧਰੀ ਬਾਈ' ਦੀ ਕੁਖੋਂ ਪਿੰਡ ਅਲੀਪੁਰ ਜ਼ਿਲ੍ਹਾ ਮੁਜ਼ੱਫਰਗੜ੍ਹ (ਪੱਛਮੀ ਪਾਕਿਸਤਾਨ) ਵਿੱਚ ਹੋਇਆ। ਭਾਈ ਮਾਈ ਦਾਸ ਜੀ ਪਹਿਲਾਂ ਤੋਂ ਹੀ ਗੁਰੂ ਘਰ ਦਾ ਸ਼ਰਧਾਲੂ ਸੀ। ਆਪ ਜੀ ਦੇ ਦਾਦਾ ਜੀ ‘ਭਾਈ ਬੱਲੂ’ ਬੜੇ ਬਹਾਦਰ ਸਨ ਅਤੇ ਛੇਵੇਂ ਪਾਤਿਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਮੁਗ਼ਲਾਂ ਨਾਲ ਲੜਦੇ ਹੋਏ ਅਪ੍ਰੈਲ 1734 ਈ: ਨੂੰ ਸ਼ਹੀਦ ਹੋਏ ਸਨ।

ਭਾਈ ਮਨੀ ਸਿੰਘ ਜੋ 12 ਸਕੇ ਭਰਾ ਸਨ। ਸਿਵਾਇ ਇੱਕ ਭਰਾ ਭਾਈ ਅਮਰ ਚੰਦ ਤੋਂ ਬਾਕੀ ਸਾਰਿਆਂ ਭਰਾਵਾਂ ਨੇ ਗੁਰਸਿੱਖੀ ਨੂੰ ਰਹਿੰਦੀ ਦੁਨੀਆਂ ਤਕ ਸੁਰਜੀਤ ਰੱਖਣ ਲਈ ਸ਼ਹੀਦੀਆਂ ਪਾਈਆਂ। ਇਤਿਹਾਸ ਵਿੱਚ ਇਹਨਾਂ ਦੇ ਨਾਂ ਅਤੇ ਸ਼ਹੀਦੀ ਅਸਥਾਨ ਹਨ (2) ਭਾਈ ਹਰੀ ਚੰਦ (ਭੰਗਾਣੀ ਦਾ ਯੁੱਧ) (3) ਭਾਈ ਸੋਹਣ ਚੰਦ (ਨੰਦੌਣ ਦੀ ਜੰਗ ਵਿੱਚ) (4) ਭਾਨ ਸਿੰਘ (ਚਮਕੌਰ) (5) ਭਾਈ ਲਹਿਣਾ ਸਿੰਘ (ਗੁਲੇਰ ਵਿਖੇ) (6) ਭਾਈ ਰਾਇ ਸਿੰਘ (ਮੁਕਤਸਰ) (7, 8) ਭਾਈ ਜੇਠਾ ਸਿੰਘ ਤੇ ਰੂਪ ਸਿੰਘ (ਆਲੋਆਲ) (9) ਭਾਈ ਮਾਨ ਸਿੰਘ ਗੰਭੀਰ (ਚਿਤੌੜ) (10) ਭਾਈ ਜਗਤ ਸਿੰਘ। ਇੱਥੇ ਸਾਰਿਆਂ ਭਰਾਵਾਂ ਦੀਆਂ ਸ਼ਹੀਦੀਆਂ ਦੇਣ ਲਈ ਸਮਾਂ ਤੇ ਸਥਾਨ ਆਗਿਆ ਨਹੀਂ ਦਿੰਦਾ। ਗੁਰੂ ਤੇਗ ਬਹਾਦਰ ਜੀ ਨਾਲ ਦੇਗ ਵਿੱਚ ਉਬਾਲ ਕੇ ਸ਼ਹੀਦ ਹੋਣ ਵਾਲ਼ੇ (ਭਾਈ ਦਿਆਲਾ ਜੀ) ਵੀ ਮਨੀ ਸਿੰਘ ਜੀ ਦੇ ਸਕੇ ਭਰਾ ਸਨ।

ਭਾਈ ਮਨੀ ਸਿੰਘ ਜੀ ਦਾ ਵਿਆਹ 'ਭਾਈ ਲੱਖੀ ਰਾਇ' ਦੀ ਸਪੁੱਤਰੀ ਬੀਬੀ ਸੀਤੋ ਨਾਲ



ਹੋਇਆ। ਭਾਈ ਲੱਖੀ ਰਾਇ ਸਿੱਖ ਇਤਿਹਾਸ ਵਿੱਚ ਲੱਖੀ ਸ਼ਾਹ ਵਣਜਾਰੇ ਨਾਲ ਜਾਣਿਆ ਅਤੇ ਸਤਿਕਾਰਿਆ ਜਾਂਦਾ ਹੈ। ਲੱਖੀ ਸ਼ਾਹ ਵਣਜਾਰੇ ਨੇ ਹੀ ਨੌਵੇਂ ਗੁਰੂ ਤੇਗ਼ ਬਹਾਦਰ ਦੀ ਦਿੱਲੀ ਸ਼ਹੀਦੀ ਸਮੇਂ ਉਹਨਾਂ ਦੇ ਧੜ ਦਾ ਸੰਸਕਾਰ ਆਪਣੇ ਘਰ ਲਿਜਾ ਕੇ ਸਾਰੇ ਘਰ ਨੂੰ ਅੱਗ ਲਾ ਕੇ ਕੀਤਾ ਸੀ। ਜਿੱਥੇ ਹੁਣ ਗੁਰਦੁਆਰਾ 'ਰਕਾਬ ਗੰਜ' ਸੁਸ਼ੋਭਿਤ ਹੈ। ਭਾਈ ਮਨੀ ਸਿੰਘ ਜੀ ਦੇ ਦਸ ਪੁੱਤਰ ਸਨ। (1) ਭਾਈ ਬਚਿੱਤਰ ਸਿੰਘ (2) ਭਾਈ ਉਦੈ ਸਿੰਘ (3) ਚਿੱਤਰ ਸਿੰਘ (4) ਅਨਿਕ ਸਿੰਘ (5) ਅਜਬ ਸਿੰਘ (6) ਅਜਾਇਬ ਸਿੰਘ (7) ਗੁਰਬਖ਼ਸ਼ ਸਿੰਘ (8) ਭਗਵਾਨ ਸਿੰਘ (9) ਬਲਰਾਮ ਸਿੰਘ ਅਤੇ (10) ਵਾਂ ਸੀ ਦੇਸਾ ਸਿੰਘ ਰਹਿਤਨਾਮੀਆਂ।

ਭਾਈ ਬਚਿੱਤਰ ਸਿੰਘ ਓਹੀ ਹਨ, ਜਿਨ੍ਹਾਂ ਨੇ ਨਾਗਨੀ ਬਰਸ਼ਾ ਮਾਰ ਕੇ ਦੁਸ਼ਮਣ ਦੇ ਸ਼ਰਾਬੀ ਹਾਥੀ ਨੂੰ ਮਾਰ ਭਜਾਇਆ ਸੀ ਅਤੇ ਇਹ ਓਹੀ ਉਦੈ ਸਿੰਘ ਹਨ, ਜਿਨ੍ਹਾਂ ਨੇ ਕੇਸਰੀ ਚੰਦ ਦਾ ਸਿਰ ਉਤਾਰਿਆ ਸੀ। ਇਹ ਦੋਵੇਂ ਭਾਈ ਮਨੀ ਸਿੰਘ ਦੇ ਹੀ ਬੇਟੇ ਸਨ। ਭਾਈ ਉਦੈ ਸਿੰਘ ਜੀ ਸਰਸਾ ਦੇ ਕੰਢੇ ਅਨੰਦਪੁਰ ਦਾ ਕਿਲ੍ਹਾ ਛੱਡਣ ਤੋਂ ਬਾਅਦ ਬੜੀ ਸੂਰਮਗਤੀ ਨਾਲ ਦੁਸ਼ਮਣ ਦਾ ਮੁਕਾਬਲਾ ਕਰਦੇ ਹੋਏ ਸ਼ਹੀਦ ਹੋਏ ਤੇ ਇਹਨਾਂ ਦੇ ਤਿੰਨ ਭਰਾ, ਅਜਬ ਸਿੰਘ, ਅਜਾਇਬ ਸਿੰਘ ਅਤੇ ਅਨਿਕ ਸਿੰਘ ਨੇ ਚਮਕੌਰ ਦੀ ਜੰਗ ਵਿੱਚ ਸ਼ਹੀਦੀਆਂ ਪਾਈਆਂ।

ਦਸੰਬਰ 1704 ਨੂੰ ਸਰਸਾ ਦੇ ਕੰਢੇ ਜਦੋਂ ਕਾਲ਼ੀ ਬੋਲੀ ਰਾਤ ਅਤੇ ਘਮਸਾਨ ਦੇ ਬੁੱਧ ਦੌਰਾਨ ਗੁਰੂ ਜੀ ਦਾ ਸਾਰਾ ਪਰਿਵਾਰ ਵਿੱਛੜ ਗਿਆ ਤਾਂ ਭਾਈ ਮਨੀ ਸਿੰਘ ਜੀ ਗੁਰੂ ਕੇ ਮਹਿਲਾਂ ਨੂੰ ਕਈ ਮੁਸੀਬਤ ਦਾ ਸਾਹਮਣਾ ਕਰਦੇ ਹੋਏ ਦਿੱਲੀ ਪਹੁੰਚਣ ਵਿੱਚ ਸਫ਼ਲ ਹੋ ਗਏ ਸਨ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਚਮਕੌਰ ਦੇ ਯੁੱਧ ਤੋਂ ਬਾਅਦ ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਲਿਖ ਕੇ ਅਤੇ ਮੁਕਤਸਰ ਦੀ ਫ਼ਤਹਿ ਤੋਂ ਬਾਅਦ ਜਦੋਂ ਸਾਬੋ ਕੀ ਤਲਵੰਡੀ ਦਮਦਮਾ ਸਾਹਿਬ ਪਹੁੰਚੇ ਸਨ, ਤਾਂ ਭਾਈ ਮਨੀ ਸਿੰਘ ਜੀ ਵੀ ਗੁਰੂ ਕੇ ਮਹਿਲਾਂ ਨੂੰ ਨਾਲ ਲੈ ਕੇ ਅਤੇ ਸੰਗਤਾਂ ਸਮੇਤ ਕਲਗ਼ੀਧਰ ਪਾਤਸ਼ਾਹ ਦੇ ਚਰਨਾਂ ਵਿੱਚ ਹਾਜ਼ਰ ਹੋਏ ਸਨ ਤੇ ਬਾਅਦ ਵਿੱਚ ਇੱਥੇ ਹੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਾਰੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਆਪਣੀ ਪਵਿੱਤਰ ਰਸਨਾ ਤੋਂ ਜ਼ੁਬਾਨੀ ਉਚਾਰ ਕੇ ਭਾਈ ਮਨੀ ਸਿੰਘ ਕੋਲੋਂ ਲਿਖਵਾਈ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦਰਜ ਕਰਵਾ ਕੇ ਬੀੜ ਨੂੰ ਸੰਪੂਰਨਤਾ ਬਖ਼ਸ਼ੀ। ਇਸ ਨੂੰ ‘ਦਮਦਮੀ ਬੀੜ’ ਵੀ ਕਿਹਾ ਜਾਂਦਾ ਹੈ। ਭਾਈ ਮਨੀ ਸਿੰਘ ਜੀ ਦੁਆਰਾ ਲਿਖੀ ਇਸ ਦਮਦਮੀ ਬੀੜ ਨੂੰ ਗੁਰੂ ਜੀ ਨੇ 1708 ਈਸਵੀ ਨੂੰ ਨੰਦੇੜ ਵਿਖੇ ਗੁਰਤਾ ਬਖ਼ਸ਼ ਕੇ ਗੁਰ-ਗੱਦੀ ਪ੍ਰਦਾਨ ਕੀਤੀ।

ਦਮਦਮਾ ਸਾਹਿਬ ਤੋਂ ਗੁਰੂ ਜੀ ਦੱਖਣ ਨੂੰ ਚਲੇ ਗਏ ਅਤੇ ਮਾਤਾਵਾਂ ਸਮੇਤ ਫਿਰ ਦਿੱਲੀ ਆ ਗਏ। ਬਾਬਾ ਬੰਦਾ ਸਿੰਘ ਬਹਾਦਰ 9 ਜੂਨ 1716 ਈਸਵੀਂ ਫਰੁਖ਼ਸ਼ੀਅਰ ਦੇ ਹੁਕਮ ਨਾਲ ਤਸੀਹੇ ਦੇ ਕੇ ਸ਼ਹੀਦ ਕਰ ਦਿੱਤੇ ਗਏ। ਬਾਬਾ ਬੰਦਾ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖ ਕੌਮ ਆਗੂ ਰਹਿਤ ਹੋ ਗਈ, ਦੂਸਰਾ ਫਰੁਖ਼ਸ਼ੀਅਰ ਦਾ ਕੱਟੜਪੁਣਾ ਇੰਨਾ ਵਧ ਗਿਆ ਕਿ ਉਸ ਨੇ ਸਿੰਘਾਂ ’ਤੇ ਅਜ਼ਾਦੀ ਨਾਲ ਤੁਰਨ-ਫਿਰਨ ’ਤੇ ਵੀ ਪਬੰਦੀ ਲਗਾ ਦਿੱਤੀ, ਸਿੱਖਾਂ ਨੂੰ ਜਥੇਬੰਦ ਹੋਣਾ ਮੁਸ਼ਕਲ ਹੋ ਗਿਆ। ਫਰੁਖ਼ਸ਼ੀਅਰ ਨੇ ਸਿੱਖਾਂ ਦੇ ਕਤਲ-ਏ-ਆਮ ਦੇ ਫੁਰਮਾਨ ਜਾਰੀ ਕਰ ਦਿੱਤੇ। ਉਸ ਨੇ ਆਪਣੇ ਹੁਕਮਾਂ ਨੂੰ ਅਮਲੀ ਜਾਮਾ ਪਹਿਨਾਉਣ ਅਤੇ ਸਿੱਖਾਂ ਅਤੇ ਹਿੰਦੂਆਂ ਵਿੱਚ ਫ਼ਰਕ ਜਾਨਣ ਲਈ ਸਿਰ ਮੂੰਹ ਮਨਾਉਣ ਦਾ ਹੁਕਮ ਜਾਰੀ ਕੀਤਾ। ਹਿੰਦੂਆਂ ਨੇ ਤਾਂ ਆਪਣਾ ਮੂੰਹ ਸਿਰ ਘੋਨ-ਮੋਨ ਕਰ ਕੇ ਆਪਣਾ ਆਪ ਬਚਾ ਲਿਆ, ਪਰ ਸੀਸ ਭੇਟ ਕਰ ਕੇ ਸਜਿਆ ਸਾਬਤ ਸੂਰਤ ਖ਼ਾਲਸਾ ਆਪਣੇ ਗੁਰੂ ਦੀ ਮੋਹਰ ਨੂੰ ਇੰਨੀ ਸਸਤੀ ਕਿਵੇਂ ਵੇਚ ਸਕਦਾ ਸੀ। ਇਤਿਹਾਸਕਾਰਾਂ ਨੇ ਇਸ ਸਮੇਂ ਨੂੰ ਸਿੱਖਾਂ ਲਈ ਬਿਖੜਾ ਅਤੇ ਬਿਪਤਾ ਭਰਿਆ ਸਮਾਂ ਆਖਿਆ ਹੈ। ਗਸ਼ਤੀ ਫ਼ੌਜਾਂ ਸਿੰਘਾਂ ਦੇ ਸਿਰਾਂ ਦਾ ਮੁੱਲ ਵੱਟਣ ਲਈ ਹਰਲ-ਹਰਲ ਕਰਦੀਆਂ ਫਿਰਦੀਆਂ ਸਨ। ਸਿੰਘਾਂ ਦੇ ਟਿਕਾਣੇ ਅਤੇ ਛੁਪਣਗਾਹਾਂ ਸਾੜ ਦਿੱਤੀਆਂ, ਨਾ ਕੁਝ ਖਾਣ ਵਾਸਤੇ ਤੇ ਨਾ ਪਹਿਨਣ ਵਾਸਤੇ। ਬਸ ਓਹੀ ਪੁਰਾਣੇ ਘਸੇ ਹੋਏ, ਪਾਟੇ ਹੋਏ ਬਸਤਰ ਅਤੇ ਅੰਨ ਪਾਣੀ ਦੀ ਥਾਂ ਘਾਹ ਕੱਚਾ ਪੱਕਾ ਖਾ ਕੇ ਗੁਜ਼ਾਰਾ ਕਰਦੇ।

ਸਿੰਘ ਕੜਾਕੇ ਸਯੋ ਰਹੈ,
ਦੂਏ ਚੌਥੇ ਦਿਨ ਖਾਹਿ
ਬਿਨਾ ਲੂਣ ਭਾਜੀ ਲਭੈ,
ਤੌ ਖਾਵੇਂ ਬਹੁਤ ਸਲਾਹਿ।8।
ਲੱਭੈ ਸਾਗ ਖਾਂਹਿ ਕੱਚਾ ਪੱਕਾ,
ਬ੍ਰਿਛਨ ਫਲ ਫੂਲ ਔ ਸੱਕਾ ।9।

ਇਤਿਹਾਸਕਾਰ ਲਿਖਦੇ ਹਨ ਕਿ ਲਹੌਰ ਦੇ ਗਵਰਨਰ ਜ਼ਕਰੀਆ ਖ਼ਾਨ ਨੇ ਕੋਈ ਐਸਾ ਜ਼ੁਲਮ ਜਾਂ ਤਸੀਹਾ ਨਹੀਂ, ਜੋ ਸਿੱਖਾਂ ਨੂੰ ਨਾ ਦਿੱਤਾ ਹੋਵੇ। ਸਿੱਖ ਨੂੰ ਵੇਖਦੇ ਸਾਰ ਕਤਲ (ਸ਼ੂਟ ਐਟ ਸਾਈਟ) ਦਾ ਹੁਕਮ ਸੀ। ਭਾਈ ਮਨੀ ਸਿੰਘ ਜੀ ਦੇ ਸਮੇਂ ਜਿਸ ਤਰ੍ਹਾਂ ਦੇ ਤਸੀਹੇ ਸਿੱਖਾਂ ਨੂੰ ਦਿੱਤੇ ਜਾਂਦੇ ਸਨ, ਉਹਨਾਂ ਦਾ ਵਰਨਣ 'ਪ੍ਰਾਚੀਨ ਪੰਥ ਪ੍ਰਕਾਸ਼' ਵਿੱਚ ਇਸ ਤਰ੍ਹਾਂ ਦਰਜ ਹੈ।

'ਕਈ ਚਰਖ (ਚਰਖੜੀ) ਕਈ ਫਾਂਸੀ ਮਾਰੇ।
ਕਈ ਤੋਪਨ ਕਈ ਛੁਰੀ ਕਟਾਰੇ।
ਕਈਅਨ ਕੇ ਸਿਰ ਮੁੰਗਲੀਂ ਕੁਟੇ।
ਕਈ ਡੋਬੇ ਕਈ ਘਸੀਟ ਸੁ ਸੁਟੇ।3।
ਦੱਬੇ, ਟੰਗੇ ਬੰਦੂਖਨ ਦਏ ਮਾਰ।
ਕੌਨ ਗਨੇ ਜੇ ਮਾਰੇ ਹਜ਼ਾਰ।
ਪਾਂਤ ਪਾਂਤ ਕਈ ਪਕੜ ਬਹਾਏ,
ਸਾਥ ਤੇਗਨ ਨੇ ਸੀਸ ਉਡਵਾਇ।4।
ਕਿਸੇ ਹੱਥ ਕਿਸੇ ਟੰਗ ਕਟਵਾਇ।
ਅੱਖ ਕੱਢ ਕਿਸੇ ਖਲ ਕਢਵਾਇ।
ਕੇਸਨ ਵਾਲ਼ੇ ਜੋ ਨਰ ਹੋਈ।
ਬਾਲ ਬਿਰਧ ਲੱਭ ਛੱਡੈ ਨਾ ਕੋਈ।5।

ਅਤੇ ਜ਼ਕਰੀਆ ਖ਼ਾਨ ਨੇ ਸਿੱਖਾਂ ਨੂੰ ਪਨਾਹ ਦੇਣ ਵਾਲ਼ਿਆਂ ਵਾਸਤੇ ਵੀ ਬੜੇ ਸਖ਼ਤ ਫੁਰਮਾਨ ਜਾਰੀ ਕੀਤੇ:

"ਚੌ- ਜੋ ਸਿੰਘਨ ਕੋ ਕੋਊ ਲੂਕਾਵੇ।
ਸੋ ਵਹਿ ਅਪਨੀ ਜਾਨ ਗੁਵਾਵੈ।
ਆਏ ਸਿੰਘ ਬਤਾਵੈ ਨਾਹੀ,
ਵੈ ਭੀ ਆਪਨੀ ਜਿੰਦ ਗੁਵਾਹੀ॥3॥

ਅਤੇ ਜਿਹੜੇ ਸਿੰਘਾਂ ਨੂੰ ਫੜਾਵੇ ਉਸ ਨੂੰ ਇਨਾਮ ਅਤੇ ਸਿੰਘਾਂ ਦਾ ਖ਼ੂਨ ਮੁਆਫ਼ ਸੀ।

ਸਿਰ ਪਰ ਹੋਵੈਂ ਜਿਸ ਕੇ ਕੇਸ ਰਹਣ ਨਾ ਦੇਨੋਂ ਅਪਣੇ ਦੇਸ।13।
ਦੋਹਰਾ- ਦੱਸਣ ਵਾਲ਼ੇ ਦਸ ਰੁਪਏ
ਔ ਮਾਰਨ ਵਾਲ਼ੇ ਪਚਾਸ।
ਯਹ ਲਾਲਚ ਤੁਰਕਨ ਦਯੋ
ਤਬ ਬਹੁਤ ਸਿੰਘਨ ਭਯੋ ਨਾਸ਼।15।
"ਖੇਤੀ ਵਣਜ ਕਰੇ ਜੇ ਕੋਈ।
ਕੇਸਨ ਵਾਲ਼ਾ ਛਡੋ ਨਾ ਕੋਈ।17।
ਸਿੰਘਨ ਖ਼ੂਨ ਮਾਫ਼ ਹਮ ਕੀਨੇ।
ਜਿਤ ਲੱਭੇ ਤਿਤ ਮਾਰਹੁ ਚੀਨੇ।"

ਮਾਤਾ ਸੁੰਦਰ ਕੌਰ ਜੀ ਨੇ ਸਿੰਘਾਂ ਦੇ ਇਸ ਬਿਖੜੇ ਸਮੇਂ ਲਈ ਅਗਵਾਈ ਕਰਨ ਵਾਸਤੇ, ਭਾਈ ਮਨੀ ਸਿੰਘ ਜੀ ਨੂੰ ਅੰਮ੍ਰਿਤਸਰ ਦਾ ਇੰਚਾਰਜ ਅਤੇ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਥਾਪ ਦਿੱਤਾ ਅਤੇ ਹੁਕਮ ਦਿੱਤਾ ਕਿ ਅੱਗੇ ਤੋਂ ਅੰਮ੍ਰਿਤਸਰ ਚੜ੍ਹਾਵਾ ਦਿੱਲੀ ਨਾ ਭੇਜਿਆ ਜਾਵੇ, ਸਗੋਂ ਪੰਜਾਬ ਵਿੱਚ ਲੋੜਵੰਦ ਸਿੰਘਾਂ, ਗੁਰੂ ਕੇ ਲੰਗਰਾਂ ਅਤੇ ਸਿੱਖੀ ਪ੍ਰਚਾਰ ਵਾਸਤੇ ਖ਼ਰਚਿਆ ਜਾਵੇ।

ਮਾਤਾ ਭੇਜਿਯੋ ਦਿੱਲੀ ਤੇ ਸਮਝਾਇ, ਅੰਮ੍ਰਿਤਸਰ
ਚੜ੍ਹਤੀ ਚੜ੍ਹੇ ਸਿਖਨ ਜਾਹਿ ਖੁਵਾਇ।
ਤਿਸਨੇ ਆਇ ਬੰਦੋਬਸਤ ਕੀਆ,
ਮਾਤਾ ਚੜ੍ਹਾਵਾ ਖ਼ਾਲਸੇ ਬਖ਼ਸ਼ੀਆ।

ਭਾਈ ਮਨੀ ਸਿੰਘ ਜੀ ਨੇ ਸਾਰਾ ਪ੍ਰਬੰਧ ਬੜੇ ਸੁਚੱਜੇ ਢੰਗ ਨਾਲ ਚਲਾਇਆ। ਅੰਮ੍ਰਿਤਸਰ ਚੜ੍ਹਾਵੇ ਦਾ ਸੁਣ ਕੇ ਅਮਰ ਸਿੰਘ ਮਹੰਤ, ਖੇਮਕਰਨ ਵਾਲ਼ੇ ਨੇ ਆਪਣੇ ਆਪ ਨੂੰ ਬੰਦਾ ਸਿੰਘ ਬਹਾਦਰ ਦਾ ਜਾਨਸ਼ੀਨ ਦੱਸ ਕੇ ਚੜ੍ਹਾਵੇ ਦਾ ਹਿੱਸਾ ਮੰਗਿਆ। ਖ਼ਾਲਸਾ ਪੰਥ ਨੇ ਹਿੱਸਾ ਦੇਣ ਤੋਂ ਇਨਕਾਰ ਕਰ ਦਿੱਤਾ।

ਬਾਕੀ ਹਿਸਾ 38 ਸਫ਼ੇ ਤੇ ਪੜ੍ਹੋ

37 ਸਫ਼ੇ ਦੀ ਬਾਕੀ

ਨੌਬਤ ਆਹਮਣੇ-ਸਾਹਮਣੇ ਤਲਵਾਰਾਂ ਚਲਾਉਣ ਤਕ ਆ ਗਈ। ਪਰ ਭਾਈ ਸਾਹਿਬ ਦੀ ਇਸ ਤਜਵੀਜ ਰਾਹੀਂ ਝਗੜਾ ਟਾਲ ਦਿੱਤਾ ਕਿ ਦੋ ਪਰਚੀਆਂ ਲਿਖ ਕੇ ਅਰਦਾਸ ਕਰ ਕੇ 'ਹਰਿ ਕੀ ਪਉੜੀ' ਸਰੋਵਰ ਵਿੱਚ ਪਾਈਆਂ ਜਾਣ। ਮਹੰਤ ਵਾਲ਼ੀ ਪਰਚੀ 'ਤੇ 'ਫ਼ਤਹਿ ਦਰਸ਼ਨ' ਅਤੇ ਖ਼ਾਲਸੇ ਵਾਲ਼ੀ ਪਰਚੀ ਤੇ 'ਵਾਹਿਗੁਰੂ ਜੀ ਕੀ ਫ਼ਤਹਿ' ਅਤੇ ਫ਼ੈਸਲਾ ਇਹ ਹੋਇਆ ਕਿ ਜਿਸ ਦੀ ਪਰਚੀ ਤਰ ਪਵੇ ਓਹੀ ਧਿਰ ਚੜ੍ਹਾਵੇ ਦੀ ਮਾਲਕ ਹੋਵੇਗੀ 'ਵਾਹਿਗੁਰੂ ਜੀ ਕੀ ਫ਼ਤਹਿ' ਵਾਲ਼ੀ ਪਰਚੀ ਤਰ ਆਈ। ਫ਼ੈਸਲਾ ਖ਼ਾਲਸਾ ਪੰਥ (ਤੱਤ ਖ਼ਾਲਸਾ) ਦੇ ਹੱਕ ਵਿੱਚ ਹੋ ਗਿਆ।

ਭਾਈ ਸਾਹਿਬ ਹਮੇਸ਼ਾ ਖ਼ਾਲਸਾ ਪੰਥ ਦੀ ਇਕੱਤ੍ਰਤਾ ਅਤੇ ਚੜ੍ਹਦੀ ਕਲਾ ਵਾਸਤੇ ਯੋਜਨਾਵਾਂ ਉਲੀਕਦੇ ਰਹਿੰਦੇ ਸਨ। ਲਾਹੌਰ ਦੇ ਸੂਬੇ ਜ਼ਕਰੀਆ ਖ਼ਾਨ ਨੇ ਅੰਮ੍ਰਿਤਸਰ ਦੀਪਮਾਲਾ ਦਾ ਮੇਲਾ ਹੁਕਮਨ ਬੰਦ ਕੀਤਾ ਹੋਇਆ ਸੀ। ਅੰਮ੍ਰਿਤਸਰ ਦਾ ਪ੍ਰਬੰਧ ਕਾਜ਼ੀ ਅਬਦੁੱਰਜਾਕ ਦੇ ਹੱਥਾਂ ਵਿੱਚ ਸੀ। ਭਾਈ ਮਨੀ ਸਿੰਘ ਜੀ ਨੇ ਕਾਜ਼ੀ ਅਬਦੁੱਰਜਾਕ ਨਾਲ ਰਸਾਈ ਪੈਦਾ ਕਰ ਕੇ, ਚੜ੍ਹਾਵੇ ਵਿੱਚੋਂ ਦੋ ਹਜ਼ਾਰ ਰੁਪਏ ਕਾਜ਼ੀ ਨੂੰ ਦੇਣੇ ਮੰਨ ਲਏ। ਕਾਜ਼ੀ ਅਬਦੁੱਰਜਾਕ ਨੇ ਜ਼ਕਰੀਆ ਖ਼ਾਨ ਨੂੰ ਦੱਸ ਦਿਨ ਦੇ ਦੀਵਾਲੀ ਮੇਲੇ ਦਾ ਪੰਜ ਹਜ਼ਾਰ ਰੁਪਿਆ (ਕਈ ਇਤਿਹਾਸਕਾਰਾਂ ਦਸ ਹਜ਼ਾਰ ਲਿਖਿਆ) ਠੇਕਾ ਦੇਣਾ ਕਰਕੇ ਭਾਈ ਸਾਹਿਬ ਨੂੰ ਦਸ ਦਿਨਾਂ ਦੇ ਵਾਸਤੇ ਮੇਲਾ ਲਾਉਣ ਦੀ ਆਗਿਆ ਲੈ ਦਿੱਤੀ। ਭਾਈ ਸਾਹਿਬ ਨੇ ਸਾਰੇ ਸਿੰਘਾਂ ਨੂੰ ਮੇਲੇ 'ਤੇ ਸੁਨੇਹੇ ਭੇਜੇ ਹੀ ਸਨ ਕਿ ਉਹਨਾਂ ਨੂੰ ਜ਼ਕਰੀਆ ਖ਼ਾਨ ਦੀ ਕੁਟਲ ਨੀਤੀ ਦਾ ਪਤਾ ਲੱਗਾ ਕਿ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਕੇ ਦਿੱਲੀ ਸਰਕਾਰ ਕੋਲੋਂ ਇਨਾਮ ਲੈਣਾ ਅਤੇ ਬਾਕੀਆਂ ਨੂੰ ਮਾਰ ਕੇ ਖ਼ਤਮ ਕਰਨਾ ਹੈ। ਭਾਈ ਸਾਹਿਬ ਨੇ ਫੌਰਨ ਦੁਬਾਰਾ ਸੁਨੇਹਾ ਭੇਜ ਕੇ ਸਿੰਘਾਂ ਨੂੰ ਅੰਮ੍ਰਿਤਸਰ ਆਉਣ ਤੋਂ ਰੋਕ ਦਿੱਤਾ। ਸੂਬੇ ਦਾ ਦੀਵਾਨ ਲੱਖਪਤ ਰਾਇ ਜਿਹੜਾ ਸਿੰਘਾਂ ਦੀ ਸੁਰੱਖਿਆ ਦੇ ਬਹਾਨੇ ਅੰਮ੍ਰਿਤਸਰ ਦੇ ਦੁਆਲੇ ਫ਼ੌਜ ਲਈ ਬੈਠਾ ਸੀ, ਉਸ ਨੂੰ ਜਦੋਂ ਪਤਾ ਲੱਗਾ ਕਿ ਭਾਈ ਸਾਹਿਬ ਨੂੰ ਸਰਕਾਰ ਦੀ ਚਾਲ ਦਾ ਪਤਾ ਲੱਗ ਗਿਆ ਹੈ ਤਾਂ ਉਸ ਨੇ ਮੇਲੇ ਦੇ ਦਸ ਦਿਨ ਬੀਤ ਜਾਣ ਬਾਅਦ, ਭਾਈ ਸਾਹਿਬ ਦੇ ਠੇਕੇ ਦੀ ਰਕਮ ਆਣ ਮੰਗੀ। ਕਾਜ਼ੀ ਅਬਦੁੱਰਜਾਕ ਨੂੰ ਵੀ ਦੋ ਹਜ਼ਾਰ ਰੁਪਏ ਨਹੀਂ ਸੀ ਮਿਲੇ, ਉਹ ਆਪਣੀ ਥਾਂ ਔਖਾ ਸੀ। ਦੋਹਾਂ ਨੇ ਭਾਈ ਮਨੀ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਕੇ, ਲਹੌਰ ਦੇ ਸੂਬੇ ਜ਼ਕਰੀਆ ਖ਼ਾਨ ਦੀ ਕਚਹਿਰੀ ਵਿੱਚ ਪੇਸ਼ ਕਰ ਦਿੱਤਾ। ਕਾਜ਼ੀਆਂ ਨੇ ਸੂਬੇ ਨੂੰ ਪਹਿਲਾਂ ਹੀ ਭਾਈ ਸਾਹਿਬ ਦੇ ਵਿਰੁੱਧ ਭੜਕਾਇਆ ਹੋਇਆ ਸੀ। ਸੂਬੇਦਾਰ ਨੇ ਜਦੋਂ ਭਾਈ ਮਨੀ ਸਿੰਘ ਨੂੰ ਠੇਕੇ ਦੀ ਰਕਮ ਨਾ ਤਾਰਨ ਦਾ ਕਾਰਨ ਪੁੱਛਿਆ, ਤਾਂ ਭਾਈ ਸਾਹਿਬ ਨੇ ਨਿਧੜਕ ਹੋ ਕੇ ਉੱਤਰ ਦਿੱਤਾ, ਕੀ ਸਰਕਾਰ ਦੀ ਕੁਟਲ ਨੀਤੀ ਕਰਕੇ ਮੇਲਾ ਰੱਦ ਹੋ ਗਿਆ, ਠੇਕਾ ਕਾਹਦਾ ਤਾਰੀਏ? ਭਾਈ ਸਾਹਿਬ ਦਾ ਸੱਚਾ ਉੱਤਰ ਸੁਣ ਕੇ ਖ਼ਾਨ ਬਹਾਦਰ ਆਪੇ ਤੋਂ ਬਾਹਰ ਹੋ ਗਿਆ, ਮੁਫ਼ਤੀ ਨੂੰ ਕ੍ਰੋਧ ਵਿੱਚ ਕਹਿੰਦਾ ਕਿ ਇਹਨੂੰ (ਭਾਈ ਸਾਹਿਬ ਨੂੰ) ਜਲਦੀ ਤੋਂ ਜਲਦੀ ਠੇਕਾ ਨਾ ਤਾਰਨ ਦੇ ਜ਼ੁਰਮ ਵਿੱਚ ਸਜ਼ਾ ਸੁਣਾਈ ਜਾਵੇ। ਭਾਵੇਂ ਉਸ ਵੇਲੇ ਸਜ਼ਾ ਸੁਣਾਉਣ ਲਈ ਏਨਾ ਹੀ ਬਹੁਤ ਸੀ ਕਿ ਉਹ ਸਿੱਖ ਹੈ। ਮੁਫਤੀ ਨੇ ਭਾਈ ਸਾਹਿਬ ਨੂੰ ਆਖਿਆ ਕਿ ਉਹਨਾਂ ਦੇ ਬਚਾਉਣ ਦਾ ਇੱਕ ਰਾਹ ਹੈ ਕਿ ਉਹ ਇਸਲਾਮ ਧਾਰਨ ਕਰ ਲੈਣ, ਕਾਜ਼ੀ ਦੇ ਬਾਕੀ ਸਲਾਹਕਾਰਾਂ ਵੀ ਭਾਈ ਸਾਹਿਬ ਨੂੰ ਇਹੀ ਰਾਇ ਦਿੱਤੀ ਕਿ ਮੁਸਲਮਾਨ ਹੋ ਕੇ ਜਾਨ ਬਚਾ ਲਓ। ਅਤੇ ਜਦੋਂ ਲਹੌਰ ਦੇ ਸਿੱਖਾਂ ਨੇ ਠੇਕੇ ਦੀ ਰਕਮ ਤਾਰ ਕੇ ਭਾਈ ਸਾਹਿਬ ਨੂੰ ਬਚਾਨਾ ਚਾਹਿਆ ਤਾਂ ਭਾਈ ਸਾਹਿਬ ਨੇ ਸਿੱਖਾਂ ਨੂੰ ਵੀ ਬਚਨ ਕੀਤੇ:

ਦੇਹੀ ਕਿਸ ਦੀ ਬਾਪਰੀ,
ਸਿੱਖੀ ਜਿ ਸਾਬਤ ਹੋਇ।
ਦੇਹ ਤੋਂ ਆਵਣ ਜਾਣ ਹੈ,
ਸਿਖੀ ਲਭੈ ਕਬ ਕੋਇ। 16।

ਭਾਈ ਮਨੀ ਸਿੰਘ ਜੀ ਨੂੰ ਮੁਫਤੀ ਨੇ ਆਖਿਆ ਕਿ ਜੇ ਤੂੰ ਮੁਸਲਮਾਨ ਨਹੀਂ ਹੋਣਾ ਤਾਂ ਸਖ਼ਤ ਸਜ਼ਾ ਵਾਸਤੇ ਤਿਆਰ ਹੋ ਜਾਉ। ਭਾਈ ਸਾਹਿਬ ਨੇ ਬੇਖ਼ੌਫ਼ ਹੋ ਕੇ ਆਖਿਆ ਕਿ ਮੈਂ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਣ ਵਾਸਤੇ ਹਰ ਸਜ਼ਾ ਭੁਗਤਣ ਲਈ ਤਿਆਰ ਹਾਂ। ਮੁਫਤੀ ਨੇ ਭਾਈ ਮਨੀ ਸਿੰਘ ਦਾ ਬੰਦ-ਬੰਦ ਕੱਟ ਕੇ ਸ਼ਹੀਦ ਕਰਨ ਦਾ ਹੁਕਮ ਸੁਣਾ ਦਿੱਤਾ, ਭਾਈ ਸਾਹਿਬ ਨੂੰ ਨਿਕਾਸ਼ ਚੌਂਕ (ਲਹੌਰ) ਕਤਲਗਾਹ ਵਿਚ ਲਿਆਂਦਾ ਗਿਆ। ਭਾਈ ਸਾਹਿਬ ਅਡੋਲ ਚੌਂਕੜਾ ਮਾਰ ਕੇ ਬੈਠ ਗਏ। ਜੱਲਾਦ ਭਾਈ ਸਾਹਿਬ ਦਾ ਬੰਦ-ਬੰਦ ਕੱਟਦੇ ਰਹੇ ਅਤੇ ਭਾਈ ਸਾਹਿਬ ਜਪੁਜੀ ਦਾ ਪਾਠ ਕਰਦੇ ਰਹੇ, 'ਕੇਤੀ ਛੁਟੀ ਨਾਲ' ਕਹਿਣ ਦੀ ਦੇਰ ਸੀ ਭਾਈ ਸਾਹਿਬ ਦਾ ਸੀਸ ਧੜ ਨਾਲੋਂ ਵੱਖ ਹੋ ਗਿਆ। ਇਤਿਹਾਸਕਾਰਾਂ ਇਹ ਸਾਕਾ 14 ਜੁਲਾਈ, 1738 ਈ: ਦਾ ਲਿਖਿਆ ਹੈ।

ਇਸ ਸ਼ਹੀਦੀ ਨੇ ਸਿੱਖਾਂ ਵਿੱਚੋਂ ਮੌਤ ਦਾ ਡਰ ਬਿਲਕੁਲ ਹੀ ਖ਼ਤਮ ਕਰ ਦਿੱਤਾ। ਇਸ ਸ਼ਹੀਦੀ ਨੇ ਸਿੱਖਾਂ ਵਿੱਚ ਏਨਾ ਜੋਸ਼ ਭਰ ਦਿੱਤਾ ਕਿ ਸਿੱਖਾਂ ਨੇ ਜਿੰਨਾ ਚਿਰ ਲਹੌਰ ਤੇ ਖ਼ਾਲਸੇ ਦਾ ਝੰਡਾ ਨਹੀਂ ਝੁਲਾ ਲਿਆ ਇਹ ਕਿਸੇ ਦੇ ਕਾਬੂ ਨਹੀਂ ਆਏ। ਇਸ ਸ਼ਹੀਦੀ ਦਾ ਬਦਲਾ ਵੀ ਲੱਗਦੇ ਹੱਥ ਲੈ ਗਿਆ। ਭਾਈ ਮਨੀ ਸਿੰਘ ਨੂੰ ਜਿਸ ਮੁਫਤੀ (ਕਾਜ਼ੀ) ਨੇ ਸਜ਼ਾ ਸੁਣਾਈ ਸੀ, ਉਸ ਨੂੰ ਸ. ਬਰਾਜ ਸਿੰਘ ਨੇ ਕਤਲ ਕਰ ਦਿੱਤਾ ਅਤੇ ਭਾਈ ਮਨੀ ਸਿੰਘ ਦੇ ਭਤੀਜੇ ਅੱਘੜ ਸਿੰਘ ਨੇ ਕਾਜ਼ੀ ਅਬੁੱਦਰਜਾਕ ਨੂੰ ਕਤਲ ਕਰ ਕੇ ਉਹਦਾ ਪਿੰਡ ਅਲੀਗੜ੍ਹ (ਗੁੱਜਰਾਂਵਾਲਾ) ਉਜਾੜ ਕੇ ਉਸ ਦਾ ਨਾਂ ਅਕਾਲਗੜ੍ਹ ਰੱਖ ਦਿੱਤਾ।

ਜਿਮ ਕੱਟੇ ਤੇ ਫਲੇ ਗੁਲਾਬ,
ਤਿਮ ਪੰਥ ਵਡੇ ਭਈ ਅਜਾਬ।

ਭਾਈ ਮਨੀ ਸਿੰਘ ਜੀ ਨੂੰ ਲੱਖ-ਲੱਖ ਪ੍ਰਣਾਮ ਕਰਦੇ ਹੋਏ ਉਹਨਾਂ ਦੀ ਸ਼ਹੀਦੀ ਦਾ ਧਿਆਨ ਧਰ ਕੇ ਬੋਲੋ ਜੀ।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

**ਵਿਸ਼ੇਸ਼ ਬੇਨਤੀ :- ਪੰਜਾਬ ਟਾਈਮਜ਼ ਲੰਮੇ ਸਮੇਂ ਤੋਂ ਪੰਜਾਬੀ ਅਤੇ ਸਿੱਖੀ ਦੀ ਸੇਵਾ ਕਰਦਾ ਆ ਰਿਹਾ ਹੈ। ਇਸ ਸਮੇਂ ਇਥੇ ਹੋਰ ਕਿੰਨੇ ਪੰਜਾਬੀ ਪੇਪਰ ਬੰਦ ਹੋ ਚੁੱਕੇ ਹਨ ਯੂ ਕੇ ਤੇ ਯੂਰਪ ਵਿੱਚ ਕੇਵਲ ਇੱਕੋ ਇੱਕ ਪੰਜਾਬੀ ਹਫਤਾਵਾਰ ਅਖਬਾਰ 'ਪੰਜਾਬ ਟਾਈਮਜ਼' ਹੀ ਛਪ ਰਿਹਾ ਹੈ। ਜਿਸ ਦਿਨ ਇਹ ਵੀ ਬੰਦ ਹੋ ਗਿਆ ਤਾਂ 10 ਲੱਖ ਪੰਜਾਬੀ ਸਿੱਖਾਂ ਲਈ ਬਹੁਤ ਵੱਡੀ ਨਮੋਸ਼ੀ ਦੀ ਗੱਲ ਹੋਵੇਗੀ। ਜੇ ਅਸੀਂ ਆਪਣੀ ਪੰਜਾਬੀ/ਗੁਰਮੁਖੀ ਨੂੰ ਜਿੰਦਾ ਰੱਖਣਾ ਚਾਹੁੰਦੇ ਹਾਂ ਤਾਂ ਸਾਨੂੰ ਸਭ ਨੂੰ ਪੰਜਾਬ ਟਾਈਮਜ਼ ਦੇ ਪ੍ਰਬੰਧਕਾਂ ਦਾ ਸਾਥ ਦੇਣਾ ਚਾਹੀਦਾ ਹੈ। ਅੰਤ ਵਿੱਚ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬੀਆਂ ਦੀਆਂ ਸਭਾ ਸੁਸਾਇਟੀਆਂ ਆਪਣੇ ਪ੍ਰੋਗਰਾਮਾਂ ਦੇ ਇਸ਼ਤਿਹਾਰ, ਸਿੱਖ ਸੰਸਥਾਵਾਂ, ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕ ਗੁਰਪੁਰਬਾਂ ਅਤੇ ਸ਼ਹੀਦੀ ਸਮਾਗਮਾਂ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ ਦੇ ਕੇ ਅਤੇ ਸਾਲਾਨਾ ਚੰਦਾ ਭੇਜ ਕੇ ਪੇਪਰ ਦੀ ਮਦਦ ਕਰ ਸਕਦੇ ਹਨ ਅਤੇ ਵੱਧ ਤੋਂ ਵੱਧ ਪਾਠਕ ਬਣਾਓ।**

**ਬੇਨਤੀ ਕਰਤਾ: ਜਥੇ: ਮਹਿੰਦਰ ਸਿੰਘ ਖਹਿਰਾ**

* * * * *

# ਗਲਾਸਗੋ ਵਿੱਚ ਇਮੀਗ੍ਰੇਸ਼ਨ ਅਪਰਾਧਾਂ ਖਿਲਾਫ਼ ਬਿਊਟੀ ਸਲੂਨਾਂ, ਵੇਪ ਸ਼ੌਪਾਂ, ਕਾਰ ਵੌਸ਼ਾਂ ਆਦਿ 'ਤੇ ਛਾਪੇਮਾਰੀ

ਗਲਾਸਗੋ, (ਹਰਜੀਤ ਦੁਸਾਂਝ ਪੁਆਦੜਾ) - ਗਲਾਸਗੋ ਵਿੱਚ ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਮਜ਼ਦੂਰੀ ਕਾਨੂੰਨਾਂ ਦੀ ਉਲੰਘਣਾ ਖ਼ਿਲਾਫ਼ ਚਲਾਈ ਜਾ ਰਹੀ ਵਿਆਪਕ ਮੁਹਿੰਮ ਤਹਿਤ ਪੁਲਿਸ ਅਤੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਕਈ ਬਿਊਟੀ ਸਲੂਨਾਂ ਅਤੇ ਵੇਪ (ਈ-ਸਿਗਰੇਟ) ਸ਼ਾਪਾਂ, ਕਾਰਾਂ ਧੋਣ ਵਾਲੀਆਂ ਥਾਂਵਾਂ ਆਦਿ 'ਤੇ ਛਾਪੇਮਾਰੀ ਕੀਤੀ। ਛਾਪਿਆਂ ਦੌਰਾਨ ਅਧਿਕਾਰੀਆਂ ਨੇ ਕਈ ਗੈਰ ਕਾਨੂੰਨੀ ਤਰੀਕੇ ਨਾਲ ਕੰਮ ਕਰਨ ਵਾਲੇ ਲੋਕਾਂ ਨੂੰ ਗ੍ਰਿਫਤਾਰ ਕੀਤਾ।





ਅਧਿਕਾਰੀਆਂ ਨੇ ਕਾਰੋਬਾਰਾਂ ਦੇ ਦਸਤਾਵੇਜ਼ਾਂ ਦੀ ਜਾਂਚ ਕੀਤੀ ਅਤੇ ਕਰਮਚਾਰੀਆਂ ਦੇ ਕੰਮ ਕਰਨ ਦੇ ਕਾਨੂੰਨੀ ਅਧਿਕਾਰਾਂ ਦੀ ਪੁਸ਼ਟੀ ਕੀਤੀ। ਜਿੱਥੇ ਵੀ ਇਮੀਗ੍ਰੇਸ਼ਨ ਨਿਯਮਾਂ ਦੀ ਉਲੰਘਣਾ ਦੇ ਸਬੂਤ ਮਿਲਣਗੇ, ਉੱਥੇ ਸੰਬੰਧਿਤ ਵਿਅਕਤੀਆਂ ਅਤੇ ਕਾਰੋਬਾਰਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਅਧਿਕਾਰੀਆਂ ਨੇ ਕਿਹਾ ਕਿ ਇਹ ਮੁਹਿੰਮ ਸਿਰਫ਼ ਗੈਰ-ਕਾਨੂੰਨੀ ਤੌਰ 'ਤੇ ਕੰਮ ਕਰਨ ਵਾਲਿਆਂ ਨੂੰ ਨਿਸ਼ਾਨਾ ਬਣਾਉਣ ਲਈ ਨਹੀਂ, ਸਗੋਂ ਉਨ੍ਹਾਂ ਕਾਰੋਬਾਰਾਂ ਖ਼ਿਲਾਫ਼ ਵੀ ਹੈ ਜੋ ਬਿਨਾਂ ਕਾਨੂੰਨੀ ਇਜਾਜ਼ਤ ਵਾਲੇ ਕਰਮਚਾਰੀਆਂ ਨੂੰ ਨੌਕਰੀ ਦੇ ਕੇ ਮਜ਼ਦੂਰੀ ਕਾਨੂੰਨਾਂ ਦੀ ਉਲੰਘਣਾ ਕਰਦੇ ਹਨ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਨੂੰ ਸ਼ੱਕੀ ਗਤੀਵਿਧੀ, ਮਨੁੱਖੀ ਤਸਕਰੀ ਜਾਂ ਗੈਰ-ਕਾਨੂੰਨੀ ਰੁਜ਼ਗਾਰ ਬਾਰੇ ਜਾਣਕਾਰੀ ਹੋਵੇ ਤਾਂ ਉਹ ਸੰਬੰਧਿਤ ਅਧਿਕਾਰੀਆਂ ਨਾਲ ਸੰਪਰਕ ਕਰਕੇ ਜਾਂ ਗੁਪਤ ਤੌਰ 'ਤੇ ਸੂਚਨਾ ਦੇਣ।

ਸਕਾਟਲੈਂਡ ਵਿੱਚ ਇਸ ਤਰ੍ਹਾਂ ਦੀਆਂ ਕਾਰਵਾਈਆਂ ਆਉਣ ਵਾਲੇ ਸਮੇਂ ਵਿੱਚ ਵੀ ਜਾਰੀ ਰਹਿਣ ਦੀ ਸੰਭਾਵਨਾ ਹੈ, ਕਿਉਂਕਿ ਸਰਕਾਰ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਮਜ਼ਦੂਰਾਂ ਦੇ ਸ਼ੋਸ਼ਣ ਨੂੰ ਰੋਕਣ ਲਈ ਆਪਣੀ ਮੁਹਿੰਮ ਹੋਰ ਤੇਜ਼ ਕਰ ਰਹੀਆਂ ਹਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 175 ਸਾਲ ਪੁਰਾਤਨ ਸਰੂਪ ਸੰਗਤ ਦਰਸ਼ਨ ਲਈ ਗਲਾਸਗੋ ਲਿਆਂਦਾ ਜਾਵੇਗਾ

ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ)-ਸਕਾਟਲੈਂਡ ਵਿੱਚ ਭਾਰਤੀ ਕੌਂਸਲੇਟ ਦੇ ਅਧਿਕਾਰੀਆਂ ਅਤੇ ਗਲਾਸਗੋ ਦੇ ਗੁਰਦੁਆਰਾ ਪ੍ਰਬੰਧਕਾਂ, ਸਿੱਖ ਸੰਜੋਗ ਸੰਸਥਾ ਦੀ ਸ੍ਰੀਮਤੀ ਤ੍ਰਿਸ਼ਨਾ ਸਿੰਘ ਨੇ ਐਡਨਬਰਾ ਯੂਨੀਵਰਸਿਟੀ ਦੇ ਅਧਿਕਾਰੀਆਂ ਨਾਲ ਇੱਕ ਤਾਲਮੇਲ ਮੀਟਿੰਗ ਕਰਕੇ 300 ਸਾਲ ਪੁਰਾਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੁਰਲੱਭ ਹੱਥ-ਲਿਖਤ ਪੁਰਾਤਨ ਸਰੂਪ ਦੇ ਗਲਾਸਗੋ ਦੇ ਸੈਂਟਰਲ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਲਈ ਦਰਸ਼ਨਾਂ ਸਬੰਧੀ ਪ੍ਰਬੰਧਾਂ 'ਤੇ ਵਿਚਾਰ-ਵਟਾਂਦਰਾ ਕੀਤਾ। ਸੈਂਟਰਲ ਗੁਰਦੁਆਰਾ ਸਾਹਿਬ ਗਲਾਸਗੋ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਚੌਧਰੀ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਸਰੂਪ ਸੰਗਤਾਂ ਦੇ ਦਰਸ਼ਨਾਂ ਲਈ ਅਗਸਤ ਦੇ ਪਹਿਲੇ ਹਫਤੇ ਗਲਾਸਗੋ ਦੇ ਗੁਰਦੁਆਰਾ ਸਾਹਿਬ ਵਿੱਚ ਲਿਆਂਦਾ ਜਾਵੇਗਾ। ਇਹ ਪਾਵਨ ਸਰੂਪ 2020 ਵਿੱਚ ਐਡਿਨਬਰਾ ਯੂਨੀਵਰਸਿਟੀ ਦੇ ਪੁਰਾਲੇਖਾਂ ਦੀ ਜਾਂਚ ਦੌਰਾਨ ਮਿਲਿਆ ਸੀ। ਮੁੱਢਲੀ ਖੋਜ ਅਨੁਸਾਰ ਇਹ ਸਰੂਪ ਪਹਿਲਾਂ ਪੰਜਾਬ ਦੇ ਮਹਾਰਾਜਾ ਖੜਕ ਸਿੰਘ ਕੋਲ ਸੀ। 1848 ਵਿੱਚ ਦੁੱਲੇਵਾਲਾ ਕਿਲ੍ਹੇ 'ਤੇ ਅੰਗਰੇਜ਼ਾਂ ਦੇ ਕਬਜ਼ੇ ਤੋਂ ਬਾਅਦ ਇਸ ਨੂੰ ਇੰਗਲੈਂਡ ਲਿਆਂਦਾ ਗਿਆ ਅਤੇ ਬਾਅਦ ਵਿੱਚ ਸਰ ਜੌਨ ਸਪੈਂਸਰ ਲੌਗਿਨ ਵੱਲੋਂ ਐਡਿਨਬਰਾ ਯੂਨੀਵਰਸਿਟੀ ਨੂੰ ਭੇਟ ਕੀਤਾ ਗਿਆ। ਯੂਨੀਵਰਸਿਟੀ ਅਨੁਸਾਰ ਸਰੂਪ ਨਾਲ ਮਿਲੇ 1851 ਦੇ ਰਾਇਲ ਏਸ਼ੀਆਟਿਕ ਸੋਸਾਇਟੀ ਦੇ ਦਸਤਾਵੇਜ਼ ਇਸ ਦੇ ਇਤਿਹਾਸ ਦੀ ਪੁਸ਼ਟੀ ਕਰਦੇ ਹਨ, ਜਦਕਿ ਇਸ ਦੀ ਲਿਖਤ ਵਿੱਚ ਵਰਤੀ ਸਿਆਹੀ ਵਿੱਚ ਸੋਨੇ ਦੀ ਮਿਲਾਵਟ ਹੋਣ ਦਾ ਵੀ ਜ਼ਿਕਰ ਮਿਲਦਾ ਹੈ।



ਵਿਆਪਕ ਸੰਭਾਲ ਅਤੇ ਬਹਾਲੀ ਤੋਂ ਬਾਅਦ ਇਹ ਸਰੂਪ 175 ਸਾਲਾਂ ਵਿੱਚ ਪਹਿਲੀ ਵਾਰ ਬੀਤੇ ਸਾਲ 16 ਨਵੰਬਰ ਨੂੰ ਕੁਝ ਘੰਟਿਆਂ ਲਈ ਯੂਨੀਵਰਸਿਟੀ ਤੋਂ ਬਾਹਰ ਲਿਆਂਦਾ ਗਿਆਸੀ, ਜਿੱਥੇ ਐਡਿਨਬਰਾ ਦੇ ਗੁਰਦੁਆਰਾ ਗੁਰੂ ਨਾਨਕ ਦੇਵ ਜੀ ਸਾਹਿਬ ਵਿਖੇ ਸੰਗਤਾਂ ਨੇ ਦਰਸ਼ਨ ਕੀਤੇ। ਹੁਣ ਇਸ ਇਤਿਹਾਸਕ ਧਰੋਹਰ ਦੇ ਗਲਾਸਗੋ ਵਿਖੇ ਵੀ ਦਰਸ਼ਨ ਕਰਵਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਉਪਰਾਲੇ ਨੂੰ ਸਾਂਝੀ ਸਿੱਖ ਵਿਰਾਸਤ ਦੀ ਸੰਭਾਲ ਅਤੇ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਵੱਲ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ।

-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼



ਕੋਠਾ ਗੁਰੂ ਕਾ ਗੁਰਦੁਆਰਾ ਸਾਹਿਬ

## ਕੋਟਲੀ ਬਾਘਾ

ਪਾਕਿਸਤਾਨ ਦੇ ਜ਼ਿਲ੍ਹਾ ਗੁੱਜਰਾਂਵਾਲਾ ਵਿੱਚ ਪਿੰਡ ਕੋਟਲੀ ਬਾਘਾ ਆਉਂਦਾ ਹੈ। ਇਹ ਏਮਨਾਬਾਦ-ਮੀਆਂ ਵਾਲੀ ਬੰਗਲੇ ਨੂੰ ਜਾਣ ਵਾਲੀ ਸੜਕ ਉੱਤੇ ਆਉਂਦਾ ਹੈ। ਬੱਸ ਸਟਾਪ ਪੁਲੀ ਚੱਕ ਰਾਮਦਾਸ ਹੈ। ਪੱਕੀ ਤੋਂ ਪਿੰਡ ਤਕਰੀਬਨ 2 ਕਿਲੋਮੀਟਰ ਦੂਰ ਹੈ।

ਇਸ ਪਿੰਡ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਆਏ ਸਨ। ਗੁਰੂ ਸਾਹਿਬ ਦੀ ਯਾਦ ਵਿੱਚ ਇਕ ਛੋਟਾ ਜਿਹਾ ਗੁਰਦੁਆਰਾ ਬੜ੍ਹਾ ਸਾਹਿਬ ਬਣਿਆ ਹੋਇਆ ਹੈ। ਜਿਸ ਪਿੱਪਲ ਦੇ ਦਰਖ਼ਤ ਹੇਠ ਗੁਰੂ ਸਾਹਿਬ ਬੈਠੇ ਸਨ, ਉਹ ਅਜੇ ਤੱਕ ਮੌਜੂਦ ਹੈ। ਗੁਰਦੁਆਰੇ ਨਾਲ ਹੀ ਇਕ ਪੱਕਾ ਮਕਾਨ ਸੀ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ। ਇਸ ਗੁਰਦੁਆਰੇ ਨਾਲ 16 ਏਕੜ ਜ਼ਮੀਨ ਪਿੰਡ ਵੱਲੋਂ ਲੱਗੀ ਹੋਈ ਹੈ। ਹੁਣ ਇਸ ਗੁਰਦੁਆਰੇ ਵਿੱਚ ਲੋਕ ਵੱਸੇ ਹੋਏ ਹਨ। ਗੁਰਦੁਆਰੇ ਦੇ ਮੁੱਖ ਦਰਵਾਜ਼ੇ ਉਪਰ ਗੁਰਮੁਖੀ ਵਿੱਚ ਕੁਝ ਲਿਖਿਆ ਹੋਇਆ ਹੈ, ਜੋ ਕਿਸੇ ਨੇ ਮਿਟਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ੴ ਵਾਹਿਗੁਰੂ ਜੀ ਕੀ ਫ਼ਤਹਿ ਅਜੇ ਵੀ ਪੜ੍ਹਿਆ ਜਾ ਸਕਦਾ ਹੈ। ਦਰਵਾਜ਼ੇ ਲੱਕੜੀ ਦੇ ਕੋਈ ਕੱਢ ਕੇ ਲੈ ਗਿਆ ਹੈ ਅਤੇ ਹੁਣ ਦਰਵਾਜ਼ੇ ਵਿੱਚ ਇੱਟਾਂ ਹੀ ਇੱਟਾਂ ਡਿੱਗੀਆਂ ਵੇਖੀਆਂ ਜਾ ਸਕਦੀਆਂ ਹਨ। ਇਹ ਗੁਰਦੁਆਰਾ ਛੇਵੀਂ ਪਾਤਸ਼ਾਹੀ ਕੋਟਲੀ ਬਾਘਾ ਕਰਕੇ ਪ੍ਰਸਿੱਧ ਸੀ । ਕਿਸੇ ਸਮੇਂ ਇਥੇ 14 ਚੇਤਰ ਨੂੰ ਜੋੜ-ਮੇਲਾ ਹੁੰਦਾ ਸੀ।

**ਪੁਸਤਕ ਸੂਚੀ**:-
1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
2. ਇਕਬਾਲ ਕੇਸਰ- ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998

## ਕੋਠਾ ਸਾਹਿਬ

ਪੰਜਾਬ ਦੇ ਬਟਾਲਾ ਤੋਂ 7 ਕਿਲੋਮੀਟਰ ਦੂਰ ਦੱਖਣ ਵੱਲ ਪਿੰਡ ਉਦੋਕੇ ਵਿੱਚ ਗੁਰੂ ਨਾਨਕ ਸਾਹਿਬ ਦਾ ਇਤਿਹਾਸਕ ਅਸਥਾਨ ਕੋਠਾ ਸਾਹਿਬ ਹੈ। ਇਥੇ ਗੁਰੂ ਸਾਹਿਬ ਬਟਾਲੇ ਜਾਣ ਸਮੇਂ ਆਏ ਸਨ। ਅੱਖਰ ਕਰਮ ਅਨੁਸਾਰ ਦੇਖੋ, ਵੱਲਾ, ਕੋਠਾ ਗੁਰੂ ਕਾ, ਬਾਸਰਕੇ, ਗੁਰੂ ਕਾ ਕੋਠਾ।

## ਕੋਠਾ ਗੁਰੂ ਕਾ

ਪੰਜਾਬ ਦੇ ਜ਼ਿਲ੍ਹਾ ਬਠਿੰਡਾ ਦਾ ਇਕ ਪੁਰਾਤਨ ਪਿੰਡ ਕੋਠਾ ਗੁਰੂ ਕਾ ਹੈ, ਜੋ ਜੈਤੋ ਅਤੇ ਭੁੱਚੋ ਮੰਡੀ ਵਿੱਚਕਾਰ ਆਉਂਦਾ ਹੈ। ਇਸ ਪਿੰਡ ਦੇ ਨਾਲ ਹੀ ਇਕ ਪੁਰਾਤਨ ਰੇਤ ਦਾ ਟਿੱਬਾ ਹੈ, ਜੋ ਆਪਣੇ ਆਪ ਵਿੱਚ ਤਵਾਰੀਖ਼ੀ ਹੋ ਨਿੱਬੜਿਆ ਹੈ। ਕਿਸੇ ਸਮੇਂ ਇਹ ਟਿੱਬਾ ਪੁਰਾਤਨ ਮਾਨਾਂ ਦੀ ਸੀਟ (Seat) ਰਹੀ ਹੈ, ਇਸੇ ਲਈ ਇਸ ਦਾ ਪੁਰਾਣਾ ਨਾਂ ਮਿਨਹਾਸ ਵੀ ਪਹਿਲਾਂ ਪ੍ਰਸਿੱਧ ਸੀ। ਬਾਅਦ ਵਿੱਚ ਇਹ ਥਾਂ ਬਾਬਾ ਪ੍ਰਿਥੀ ਚੰਦ ਨੇ ਮੁਗ਼ਲ ਬਾਦਸ਼ਾਹ ਜਹਾਂਗੀਰ ਤੋਂ ਖਰੀਦੀ ਸੀ। ਇਸ ਦਾ ਪਹਿਲਾਂ ਨਾਂ ਕੋਠੀ ਪ੍ਰਿਥੀ ਚੰਦ ਕੀ ਸੀ, ਪਰ ਬਾਅਦ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕੋਠਾ ਗੁਰੂ ਕਾ ਰੱਖਿਆ। ਇਹ ਅਸਥਾਨ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸੁਲਹੀ ਖ਼ਾਨ, ਜੋ ਮੁਗ਼ਲ ਦਰਬਾਰ ਦਾ ਅਫ਼ਸਰ ਸੀ, ਜੋ ਇਕ ਵੇਰ ਅੰਮ੍ਰਿਤਸਰ 'ਤੇ ਹਮਲਾ ਕਰਨ ਦਾ ਮਨ ਬਣਾ ਹੀ ਰਿਹਾ ਸੀ, ਕਿ ਉਹ ਪਿੰਡ ਵਿੱਚ ਇੱਟਾਂ ਦੇ ਜਲ ਰਹੇ ਆਵੇ ਵਿੱਚ ਪੈ ਕੇ ਜ਼ਿੰਦਾ ਸੜ ਕੇ ਮਰ ਗਿਆ ਸੀ। ਇਹ ਆਵਾ ਪਿੰਡ ਦੇ ਚੜ੍ਹਦੇ ਵੱਲ ਡੇਢ ਕਿਲੋਮੀਟਰ ਦੂਰ ਹੈ। ਸੋਢੀ ਮਨੋਹਰ ਦਾਸ ਮਿਹਰਬਾਨ ਨੇ ਇਥੇ ਡੇਰਾ ਸਥਾਪਤ ਕਰਕੇ ਕਈ ਪੁਸਤਕਾਂ ਲਿਖੀਆਂ। ਬਾਅਦ ਵਿੱਚ ਮਿਹਰਬਾਨ ਦੇ ਪੋਤੇ ਦਾ ਪੋਤਾ ਸੋਢੀ ਅਬੈ ਸਿੰਘ ਵੀ ਕਾਫ਼ੀ ਸਮਾਂ ਇਥੇ ਹੀ ਰਿਹਾ। ਸੁਲਹੀ ਖ਼ਾਨ ਦੀ ਉਪਰ ਵਰਣਨ ਘਟਨਾ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ 825 ਵਿੱਚ ਵੀ ਆਇਆ ਹੈ: ਸੁਲਹੀ ਤੇ ਨਾਰਾਇਣ ਰਾਖੁ॥ ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ॥ (ਬਿਲਾਵਲੁ ਮਹਲਾ 5)

ਇਸ ਪਿੰਡ ਵਿੱਚ ਸੋਢੀ ਫ਼ੌਜਦਾਰ ਸਿੰਘ ਅਤੇ ਪੰਡਤ ਇੰਦਰ ਸਿੰਘ ਬੜੇ ਬਹਾਦਰ ਤੇ ਵਿਦਵਾਨ ਹੋਏ ਹਨ।

**ਪੁਸਤਕ ਸੂਚੀ**:-1. ਸੰਤੋਖ ਸਿੰਘ, ਭਾਈ- ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਅੰਮ੍ਰਿਤਸਰ, 1927-33 2. ਭੰਗੂ, ਰਤਨ ਸਿੰਘ- ਪ੍ਰਾਚੀਨ ਪੰਥ ਪ੍ਰਕਾਸ਼, ਅੰਮ੍ਰਿਤਸਰ, 1914
3. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ ਛਾਪ, 1990 4. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996
5. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975

## ਕੋਠਾ ਮਲੂਕਾ

ਪੰਜਾਬ ਦੇ ਜੈਤੋ ਤੋਂ 8 ਕਿਲੋਮੀਟਰ ਪੂਰਬ ਦਿਸ਼ਾ ਵੱਲ ਮਾਲਵੇ ਦਾ ਪਿੰਡ ਕੋਠਾ ਮਲੂਕਾ ਹੈ। ਇਸ ਥਾਂ ਦਸਮੇਸ਼ ਪਿਤਾ ਦੇ ਪਹਿਰੂ ਨੇ ਇਕ ਦਿਵਾਨੇ ਨੂੰ, ਜੋ ਵਰਜਣ 'ਤੇ ਵੀ ਖੇਮੇ ਵਿੱਚ ਜਾਣਾ ਚਾਹੁੰਦਾ ਸੀ, ਅਜਿਹਾ ਮਾਰਿਆ ਕਿ ਥੋੜ੍ਹੇ ਸਮੇਂ ਬਾਅਦ ਉਸ ਦੀ ਮੌਤ ਹੋ ਗਈ। ਇਸ ਥਾਂ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ।

ਪੁਸਤਕ ਸੂਚੀ:-
1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ ਛਾਪ, 1990

## ਕੰਗਣਪੁਰ

ਪਾਕਿਸਤਾਨ ਦੇ ਜ਼ਿਲ੍ਹਾ ਕਸੂਰ ਵਿੱਚ ਕੰਗਣਪੁਰ ਪਿੰਡ ਆਉਂਦਾ ਹੈ। ਇਹ ਅੱਜ ਕੱਲ੍ਹ ਕਸੂਰ-ਲੋਡਰਾਂ ਰੇਲਵੇ ਸਟੇਸ਼ਨ ਲਾਈਨ 'ਤੇ ਆਉਂਦਾ ਹੈ। ਇਸ ਪਿੰਡ ਵਿੱਚ ਇਤਿਹਾਸਕ ਗੁਰਦੁਆਰਾ ਮਾਲ ਜੀ ਸਾਹਿਬ, ਕੰਗਣਪੁਰ ਕਰਕੇ ਪ੍ਰਸਿੱਧ ਹੈ। ਜਦੋਂ ਗੁਰੂ ਨਾਨਕ ਸਾਹਿਬ ਇਸ ਪਿੰਡ ਆਏ ਤਾਂ ਲੋਕਾਂ ਨੇ ਨਿਰਾਦਰੀ ਕੀਤੀ ਅਤੇ ਪੱਥਰ ਮਾਰੇ ਅਤੇ ਵੱਸਣ ਨੂੰ ਥਾਂ ਨਾ ਦਿੱਤੀ। ਗੁਰੂ ਸਾਹਿਬ ਨੇ ਵੱਸਦੇ ਰਹੋ ਕਹਿ ਕੇ ਇਥੋਂ ਕੂਚ ਕੀਤਾ। ਜਿਸ ਵਣ ਦੇ ਦਰਖ਼ਤ ਹੇਠ ਗੁਰੂ ਸਾਹਿਬ ਬਿਰਾਜੇ ਸਨ, ਉਹ ਮਾਲ ਜੀ ਸਾਹਿਬ ਕਰਕੇ ਪ੍ਰਸਿੱਧ ਹੋ ਗਿਆ। ਇਥੋਂ ਚੱਲਕੇ ਗੁਰੂ ਸਾਹਿਬ ਦੋ ਕਿਲੋਮੀਟਰ ਦੂਰ ਇਕ ਹੋਰ ਪਿੰਡ ਮਾਣਕ ਦੇ ਕੇ ਗਏ ਅਤੇ ਲੋਕਾਂ ਨੇ ਬੜਾ ਸਤਿਕਾਰ ਕੀਤਾ। ਗੁਰੂ ਸਾਹਿਬ ਨੇ ਉਜੜ ਜਾਓ ਦੀ ਅਸੀਸ ਦਿੱਤੀ। ਇਸ ਉੱਤੇ ਭਾਈ ਮਰਦਾਨਾ ਜੀ ਨੇ ਹੈਰਾਨ ਹੋ ਕੇ ਪੁੱਛਿਆ ਕਿ ਜਿਨ੍ਹਾਂ ਨੇ ਆਪ ਨੂੰ ਦੁੱਖ ਦਿੱਤਾ, ਉਨ੍ਹਾਂ ਨੂੰ ਵੱਸਦੇ ਰਹੋ ਅਤੇ ਜਿਨ੍ਹਾਂ ਸਤਿਕਾਰ ਕੀਤਾ ਉਨ੍ਹਾਂ ਨੂੰ ਉਜੜ ਜਾਓ ਦੀ ਅਸੀਸ ਦਿੱਤੀ। ਗੁਰੂ ਸਾਹਿਬ ਨੇ ਕਿਹਾ ਭਾਈ ਮਰਦਾਨਾ ਇਹ ਜਿਥੇ ਉਜੜ ਕੇ ਜਾਣਗੇ, ਉਥੇ ਨੇਕੀ ਤੇ ਭਲਾਈ ਹੀ ਵਰਤਾਉਣਗੇ ਤੇ ਉਹ ਜਿਥੇ ਵੀ ਜਾਣਗੇ, ਭੈੜ ਹੀ ਖਿਲਾਰਨਗੇ। ਪਹਿਲਾਂ ਛੋਟਾ ਜਿਹਾ ਗੁਰਦੁਆਰਾ ਸੀ, ਬਾਅਦ ਵਿੱਚ ਬਹੁਤ ਵੱਡਾ ਗੁਰਦੁਆਰਾ ਸਾਹਿਬ ਤਾਮੀਰ ਕੀਤਾ ਗਿਆ।

ਕੰਗਣਪੁਰ ਅੱਜ ਵੀ ਵੱਸਦਾ ਹੈ। ਪਿੰਡ ਵਿੱਚ ਗੁਰਦੁਆਰੇ ਦੀ ਇਮਾਰਤ ਪੱਕੀ ਬਣੀ ਹੈ। ਉਚਾ ਚਿੱਟਾ ਦੁੱਧ ਗੁੰਬਦ ਅੱਜ ਵੀ ਨਜ਼ਰੀਂ ਪੈਂਦਾ ਹੈ। ਪਹਿਲਾਂ ਸੇਵਾ-ਸੰਭਾਲ ਨਾਮਧਾਰੀ ਸਿੰਘ ਕਰਦੇ ਸਨ, ਪਰ ਅੱਜ ਕੱਲ੍ਹ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਹੁੰਦਾ। ਕਿਸੇ ਸਮੇਂ ਪਹਿਲੀ ਚੇਤਰ ਨੂੰ ਭਾਰੀ ਜੋੜ-ਮੇਲਾ ਹੁੰਦਾ ਸੀ। ਅਜੋਕੀ ਇਮਾਰਤ 1939 ਨੂੰ ਤਾਮੀਰ ਹੋਈ ਹੈ, ਹਾਲਤ ਚੰਗੀ ਹੈ ਪਰ ਸੇਵਾ-ਸੰਭਾਲ ਨਹੀਂ। ਇਮਾਰਤ ਅੰਦਰ ਲੋਕੀਂ ਵੱਸੇ ਹੋਏ ਹਨ।

ਕੰਗਣਪੁਰ ਦੇ ਲੋਕਾਂ ਵਿੱਚ ਅਜੇ ਤੀਕ ਮਸ਼ਹੂਰ ਹੈ ਕਿ ਜਿਨ੍ਹਾਂ ਲੋਕਾਂ ਨੇ ਗੁਰੂ ਨਾਨਕ ਸਾਹਿਬ ਨੂੰ ਰੋੜੇ ਮਾਰੇ, ਉਨ੍ਹਾਂ ਦੀ ਵੰਸ਼ ਦੇ ਲੋਕਾਂ ਨੂੰ ਗਿੱਲੜ੍ਹ ਦੀ ਬੀਮਾਰੀ ਹੋ ਜਾਂਦੀ ਹੈ। ਪੂਰੇ ਪਾਕਿਸਤਾਨ ਵਿੱਚੋਂ ਇਸੇ ਪਿੰਡ ਵਿੱਚ ਕੇਵਲ ਇਹ ਬਿਮਾਰੀ ਫੈਲਦੀ ਹੈ।

**ਪੁਸਤਕ ਸੂਚੀ**:-
1. ਇਕਬਾਲ ਕੇਸਰ- ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998
2. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ ਛਾਪ, 1990
3. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996
4. ਗਿਆਨ ਸਿੰਘ, ਗਿ.- ਰਿਪੁਦਮਨ ਪ੍ਰਕਾਸ਼, ਭਾਗ ਪਹਿਲਾ, ਪਟਿਆਲਾ, 1919

## ਕੰਗਮਾਈ

ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦਾ ਪਿੰਡ ਕੰਗਮਾਈ ਹੈ, ਜੋ ਹੁਸ਼ਿਆਰਪੁਰ ਤੋਂ 16 ਕਿਲੋਮੀਟਰ ਦੂਰ ਹੈ। ਹੁਸ਼ਿਆਰਪੁਰ ਦਾ ਅਕਸ਼ਾਂਸ਼ 310-32 ਅਤੇ ਰੇਖਾਂਸ਼ ਦੇਸ਼ਾਂਤਰ 750-55 ਹੈ। ਇਸ ਪਿੰਡ ਵਿੱਚ ਗੁਰੂ ਅਰਜਨ ਸਾਹਿਬ ਦਾ ਪ੍ਰਮੁੱਖ ਸਿੱਖ ਭਾਈ ਮੰਝ ਜੀ ਰਹਿੰਦੇ ਸਨ। ਗੁਰੂ ਅਰਜਨ ਸਾਹਿਬ ਨੇ 1594 ਨੂੰ ਇਸ ਪਿੰਡ ਵਿੱਚ ਆਪਣੇ ਚਰਨ ਪਾਏ ਅਤੇ ਭਾਈ ਮੰਝ ਜੀ ਨੂੰ ਦੁਆਬੇ ਦਾ ਪ੍ਰਚਾਰਕ ਥਾਪਿਆ।

ਇਕ ਵੇਰ ਭਾਈ ਮੰਝ ਜੀ, ਹਨ੍ਹੇਰੀ ਰਾਤ ਵਿੱਚ ਲੰਗਰ ਦੀਆਂ ਲੱਕੜਾਂ ਲਿਆ ਰਹੇ ਸਨ, ਕਿ ਅਚਾਨਕ ਸੁਲਤਾਨਵਿੰਡ ਦੇ ਖੂਹ ਵਿੱਚ ਲੱਕੜਾਂ ਸਮੇਤ ਡਿੱਗ ਪਏ। ਗੁਰੂ ਸਾਹਿਬ ਉਸ ਪਾਸੇ ਵੱਲ ਜਦੋਂ ਆ ਰਹੇ ਸਨ ਤਾਂ ਭਾਈ ਮੰਝ ਜੀ ਨੂੰ ਖੂਹ ਵਿੱਚੋਂ ਕੱਢ ਕੇ ਆਪਣੀ ਛਾਤੀ ਨਾਲ ਲਾਇਆ। ਪਹਿਲਾਂ ਪਿੰਡ ਮਾਛੀਆਂ, ਗ੍ਰੰਥਪੁਰ ਤੇ ਕੰਗ ਦੀ ਸਾਰੀ ਜ਼ਮੀਨ ਗੁਰਦੁਆਰੇ ਦੇ ਨਾਂ ਨਾਲ ਜਗੀਰ ਸੀ ਪਰ ਹੁਣ ਕੋਈ ਜ਼ਮੀਨ ਜਗੀਰ ਨਹੀਂ। ਪਹਿਲੀ ਮਾਘ ਨੂੰ ਭਾਰੀ ਜੋੜ-ਮੇਲਾ ਹੁੰਦਾ ਹੈ। ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਬਣਿਆ ਹੈ। ਇਹ ਗੁਰ-ਦੁਆਰਾ ਨੋਟੀਫਾਈਡ ਹੈ ਅਤੇ ਜ਼ਮੀਨ ਵੀ ਹੈ, ਜਿਸ ਦੀ ਬੋਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਟਰੱਸਟ ਵਿਭਾਗ ਕਰਵਾਉਂਦਾ ਹੈ।

**ਪੁਸਤਕ ਸੂਚੀ**:-
1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ ਛਾਪ, 1990


ਬਾਕੀ ਅਗਲੇ ਹਫ਼ਤੇ ਪੜ੍ਹੋ

– ਲੇਖਕ –
ਗਿਆਨੀ
ਗੁਰਦਿੱਤ ਸਿੰਘ



# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਕਬੀਰ ਜੀ ਦੇ ਨਾਮ ਤੋਂ ਕਿਤਨਾ ਚਿਰ ਭਲੇਖੇ ਪੈਂਦੇ ਰਹੇ, ਕੀ ਇਹ ਕਿਸੇ ਵਿਅਕਤੀ ਦਾ ਨਾਮ ਹੈ, ਜਾਂ ਤਖ਼ੱਲਸ। ਕਬੀਰ ਦਾ ਅਰਥ ਵੱਡਾ ਹੈ। ਮੁਸਲਮਾਨਾਂ ਨਾਲ ਕਬੀਰ ਜੀ ਦਾ ਪਿਛੋਕੜ ਮਿਲਦਾ ਦੇਖਕੇ ਚੰਗੀ ਬਹਿਸ ਚੱਲੀ ਸੀ। ਬਹਿਸ ਦਾ ਦੂਜਾ ਚੱਕਰ ਚਲਿਆ ਗੁਰੂ ਨਾਨਕ ਜੀ ਨੂੰ ਕਬੀਰ ਜੀ ਦੇ ਚੇਲੇ ਬਣਾਉਣ ਦਾ। ਗੁਰੂ ਨਾਨਕ ਜੀ ਦੀ ਵੱਡਿਆਈ ਦੇਖਕੇ ਜਿਵੇਂ ਸਿੱਧਾਂ ਦੇ ਮਨ ਵਿੱਚ ਆਇਆ ਸੀ– ਕਿਵੇ ਦਰਸ਼ਨ ਲੇਵੈ ਇਹ ਬਾਲਾ। ਸਾਡੇ ਨਾਥ ਪੰਥ ਵਿੱਚ ਕਿਵੇਂ ਆਵੇ ? ਦੀ ਭਾਵਨਾ ਕਈ ਪੰਥਾਂ ਵਿੱਚ ਕਈ ਰੂਪ ਧਾਰਨ ਕਰਦੀ ਹੈ। ਉਪਰਲੀ ਪਹਿਲੀ ਬਹਿਸ ਨੂੰ ਸਮੇਟਣ ਵਾਲੇ ਸਨ ਪੰਡਤ ਅਯੁੱਧਿਆ ਸਿੰਘ ਉਪਾਧਯ (ਹਰਿਔਧ) ਪ੍ਰੋ: ਹਿੰਦੂ ਯੂਨੀਵਰਸਿਟੀ ਬਨਾਰਸ। 1917 ਵਿੱਚ ਉਨ੍ਹਾਂ ਦੇ ਭਾਸ਼ਣਾਂ ਦਾ ਖੋਜ ਭਰਿਆ ਸੰਗ੍ਰਹਿ ਛਪਿਆ।**




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ–50**

ਜਿਨ ਦਿਨੋ ਗੁਰੂ ਜੀ ਦਿੱਲੀ ਪਹੁੰਚੇ, ਸਿਕੰਦਰ ਲੋਧੀ ਤਖ਼ਤ ਦਿਲੀਪਰ ਮੁੰਤਮਕਨ ਥਾ। ਅਰ ਵੋ ਅਹਲ ਅਲਮ ਫੁਕਰਾ ਕੋ ਕੈਦਖਾਨੇ ਮੇਂ ਡਾਲ ਦੇਤਾ ਔਰ ਉਸ ਸੇ ਚੱਕੀ ਪਿਸਵਾਯਾ ਕਰਤਾ ਥਾ, ਚੁਨਾਂਚਿ ਗੁਰੂ ਸਾਹਿਬ ਭੀ ਕੈਦਖਾਨੇ ਮੇਂ ਡਾਲੇ ਗਏ, ਮਗਰ ਉਨਕੇ ਹੁਕਮ ਸੇ ਭਾਈ ਮਰਦਾਨਾ ਨੇ ਰਬਾਬ ਬਜਾ ਕਰ ਭਜਨ ਗਾਨੇ ਸ਼ੁਰੂ ਕੀਏ, ਤਉ ਚੱਕੀਆਂ ਖੁਦ ਬਖੁਦ ਚਲਨੇ ਲੱਗੀ। ਇਸੇ ਪਾਤਸ਼ਾਹ ਕੀ ਤੰਬੀਹ ਹੁਈ ਔਰ ਉਸਨੇ ਸਭੀ ਫੁਕਰਾ ਕੋ ਕੈਦ ਸੇ ਰਿਹਾਈ ਬਖਸ਼ੀ। ਔਰ ਆਇੰਦਾ ਐਸੀ ਹਰਕਤ ਸੇ ਤੋਬਾ ਕੀ। ਸ਼ਾਰ ਸ਼ਰਫ ਚਿਸ਼ਤੀ ਕਾਦਰੀ ਜੋ ਏਕ ਮੁਸਲਮਾਨ ਫਕੀਰ ਹੋ ਗੁਜਰੇ ਹੈਂ, ਜਿਨ ਕੀ ਵਫਾਤ 987 ਹਿਜਰੀ ਮੇਂ ਹੁਈ, ਗੁਰੂ ਜੀ ਕੀ ਮੁਲਾਕਾਤ ਪਾ ਕਰ ਬਹੁਤ ਖੁਸ਼ ਹੁਏ। ਔਰ ਉਨਕੀ ਆਰਫਾਨਾ ਕਲਾਮ ਕੋ ਬਹੁਤ ਪਸੰਦ ਕੀਆ। ਸ਼ਾਹ ਦਿੱਲੀ ਸਿਕੰਦਰ ਲੋਧੀ ਨੇ ਗੁਰੂ ਜੀ ਕੀ ਕਰਾਮਾਤੇਂ ਦੇਖਕਰ ਚਾਹਾ ਕਿ ਅਪਨੇ ਪਾਸ ਰਖੇ। ਮਗਰ ਉਸਕੀ ਯਿਹ ਕਾਮਨਾ ਪੂਰੀ ਨਾ ਹੁਈ ਕਿਉਂਕਿ ਗੁਰੂ ਸਾਹਿਬ ਸਫਰ ਕੇ ਇਰਾਦੇ ਕੋ ਮੁੱਸਮਮ ਕੀਏ ਹੁਏ ਅਲੀਗੜ੍ਹ ਕੀ ਜਾਨਬ ਕੋ ਰਵਾਨਾ ਹੁਏ ਔਰ ਮਥੁਰਾ, ਬ੍ਰਿੰਦਾਬਨ ਬ੍ਰਾਹਮਨੋ ਔਰ ਫਕੀਰੋਂ ਸੇ ਮਾਰਫਤ ਇਲਾਹੀ ਕਰਤੇ ਆਗਰੇ ਮੇਂ ਜਾ ਪਹੁੰਚੇ ਜਹਾਂ ਮਾਈਥਾਨ ਨਾਮੀ ਏਕ ਮਕਾਨ ਗੁਰੂ ਸਾਹਿਬ ਕੀ ਧਰਮਸ਼ਾਲਾ ਕੇ ਨਾਮ ਸੇ ਅਬਤ ਤੱਕ ਯਾਦਗਾਰ ਹੈ।

ਆਗਰੇ ਸੇ ਰਵਾਨਾ ਹੋਕਰ ਗੁਰੂ ਸਾਹਿਬ ਅਯੁੱਧਿਆ, ਲਖਨਊ, ਕਾਨਪੁਰ ਵਗੈਰਾ, ਮੁਕਾਮਾਤ ਪਰ ਉਪਦੇਸ਼ ਕਰਤੇ ਹੁਏ ਬਨਾਰਸ ਜਾ ਪਹੁੰਚੇ ਔਰ ਵਹਾਂ ਕਬੀਰ, ਭਗਤ ਨਾਮਦੇਵ ਔਰ ਰਵਿਦਾਸ ਵਗੈਰਾ ਭਗਤੋਂ ਸੇ ਗਿਆਨ ਧਿਆਨ ਕੇ ਜ਼ਿਕਰੋਂ ਮੇਂ ਵਕਤ ਬਸਰ ਕੀਆ। (ਸਫ਼ਾ 34)

ਕਬੀਰ ਪੰਥੀ ਗ੍ਰੰਥਾਂ ਵਿੱਚ (ਕਬੀਰ ਮਨਸੂਰ ਸਫ਼ਾ 1358) ਗੁਰੂ ਨਾਨਕ ਜੀ ਦਾ ਕਬੀਰ ਜੀ ਨਾਲ ਮੇਲ ਦਾ ਸਮਾਂ ਇਹੋ ਲਿਖਿਆ ਹੋਇਆ ਹੈ। ਇਕ ਹੋਰ ਥਾਂ 1553 ਭੀ ਮਿਲਣ ਦਾ ਸੰਮਤ ਦਿੱਤਾ ਹੈ। ਦੂਜੀ ਥਾਂ ਲਿਖਤ ਇਸ ਪ੍ਰਕਾਰ ਹੈ:

ਨਾਨਕਸ਼ਾਹ ਪੰਜਾਬ ਸੇ ਭਰਮਣ ਕਰਤੇ ਹੁਏ ਕੁਰਕਛੇਤਰ ਗਏ। ਵਹਾਂ ਸੇ ਹਰਿਦਵਾਰ ਪਹੁੰਚੇ। ਵਹਾਂ ਸੇ ਪੀਲੀਭੀਤ ਹੋਤੇ ਹੁਏ ਅਯੁੱਧਿਆ ਆ ਬਿਰਾਜੇ। ਵਹਾਂ ਸੇ ਕਾਂਸੀ ਮੇਂ ਜਾ ਕਰ ਕਬੀਰ ਜੀ ਸੇ ਮਿਲੇ। (ਸਫ਼ਾ 641 ਕਬੀਰ ਮਨਸੂਰ)

ਗੁਰੂ ਨਾਨਕ ਜੀ ਅਯੁੱਧਿਆ ਵਿੱਚ ਬਿਰਾਜ ਰਹੇ ਸਨ, ਜਨਮਸਾਖੀ ਮੇਹਰਵਾਨ ਜੀ ਅਨੁਸਾਰ, ਭਗਤ ਮੰਡਲੀ ਉਸ ਵੇਲੇ ਅਯੁੱਧਿਆ ਵਿੱਚ ਟਿਕੀ ਹੋਈ ਸੀ, ਜਿਥੇ ਗੁਰੂ ਨਾਨਕ ਜੀ ਨਾਲ ਭਗਤਾਂ ਦਾ ਮੇਲ ਹੋਇਆ। (ਸਫ਼ਾ 90)

ਸ੍ਰ. ਨਿਹਾਲ ਸਿੰਘ ਸੂਰੀ ਜੀ ਨੇ (ਦਇਆ ਰਾਮ ਲਿਖਤ) ਜਨਮਸਾਖੀ ਦੇ ਹਵਾਲੇ ਦਿੱਤੇ ਹਨ। ਉਸ ਜਨਮਸਾਖੀ ਨੂੰ ਛਾਪਣ ਵਾਲਿਆਂ ਨੇ ਹਾਸ਼ੀਆ ਅਰਾਈ ਕਰਦਿਆਂ ਲਿਖਿਆ ਸੀ।

ਨੋਟ: ਕਬੀਰ ਭਗਤ ਦੀ ਵਫਾਤ 1003 ਹਿਜਰੀ ਮੁਤਾਬਕ 1661 ਬਿਕ੍ਰਮੀ ਯਾਨੀ ਅਕਬਰ ਕੇ ਸਮੇਂ ਮੇਂ ਹੁਈ। ਗੁਰੂ ਸਾਹਿਬਾਨ ਉਨਕੀ ਵਫਾਤ ਸੇ ਕੋਈ ਸੌ ਬਰਸ ਪਹਿਲੇ ਸਿਕੰਦਰ ਲੋਧੀ ਕੇ ਜ਼ਮਾਨੇ ਮੇਂ ਆਗਰੇ ਗਏ ਥੇ। (ਸਫ਼ਾ 35)

ਇਹ ਲਿਖਤ ਛਾਪਣ ਵਾਲੇ ਦੀ ਮਨ ਮਰਜ਼ੀ ਦਾ ਫਲ ਨਹੀਂ–ਪੁਰਾਣੇ ਗ੍ਰੰਥਾਂ ਵਿੱਚ ਕਬੀਰ ਜੀ ਦੀ ਤਾਰੀਖ ਇਉਂ ਭੀ ਲਿਖੀ ਜਾਂਦੀ ਰਹੀ ਹੈ।

ਖਜੀਨਾਤੁਲ ਅਸਫੀਆ ਜਿਲਦ ਅੱਵਲ ਸਫ਼ਾ 446–47 ਉਤੇ ਕਬੀਰ ਜੀ ਸਬੰਧੀ ਇਸ ਤਰ੍ਹਾਂ ਲਿਖਿਆ ਹੈ: ਸ਼ੇਖ ਕਬੀਰ ਜੁਲਾਹਾ ਜੋ ਕਿ ਖਲੀਫਾ ਸ਼ੇਖ ਤਕੀ ਕਾ ਚੇਲਾ ਥਾ। ਸੰਨ 1003 ਹਿਜਰੀ 1605 ਈਸਵੀ ਮੇਂ ਸੁਰਗਵਾਸ ਹੂਆ।

ਸ਼ੇਖ ਕਬੀਰ ਸੰਨ 1003 ਹਿਜਰੀ ਵਿੱਚ ਸੁਰਗਵਾਸ ਹੋਇਆ। (ਸਫ਼ਾ 22)

ਕਬੀਰ ਜੀ ਨੂੰ, ਜੇ ਇਕ ਸੌ ਸਾਲ ਪਹਿਲਾਂ ਹੋਇਆ ਦੱਸਣ ਦੀਆਂ ਲਿਖਤਾਂ ਹਨ, ਤਾਂ ਉਨ੍ਹਾਂ ਨੂੰ 100 ਵਰ੍ਹੇ ਪਿੱਛੋਂ ਦੱਸਣ ਵਾਲੀਆਂ ਭੀ ਹਨ। ਅਸਲ ਵਿੱਚ ਕਬੀਰ ਜੀ ਬਾਰੇ ਸੰਨ 1900 ਤੋਂ ਪਹਿਲਾਂ ਕਿਸੇ ਤਰ੍ਹਾਂ ਦੀ ਘੋਖਵੀਂ ਤਿਥੀ ਨਹੀਂ ਮਨੀਂ ਗਈ ਸੀ, ਕੋਈ ਗ੍ਰੰਥ ਉਨ੍ਹਾਂ ਬਾਰੇ ਨਹੀਂ ਸੀ। ਕਬੀਰ ਇਕ ਵਿਵੇਚਨ ਗ੍ਰੰਥ ਦੇ ਲੇਖਕ ਨੇ ਇਸ ਪਹਿਲੂ ਤੋਂ ਪੜਤਾਲ ਕਰਕੇ ਲਿਖਿਆ ਹੈ:

ਈਸਾ ਕੀ ਬੀਸਵੀਂ ਸ਼ਤਾਬਦੀ ਕੇ ਪੂਰਬ ਕਬੀਰ ਪਰ ਸੁਤੰਤਰ ਰੂਪ ਮੇਂ ਕੋਈ ਗ੍ਰੰਥ ਨਹੀਂ ਨਿਕਲਾ। ਕਬੀਰ ਕੇ ਅਧਅਨ ਕਾ ਸ੍ਰੀ ਗਣੇਸ਼ ਕਬੀਰ ਮਨਸੂਰ ਕੋ ਮਾਨਨਾ ਚਾਹੀਏ। ਜਿਸਕਾ ਪ੍ਰਕਾਸ਼ਨ ਬੰਬਈ ਮੇਂ ਸੰਨ 1903–4 ਮੇਂ ਹੂਆ। (ਕਬੀਰ ਏਕ ਵਿਵੇਚਨ ਸਫ਼ਾ 22)

ਕਬੀਰ ਜੀ ਦੇ ਨਾਮ ਤੋਂ ਕਿਤਨਾ ਚਿਰ ਭਲੇਖੇ ਪੈਂਦੇ ਰਹੇ, ਕੀ ਇਹ ਕਿਸੇ ਵਿਅਕਤੀ ਦਾ ਨਾਮ ਹੈ, ਜਾਂ ਤਖ਼ੱਲਸ। ਕਬੀਰ ਦਾ ਅਰਥ ਵੱਡਾ ਹੈ। ਮੁਸਲਮਾਨਾਂ ਨਾਲ ਕਬੀਰ ਜੀ ਦਾ ਪਿਛੋਕੜ ਮਿਲਦਾ ਦੇਖਕੇ ਚੰਗੀ ਬਹਿਸ ਚੱਲੀ ਸੀ। ਬਹਿਸ ਦਾ ਦੂਜਾ ਚੱਕਰ ਚਲਿਆ ਗੁਰੂ ਨਾਨਕ ਜੀ ਨੂੰ ਕਬੀਰ ਜੀ ਦੇ ਚੇਲੇ ਬਣਾਉਣ ਦਾ। ਗੁਰੂ ਨਾਨਕ ਜੀ ਦੀ ਵੱਡਿਆਈ ਦੇਖਕੇ ਜਿਵੇਂ ਸਿੱਧਾਂ ਦੇ ਮਨ ਵਿੱਚ ਆਇਆ ਸੀ– ਕਿਵੇਂ ਦਰਸ਼ਨ ਲੇਵੈ ਇਹ ਬਾਲਾ। ਸਾਡੇ ਨਾਥ ਪੰਥ ਵਿੱਚ ਕਿਵੇਂ ਆਵੇ ? ਦੀ ਭਾਵਨਾ ਕਈ ਪੰਥਾਂ ਵਿੱਚ ਕਈ ਰੂਪ ਧਾਰਨ ਕਰਦੀ ਹੈ। ਉਪਰਲੀ ਪਹਿਲੀ ਬਹਿਸ ਨੂੰ ਸਮੇਟਣ ਵਾਲੇ ਸਨ ਪੰਡਤ ਅਯੁੱਧਿਆ ਸਿੰਘ ਉਪਾਧਯ (ਹਰਿਔਧ) ਪ੍ਰੋ. ਹਿੰਦੂ ਯੂਨੀਵਰਸਿਟੀ ਬਨਾਰਸ। 1917 ਵਿੱਚ ਉਨ੍ਹਾਂ ਦੇ ਭਾਸ਼ਣਾਂ ਦਾ ਖੋਜ ਭਰਿਆ ਸੰਗ੍ਰਹਿ ਛਪਿਆ। ਉਪਾਧਯ ਜੀ ਨੇ ਪੰਦਰ੍ਹਵੀਂ ਸਦੀ ਦੀ ਵਿਚਾਰ ਧਾਰਾ ਉੱਤੇ ਝਾਤੀ ਮਾਰਕੇ ਭਾਸ਼ਣ ਵਿੱਚ ਕਿਹਾ ਸੀ:

ਕਿਸ ਪ੍ਰਕਾਰ ਇਸ ਨਿਰਗੁਣਵਾਦ ਔਰ ਭਗਤੀ ਰਸ ਕੀ ਧਾਰਾ ਬਹੀ। ਉਤਰਵਾਤੀ ਕਾਲ ਮੇਂ ਵਿਵਿਧ ਰੂਪ ਮੇਂ ਪ੍ਰਭਾਵਿਤ ਹੋਕਰ ਹਿੰਦੂ ਜਾਤੀ ਕੇ ਸੁਖਤੇ ਧਰਮਭਾਵ ਕੇ ਪੌਧੇ ਕੋ ਹਰਾ ਭਰਾ ਬਨਾਨੇ ਕੇ ਸਮਰਥ ਹੁਈ। ਇਸੀ ਸ਼ਤਾਬਦੀ ਮੇਂ ਪੰਜਾਬ ਪ੍ਰਾਂਤ ਮੇਂ ਗੁਰੂ ਨਾਨਕ ਦੇਵ ਕਾ ਅਵੀਭਾਵ ਹੂਆ ਔਰ ਵੇ ਅਪਨੇ ਸਮਯ ਕੇ ਪ੍ਰਸਿੱਧ ਧਰਮ ਪ੍ਰਚਾਰਕ ਥੇ। ਕੁੱਝ ਲੋਗੋਂ ਨੇ ਉਨਕੋ ਕਬੀਰ ਸਾਹਿਬ ਸੇ ਪ੍ਰਭਾਵਤ ਬਤਲਾਯਾ ਹੈ। ਕਿਸੀ ਕਿਸੀ ਨੇ ਤੋ ਉਨਕੋ ਇਨਕਾ ਸ਼ਿਸ਼ ਤੱਕ ਲਿਖ ਦੀਆ ਹੈ, ਕਿੰਤੂ ਯਹਿ ਸੱਤਯ ਨਹੀਂ ਹੈ। ਇਸ ਵਿਸ਼ਯ ਮੇਂ ਬਹੁਤ ਵਾਦ–ਵਿਵਾਦ ਹੋ ਚੁਕਾ ਹੈ। ਮੈਂ ਉਨ ਕਾ ਯਹ ਲਿਖਨਾ ਕੰਤੂਹਲ ਮਾਤਰ ਸਮਝਤਾ ਹੂੰ। ਕਿੰਤੂ ਯਹਿ ਨਿਸ਼ਚਿਤ ਬਾਤ ਹੈ ਕਿ ਕਬੀਰ ਸਾਹਿਬ ਕਾ ਗੁਰੂ ਨਾਨਕ ਦੇਵ ਪਰ ਕੁੱਛ ਪ੍ਰਭਾਵ ਨਹੀਂ ਥਾ। ਪ੍ਰਤੱਖਸ਼ ਪ੍ਰਮਾਣ ਯਹ ਹੈ ਕਿ ਗੁਰੂ ਨਾਨਕ ਦੇਵ ਗੁਰੂ ਥੇ ਵੇ ਏਕ ਨਵੀਨ ਧਰਮ ਕਾ ਪ੍ਰਚਾਰ ਕਰਨਾ ਚਾਹਤੇ ਥੇ। ਔਰ ਵੇ ਹਿੰਦੂ ਧਰਮ ਕੇ ਸੰਰਖਸ਼ਣ ਕੋ ਲੀਏ ਯਤਨਵਾਨ ਥੇ।

(ਹਿੰਦੀ ਭਾਸ਼ਾ ਔਰ ਸਾਹਿਤਯ ਕਾ ਵਿਕਾਸ, ਸਫ਼ਾ 193)

ਪੁਰਾਤਨ ਤਵਾਰੀਖਾਂ ਅਤੇ ਸਾਹਿਤ ਦੇ ਇਤਿਹਾਸ ਦੀਆਂ ਪੁਸਤਕਾਂ ਨੇ ਕਬੀਰ ਜੀ ਦਾ ਸਮਾਂ ਗੁਰੂ ਨਾਨਕ ਜੀ ਨਾਲ ਮਿਲਣ ਦਾ ਭੀ ਨਿਰਸੰਸੇ ਕੀਤਾ ਹੈ। ਇਹ ਭੀ ਕਿ ਗੁਰੂ ਨਾਨਕ ਜੀ ਉਪਰ ਕਬੀਰ ਜੀ ਕਾ ਕੋਈ ਪ੍ਰਭਾਵ ਨਹੀਂ ਪਿਆ। ਇਸ ਦੇ ਢੁੱਕਵੇਂ ਪ੍ਰਮਾਣ ਕਬੀਰ ਬਾਣੀ ਅੰਦਰ ਗੁਰੂ ਨਾਨਕ ਬਾਣੀ ਦੇ ਚਾਨਣੇ ਵਿੱਚ ਦੇਖਣ ਨਾਲ ਵਧੇਰੇ ਪ੍ਰਕਾਸ਼ ਪਾਉਂਦੇ ਹਨ।

ਕੀ ਸਾਡੇ ਕਈ ਵਿਆਖਿਆਕਾਰਾਂ ਨਾਲੋਂ ਇਨ੍ਹਾਂ ਵਿਦਵਾਨਾਂ ਨੂੰ ਠੀਕ ਨਹੀਂ ਸਮਝਿਆ ਜਾ ਸਕਦਾ ਜੋ ਗੁਰੂ ਜੀ ਬਾਰੇ ਉਪਰੋਕਤ ਭਾਵਨਾ ਰੱਖਦੇ ਹਨ ? ਸਿੱਖ ਵਿਦਵਾਨ ਪੈਰ ਪੈਰ ਉੱਤੇ ਗੁਰੂ ਜੀ ਨੂੰ ਨਕਲਚੀ ਸਿੱਧ ਕਰਨ ਲਈ ਝੂਠੀਆਂ ਨਿਰਅਧਾਰ ਕਲਪਨਾ ਘੜਕੇ ਸਤਿਗੁਰੂ ਦੀ ਨੂਰੀ ਜੋਤਿ ਉੱਤੇ ਚਿੱਕੜ ਸੁੱਟਣ ਦੇ ਕੰਮ ਵਿੱਚ ਜੁਟੇ ਹੋਏ ਹਨ।

ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ॥
ਤਬ ਛੂਟੇ ਜਬ ਸਾਧੂ ਪਾਇਆ॥

(ਭੈਰਉ ਕਬੀਰ–1160)

ਕਬੀਰ ਬੂਨੀ ਪਾਈ ਥਿਤਿ ਭਈ ਸਤਿਗੁਰ ਬੰਧੀ ਧੀਰ॥
ਕਬੀਰ ਹੀਰਾ ਬਣਜਿਆ
ਮਾਨ–ਸਰੋਵਰ ਤੀਰ॥

(161 ਸਲੋਕ ਕਬੀਰ–1373)

ਕਬੀਰ ਕੂਕਰੁ ਭਉਕਨਾ
ਕਰੰਗ ਪਿਛੈ ਉਠਿ ਧਾਇ॥
ਕਰਮੀ ਸਤਿਗੁਰੁ ਪਾਇਆ
ਜਿਨਿ ਹਉ ਲੀਆ ਛਡਾਇ॥

(209 ਸਲੋਕ ਕਬੀਰ–1375)

ਕਬੀਰ ਘਾਣੀ ਪੀੜਤੇ
ਸਤਿਗੁਰ ਲੀਏ ਛਡਾਇ॥
ਪਰਾ ਪੂਰਬਲੀ ਭਾਵਨੀ
ਪਰਗਟੁ ਹੋਈ ਆਇ॥

(207 ਸਲੋਕ ਕਬੀਰ–1375)

ਚਲਦਾ......

**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**

ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।

07966 388 388

# ਕਾਵਿ-ਕਿਆਰੀ

## ਗੈਰ-ਨਾਗਰਿਕਾਂ ਦਾ ਹਜੂਮ

ਫਿਲਹਾਲ ਅਸੀਂ
ਧਰਤੀ ਦੇ
ਇਕ ਅਜਿਹੇ ਖਿੱਤੇ 'ਚ
ਵਸਦੇ ਲੋਕ
ਜਿਸ ਨੂੰ ਅੰਗਰੇਜ਼ੀ 'ਚ
ਇੰਡੀਆ
ਅਤੇ
ਸਾਡੀ ਆਪਣੀ ਭਾਸ਼ਾ 'ਚ
ਭਾਰਤ ਕਿਹਾ ਜਾਵੇ
ਕਿਸੇ ਵੀ ਦੇਸ਼ ਦੇ
ਨਾਗਰਿਕ ਨਹੀਂ।
ਸਾਡੇ ਕੋਲ
ਸਾਡੀ ਨਾਗਰਿਕਤਾ ਦਾ
ਨਹੀਂ ਕੋਈ ਸਬੂਤ ।
ਸਰਕਾਰੀ ਪਾਸਪੋਰਟ
ਚੋਣ ਕਮਿਸ਼ਨ ਵੱਲੋਂ ਦਿੱਤਾ
ਵੋਟਰ ਕਾਰਡ
ਆਇਕਰ ਵਿਭਾਗ ਦਾ
ਪੈਨ ਕਾਰਡ
ਅਧਾਰ ਕਾਰਡ
ਰਾਸ਼ਨ ਕਾਰਡ।
ਇਸ ਤੋਂ ਇਲਾਵਾ
ਅਜ਼ਾਦੀ ਤੋਂ ਬਾਅਦ
ਦੇਸ਼ ਦੀ ਕਿਸੇ ਵੀ ਸਰਕਾਰ ਨੇ
ਨਹੀਂ ਦਿੱਤਾ ਕੋਈ
ਪਹਿਚਾਣ ਪੱਤਰ
ਜੋ ਕਰੇ ਇਹ ਸਿੱਧ
ਅਸੀਂ ਹਾਂ ਭਾਰਤ ਦੇ
ਨਾਗਰਿਕ।
ਇਹ ਦੁਖਾਂਤ
ਆਮ ਜਨਤਾ ਦਾ ਹੀ ਨਹੀਂ
ਦੇਸ਼ ਦੇ
ਰਾਸ਼ਟਰਪਤੀ,
ਪ੍ਰਧਾਨ ਮੰਤਰੀ,
ਦੂਜੇ ਮੰਤਰੀ,
ਮਾਣਯੋਗ ਜੱਜ ਸਹਿਬਾਨ,
ਚੋਣ ਕਮਿਸ਼ਨਰ,
ਆਈ ਏ ਐਸ,
ਆਈ ਪੀ ਐਸ
ਬਾਕੀ ਸਭ
ਉੱਪਰ ਤੋਂ ਹੇਠਾਂ ਤੱਕ
ਪੰਜਾਬੀ ਦੀ ਕਹਾਵਤ
"ਨੱਥਾ ਸਿੰਘ ਐਂਡ ਪ੍ਰੇਮ ਸਿੰਘ
ਵਨ ਐਂਡ ਦੀ ਸੇਮ ਥਿੰਗ" ਵਾਂਗ
ਸਭ ਦਾ ਹੈ।
ਗੈਰ- ਨਾਗਰਿਕਾਂ ਦੀ ਸਰਕਾਰ,
ਗੈਰ-ਨਾਗਰਿਕਾਂ ਦੀਆਂ ਅਦਾਲਤਾਂ ਦਾ
ਇਕ ਹਜੂਮ ਹਾਂ।
ਗੈਰ-ਨਾਗਰਿਕਾਂ ਦੀ ਸਰਕਾਰ
ਗੈਰ-ਨਾਗਰਿਕ ਜਨਤਾ ਲਈ
ਕਾਨੂੰਨ ਬਣਾਵੇ
ਗੈਰ-ਨਾਗਰਿਕ ਜੱਜ
ਗੈਰ-ਨਾਗਰਿਕਾਂ ਦੇ ਮੁਕੱਦਮੇ
ਰਹੇ ਸੁਣ
ਗੈਰ-ਨਾਗਰਿਕ ਚੋਣ ਕਮਿਸ਼ਨਰ
ਗੈਰ-ਨਾਗਰਿਕਾਂ ਨੂੰ
ਵੋਟਾਂ ਪਾ ਕੇ
ਗੈਰ-ਨਾਗਰਿਕਾਂ ਦੀ ਸਰਕਾਰ
ਚੁਨਣ ਨੂੰ ਕਹਿ ਰਿਹਾ ਹੈ
ਇਸ ਮੁਲਕ ਵਿਚ ਅੰਨ੍ਹੇ ਨੂੰ ਬੋਲਾ
ਘੜੀਸ ਰਿਹਾ ਹੈ
ਰੋਮ ਜਲ ਰਿਹਾ ਹੈ
ਨੀਰੋ ਬੰਸਰੀ ਵਜਾ ਰਿਹਾ ਹੈ।'



ਰਵਿੰਦਰ ਸਿੰਘ ਸੋਢੀ
ਕੈਲਗਰੀ, ਕੈਨੇਡਾ।

## ਇੰਗਲੈਂਡ ਜਿੰਦਾਬਾਦ

ਸ਼ੇਅਰ: ਸਭ ਦੀ ਸੋਚ ਅਮੀਰ ਹੋ ਜਾਵਾਂ, ਕਹਿਣ ਸਵੇਰੇ ਸ਼ਾਮ!
ਆਪਣੀ ਤਾਂ ਲੱਗ ਗਈ ਲਾਟਰੀ, ਪ੍ਰਭ ਜੀ ਮੇਰੇ ਵੱਲੋਂ ਸਲਾਮ!!

ਮੁੰਡਾ:- ਇੰਗਲੈਂਡ ਜਿੰਦਾਬਾਦ - ਬਈ ਇੰਗਲੈਂਡ ਜਿੰਦਾਬਾਦ!!
ਕੁੜੀ:- ਨਹੀਂ ਨਹੀਂ, ਤਿੰਨ ਸਾਲ ਹੋਏ ਸ਼ਾਦੀ ਨੂੰ ਕਰ ਨਾ ਤੂੰ ਬਰਬਾਦ!

ਮੁੰਡਾ:- ਵੀਜ਼ਾ ਲੱਗ ਗਿਆ ਯਾਰਾਂ ਦਾ, ਹੁਣ ਜਾਣਗੇ ਯਾਰ ਵਿਦੇਸ਼।
ਫ਼ਿਕਰ ਨਹੀਂ ਰਹਿਣਾ ਫੱਕਰਾਂ ਨੂੰ, ਮੁੱਕ ਜਾਊ ਸਭ ਕਲੇਸ਼।
ਰੱਬ ਜੀ ਮੇਰੀ ਸੁਣ ਲਈ - ਪੂਰੀ ਹੋਈ ਮੁਰਾਦ!
ਇੰਗਲੈਂਡ ਜਿੰਦਾਬਾਦ ਬਈ ਇੰਗਲੈਂਡ ਜਿੰਦਾਬਾਦ!!



ਕੁੜੀ:- ਕੇਹੜੇ ਕੰਮ ਆਉਣਗੇ ਵੇ ਤੇਰੇ ਪੈਸੇ ਜੋੜੇ।
ਜੇ ਮੈਂ ਮਰ ਗਈ ਸੋਹਣਿਆਂ ਹਾਏ ਵਿੱਚ ਵਿਛੋੜੇ।
ਦੋ ਬੱਚਿਆਂ ਨੂੰ ਤੜਫਾਈਂ ਨਾ ਮੰਨ ਮੇਰੀ ਫਰਿਆਦ!
ਤਿੰਨ ਸਾਲ ਤਾਂ ਹੋਏ ਸ਼ਾਦੀ ਨੂੰ, ਕਰ ਨਾ ਤੂੰ ਬਰਬਾਦ!!

ਮੁੰਡਾ:- ਹੁਣ ਤੂੰ ਮੇਰੀ ਵਹੁਟੀ - ਜਰਾ ਜਿਗਰਾ ਰੱਖ ਤੂੰ।
ਤੇਰੀ ਮੇਰੀ ਇਕ ਜਿੰਦੜੀ ਨਹੀਂ ਹੁੰਦੀ ਵੱਖ ਤੂੰ।
ਖੱਟਣ ਕਮੌਣ ਜਾਣ ਦੇਹ, ਨਾ ਕਰ ਬਹੁਤ ਮਿਜਾਜ!
ਇੰਗਲੈਂਡ ਜਿੰਦਾਬਾਦ ਬਈ ਇੰਗਲੈਂਡ ਜਿੰਦਾਬਾਦ!!

ਕੁੜੀ:- ਵੇ ਚੰਨ ਜੰਡਿਆਲਵੀ ਮਾਹੀਆ ਮੇਰੀ ਵੀ ਸੁਣ ਤੂੰ।
ਜੋੜੀ ਆਪਣੀ ਫਬਦੀ, ਰਹੀਂ ਮੇਰਾ ਹੁਣ ਤੂੰ।
ਜੋੜੀਆਂ ਜੱਗ ਥੋੜ੍ਹੀਆਂ, ਗੱਲ ਰੱਖੀਂ ਯਾਦ!
ਤਿੰਨ ਸਾਲ ਹੋਏ ਸ਼ਾਦੀ ਨੂੰ - ਕਰ ਨਾ ਤੂੰ ਬਰਬਾਦ!!

**-ਤਰਲੋਚਨ ਸਿੰਘ ਚੰਨ ਜੰਡਿਆਲਵੀ ਯੂ.ਕੇ.**

## ਸਟੇਜ ਸਕੱਤਰ ਅਤੇ ਢਾਡੀ

ਨਿਰਮਲ ਸਿੰਘ ਕੰਧਾਲਵੀ



ਸਟੇਜ ਸਕੱਤਰ ਐਵੇਂ, ਦੱਬੀ ਜਾਂਦਾ ਮੇਰਾ ਪੈਰ ਜੀ।
ਪਤਾ ਨੀ ਕੀ ਸਾਡੇ ਨਾਲ, ਕਿਹੜਾ ਇਹਦਾ ਵੈਰ ਜੀ।

ਇਨ੍ਹੇ ਮਿੰਟ ਦਿਤੇ ਝੂੰਗੇ ਵਿਚੋਂ, ਕੁਲ ਸਾਨੂੰ ਵੀਹ ਜੀ।
ਕਿਹੜੀ ਗੱਲ ਛੱਡੀਏ ਤੇ ਸੁਣਾਈਏ ਅਸੀਂ ਕੀ ਜੀ।

ਅੱਧੀ ਅੱਧੀ ਰਾਤੀਂ ਉੱਠ, ਲਿਖੇ ਵਾਰ ਦੇ ਮੈਂ ਛੰਦ ਜੀ।
ਮੋਤੀਆਂ ਦੇ ਵਾਂਗ ਹੈ ਪਰੋਇਆ, ਕੱਲਾ ਕੱਲਾ ਬੰਦ ਜੀ।

ਖਨਨ ਖਨਨ, ਸਰਰ ਸਰਰ, ਚੱਲਣੀ ਹੈ ਤੇਗ਼ ਅਜੇ।
ਸਿੰਘਾਂ ਅਤੇ ਰੰਘੜਾਂ ਦਾ, ਅਜੇ ਮੈਂ ਕਰਾਉਣਾ ਜੰਗ ਜੀ।

ਜੇ ਆਗਿਆ ਸੰਗਤ ਦੇਵੇ, ਅੱਜ ਬੰਨ੍ਹ ਦੇਵਾਂ ਰੰਗ ਜੀ।
ਰੰਘੜਾਂ ਦੀ ਫੌਜ ਅੱਗੇ, ਮੈਂ ਤਾਂ ਕਰ ਦੇਵਾਂ ਕੰਧ ਜੀ।

ਕਾਮਧੇਨ ਸੰਗਤਾਂ ਨੇ ਬਾਹਾਂ ਚੁੱਕ, ਕਰ ਦਿਤੀ ਹਾਂ ਜੀ।
ਬੇਨਤੀ ਸੀ ਢਾਡੀਆਂ ਦੀ, ਕਿਵੇਂ ਕਰਦੇ ਉਹ ਨਾਂਹ ਜੀ।


ਸਾਵਧਾਨ ਹੋਵੋ ਸੰਗਤੇ, ਪ੍ਰਸੰਗ ਤੋਰੀਏ ਅਗਾਂਹ ਜੀ।
ਬਈ ਖ਼ਾਲਸੇ ਨੂੰ ਮਿਹਣਾ ਹੁੰਦਾ, ਮੁੜਨਾ ਪਿਛਾਂਹ ਜੀ।

ਚਲ ਬਈ ਸਾਰੰਗੀ ਵਾਲੇ, ਬੰਨ੍ਹ ਕੇਰਾਂ ਤਾਲ ਬਈ।
ਸੁਣ ਕੇ ਪ੍ਰਸੰਗ ਸਾਰਾ, ਹੋਵੇ ਸੰਗਤ ਨਿਹਾਲ ਬਈ।

ਇਕ ਇਕ ਪੌਂਡ ਨਾਲ, ਹੁੰਦਾ ਮਸਲਾ ਨਾ ਹੱਲ ਜੀ।
ਪੰਜ ਪੰਜ ਦੇਵੋਂਗੇ ਜੇ, ਤਾਹੀਉਂ ਬਣੂੰ ਕੁਝ ਗੱਲ ਜੀ।

ਸੱਚੀ ਗੱਲ ਕਹਿਣ ਲੱਗਾਂ, ਕਵ੍ਹਾਂ ਮੈਂ ਰੱਬੋਂ ਡਰਦਾ।
ਕਾਰ ਤੇ ਮੋਬਾਈਲ ਬਿਨਾਂ, ਸਾਡਾ ਵੀ ਨਹੀਂ ਸਰਦਾ।

## ਨਿਸ਼ਾਨੇ



ਲਿਸ਼ਕਦੀ ਹੀ ਰਹਿੰਦੀ ਸੀ ਜੋ ਆਨ ਸ਼ਾਨ ਵਿਚ
ਹੁਣ ਭਗੌਤੀ ਰਹਿੰਦੀ ਹੈ ਦੇਖੋ ਮਿਆਨ ਵਿਚ

ਚੇਤੇ ਰਹੂ ਇਤਹਾਸ ਨੂੰ ਉਹ ਡਾਂਗ ਵਾਲਾ ਬਾਬਾ
ਜਿਹਨੂੰ ਦੇਖਿਆਂ ਹੀ ਪਰਤਦੀ ਸੀ ਜਾਨ ਜਾਨ ਵਿਚ

ਦੇ ਕੇ ਅਜ਼ਾਦੀ ਦੇਸ਼ ਨੂੰ ਕੀ ਖੱਟਿਆ ਤੂੰ ਸੋਚੀਂ
ਘਟਦਾ ਪੰਜਾਬ ਜਾ ਰਿਹਾ ਭਾਰਤ ਮਹਾਨ ਵਿਚ

ਦਲ ਬਦਲੂਆਂ ਕਲੰਕਤ ਮੀਰੀ ਹੈ ਕੀਤੀ ਤੇਰੀ
ਸ਼ੀਸ਼ੇ ਦੇ ਬਣੇ ਬੈਠੇ ਨੇ ਆਗੂ ਮਕਾਨ ਵਿਚ

ਪੀਰੀ ਨੂੰ ਅਗਵਾ ਕਰ ਲਿਆ ਗੱਦੀਆਂ ਲਾ ਬਾਬਿਆਂ
ਰੁਚੀਆਂ ਨੇ ਵਹਿਸ਼ੀ ਰੱਖਦੇ ਸਾਜ਼ੋ ਸਮਾਨ ਵਿਚ

ਰਾਜਾ ਸੀ ਸਾਰੇ ਦੇਸ਼ ਦਾ ਕਿਸਾਨ ਵਸਤੂ ਹੋ ਗਿਆ
ਅਡਾਨੀ ਤੇ ਅਡਵਾਨੀ ਦੀ ਚਲਦੀ ਦੁਕਾਨ ਵਿਚ

ਜੱਗ ਦਾ ਗੁਰੂ ਜੰਗ ਬਾਜ਼ ਦੇ ਅੱਗੇ ਹੈ ਹਿਣਕਦਾ
ਬੰਬਾਰੀਆਂ ਜੋ ਕਰਦਾ ਅਮਨੋ ਅਮਾਨ ਵਿਚ

ਸਾਨੂੰ ਸਫਾਂ ਵਿਛਾ ਕੇ ਬਹਿਣੇ ਦਾ ਹੁਕਮ ਸੀ
ਕਿਓਂ ਸਿੰਘਾ ਖਿਲਰੀ ਜਾ ਰਿਹੈਂ ਫੋਕੇ ਗੁਮਾਨ ਵਿਚ


ਵਿਗਿਆਨ ਦੇ ਸਮੇਂ ਵਿਚ ਲੱਭੀਏ ਕਰਿਸ਼ਮਿਆਂ ਨੂੰ
ਤਾਂਹੀਓਂ ਫਤਹਿ ਨਹੀਂ ਸ਼ਾਮਲ ਸਾਡੇ ਗਿਆਨ ਵਿਚ

ਸਾਖਰਤਾ ਦਾ ਤੀਰ ਫੁੰਡਦਾ ਓਨੇ ਨਿਸ਼ਾਨੇ ਵਧ ਕੇ
ਤੜ ਜਿੰਨਾ 'ਢੇਸੀ' ਵੱਧ ਹੋਊ ਬੌਧਿਕ ਕਮਾਨ ਵਿਚ

ਕੁਲਵੰਤ ਸਿੰਘ ਢੇਸੀ

* * * * * *

## ਕਬਜਾ ਮਸੰਦਾਂ ਦਾ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-905-5517

'ਸੇਹ ਵਾਲ਼ਾ ਤੱਕਲ਼ਾ' ਨਾ ਸੋਚਦੇ ਗੱਡਣ ਵਾਲ਼ੇ
ਬੱਝ ਜਾਂਦਾ ਮੁੰਢ ਪੈਰੋਕਾਰਾਂ 'ਚ 'ਦਵੰਦਾਂ' ਦਾ।
ਆਸਰੇ ਧਰਮ ਦੇ ਜੋ ਹੋਰ 'ਗੋਂਦਾਂ ਗੁੰਦੀ' ਜਾਂਦੇ
ਆਊ ਗਾ ਸੁਨੇਹਾ ਦੱਸੋ ਫੇਰ ਕੀ ਅਨੰਦਾਂ ਦਾ।
ਸੋਚ ਤੇ ਵਿਚਾਰ ਛੱਡ ਤੱਤੇ ਨਾਹਰੇ ਲਾਈ ਜਾਣ
ਹੁੰਦਾ ਨੀ ਅੰਦਾਜ਼ਾ ਅੱਗੇ ਗ਼ਲ ਪੈਣੇ ਫੰਧਾਂ ਦਾ।
ਪੈਂਦਾ ਏ ਭੁਗਤਣਾ ਜੀ ਪੀੜ੍ਹੀਆਂ ਨੂੰ ਲੰਬਾ ਚਿਰ
ਕੀਤਾ ਹੋਇਆ ਕਾਰਾ ਕੁੱਝ ਥੋੜੇ ਜਿਹੇ ਚੰਦਾਂ ਦਾ।
ਕੌਣ ਕਿਹਦੇ ਵਾਸਤੇ ਕਿਉਂ 'ਕਿੱਲ੍ਹਦਾ' ਸਟੇਜ ਉੱਤੇ
ਪਤਾ ਹੁੰਦਾ ਸਾਰਿਆਂ ਨੂੰ 'ਅੰਦਰਲੇ ਸਬੰਧਾਂ' ਦਾ।
ਰਹਿੰਦਾ ਨੀ ਵੱਕਾਰ ਉਦੋਂ ਸੰਸਥਾ ਦਾ ਸੱਚ ਜਾਣੋ
ਜਦੋਂ ਕੇਂਦਰ 'ਤੇ ਕਬਜਾ ਹੋ ਜਾਂਦਾ ਏ ਮਸੰਦਾਂ ਦਾ!

# PUNJAB TIMES UK IS ACKNOWLEDGED AS EUROPE'S LEADING PUNJABI WEEKLY SINCE 1965

Dear Editors

I was somewhat challenged by the lead story in the current Punjab Times (Issue No. 3137, 2-9 July 2026) reporting the 'meeting' of MLAs essentially submitting to the authority of the Akaal Takht. Did they or was it a show ? A significant number of Vidhan Sabha members presenting as they did has never been seen in previous times ? As for the article, it is difficult to discus whether it reflects the view of the Punjab Times or a particular yet unidentified writer/reporter. The wider public view is much more nuanced and varied than the stated conclusion. It would have been better if details of the process that led to this particular meeting had been revealed. And that would allowed people to make their own conclusions of what appears to be political expedience of lamenting in front of the Akaal Takht. It is worth noting that key personalities like Paramjit Singh Gazi, Ajmer Singh and Gurtej Singh have also made their individual commentaries.

The MLAs to admit that they were not cognizant of the "Sodhe bill" prior to the voting process is both ridiculous and shameful. This can only be attributed to lack of work ethic or their eagerness to comply with their hierarchy. The public can and should expect better from MLAs enjoying enviable privileges of public office. The emphasis on the corrective measures of the "Sodhe bill" inadvertently legitimizes the 2008 Act, thought to the root of the current crisis ?

We, the Sikh populance unquestionably believe "Akaal Takht Mahan hei" : erected by Guru Hargobind Sahib ji as a symbol of sovereignty. Inherent to that is the concept of "Miri Piri"which extends the religious boundaries into management of every aspect of life, hither to unseen. The Panth was, and has to be responsible in maintaining the highest status of the Akaal Takht. Unfortunately, a critical dysfunction has been allowed to occur due to the power axis of the Shiromani Akali Dal (SAD) above the Shiromani Gurdwara Parbhandak Committee (SGPC). The Akaal Takht personnelare employees of the SGPC, thereby compromising their independence and their actions. The most powerful and recent example occurred on 2 December 2024 when Sukhbir Badal and his colleagues were found guilty with only lenient punishments being meted out. The amazing thing was that the judgment happened at all, even though a process of denial duly followed. This is tantamount to a 'conduct unbecoming' for a Sikh with our own people causing the biggest reputational damage.

The effect of this degeneration has been felt for over the past 3 decaded, allowing Governments of all colours to easily trespass over Sikh sentiments on a regular basis. Changes to management boards without good reasons and distorted celebratory functions are frequently organized by the State. It is abundantly clear that things are not right: yet the level of propaganda purporting otherwise is deafening. It is time for every household and Gurdwara institution to discuss/debate these issues at every opportunity to formulate future direction.

How have we got here ?

Gradual process by the 'deep state' with the complicity of willing &/or misled section of Sikhs are all to blame. The intelligencia that was to guide the Panth has been systematically dismantled, thereby negating any strategic thought in changing times. There are numerous examples of critics and dissidents who are incessantly ignored and more often than not, harshly dealt with. These nefarious activities serve to undermine the Qaumi morale, particularly of our future generations. Finally, these important institutions are active participants in "collusion of anonymity".

Punjab Times UK is acknowledged as Europe's leading Punjabi weekly since 1965 and is 'overseers of Quami interests'. It is therefore essential that the Editorial Team exercise due care and attention to journalistic principles by maintaining neutrality, impartiality and accuracy in its reporting. All influential people &/or organizations need to be mindful of the impact of their views may have on the wider population. Outlier views can and should be expressed providing they are fully owned with appropriate explanations.

Jagroop Singh

## ਬਰਸੀ 'ਤੇ ਵਿਸ਼ੇਸ਼

# ਆਜ਼ਾਦੀ ਘੁਲਾਟੀਏ ਤੇ ਲੇਖਕ ,ਰਾਮ ਸਿੰਘ ਮਜੀਠਾ


ਡਾ. ਚਰਨਜੀਤ ਸਿੰਘ ਗੁਮਟਾਲਾ
0019375739812 (ਅਮਰੀਕਾ),
ਵਟਸਐਪ 919417533060



ਆਪ ਦਾ ਜਨਮ 27 ਮਾਰਚ 1907 ਨੂੰ ਕਸਬਾ ਮਜੀਠਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਪਿਤਾ ਦਾ ਨਾਂ ਸ. ਸੁਰੈਣ ਸਿੰਘ ਤੇ ਮਾਤਾ ਦਾ ਨਾਂ ਬੀਬੀ ਆਸ ਕੌਰ ਸੀ।ਆਪ ਦੇ ਪਿਤਾ ਨੇ 1922 ਦੇ ਗੁਰੂ ਕੇ ਬਾਗ ਮੋਰਚੇ ਵਿੱਚ ਅੰਗਰੇਜ਼ੀ ਹਕੂਮਤ ਦਾ ਡਟ ਕੇ ਸਾਹਮਣਾ ਕੀਤਾ ਅਤੇ ਪਸਲੀਆਂ ਟੁੱਟਣ ਤੱਕ ਘੋਰ ਤਸ਼ੱਦਦ ਝੱਲਿਆ।3 ਸਾਲ ਦੀ ਸਖ਼ਤ ਕੈਦ ਕੱਟੀ, ਘਰ ਦੀ ਕੁਰਕੀ ਹੋਈ ਅਤੇ ਆਜ਼ਾਦੀ ਤੋਂ ਪਹਿਲਾਂ ਮਜੀਠਾ ਹਲਕੇ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੇ ਪਹਿਲੇ ਮੈਂਬਰਾਂ ਵਿੱਚੋਂ ਚੁਣੇ ਗਏ। ਮਾਤਾ ਆਸ ਕੌਰ ਜੀ ਤਿਆਗ ਅਤੇ ਹੌਸਲੇ ਦੀ ਮੂਰਤ ਸਨ । ਉਨ੍ਹਾਂ ਪਤੀ ਦੇ ਜੇਲ੍ਹ ਜਾਣ ਅਤੇ ਘਰ ਦੀ ਕੁਰਕੀ ਵੇਲੇ ਬੇਹੱਦ ਮੁਸ਼ਕਲ ਹਾਲਾਤ ਵਿੱਚ ਇਕੱਲਿਆਂ ਪਰਿਵਾਰ ਸੰਭਾਲਿਆ।

ਇਸ ਤਰ੍ਹਾਂ ਆਪਣੇ ਇਕਲੌਤੇ ਸਪੁੱਤਰ ਰਾਮ ਸਿੰਘ ਨੂੰ ਬਚਪਨ ਤੋਂ ਹੀ ਦੇਸ਼ ਭਗਤੀ ਅਤੇ ਸਿਆਸੀ ਗੁੜ੍ਹਤੀ ਦੇ ਉੱਚੇ ਸੰਸਕਾਰ ਮਿਲੇ।ਆਪ ਨੇ 1930 ਦੀ ਨਾਮਿਲਵਰਤਨ ਲਹਿਰ, ਡਸਕਾ ਮੋਰਚਾ, ਅੰਮ੍ਰਿਤਸਰ ਅਤੇ ਲਾਹੌਰ ਕਿਸਾਨ ਮੋਰਚਿਆਂ ਡੀਫੈਂਸ ਆਫ ਇੰਡਆ ਐਕਟ ਵਿੱਚ ਲੰਮੀ ਚਾਰ ਸਾਲ ਕੈਦ ਕਟੀ ਤੇ ਤਕਰੀਬਨ 12 ਸਾਲ ਤੱਕ ਜੇਲਾਂ ਵਿੱਚ ਬੰਦ ਰਹੇ ਸਨ। 1946 ਮਵਿੱਚ ਕਿਸਾਨ ਵਿੰਗ ਸੁਰੂ ਕੀਤਾ ਤੇ ਸੂਬਾ ਸਕੱਤਰ ਰਹੇ। ਹਰਸਾ ਛੀਨਾ ਅੰਮ੍ਰਿਤਸਰ ਨਰਿਰਾਂ ਦੇ ਪਾਣੀਆਂ ਦੇ ਮੇਰਚੇ ਦੇ ਇੰਚਾਰਜ ਸਨ। 1956 ਵਿੱਚ ਕਾਗਰਸ ਦਾ ਕਿਸਾਨ ਵਿੰਗ ਦੀ ਜਥੇਬੰਦੀ ਬਣਾਈ ਤੇ 2 ਸਾਲ ਉਸ ਦੇ ਓਰਗੇਨਾਈਜਰ ਰਹੇ। 1964 ਵਿੱਚ ਪੰਜਾਬ ਫਰੀਡਮ ਫ਼ਾਈਟਰ ਜਥੇਬੰਦੀ ਬਣਾਈ ਤੇ ਉਸ ਦੇ ਪ੍ਰਧਾਨ ਰਹੇ।

1973 ਵਿੱਚ ਜਲ੍ਹਿਆਂਵਾਲੇ ਬਾਗ ਵਿਖੇ ਦੇਸ਼ ਭਰ ਦੇ ਸੁਤੰਤਰਤਾ ਸੈਲਾਨੀਆਂ ਦੇ ਸਮਾਗਮ ਦੀ ਖੁਦ ਪ੍ਰਧਾਨਗੀ ਕੀਤੀ ਅਤੇ 'ਆਲ ਇੰਡੀਆ ਫਰੀਡਮ ਫਾਈਟਰਜ਼ ਜਥੇਬੰਦੀ ਬਣਾਈ ਤੇ ਪ੍ਰਧਾਨ ਰਹੇ। ਗਿਆਨੀ ਜ਼ੈਲ ਸਿੰਘ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਰਾਹੀਂ ਦੇਸ਼ ਦੇ ਸੂਰਮਿਆਂ ਨੂੰ ਤਾਮਰ ਪੱਤਰ ਅਤੇ ਪੈਨਸ਼ਨਾਂ ਦਿਵਾਈਆਂ। 74 ਵਰ੍ਹਿਆਂ ਦੀ ਉਮਰ ਵਿੱਚ "ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ" (ਭਾਗ 1 ਅਤੇ 2) ਸਮੇਤ 'ਜੁਝਾਰੂ ਯੋਧੇ' ਅਤੇ 'ਪੰਜਾਬ ਮਹਾਨ' ਵਰਗੀਆਂ ਇਤਿਹਾਸਕ ਪੁਸਤਕਾਂ ਲਿਖ ਕੇ ਅਣਗੌਲੇ ਸ਼ਹੀਦਾਂ ਨੂੰ ਅਮਰ ਕੀਤਾ।



ਆਪ ਦੀ ਪਤਨੀ ਬੀਬੀ ਰਵੇਲ ਕੌਰ ਜੋ ਪਿੰਡ ਵਰੀਆਮ ਨੰਗਲ ਦੇ ਸ ਸੁੰਦਰ ਸਿੰਘ ਸ਼ਾਹ ਜੀ ਦੀ ਸਪੁੱਤਰੀ ਹਨ ਵੀ ਤਿਆਗ ਦੀ ਮੂਰਤ ਹਨ। ਉਨ੍ਹਾਂ ਨੇਆਪਣੇ ਪਤੀ ਦੇ ਵਾਰ-ਵਾਰ ਜੇਲ੍ਹ ਜਾਣ 'ਤੇ ਹੱਸ ਕੇ ਘਰ ਸੰਭਾਲਿਆ ਅਤੇ ਹੋਰਨਾਂ ਕਾਰਜਾਂ ਵਿੱਚ ਸੱਚਾ ਸਾਥ ਦਿੱਤਾ।ਆਪ ਨੂੰ ਰਾਸ਼ਟਰੀ ਸਨਮਾਨ ਮਿਲਿਆ। ਜਲਿਆਂ ਵਾਲੇ ਬਾਗ ਦੀ ਗੈਲਰੀ ਨੰਬਰ 4 (ਆਈਕਨਜ ਆਫ਼ ਨੈਸ਼ਨਲਇਜ਼) ਵਿੱਚ ਉਨ੍ਹਾਂ ਦਾ ਚਿੱਤਰ ਬਹੁਤ ਸਤਿਕਾਰ ਨਾਲ ਸੁਸ਼ੋਭਿਤ ਹੈ।ਆਪ ਦੀ ਤਸਵੀਰ ਨਿਸ਼ਾਨੇ ਖ਼ਾਲਸਾ ਸ੍ਰੀ ਆਨੰਦਪੁਰ ਸਾਹਿਬ ਵਿਖੇ ਵੀ ਸੁਸ਼ੋਭਿਤ ਹੈ।ਆਪ ਦੇ ਸਤਿਕਾਰ ਵਜੋਂ ਅੰਮ੍ਰਿਤਸਰ ਬਾਈਪਾਸ ਚੌਂਕ ਤੋਂ ਮਜੀਠਾ ਟਾਊਨ ਤੱਕ ਦੀ 13 ਕਿਲੋਮੀਟਰ ਲੰਬੀ ਸੜਕ ਦਾ ਨਾਮ 'ਸਰਦਾਰ ਰਾਮ ਸਿੰਘ ਮਜੀਠਾ ਮਾਰਗ' ਰੱਖਿਆ ਗਿਆ। 14 ਅਪ੍ਰੈਲ 2006 ਨੂੰ ਭਾਰਤ ਦੇ ਸਾਬਕਾ ਉਪ-ਵਿਦੇਸ਼ ਮੰਤਰੀ ਤੇ (ਕੇਰਲਾ ਦੇ ਗਵਰਨਰ) ਸ੍ਰੀ ਆਰ. ਐਲ. ਭਾਟੀਆ, ਉਸ ਵੇਲੇ ਦੇ ਵਿਧਾਇਕਾਂ ਸ. ਸਵਿੰਦਰ ਸਿੰਘ ਕੱਥੂਨੰਗਲ, ਸ੍ਰੀ ਜੁਗਲ ਕਿਸ਼ੋਰ ਸ਼ਰਮਾ, ਡਾ. ਰਾਜ ਕੁਮਾਰ ਵੇਰਕਾ ਤੋਂ ਇਲ-ਾਵਾ ਮਜੀਠੇ ਇਲਾਕੇ ਦੀਆਂ ਮੌਹਤਬਾਰ ਹਸਤੀਆਂ ਅਤੇ ਸਾਰੇ ਪਰਿਵਾਰਕ ਮੈਂਬਰਾਂ ਦੀ ਹਾਜ਼ਰੀ ਵਿੱਚ ਇਸ ਦਾ ਇਤਿਹਾਸਕ ਮਾਰਗ ਦਾ ਉਦਘਾਟਨ ਹੋਇਆ।

ਆਪ 8 ਜੁਲਾਈ 1999 ਨੂੰ ਇਸ ਫ਼ਾਨੀ ਸੰਸਾਰ ਤੋਂ ਹਮੇਸ਼ਾਂ ਲਈ ਕੂਚ ਕਰ ਗਏ।ਆਪ ਅੱਜ ਭਾਵੇਂ ਸਾਡੇ ਵਿਚ ਨਹੀਂ ਪਰ ਆਪ ਵਲੋਂ ਕੀਤੇ ਸਾਹਿਤਕ ਤੇ ਹੋਰ ਚੰਗੇ ਕੰਮਾਂ ਕਰਕੇ ਆਪ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ। ਇਸ ਸਮੇਂ ਉਨ੍ਹਾਂ ਦੀ ਬੇਟੀ ਬੀਬੀ ਹਰਜੀਤ ਕੌਰ ਬੱਲ ਅਤੇ ਜਵਾਈ ਸ. ਪਰਗਟ ਸਿੰਘ ਬੱਲ ਇਸ ਮਹਾਨ ਅਤੇ ਗੌਰਵਮਈ ਇਤਿਹਾਸਕ ਵਿਰਾਸਤ ਨੂੰ ਬਹੁਤ ਹੀ ਸਤਿਕਾਰ ਅਤੇ ਜ਼ਿੰਮੇਵਾਰੀ ਨਾਲ ਸੰਭਾਲ ਰਹੇ ਹਨ।

## ਵਿਸ਼ਵ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟਾਂ ਦੀ ਸੂਚੀ ਜਾਰੀ

# ਭਾਰਤ ਦੀ ਰੈਂਕਿੰਗ ਡਿੱਗੀ, 125ਵੇਂ ਸਥਾਨ 'ਤੇ ਪਛੜਿਆ

### ✪ ਸਵੀਡਨ ਬਣਿਆ ਨੰਬਰ-1, ਗੁਆਂਢੀ ਦੇਸ਼ਾਂ ਵਿਚ ਚੀਨ ਅੱਗੇ, ਪਰ ਪਾਕਿਸਤਾਨ-ਬੰਗਲਾਦੇਸ਼ ਭਾਰਤ ਤੋਂ ਪਛੜੇ

ਨਵੀਂ ਦਿੱਲੀ-ਗਲੋਬਲ ਪਾਸਪੋਰਟ ਇੰਡੈਕਸ 2026 ਵਿੱਚ ਭਾਰਤ ਨੂੰ ਇੱਕ ਵਾਰ ਫਿਰ ਨਿਰਾਸ਼ਾ ਹੱਥ ਲੱਗੀ ਹੈ। ਭਾਰਤੀ ਪਾਸਪੋਰਟ ਖਿਸਕ ਕੇ ਹੁਣ 125ਵੇਂ ਸਥਾਨ 'ਤੇ ਆ ਗਿਆ ਹੈ। ਹਾਲਾਂਕਿ, ਪਿਛਲੇ ਸਾਲ ਦੇਸ਼ ਦੀ ਰੈਂਕਿੰਗ ਵਿੱਚ ਥੋੜ੍ਹਾ ਸੁਧਾਰ ਦੇਖਣ ਨੂੰ ਮਿਲਿਆ ਸੀ, ਪਰ ਇਸ ਦੇ ਬਾਵਜੂਦ ਇਹ ਟਾਪ 100 ਦੀ ਸੂਚੀ ਵਿੱਚੋਂ ਬਾਹਰ ਹੀ ਰਿਹਾ। ਜੇਕਰ ਪਿਛਲੇ ਸਾਲਾਂ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਸਾਲ 2021 ਅਤੇ 2023 ਦੇ ਵਿਚਕਾਰ ਭਾਰਤ 127ਵੇਂ ਸਥਾਨ 'ਤੇ ਸੀ, ਜਿਸ ਤੋਂ ਬਾਅਦ ਸਾਲ 2025 ਵਿੱਚ ਇਹ ਸੁਧਾਰ ਨਾਲ 124ਵੇਂ ਸਥਾਨ 'ਤੇ ਪਹੁੰਚ ਗਿਆ ਸੀ।



ਪਰ ਹੁਣ ਰੈਂਕਿੰਗ ਵਿੱਚ ਇੱਕ ਵਾਰ ਫਿਰ ਗਿਰਾਵਟ ਦਰਜ ਕੀਤੀ ਗਈ ਹੈ। ਇਸ ਨਵੀਂ ਰੈਂਕਿੰਗ ਦੇ ਮੁਤਾਬਕ, ਭਾਰਤੀ ਪਾਸਪੋਰਟ ਧਾਰਕ ਹੁਣ ਸਿਰਫ਼ 26 ਥਾਵਾਂ 'ਤੇ ਹੀ ਬਿਨਾਂ ਵੀਜ਼ਾ ਦੇ ਯਾਤਰਾ ਕਰਨ ਦੀ ਸਹੂਲਤ ਦਾ ਲਾਭ ਲੈ ਸਕਦੇ ਹਨ।

ਇਸ ਸੂਚੀ ਵਿੱਚ ਭਾਰਤੀ ਪਾਸਪੋਰਟ ਦੀ ਸਥਿਤੀ ਨਾਮੀਬੀਆ ਤੋਂ ਹੇਠਾਂ ਹੈ ਅਤੇ ਇਹ ਫਿਲੀਪੀਨਜ਼, ਮੋਰੱਕੋ ਅਤੇ ਉਜ਼ਬੇਕਿਸਤਾਨ ਵਰਗੇ ਦੇਸ਼ਾਂ ਤੋਂ ਵੀ ਪਿੱਛੇ ਰਹਿ ਗਿਆ ਹੈ। ਹਾਲਾਂਕਿ, ਚੰਗੀ ਗੱਲ ਇਹ ਹੈ ਕਿ ਭਾਰਤ ਅਜੇ ਵੀ ਅਜ਼ਰਬਾਈਜਾਨ ਅਤੇ ਕਿਰਗਿਸਤਾਨ ਵਰਗੇ ਮੁਲਕਾਂ ਤੋਂ ਅੱਗੇ ਬਣਿਆ ਹੋਇਆ ਹੈ। ਮੌਜੂਦਾ ਸਮੇਂ ਵਿੱਚ ਭਾਰਤੀ ਪਾਸਪੋਰਟ ਧਾਰਕ ਭੂਟਾਨ, ਨੇਪਾਲ, ਜਮੈਕਾ, ਮਕਾਊ, ਫਲਸਤੀਨ, ਟਿਊਨੀਸ਼ੀਆ, ਅੰਗੋਲਾ ਅਤੇ ਬਾਰਬਾਡੋਸ ਸਮੇਤ ਕਈ ਥਾਵਾਂ 'ਤੇ ਬਿਨਾਂ ਵੀਜ਼ਾ ਜਾਂ ਫਿਰ ਵੀਜ਼ਾ ਆਨ ਅਰਾਈਵਲ ਦੀ ਸਹੂਲਤ ਨਾਲ ਸਫ਼ਰ ਕਰ ਸਕਦੇ ਹਨ। ਦੂਜੇ ਪਾਸੇ, ਭਾਰਤੀ ਨਾਗਰਿਕਾਂ ਨੂੰ ਅਜੇ ਵੀ ਅਮਰੀਕਾ, ਯੂਕੇ, ਜਰਮਨੀ, ਫਰਾਂਸ, ਚੀਨ ਅਤੇ ਸੰਯੁਕਤ ਅਰਬ ਅਮੀਰਾਤ ਸਮੇਤ ਦੁਨੀਆ ਦੇ ਲਗਭਗ 88 ਦੇਸ਼ਾਂ ਵਿੱਚ ਦਾਖਲ ਹੋਣ ਲਈ ਪਹਿਲਾਂ ਵੀਜ਼ਾ ਲੈਣ ਦੀ ਲੋੜ ਪੈਂਦੀ ਹੈ।

ਜੇਕਰ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟਾਂ ਦੀ ਗੱਲ ਕਰੀਏ ਤਾਂ ਟਾਪ 10 ਦੀ ਸੂਚੀ ਵਿੱਚ ਯੂਰਪੀਅਨ ਦੇਸ਼ਾਂ ਦਾ ਪੂਰਾ ਦਬਦਬਾ ਦੇਖਣ ਨੂੰ ਮਿਲ ਰਿਹਾ ਹੈ। ਇਸ ਇੰਡੈਕਸ ਵਿੱਚ ਸਵੀਡਨ ਪਹਿਲੇ ਸਥਾਨ 'ਤੇ ਹੈ, ਜਦਕਿ ਸਵਿਟਜ਼ਰਲੈਂਡ ਦੂਜੇ ਅਤੇ ਫਿਨਲੈਂਡ ਤੀਜੇ ਸਥਾਨ 'ਤੇ ਕਾਬਜ਼ ਹੈ। ਇਸ ਤੋਂ ਬਾਅਦ ਕ੍ਰਮਵਾਰ ਜਰਮਨੀ ਚੌਥੇ, ਡੈਨਮਾਰਕ ਪੰਜਵੇਂ, ਨੀਦਰਲੈਂਡ ਛੇਵੇਂ, ਆਇਰਲੈਂਡ ਸੱਤਵੇਂ, ਯੂਨਾਈਟਿਡ ਕਿੰਗਡਮ ਅੱਠਵੇਂ, ਨਾਰਵੇ ਨੌਂਵੇਂ ਅਤੇ ਸਿੰਗਾਪੁਰ ਦਸਵੇਂ ਸਥਾਨ 'ਤੇ ਮੌਜੂਦ ਹੈ।

ਇਸ ਸੂਚੀ ਤੋਂ ਇਹ ਸਾਫ਼ ਹੁੰਦਾ ਹੈ ਕਿ ਗਲੋਬਲ ਟ੍ਰੈਵਲ ਮੋਬਿਲਿਟੀ ਦੇ ਮਾਮਲੇ ਵਿੱਚ ਯੂਰਪ ਦੁਨੀਆ ਭਰ ਵਿੱਚ ਸਭ ਤੋਂ ਮਜ਼ਬੂਤ ਸਥਿਤੀ ਵਿੱਚ ਹੈ। ਇਸ ਵਾਰ ਸਭ ਤੋਂ ਦਿਲਚਸਪ ਗੱਲ ਇਹ ਰਹੀ ਕਿ ਅਮਰੀਕਾ ਅਤੇ ਫਰਾਂਸ ਵਰਗੇ ਸ਼ਕਤੀਸ਼ਾਲੀ ਦੇਸ਼ ਟਾਪ 10 ਵਿੱਚ ਜਗ੍ਹਾ ਬਣਾਉਣ ਤੋਂ ਖੁੰਝ ਗਏ ਅਤੇ ਦੋਵੇਂ ਸਾਂਝੇ ਤੌਰ 'ਤੇ 11ਵੇਂ ਸਥਾਨ 'ਤੇ ਰਹੇ, ਜਦਕਿ ਕੈਨੇਡਾ 13ਵੇਂ ਸਥਾਨ 'ਤੇ ਆਇਆ ਹੈ।

ਭਾਰਤ ਦੇ ਗੁਆਂਢੀ ਦੇਸ਼ਾਂ ਦੀ ਸਥਿਤੀ 'ਤੇ ਨਜ਼ਰ ਮਾਰੀਏ ਤਾਂ ਚੀਨ 104ਵੇਂ ਸਥਾਨ 'ਤੇ ਮੌਜੂਦ ਹੈ, ਜੋ ਕਿ ਭਾਰਤ ਨਾਲੋਂ ਬਿਹਤਰ ਸਥਿਤੀ ਵਿੱਚ ਹੈ। ਹਾਲਾਂਕਿ, ਦੱਖਣੀ ਏਸ਼ੀਆ ਦੇ ਹੋਰਨਾਂ ਗੁਆਂਢੀ ਮੁਲਕਾਂ ਦੇ ਮੁਕਾਬਲੇ ਭਾਰਤ ਦੀ ਸਥਿਤੀ ਕਾਫ਼ੀ ਮਜ਼ਬੂਤ ਹੈ। ਇਸ ਇੰਡੈਕਸ ਵਿੱਚ ਬੰਗਲਾਦੇਸ਼ 166ਵੇਂ ਅਤੇ ਨੇਪਾਲ 164ਵੇਂ ਸਥਾਨ 'ਤੇ ਹੈ। ਉੱਥੇ ਹੀ, ਪਾਕਿਸਤਾਨ ਦੀ ਹਾਲਤ ਬੇਹੱਦ ਖ਼ਰਾਬ ਹੈ ਅਤੇ ਉਹ 188ਵੇਂ ਸਥਾਨ 'ਤੇ ਹੈ, ਜੋ ਕਿ ਇਸ ਪੂਰੇ ਇੰਡੈਕਸ ਵਿੱਚ ਸਭ ਤੋਂ ਹੇਠਲੇ ਪੱਧਰ ਦੇ ਸਥਾਨਾਂ ਵਿੱਚੋਂ ਇੱਕ ਹੈ।

## ਭਾਰਤ ਦੇ ਪਛੜਨ ਦੇ ਕੀ ਕਾਰਣ ਹਨ?

ਦੁਨੀਆ ਦੇ ਵਿਕਸਿਤ ਦੇਸ਼ (ਜਿਵੇਂ ਯੂਰਪੀਅਨ ਯੂਨੀਅਨ, ਅਮਰੀਕਾ, ਯੂਕੇ) ਉਨ੍ਹਾਂ ਦੇਸ਼ਾਂ ਨੂੰ ਵੀਜ਼ਾ-ਮੁਕਤ ਐਂਟਰੀ ਦੇਣ ਤੋਂ ਕਤਰਾਉਂਦੇ ਹਨ ਜਿੱਥੋਂ ਵੱਡੀ ਗਿਣਤੀ ਵਿੱਚ ਲੋਕ ਗੈਰ-ਕਾਨੂੰਨੀ ਤਰੀਕੇ ਨਾਲ ਉੱਥੇ ਪੱਕੇ ਹੋਣ (ਓਵਰਸਟੇਅ ਕਰਨ) ਜਾਂ ਰੁਜ਼ਗਾਰ ਲੱਭਣ ਜਾ ਸਕਦੇ ਹਨ। ਭਾਰਤ ਇਸ ਦੇ ਲੋਕ ਇਸ ਸ਼੍ਰੇਣੀ ਵਿਚ ਸ਼ਾਮਿਲ ਹਨ। ਭਾਰਤ ਦੀ ਵੱਡੀ ਆਬਾਦੀ ਅਤੇ ਪ੍ਰਤੀ ਵਿਅਕਤੀ ਆਮਦਨ ਘੱਟ ਹੋਣ ਕਾਰਨ, ਕਈ ਦੇਸ਼ ਭਾਰਤੀ ਨਾਗਰਿਕਾਂ ਲਈ ਵੀਜ਼ਾ ਨਿਯਮ ਸਖ਼ਤ ਰੱਖਦੇ ਹਨ।

ਪਾਸਪੋਰਟ ਦੀ ਤਾਕਤ 'ਆਪਸੀ ਲੈਣ-ਦੇਣ' 'ਤੇ ਚੱਲਦੀ ਹੈ। ਜੇਕਰ ਭਾਰਤ ਚਾਹੁੰਦਾ ਹੈ ਕਿ ਕੋਈ ਦੇਸ਼ ਭਾਰਤੀਆਂ ਨੂੰ ਵੀਜ਼ਾ-ਮੁਕਤ ਐਂਟਰੀ ਦੇਵੇ, ਤਾਂ ਅਕਸਰ ਉਸ ਦੇਸ਼ ਦੇ ਨਾਗਰਿਕਾਂ ਨੂੰ ਵੀ ਭਾਰਤ ਵਿੱਚ ਇਹੀ ਸਹੂਲਤ ਮੰਗਣੀ ਪੈਂਦੀ ਹੈ। ਭਾਰਤ ਆਪਣੀ ਸੁਰੱਖਿਆ ਅਤੇ ਅੰਦਰੂਨੀ ਕਾਰਨਾਂ ਕਰਕੇ ਬਹੁਤ ਸਾਰੇ ਪੱਛਮੀ ਦੇਸ਼ਾਂ ਨੂੰ ਸਿੱਧੀ ਵੀਜ਼ਾ-ਮੁਕਤ ਐਂਟਰੀ ਨਹੀਂ ਦਿੰਦਾ, ਜਿਸ ਕਾਰਨ ਉਹ ਦੇਸ਼ ਵੀ ਭਾਰਤ ਨੂੰ ਇਹ ਸਹੂਲਤ ਨਹੀਂ ਦਿੰਦੇ।

ਭਾਰਤ ਦੀ ਆਬਾਦੀ ਲਗਭਗ 140 ਕਰੋੜ ਤੋਂ ਵੱਧ ਹੈ। ਇੰਨੀ ਵੱਡੀ ਆਬਾਦੀ ਵਾਲੇ ਦੇਸ਼ ਲਈ ਗਲੋਬਲ ਪੱਧਰ 'ਤੇ ਬਿਨਾਂ ਵੀਜ਼ਾ ਯਾਤਰਾ ਦੀ ਖੁੱਲ੍ਹ ਦੇਣਾ ਦੂਜੇ ਦੇਸ਼ਾਂ ਦੇ ਇਮੀਗ੍ਰੇਸ਼ਨ ਸਿਸਟਮ ਅਤੇ ਸੁਰੱਖਿਆ ਏਜੰਸੀਆਂ ਲਈ ਇੱਕ ਵੱਡੀ ਚੁਣੌਤੀ ਬਣ ਸਕਦਾ ਹੈ। ਇਸ ਲਈ ਹਵਾਈ ਅੱਡਿਆਂ ਅਤੇ ਸਰਹੱਦਾਂ 'ਤੇ ਭੀੜ ਜਾਂ ਸੁਰੱਖਿਆ ਜੋਖਮਾਂ ਨੂੰ ਕੰਟਰੋਲ ਕਰਨ ਲਈ ਵੀਜ਼ਾ ਪ੍ਰਕਿਰਿਆ ਲਾਜ਼ਮੀ ਰੱਖੀ ਜਾਂਦੀ ਹੈ।

ਕਈ ਵਾਰ ਭਾਰਤ ਦੇ ਪਛੜਨ ਦਾ ਮਤਲਬ ਇਹ ਨਹੀਂ ਹੁੰਦਾ ਕਿ ਭਾਰਤ ਦੇ ਸਬੰਧ ਖ਼ਰਾਬ ਹੋਏ ਹਨ, ਬਲਕਿ ਇਹ ਹੁੰਦਾ ਹੈ ਕਿ ਦੂਜੇ ਛੋਟੇ ਦੇਸ਼ਾਂ ਨੇ ਆਪਣੇ ਦੁਵੱਲੇ ਸਬੰਧ ਸੁਧਾਰ ਕੇ ਜ਼ਿਆਦਾ ਵੀਜ਼ਾ-ਮੁਕਤ ਸਮਝੌਤੇ ਕਰ ਲਏ ਹਨ। ਇਸ ਕਾਰਨ ਉਹ ਦੇਸ਼ ਇੰਡੈਕਸ ਵਿੱਚ ਭਾਰਤ ਤੋਂ ਉੱਪਰ ਨਿਕਲ ਜਾਂਦੇ ਹਨ ਅਤੇ ਭਾਰਤ ਦੀ ਰੈਂਕਿੰਗ ਹੇਠਾਂ ਖਿਸਕ ਜਾਂਦੀ ਹੈ।

ਭਾਰਤ ਸਰਕਾਰ ਲਗਾਤਾਰ ਦੂਜੇ ਦੇਸ਼ਾਂ ਨਾਲ 'ਈ-ਵੀਜ਼ਾ' ਅਤੇ 'ਵੀਜ਼ਾ-ਆਨ-ਅਰਾਈਵਲ' ਦੇ ਸਮਝੌਤੇ ਵਧਾ ਰਹੀ ਹੈ। ਹਾਲ ਹੀ ਦੇ ਸਾਲਾਂ ਵਿੱਚ ਥਾਈਲੈਂਡ, ਮਲੇਸ਼ੀਆ, ਸ੍ਰੀਲੰਕਾ ਅਤੇ ਕੀਨੀਆ ਵਰਗੇ ਦੇਸ਼ਾਂ ਨੇ ਭਾਰਤੀਆਂ ਲਈ ਵੀਜ਼ਾ ਨਿਯਮਾਂ ਵਿੱਚ ਵੱਡੀ ਢਿੱਲ ਦਿੱਤੀ ਹੈ, ਪਰ ਯੂਰਪ ਅਤੇ ਅਮਰੀਕਾ ਵਰਗੇ ਖੇਤਰਾਂ ਵਿੱਚ ਅਜੇ ਵੀ ਸਖ਼ਤੀ ਬਰਕਰਾਰ ਹੈ।

---

ਮਾਮਲਾ ਬਹਿਬਲ ਕਲਾਂ ਗੋਲੀਕਾਂਡ ਦਾ

# ਸਿੱਟ ਵੱਲੋਂ ਅਕਾਲੀ ਦਲ ਦੇ ਸਾਬਕਾ ਵਿਧਾਇਕ ਮਨਤਾਰ ਸਿੰਘ ਬਰਾੜ ਤਲਬ

ਕੋਟਕਪੂਰਾ/ਫਰੀਦਕੋਟ-ਸਾਲ 2015 ਦੇ ਬਹਿਬਲ ਕਲਾਂ ਪੁਲੀਸ ਗੋਲੀਕਾਂਡ ਅਤੇ ਬੇਅਦਬੀ ਦੇ ਮਾਮਲਿਆਂ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਆਪਣੀ ਕਾਰਵਾਈ ਤੇਜ਼ ਕਰ ਦਿੱਤੀ ਹੈ। ਇਸੇ ਸਿਲਸਿਲੇ ਤਹਿਤ ਜਾਂਚ ਟੀਮ ਵੱਲੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸਾਬਕਾ ਵਿਧਾਇਕ ਮਨਤਾਰ ਸਿੰਘ ਬਰਾੜ ਨੂੰ ਪੁੱਛਗਿੱਛ ਲਈ ਸੰਮਨ ਜਾਰੀ ਕਰਕੇ ਤਲਬ ਕੀਤਾ ਗਿਆ ਹੈ। ਸਿੱਟ ਦੀ ਇਸ ਕਾਰਵਾਈ ਨੇ ਪੰਜਾਬ ਦੀ ਸਿਆਸਤ ਵਿੱਚ ਇੱਕ ਵਾਰ ਫਿਰ ਹਲਚਲ ਤੇਜ਼ ਕਰ ਦਿੱਤੀ ਹੈ।

ਮਨਤਾਰ ਸਿੰਘ ਬਰਾੜ ਦਾ ਇਸ ਮਸਲੇ ਨਾਲ ਕੀ ਹੈ ਸਬੰਧ?-ਜਦੋਂ ਸਾਲ 2015 ਵਿੱਚ ਫਰੀਦਕੋਟ ਜ਼ਿਲ੍ਹੇ ਵਿੱਚ ਬੇਅਦਬੀ ਅਤੇ ਉਸ ਤੋਂ ਬਾਅਦ ਪੁਲੀਸ ਗੋਲੀਕਾਂਡ ਦੀਆਂ ਮੰਦਭਾਗੀਆਂ ਘਟਨਾਵਾਂ ਵਾਪਰੀਆਂ ਸਨ, ਉਦੋਂ ਮਨਤਾਰ ਸਿੰਘ ਬਰਾੜ ਕੋਟਕਪੂਰਾ ਹਲਕੇ ਤੋਂ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਸਨ। ਜਾਂਚ ਟੀਮ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਘਟਨਾ ਵਾਲੇ ਦਿਨ ਪ੍ਰਦਰਸ਼ਨਕਾਰੀਆਂ 'ਤੇ ਗੋਲੀ ਚਲਾਉਣ ਜਾਂ ਲਾਠੀਚਾਰਜ ਕਰਨ ਦੇ ਆਦੇਸ਼ ਕਿੱਥੋਂ ਅਤੇ ਕਿਸ ਦੇ ਇਸ਼ਾਰੇ 'ਤੇ ਆਏ ਸਨ। ਤਤਕਾਲੀ ਹਲਕਾ ਵਿਧਾਇਕ ਹੋਣ ਦੇ ਨਾਤੇ ਮਨਤਾਰ ਬਰਾੜ ਦੀ ਭੂਮਿਕਾ, ਉਸ ਸਮੇਂ ਦੇ ਪ੍ਰਸ਼ਾਸਨ ਅਤੇ ਮੁੱਖ ਮੰਤਰੀ ਦਫ਼ਤਰ ਨਾਲ ਉਨ੍ਹਾਂ ਦੇ ਸੰਪਰਕ ਨੂੰ ਲੈ ਕੇ ਜਾਂਚ ਦੇ ਘੇਰੇ ਵਿੱਚ ਹੈ।



ਕੀ ਸੀ ਪੂਰਾ ਵਿਵਾਦ?-ਅਕਤੂਬਰ 2015: ਫਰੀਦਕੋਟ ਦੇ ਪਿੰਡ ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ ਘਟਨਾ ਸਾਹਮਣੇ ਆਈ ਸੀ।

ਸ਼ਾਂਤਮਈ ਧਰਨੇ: ਇਸ ਘਟਨਾ ਦੇ ਰੋਸ ਵਜੋਂ ਸਿੱਖ ਜਥੇਬੰਦੀਆਂ ਅਤੇ ਸਥਾਨਕ ਲੋਕਾਂ ਵੱਲੋਂ ਕੋਟਕਪੂਰਾ ਅਤੇ ਬਹਿਬਲ ਕਲਾਂ ਵਿੱਚ ਸ਼ਾਂਤਮਈ ਧਰਨੇ ਸ਼ੁਰੂ ਕੀਤੇ ਗਏ।

14 ਅਕਤੂਬਰ 2015: ਪੁਲੀਸ ਵੱਲੋਂ ਭੀੜ ਨੂੰ ਖਿੰਡਾਉਣ ਲਈ ਕੀਤੇ ਗਏ ਲਾਠੀਚਾਰਜ ਤੋਂ ਬਾਅਦ ਮਾਹੌਲ ਤਣਾਅਪੂਰਨ ਹੋ ਗਿਆ। ਇਸੇ ਦੌਰਾਨ ਬਹਿਬਲ ਕਲਾਂ ਵਿਖੇ ਹੋਈ ਪੁਲੀਸ ਫਾਇਰਿੰਗ ਵਿੱਚ ਦੋ ਸਿੱਖ ਪ੍ਰਦਰਸ਼ਨਕਾਰੀਆਂ-ਗੁਰਜੀਤ ਸਿੰਘ ਅਤੇ ਕ੍ਰਿਸ਼ਨ ਭਗਵਾਨ ਸਿੰਘ-ਦੀ ਮੌਤ ਹੋ ਗਈ ਸੀ, ਜਦੋਂ ਕਿ ਕਈ ਹੋਰ ਗੰਭੀਰ ਜ਼ਖ਼ਮੀ ਹੋ ਗਏ ਸਨ।

ਸਿਆਸੀ ਤੇ ਪ੍ਰਸ਼ਾਸਨਿਕ ਗਠਜੋੜ 'ਤੇ ਕੱਸਿਆ ਸ਼ਿਕੰਜਾ-ਵਿਸ਼ੇਸ਼ ਜਾਂਚ ਟੀਮ ਹੁਣ ਉਸ ਸਮੇਂ ਦੇ ਸਿਆਸੀ ਨੇਤਾਵਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਆਪਸੀ ਗਠਜੋੜ ਨੂੰ ਬੇਨਕਾਬ ਕਰਨ ਵਿੱਚ ਜੁਟੀ ਹੋਈ ਹੈ। ਮਨਤਾਰ ਸਿੰਘ ਬਰਾੜ ਤੋਂ ਪਹਿਲਾਂ ਜਾਂਚ ਟੀਮ ਵੱਲੋਂ ਫਰੀਦਕੋਟ ਦੇ ਤਤਕਾਲੀ ਡਿਪਟੀ ਕਮਿਸ਼ਨਰ ਐੱਮ.ਐੱਸ. ਜੱਗੀ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਓ.ਐੱਸ.ਡੀ ਤੋਂ ਵੀ ਲੰਬੀ ਪੁੱਛਗਿੱਛ ਕੀਤੀ ਜਾ ਚੁੱਕੀ ਹੈ। ਸਿੱਟ ਦਾ ਮੁੱਖ ਮਕਸਦ ਮੁੱਖ ਮੰਤਰੀ ਦਫ਼ਤਰ, ਸਥਾਨਕ ਸਿਆਸਤਦਾਨਾਂ ਅਤੇ ਸੀਨੀਅਰ ਪੁਲੀਸ

5 ਸਫ਼ੇ ਦੀ ਬਾਕੀ

ਜੇਕਰ ਅੱਜ ਪੰਥ ਨੂੰ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਇਕਜੁੱਟ ਹੋਣ ਦੀ ਲੋੜ ਹੈ, ਤਾਂ ਅੰਦਰੂਨੀ ਤੌਰ 'ਤੇ ਵੀ ਸਾਰੀਆਂ ਜਥੇਬੰਦੀਆਂ, ਟਕਸਾਲਾਂ ਅਤੇ ਸੰਪਰਦਾਵਾਂ ਨੂੰ ਬਰਾਬਰ ਦਾ ਮਾਣ-ਸਤਿਕਾਰ ਦੇ ਕੇ ਨਾਲ ਤੋਰਨਾ ਪਵੇਗਾ।

### ਸ਼੍ਰੋਮਣੀ ਕਮੇਟੀ ਦਾ ਪਖ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਇਹ ਮਸ਼ਵਰਾ ਬਿਲਕੁਲ ਦਰੁਸਤ ਹੈ ਕਿ ਲੋਕਤੰਤਰੀ ਢਾਂਚੇ ਵਿੱਚ ਸਰਕਾਰਾਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ, ਪਰ ਇਤਿਹਾਸਕ ਅਤੇ ਧਾਰਮਿਕ ਸੰਸਥਾਵਾਂ ਦੀ ਸਰਵਉੱਚਤਾ ਸਦਾ ਅਟੱਲ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਚਾਹੀਦਾ ਹੈ ਕਿ ਉਹ ਆਪਣੀ ਨਿੱਜੀ ਜਾਂ ਰਾਜਨੀਤਿਕ ਅਣਖ ਨੂੰ ਪਾਸੇ ਰੱਖ ਕੇ, ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਪਰੰਪਰਾਵਾਂ ਦਾ ਸਤਿਕਾਰ ਕਰਦਿਆਂ ਸਮਰਪਣ ਅਤੇ ਖਿਮਾ-ਜਾਚਨਾ ਦਾ ਰਸਤਾ ਚੁਣਨ। ਸਿੱਖ ਸੰਸਥਾਵਾਂ ਅਤੇ ਚੁਣੇ ਹੋਏ ਮੁੱਖ ਮੰਤਰੀ ਵਿਚਾਲੇ ਲੰਮਾ ਟਕਰਾਅ ਨਾ ਤਾਂ ਪੰਜਾਬ ਦੇ ਹਿੱਤ ਵਿੱਚ ਹੈ ਅਤੇ ਨਾ ਹੀ ਕੌਮ ਦੇ ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਵੱਡੇ-ਵੱਡੇ ਸਿਆਸੀ ਮਹਾਂਬਲੀਆਂ ਨੂੰ ਵੀ ਅੰਤ ਵਿੱਚ ਇਸੇ ਤਖ਼ਤ ਦੀ ਸ਼ਰਨ ਵਿੱਚ ਆਉਣਾ ਪਿਆ ਹੈ। ਧਾਮੀ ਨੇ ਐਲਾਨ ਕੀਤਾ ਕਿ ਅਕਾਲ ਤਖ਼ਤ ਦੇ ਇਸ ਸੰਦੇਸ਼ ਨੂੰ ਘਰ-ਘਰ ਪਹੁੰਚਾਉਣ ਲਈ ਸ਼੍ਰੋਮਣੀ ਕਮੇਟੀ ਦੇ ਹਰ ਹਲਕੇ ਵਿੱਚ ਪੰਥਕ ਇਕੱਠ ਕੀਤੇ ਜਾਣਗੇ ਅਤੇ ਪਿੰਡ-ਪਿੰਡ ਗੁਰਸਿੱਖਾਂ ਦੀਆਂ ਕਮੇਟੀਆਂ ਬਣਾਈਆਂ ਜਾਣਗੀਆਂ, ਜੋ ਸਿੱਖੀ ਰਵਾਇਤਾਂ ਪ੍ਰਤੀ ਚੇਤਨਾ ਪੈਦਾ ਕਰਨਗੀਆਂ ਅਤੇ ਸੰਘਰਸ਼ ਕਮੇਟੀਆਂ ਵਜੋਂ ਕੰਮ ਕਰਨਗੀਆਂ।

ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਅਤੇ ਹਰਿੰਦਰ ਸਿੰਘ ਲੱਖੋਵਾਲ ਨੇ ਵੀ ਇਸ ਮੌਕੇ ਸਰਕਾਰੀ ਦਖ਼ਲਅੰਦਾਜ਼ੀ ਖ਼ਿਲਾਫ਼ ਤਿੱਖੀ ਮੁਹਿੰਮ ਚਲਾਉਣ ਦੀ ਹਮਾਇਤ ਕੀਤੀ। ਅੰਤ ਵਿੱਚ, ਸਮੁੱਚੇ ਇਕੱਠ ਨੇ ਇੱਕਜੁੱਟ ਹੋ ਕੇ ਸਰਕਾਰ ਨੂੰ ਸੁਨੇਹਾ ਦਿੱਤਾ ਕਿ ਸਿੱਖ ਧਰਮ ਦੇ ਅੰਦਰੂਨੀ ਸਰੋਕਾਰਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਸਿੱਖ ਚਿੰਤਕ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਅਮਨ-ਸ਼ਾਂਤੀ, ਭਾਈਚਾਰਕ ਸਾਂਝ ਅਤੇ ਸੰਸਥਾਵਾਂ ਦੀ ਮਰਿਆਦਾ ਬਹਾਲ ਰੱਖਣ ਲਈ ਟਕਰਾਅ ਦਾ ਰਸਤਾ ਤਿਆਗਿਆ ਜਾਵੇ। ਦੋਵਾਂ ਧਿਰਾਂ ਦੇ ਸਮਰਥਕਾਂ ਵੱਲੋਂ ਸੋਸ਼ਲ ਮੀਡੀਆ 'ਤੇ ਇੱਕ-ਦੂਜੇ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਕਾਰਨ ਪੰਜਾਬ ਦਾ ਭਾਈਚਾਰਕ ਮਾਹੌਲ ਖ਼ਰਾਬ ਹੋ ਸਕਦਾ ਹੈ। ਡਾਕਟਰ ਮਾਨਸਾ ਦਾ ਕਹਿਣਾ ਹੈ ਕਿ ਜਥੇਦਾਰ ਅਤੇ ਪੰਥਕ ਆਗੂਆਂ ਵੱਲੋਂ ਵਾਰ-ਵਾਰ ਇਹ ਇਲਜ਼ਾਮ ਲਾਇਆ ਜਾ ਰਿਹਾ ਹੈ ਕਿ "ਦਿੱਲੀ ਦੇ ਲੋਕ" ਪੰਜਾਬ ਵਿੱਚ ਬੈਠ ਕੇ ਸਿੱਖ ਸੰਸਥਾਵਾਂ ਖ਼ਿਲਾਫ਼ ਸਾਜ਼ਿਸ਼ਾਂ ਘੜ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਬਿਰਤਾਂਤ ਪੰਜਾਬੀਆਂ ਦੀ ਖੇਤਰੀ ਅਤੇ ਧਾਰਮਿਕ ਅਣਖ ਨੂੰ ਜਗਾਏਗਾ, ਜੋ ਕਿ ਕੇਂਦਰੀ ਲੀਡਰਸ਼ਿਪ ਵਾਲੀ ਆਮ ਆਦਮੀ ਪਾਰਟੀ ਲਈ ਪੰਜਾਬ ਵਿੱਚ ਲੰਮੇ ਸਮੇਂ ਦਾ ਨੁਕਸਾਨ ਸਾਬਤ ਹੋ ਸਕਦਾ ਹੈ। ਜੇਕਰ ਇਸ ਟਕਰਾਅ ਨੂੰ ਗੱਲਬਾਤ ਰਾਹੀਂ ਜਲਦ ਨਾ ਸੁਲਝਾਇਆ ਗਿਆ, ਤਾਂ ਪੰਜਾਬ ਇੱਕ ਵਾਰ ਫਿਰ ਧਾਰਮਿਕ ਅਤੇ ਸਿਆਸੀ ਅਸਥਿਰਤਾ ਦੇ ਦੌਰ ਵਿੱਚ ਜਾ ਸਕਦਾ ਹੈ।

# ਮੁੱਖ ਮੰਤਰੀ ਭਗਵੰਤ ਮਾਨ ਨਾਲ ਕਿਉਂ ਹੈ ਨਰਾਜਗੀ ?

ਮੁੱਖ ਮੰਤਰੀ ਭਗਵੰਤ ਮਾਨ ਅਤੇ ਸਿੱਖ ਕੌਮ ਦੀਆਂ ਸਰਵਉੱਚ ਸੰਸਥਾਵਾਂ ਵਿਚਾਲੇ ਤਣਾਅ ਬਹੁਤ ਗੰਭੀਰ ਮੋੜ 'ਤੇ ਪਹੁੰਚ ਚੁੱਕਾ ਹੈ। ਇਸ ਨਰਾਜ਼ਗੀ ਦੇ ਮੁੱਖ ਕਾਰਨ ਹੇਠ ਲਿਖੇ ਹਨ:

* ਪਿਛਲੇ ਦਿਨੀਂ ਪੰਜ ਸਿੰਘ ਸਾਹਿਬਾਨ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਇੱਕ ਵਿਵਾਦਤ ਵੀਡੀਓ ਮਾਮਲੇ ਵਿੱਚ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਦੋਸ਼ੀ ਮੰਨਦਿਆਂ 'ਗੁਰੂ ਦੋਖੀ ਅਤੇ ਖ਼ਾਲਸਾ ਪੰਥ ਵਿਰੋਧੀ' ਕਰਾਰ ਦਿੱਤਾ ਗਿਆ ਸੀ। ਹਾਲਾਂਕਿ ਮਾਨ ਨੇ ਇਸ ਵੀਡੀਓ ਨੂੰ ਫੇਕ (ਨਕਲੀ) ਦੱਸਿਆ ਸੀ।

* ਪੰਥਕ ਇਕੱਠ ਵਿੱਚ ਪਾਸ ਕੀਤੇ ਮਤੇ ਅਨੁਸਾਰ, ਮੁੱਖ ਮੰਤਰੀ ਆਪਣੀ ਭੁੱਲ ਸਵੀਕਾਰ ਕਰਕੇ ਖਿਮਾ-ਜਾਚਨਾ ਕਰਨ ਦੀ ਥਾਂ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਰਾਹੀਂ ਅਕਾਲ ਤਖ਼ਤ ਸਾਹਿਬ ਦੀ ਸਰਵਉੱਚ ਅਥਾਰਟੀ ਨੂੰ ਲਗਾਤਾਰ ਚੁਣੌਤੀ ਦੇ ਰਹੇ ਹਨ।

* ਸਰਕਾਰ ਵੱਲੋਂ ਪੰਥ ਦੀ ਰਾਇ ਤੋਂ ਬਗੈਰ ਪਾਸ ਕੀਤੇ ਗਏ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਵਿੱਚ ਕਈ ਅਜਿਹੀਆਂ ਮੱਦਾਂ ਹਨ, ਜਿਸ ਨੂੰ ਅਕਾਲ ਤਖ਼ਤ ਸਾਹਿਬ ਸਿੱਖਾਂ ਦੇ ਅੰਦਰੂਨੀ ਮਾਮਲਿਆਂ ਵਿੱਚ ਸਰਕਾਰੀ ਦਖ਼ਲਅੰਦਾਜ਼ੀ ਮੰਨਦਾ ਹੈ। ਇਸ ਕਾਨੂੰਨ ਵਿੱਚ ਸੋਧ ਲਈ ਸਰਕਾਰ ਨੂੰ ਇੱਕ ਮਹੀਨੇ ਦਾ ਸਮਾਂ ਦਿੱਤਾ ਗਿਆ ਹੈ।

* ਜਥੇਦਾਰ ਗੜਗੱਜ ਨੇ ਪੰਜਾਬ ਪੁਲਿਸ ਵੱਲੋਂ ਪਿਛਲੇ ਕੁਝ ਮਹੀਨਿਆਂ ਵਿੱਚ ਸਿੱਖ ਨੌਜਵਾਨਾਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਕਥਿਤ ਫ਼ਰਜ਼ੀ ਮੁਕਾਬਲਿਆਂ 'ਤੇ ਵੀ ਸਖ਼ਤ ਨਰਾਜ਼ਗੀ ਜਤਾਈ।

ਉਨ੍ਹਾਂ ਸਰਕਾਰ ਨੂੰ ਦ੍ਰਿੜ੍ਹ ਸ਼ਬਦਾਂ ਵਿੱਚ ਚਿਤਾਵਨੀ ਦਿੱਤੀ ਕਿ ਖ਼ਾਲਸਾ ਪੰਥ ਆਪਣੀ ਕੌਮ ਦੇ ਨੌਜਵਾਨਾਂ ਖ਼ਿਲਾਫ਼ ਹੋ ਰਹੀ ਅਜਿਹੀ ਕਿਸੇ ਵੀ ਕਿਸਮ ਦੀ ਧੱਕੇਸ਼ਾਹੀ, ਜ਼ੁਲਮ ਜਾਂ ਵਧੀਕੀ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗਾ।

ਜਥੇਦਾਰ ਗੜਗੱਜ ਨੇ ਇਤਿਹਾਸ ਦਾ ਹਵਾਲਾ ਦਿੰਦਿਆਂ ਸਾਫ਼ ਕਿਹਾ ਕਿ ਸਿੱਖ ਕੌਮ ਸਰਕਾਰੀ ਜਬਰ ਜਾਂ ਅਜਿਹੇ ਜ਼ੁਲਮ ਅੱਗੇ ਕਦੇ ਦਬਣ ਵਾਲੀ ਨਹੀਂ ਹੈ। ਉਨ੍ਹਾਂ ਸਰਕਾਰ ਨੂੰ ਇਸ ਮੰਦਭਾਗੀ ਪ੍ਰਕਿਰਿਆ ਨੂੰ ਤੁਰੰਤ ਰੋਕਣ ਅਤੇ ਇਸ ਤੋਂ ਬਾਜ਼ ਆਉਣ ਦੀ ਸਖ਼ਤ ਹਦਾਇਤ ਕੀਤੀ।

○ ○ ○

# ਹਿੰਦੂ, ਸਿੱਖ ਤੇ ਮੁਸਲਿਮ ਭਾਈਚਾਰੇ ਵਿਰੁੱਧ ਟਿੱਪਣੀ ਕਰਨ ਵਾਲੇ ਬ੍ਰਾਇਨ ਟੈਮਾਕੀ ਦੇ ਹਥਿਆਰ ਜ਼ਬਤ

## ਖਾਸ ਖ਼ਬਰ ✪ ਸਿੱਖ ਭਾਈਚਾਰਾ ਨੇ ਨਿਊਜ਼ੀਲੈਂਡ ਦੇ ਸੰਸਦ ਮੈਂਬਰਾਂ ਤੋਂ ਕੀਤੀ ਸਖ਼ਤ ਕਾਨੂੰਨ ਦੀ ਮੰਗ

ਨਿਊਜ਼ੀਲੈਂਡ ਵਿੱਚ ਡੇਸਟਿਨੀ ਚਰਚ ਦੇ ਮੁਖੀ ਬ੍ਰਾਇਨ ਟੈਮਾਕੀ ਦੇ ਹਥਿਆਰ ਜ਼ਬਤ ਕੀਤੇ ਜਾਣ ਅਤੇ ਉਨ੍ਹਾਂ ਦਾ ਫਾਇਰਆਰਮ ਲਾਇਸੈਂਸ ਮੁਅੱਤਲ ਕੀਤੇ ਜਾਣ ਦੀ ਘਟਨਾ ਨੇ ਦੇਸ਼ ਵਿੱਚ ਬੋਲਣ ਦੀ ਆਜ਼ਾਦੀ, ਨਫ਼ਰਤ ਭਰੇ ਭਾਸ਼ਣ ਅਤੇ ਸਮਾਜਿਕ ਸਦਭਾਵਨਾ ਦੇ ਗੰਭੀਰ ਸਵਾਲਾਂ ਨੂੰ ਮੁੜ ਸੁਰਖੀਆਂ ਵਿੱਚ ਲਿਆ ਦਿੱਤਾ ਹੈ। ਪੁਲਿਸ ਅਤੇ ਫਾਇਰਆਰਮਜ਼ ਸੇਫਟੀ ਅਥਾਰਟੀ ਵੱਲੋਂ ਚੁੱਕਿਆ ਗਿਆ ਇਹ ਕਦਮ ਸਪੱਸ਼ਟ ਕਰਦਾ ਹੈ ਕਿ ਸਰਕਾਰ ਜਨਤਕ ਸੁਰੱਖਿਆ ਅਤੇ ਸਮਾਜਿਕ ਭਾਈਚਾਰੇ ਨੂੰ ਖ਼ਤਰੇ ਵਿੱਚ ਪਾਉਣ ਵਾਲੀ ਬਿਆਨਬਾਜ਼ੀ ਨੂੰ ਬਰਦਾਸ਼ਤ ਨਹੀਂ ਕਰੇਗੀ।

ਬ੍ਰਾਇਨ ਟੈਮਾਕੀ ਨੇ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਵੀਡੀਓ ਵਿੱਚ ਹਿੰਦੂ, ਸਿੱਖ ਅਤੇ ਮੁਸਲਿਮ ਭਾਈਚਾਰਿਆਂ ਦੇ 'ਸਫ਼ਾਏ' ਅਤੇ ਉਨ੍ਹਾਂ ਦੇ ਧਾਰਮਿਕ ਸਥਾਨਾਂ ਨੂੰ ਨੁਕਸਾਨ ਪਹੁੰਚਾਉਣ ਦੀ ਗੱਲ ਕੀਤੀ ਸੀ। ਹਾਲਾਂਕਿ ਟੈਮਾਕੀ ਨੇ ਆਪਣੀ ਸਫ਼ਾਈ ਵਿੱਚ ਕਿਹਾ ਸੀ ਕਿ ਉਨ੍ਹਾਂ ਦੇ ਸ਼ਬਦਾਂ ਦਾ ਮਤਲਬ ਹਿੰਸਾ ਨਹੀਂ ਬਲਕਿ ਦੇਸ਼ ਨਿਕਾਲਾ ਸੀ, ਪਰ ਲੋਕਤੰਤ੍ਰਿਕ ਦੇਸ਼ਾਂ ਵਿੱਚ ਅਜਿਹੀ ਭਾਸ਼ਾ ਵੀ ਕਿਸੇ ਭਾਈਚਾਰੇ ਵਿਰੁੱਧ ਨਫ਼ਰਤ ਅਤੇ ਡਰ ਦਾ ਮਾਹੌਲ ਪੈਦਾ ਕਰਨ ਲਈ ਕਾਫ਼ੀ ਹੁੰਦੀ ਹੈ। ਖ਼ਾਸਕਰ ਜਦੋਂ ਕੋਈ ਜਨਤਕ ਪ੍ਰਭਾਵ ਰੱਖਣ ਵਾਲਾ ਵਿਅਕਤੀ ਅਜਿਹੀ ਬਿਆਨਬਾਜ਼ੀ ਕਰਦਾ ਹੈ, ਤਾਂ ਉਸ ਦੇ ਸਮਰਥਕਾਂ ਵੱਲੋਂ ਹਿੰਸਕ ਕਾਰਵਾਈਆਂ ਦਾ ਖ਼ਤਰਾ ਕਈ ਗੁਣਾ ਵਧ ਜਾਂਦਾ ਹੈ।




ਇਸ ਮਾਮਲੇ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਗਾਮੀ ਨਿਊਜ਼ੀਲੈਂਡ ਫੇਰੀ ਨਾਲ ਜੋੜ ਕੇ ਟੈਮਾਕੀ ਵਲੋਂ ਰਾਜਨੀਤਿਕ ਰੰਗਤ ਦੇਣ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ। ਟੈਮਾਕੀ ਦਾ ਇਹ ਦਾਅਵਾ ਕਿ ਸਰਕਾਰ ਭਾਰਤ ਨੂੰ ਖੁਸ਼ ਕਰਨ ਲਈ ਇਹ ਸਭ ਕਰ ਰਹੀ ਹੈ। ਉਨ੍ਹਾਂ ਨੇ ਪੁਲਿਸ ਦੇ ਇਸ ਨੋਟਿਸ ਨੂੰ "ਡਿਪਲੋਮੈਟਿਕ ਲਵ ਲੈਟਰ" (ਰਾਜਨੀਤਿਕ ਪ੍ਰੇਮ ਪੱਤਰ) ਦੱਸਿਆ ਹੈ।

ਟੈਮਾਕੀ ਦੇ ਇਸ ਬਿਆਨ ਦੀ ਨਿਊਜ਼ੀਲੈਂਡ ਦੇ ਵੱਖ-ਵੱਖ ਧਾਰਮਿਕ ਅਤੇ ਨਸਲੀ ਸੰਗਠਨਾਂ ਵੱਲੋਂ ਸਖ਼ਤ ਨਿਖੇਧੀ ਕੀਤੀ ਗਈ ਹੈ। 'ਫੈਡਰੇਸ਼ਨ ਆਫ ਇਸਲਾਮਿਕ ਐਸੋਸੀਏਸ਼ਨਜ਼', 'ਨਿਊਜ਼ੀਲੈਂਡ ਸੈਂਟਰਲ ਸਿੱਖ ਐਸੋਸੀਏਸ਼ਨ' ਅਤੇ 'ਨਿਊਜ਼ੀਲੈਂਡ ਇੰਡੀਅਨ ਸੈਂਟਰਲ ਐਸੋਸੀਏਸ਼ਨ' ਨੇ ਇਸ ਦਾ ਤਿੱਖਾ ਵਿਰੋਧ ਕੀਤਾ ਹੈ।

ਨਸਲੀ ਭਾਈਚਾਰਿਆਂ ਦੇ ਮੰਤਰੀ ਮਾਰਕ ਮਿਸ਼ੇਲ ਨੇ ਟੈਮਾਕੀ ਨੂੰ ਇੱਕ "ਡਰਪੋਕ ਗੁੰਡਾ" ਦੱਸਿਆ, ਜਦਕਿ ਰੇਸ ਰਿਲੇਸ਼ਨਜ਼ ਕਮਿਸ਼ਨਰ ਮੇਲਿਸਾ ਡਰਬੀ ਨੇ ਇਸ ਬਿਆਨ 'ਤੇ ਡੂੰਘੇ ਦੁੱਖ ਅਤੇ ਹੈਰਾਨੀ ਦਾ ਪ੍ਰਗਟਾਵਾ ਕੀਤਾ। ਇਥੇ ਜ਼ਿਕਰਯੋਗ ਹੈ ਕਿ ਨਿਊਜ਼ੀਲੈਂਡ ਦੀ ਪਛਾਣ ਦੁਨੀਆ ਭਰ ਵਿੱਚ ਇੱਕ ਸ਼ਾਂਤੀਪੂਰਨ, ਬਹੁ-ਸੱਭਿਆਚਾਰਕ ਅਤੇ ਸਹਿਣਸ਼ੀਲ ਸਮਾਜ ਵਜੋਂ ਹੈ। ਇਸ ਦੇਸ਼ ਨੇ ਪਹਿਲਾਂ ਵੀ ਕਈ ਨਸਲੀ ਅਤੇ ਧਾਰਮਿਕ ਚੁਣੌਤੀਆਂ ਦਾ ਸਾਹਮਣਾ ਬੜੀ ਸੰਵੇਦਨਸ਼ੀਲਤਾ ਅਤੇ ਸਖ਼ਤੀ ਨਾਲ ਕੀਤਾ ਹੈ। ਸਿੱਖ, ਹਿੰਦੂ ਅਤੇ ਮੁਸਲਿਮ ਭਾਈਚਾਰਿਆਂ ਦੇ ਆਗੂਆਂ ਦੇ ਨਾਲ-ਨਾਲ ਦੇਸ਼ ਦੇ ਮੰਤਰੀਆਂ ਅਤੇ ਨਸਲੀ ਸਬੰਧਾਂ ਦੇ ਕਮਿਸ਼ਨਰ ਵੱਲੋਂ ਇਸ ਬਿਆਨ ਦੀ ਇਕਸੁਰ ਵਿੱਚ ਨਿੰਦਾ ਕਰਨਾ ਸਾਬਤ ਕਰਦਾ ਹੈ ਕਿ ਸਮਾਜ ਦਾ ਵੱਡਾ ਹਿੱਸਾ ਨਫ਼ਰਤ ਦੀ ਰਾਜਨੀਤੀ ਨੂੰ ਪੂਰੀ ਤਰ੍ਹਾਂ ਨਕਾਰਦਾ ਹੈ।

ਨਿਊਜ਼ੀਲੈਂਡ ਦੇ ਸਿੱਖ ਭਾਈਚਾਰੇ ਦਾ ਮੰਨਣਾ ਹੈ ਕਿ ਇਹ ਘਟਨਾ ਨਿਊਜ਼ੀਲੈਂਡ ਦੇ ਸਿਆਸਤਦਾਨਾਂ ਅਤੇ ਕਾਨੂੰਨ ਘੜਨ ਵਾਲਿਆਂ ਲਈ ਵੀ ਇੱਕ ਸੁਨੇਹਾ ਹੈ। ਦੇਸ਼ ਵਿੱਚ ਨਫ਼ਰਤ ਭਰੇ ਭਾਸ਼ਣ ਅਤੇ ਹਿੰਸਾ ਨੂੰ ਉਕਸਾਉਣ ਵਿਰੁੱਧ ਕਾਨੂੰਨਾਂ ਨੂੰ ਹੋਰ ਮਜ਼ਬੂਤ ਕਰਨ ਦੀ ਮੰਗ ਲੰਬੇ ਸਮੇਂ ਤੋਂ ਹੋ ਰਹੀ ਹੈ, ਜਿਸ 'ਤੇ ਸਿਆਸੀ ਪਾਰਟੀਆਂ ਨੂੰ ਮੱਤਭੇਦ ਭੁਲਾ ਕੇ ਇਕਜੁੱਟ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਨਿਊਜ਼ੀਲੈਂਡ ਵਿੱਚ ਨਫ਼ਰਤ ਭਰੇ ਭਾਸ਼ਣ ਅਤੇ ਹਿੰਸਾ ਨੂੰ ਉਕਸਾਉਣ ਵਿਰੁੱਧ ਕਾਨੂੰਨਾਂ ਨੂੰ ਹੋਰ ਮਜ਼ਬੂਤ ਤੇ ਸਖ਼ਤ ਬਣਾਇਆ ਜਾਵੇ, ਤਾਂ ਜੋ ਭਵਿੱਖ ਵਿੱਚ ਕੋਈ ਵੀ ਅਜਿਹੀ ਬਿਆਨਬਾਜ਼ੀ ਨਾ ਕਰ ਸਕੇ।

ਨਿਊਜ਼ੀਲੈਂਡ ਸੈਂਟਰਲ ਸਿੱਖ ਐਸੋਸੀਏਸ਼ਨ' ਦਾ ਕਹਿਣਾ ਹੈ ਕਿ 'ਬੋਲਣ ਦੀ ਆਜ਼ਾਦੀ' ਇੱਕ ਬਹੁਤ ਵੱਡਾ ਅਧਿਕਾਰ ਹੈ, ਪਰ ਇਹ ਆਜ਼ਾਦੀ ਕਿਸੇ ਦੂਜੇ ਨੂੰ ਜਿਉਣ ਅਤੇ ਆਪਣੇ ਧਰਮ ਦਾ ਪਾਲਣ ਕਰਨ ਦੀ ਆਜ਼ਾਦੀ ਖੋਹਣ ਦਾ ਹੱਕ ਨਹੀਂ ਦਿੰਦੀ। ਉਨ੍ਹਾਂ ਕਿਹਾ ਕਿ ਸਰਕਾਰ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦਾ ਇਹ ਕਦਮ ਸ਼ਲਾਘਾਯੋਗ ਹੈ, ਜੋ ਇਹ ਯਾਦ ਦਿਵਾਉਂਦਾ ਹੈ ਕਿ ਅਮਨ-ਕਾਨੂੰਨ ਦੀ ਨਜ਼ਰ ਵਿੱਚ ਸਭ ਬਰਾਬਰ ਹਨ ਅਤੇ ਸਮਾਜਿਕ ਸਾਂਝ ਨੂੰ ਤੋੜਨ ਦੀ ਕਿਸੇ ਵੀ ਕੋਸ਼ਿਸ਼ ਨਾਲ ਸਖ਼ਤੀ ਨਾਲ ਨਿਪਟਿਆ ਜਾਵੇਗਾ। ਪੁਲਿਸ ਤੇ ਫਾਇਰਆਰਮਜ਼ ਸੇਫਟੀ ਅਥਾਰਟੀ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਮਾਮਲੇ ਦੀ ਜਾਂਚ ਚੱਲ ਰਹੀ ਹੈ ਅਤੇ ਫਿਲਹਾਲ ਕਿਸੇ ਵਿਅਕਤੀਗਤ ਕੇਸ 'ਤੇ ਜ਼ਿਆਦਾ ਟਿੱਪਣੀ ਨਹੀਂ ਕੀਤੀ ਜਾ ਸਕਦੀ।

# ਲੁਧਿਆਣਾ ਵਿਚ ਮਸਜਿਦ ਨੇੜੇ ਧਾਰਮਿਕ ਪੁਸਤਕਾਂ ਦੀ ਦੁਕਾਨ ਨੂੰ ਲਾਈ ਅੱਗ

## ✪ ਤਿੰਨ ਅਣਪਛਾਤਿਆਂ ਖ਼ਿਲਾਫ਼ ਮਾਮਲਾ ਦਰਜ



ਲੁਧਿਆਣਾ-ਮਹਾਨਗਰ ਦੇ ਨਿਊ ਸ਼ਿਵਪੁਰੀ ਇਲਾਕੇ ਵਿੱਚ ਇੱਕ ਬੇਹੱਦ ਸੰਵੇਦਨਸ਼ੀਲ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਮਸਜਿਦ ਦੇ ਨਾਲ ਲੱਗਦੀ ਇੱਕ ਧਾਰਮਿਕ ਸਮੱਗਰੀ ਦੀ ਦੁਕਾਨ ਨੂੰ ਅੱਗ ਲਗਾ ਦਿੱਤੀ ਗਈ। ਇਸ ਘਟਨਾ ਵਿੱਚ ਦੁਕਾਨ ਅੰਦਰ ਪਈਆਂ ਮੁਸਲਿਮ ਧਾਰਮਿਕ ਪੁਸਤਕਾਂ, ਸਾਹਿਤ ਅਤੇ ਹੋਰ ਪਵਿੱਤਰ ਸਮੱਗਰੀ ਸੜ ਕੇ ਰਾਖ ਹੋ ਗਈ ਹੈ। ਪੁਲਿਸ ਨੇ ਘਟਨਾ ਦੀ ਗੰਭੀਰਤਾ ਨੂੰ ਦੇਖਦਿਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਅਤੇ ਅੱਗਜ਼ਨੀ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

ਸੰਤੋਖ ਨਗਰ ਦੀ ਗਲੀ ਨੰਬਰ-4 ਸਥਿਤ 'ਮਰਕਜ਼ੀ ਸੁੰਨੀ ਨੂਰੀ ਜਾਮਾ ਮਸਜਿਦ' ਦੇ ਸੇਵਾਦਾਰ ਅਬਦੁਲ ਰਜ਼ਾਕ (ਪੁੱਤਰ ਮੁਹੰਮਦ ਸੁਹੈਬ) ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਮਸਜਿਦ ਕਮੇਟੀ ਵੱਲੋਂ ਉਨ੍ਹਾਂ ਨੂੰ ਇੱਕ ਛੋਟੀ ਦੁਕਾਨ ਦਿੱਤੀ ਗਈ ਸੀ। ਇਸ ਦੁਕਾਨ ਵਿੱਚ ਉਹ ਮੁਸਲਿਮ ਧਾਰਮਿਕ ਪੁਸਤਕਾਂ ਅਤੇ ਮਸਜਿਦ ਵਿੱਚ ਵਰਤੀ ਜਾਣ ਵਾਲੀ ਹੋਰ ਧਾਰਮਿਕ ਸਮੱਗਰੀ ਵੇਚਦੇ ਸਨ।

ਬੀਤੀ ਰਾਤ ਗਲੀ ਵਿੱਚ ਅਚਾਨਕ ਰੌਲਾ ਸੁਣ ਕੇ ਜਦੋਂ ਉਹ ਬਾਹਰ ਆਏ ਤਾਂ ਦੁਕਾਨ ਅੱਗ ਦੀਆਂ ਲਪਟਾਂ ਵਿੱਚ ਘਿਰੀ ਹੋਈ ਸੀ। ਸਥਾਨਕ ਲੋਕਾਂ ਨੇ ਬੜੀ ਮੁਸ਼ਕਲ ਨਾਲ ਅੱਗ 'ਤੇ ਕਾਬੂ ਪਾਇਆ, ਪਰ ਉਦੋਂ ਤੱਕ ਦੁਕਾਨ ਅੰਦਰ ਪਿਆ ਸਾਰਾ ਧਾਰਮਿਕ ਸਾਹਿਤ ਨਸ਼ਟ ਹੋ ਚੁੱਕਾ ਸੀ। ਸ਼ਿਕਾਇਤਕਰਤਾ ਅਨੁਸਾਰ ਇਹ ਇਲਾਕੇ ਦਾ ਮਾਹੌਲ ਖ਼ਰਾਬ ਕਰਨ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਇੱਕ ਸੋਚੀ-ਸਮਝੀ ਸਾਜ਼ਿਸ਼ ਹੈ।

ਸੀਸੀਟੀਵੀ ਵਿੱਚ ਕੈਦ ਹੋਈ ਕਰਤੂਤ-ਘਟਨਾ ਤੋਂ ਬਾਅਦ ਜਦੋਂ ਮਸਜਿਦ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲੀ ਗਈ, ਤਾਂ ਸ਼ਰਾਰਤੀ ਅਨਸਰਾਂ ਦੀ ਪੂਰੀ ਕਰਤੂਤ ਸਾਹਮਣੇ ਆ ਗਈ:

ਫੁਟੇਜ ਵਿੱਚ ਇੱਕ ਮੋਟਰਸਾਈਕਲ 'ਤੇ ਸਵਾਰ ਤਿੰਨ ਅਣਪਛਾਤੇ ਵਿਅਕਤੀ ਇਲਾਕੇ ਵਿੱਚ ਆਉਂਦੇ ਦਿਖਾਈ ਦਿੱਤੇ।

ਮੁਲਜ਼ਮਾਂ ਨੇ ਦੁਕਾਨ 'ਤੇ ਕੋਈ ਜਲਣਸ਼ੀਲ ਪਦਾਰਥ (ਪੈਟਰੋਲ ਜਾਂ ਕੈਮੀਕਲ) ਛਿੜਕਿਆ ਅਤੇ ਅੱਗ ਲਗਾ ਕੇ ਮੌਕੇ ਤੋਂ ਫ਼ਰਾਰ ਹੋ ਗਏ।

ਕੁਝ ਹੀ ਪਲਾਂ ਵਿੱਚ ਅੱਗ ਨੇ ਭਿਆਨਕ ਰੂਪ ਧਾਰਨ ਕਰ ਲਿਆ।

ਪੁਲਿਸ ਕਾਰਵਾਈ ਅਤੇ ਸੰਬੰਧਿਤ ਧਾਰਾਵਾਂ-ਥਾਣਾ ਦਰੇਸੀ ਦੀ ਪੁਲਿਸ ਨੇ ਇਸ ਮਾਮਲੇ ਨੂੰ ਬੇਹੱਦ ਗੰਭੀਰਤਾ ਨਾਲ ਲੈਂਦਿਆਂ ਅਣਪਛਾਤੇ ਮੁਲਜ਼ਮਾਂ ਖ਼ਿਲਾਫ਼ ਭਾਰਤੀ ਨਿਆਂ ਸੰਹਿਤਾ ਦੀਆਂ ਹੇਠ ਲਿਖੀਆਂ ਸਖ਼ਤ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤਾ ਹੈ:

ਪੁਲਿਸ ਦਾ ਦਾਅਵਾ ਹੈ ਕਿ ਅਮਨ-ਸ਼ਾਂਤੀ ਨੂੰ ਭੰਗ ਕਰਨ ਵਾਲੇ ਇਨ੍ਹਾਂ ਸ਼ਰਾਰਤੀ ਅਨਸਰਾਂ ਨੂੰ ਜਲਦ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਹੋਰਮੁਜ਼ ਸਟ੍ਰੇਟ ਵਿਚ ਤਿੰਨ ਟੈਂਕਰਾਂ 'ਤੇ ਵੱਡਾ ਹਮਲਾ

## ✪ ਭਾਰਤ ਆ ਰਹੇ ਕਤਰ ਦੇ ਐਲਐਨਜੀ ਜਹਾਜ਼ ਵਿਚ ਧਮਾਕੇ ਦਾ ਖ਼ਤਰਾ ✪ 4 ਭਾਰਤੀਆਂ ਸਮੇਤ ਪੂਰਾ ਕਰੂ ਸੁਰੱਖਿਅਤ




ਨਵੀਂ ਦਿੱਲੀ-ਪੱਛਮੀ ਏਸ਼ੀਆ (ਮਿਡਲ ਈਸਟ) ਵਿਚ ਸਥਾਈ ਸ਼ਾਂਤੀ ਸਥਾਪਤ ਹੋਣ ਦੀਆਂ ਵਧਦੀਆਂ ਉਮੀਦਾਂ ਨੂੰ ਇਕ ਵਾਰ ਫਿਰ ਵੱਡਾ ਝਟਕਾ ਲੱਗਾ ਹੈ। ਬੀਤੇ ਮੰਗਲਵਾਰ ਨੂੰ ਹੋਰਮੁਜ਼ ਸਟ੍ਰੇਟ ਵਿਚ ਤਿੰਨ ਵਪਾਰਕ ਟੈਂਕਰਾਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਭਿਆਨਕ ਹਮਲੇ ਤੋਂ ਬਾਅਦ ਪੂਰੇ ਖੇਤਰ ਵਿਚ ਜੰਗ ਦੇ ਬੱਦਲ ਫਿਰ ਮੰਡਰਾਉਣ ਲੱਗੇ ਹਨ।

ਇਹ ਹਮਲੇ ਉਸ ਸਮੇਂ ਹੋਏ ਹਨ ਜਦੋਂ ਈਰਾਨ ਦੇ ਮਰਹੂਮ ਸਰਬਉੱਚ ਆਗੂ ਅਯਾਤੁੱਲਾ ਅਲੀ ਖਾਮਨੇਈ ਦੀ ਅੰਤਿਮ ਯਾਤਰਾ (ਜਨਾਜ਼ਾ ਪ੍ਰਕਿਰਿਆ) ਚੱਲ ਰਹੀ ਸੀ। ਜਾਣਕਾਰੀ ਅਨੁਸਾਰ, ਹਮਲੇ ਦੀ ਲਪੇਟ ਵਿਚ ਆਏ ਜਹਾਜ਼ਾਂ ਵਿਚੋਂ ਇਕ ਕਤਰ ਦੇ 'ਰਾਸ ਲਾਫਾਨ' ਤੋਂ ਭਾਰਤ ਦੇ 'ਦਹੇਜ' ਵੱਲ ਆ ਰਿਹਾ ਐੱਲਐੱਨਜੀ ਜਹਾਜ਼ 'ਐੱਲਐੱਨਜੀਸੀ ਅਲ ਰੇਕਾਇਤ' ਹੈ, ਜਿਸ ਉੱਤੇ ਡ੍ਰੋਨ ਨਾਲ ਹਮਲਾ ਕੀਤਾ ਗਿਆ। ਹਮਲੇ ਤੋਂ ਤੁਰੰਤ ਬਾਅਦ ਜਹਾਜ਼ ਦੇ ਇੰਜਨ ਰੂਮ ਵਿਚ ਭਿਆਨਕ ਅੱਗ ਲੱਗ ਗਈ ਅਤੇ ਚਾਰੇ ਪਾਸੇ ਕਾਲਾ ਧੂੰਆਂ ਫੈਲ ਗਿਆ। ਇਸ ਜਹਾਜ਼ 'ਤੇ ਕੁੱਲ 29 ਕਰੂ ਮੈਂਬਰ ਸਵਾਰ ਸਨ, ਜਿਨ੍ਹਾਂ ਵਿੱਚੋਂ ਚਾਰ ਭਾਰਤੀ ਨਾਗਰਿਕ ਹਨ। ਖ਼ੁਸ਼ਕਿਸਮਤੀ ਨਾਲ ਇਸ ਘਟਨਾ ਵਿਚ ਕਿਸੇ ਦੇ ਜਾਨੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ ਅਤੇ ਸਾਰੇ ਕਰੂ ਮੈਂਬਰ ਪੂਰੀ ਤਰ੍ਹਾਂ ਸੁਰੱਖਿਅਤ ਦੱਸੇ ਜਾ ਰਹੇ ਹਨ।

ਵਿਸਫੋਟ ਹੋਣ ਦਾ ਵੱਡਾ ਖ਼ਤਰਾ-ਐੱਲਐੱਨਜੀ (ਤਰਲ ਕੁਦਰਤੀ ਗੈਸ) ਲੈ ਕੇ ਜਾ ਰਹੇ ਇਸ ਕਤਰ ਦੇ ਟੈਂਕਰ ਨੂੰ ਬਹੁਤ ਜ਼ਿਆਦਾ ਨੁਕਸਾਨ ਪਹੁੰਚਿਆ ਹੈ ਅਤੇ ਇਸ ਵਿਚ ਕਿਸੇ ਵੀ ਵੇਲੇ ਵਿਸਫੋਟ (ਧਮਾਕਾ) ਹੋਣ ਦਾ ਗੰਭੀਰ ਖ਼ਤਰਾ ਬਣਿਆ ਹੋਇਆ ਹੈ। ਇਸ ਦੇ ਨਾਲ ਹੀ, ਦੂਜਾ ਹਮਲਾ ਸਾਊਦੀ ਅਰਬ ਦੇ ਝੰਡੇ ਵਾਲੇ ਇਕ ਵਿਸ਼ਾਲ ਤੇਲ ਟੈਂਕਰ 'ਤੇ ਹੋਇਆ ਹੈ, ਜਿਸ 'ਤੇ ਕੱਚਾ ਤੇਲ ਲੱਦਿਆ ਹੋਇਆ ਸੀ। ਹਮਲੇ ਕਾਰਨ ਇਹ ਸਾਊਦੀ ਟੈਂਕਰ ਵੀ ਬੁਰੀ ਤਰ੍ਹਾਂ ਖ਼ਰਾਬ ਹੋ ਗਿਆ ਹੈ। ਹਮਲੇ ਦਾ ਸ਼ਿਕਾਰ ਹੋਇਆ ਤੀਜਾ ਜਹਾਜ਼ ਵੀ ਇਸੇ ਖੇਤਰ ਵਿਚ ਨੁਕਸਾਨਿਆ ਗਿਆ ਹੈ।

ਕਤਰ ਨੇ ਈਰਾਨ 'ਤੇ ਲਾਏ ਸਿੱਧੇ ਇਲਜ਼ਾਮ-ਕਤਰ ਨੇ ਇਸ ਕਾਰਵਾਈ ਦੀ ਸਖ਼ਤ ਨਿੰਦਾ ਕਰਦਿਆਂ ਹਮਲੇ ਲਈ ਸਿੱਧੇ ਤੌਰ 'ਤੇ ਈਰਾਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਹਾਲਾਂਕਿ, ਅਜੇ ਤੱਕ ਕਿਸੇ ਵੀ ਸੰਗਠਨ ਜਾਂ ਦੇਸ਼ ਨੇ ਅਧਿਕਾਰਤ ਤੌਰ 'ਤੇ ਇਨ੍ਹਾਂ ਹਮਲਿਆਂ ਦੀ ਜ਼ਿੰਮੇਵਾਰੀ ਨਹੀਂ ਲਈ ਹੈ, ਪਰ ਖੇਤਰ ਦੇ ਮੌਜੂਦਾ ਹਾਲਾਤ ਅਤੇ ਹੋਰਮੁਜ਼ ਸਟ੍ਰੇਟ ਦੀ ਭੂਗੋਲਿਕ ਸਥਿਤੀ ਕਾਰਨ ਈਰਾਨ 'ਤੇ ਸ਼ੱਕ ਦੀ ਸੂਈ ਸਭ ਤੋਂ ਗੰਭੀਰਤਾ ਨਾਲ ਟਿਕੀ ਹੋਈ ਹੈ। ਅੰਤਰਰਾਸ਼ਟਰੀ ਮਾਹਰਾਂ ਮੁਤਾਬਕ, ਇਸ ਹਮਲੇ ਨਾਲ ਗਲੋਬਲ ਐਨਰਜੀ ਸਪਲਾਈ (ਤੇਲ ਅਤੇ ਗੈਸ ਦੀ ਸਪਲਾਈ) 'ਤੇ ਵੱਡਾ ਅਸਰ ਪੈ ਸਕਦਾ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਖੇਤਰ ਵਿਚ ਤਣਾਅ ਹੋਰ ਵਧਣ ਦੇ ਪੂਰੇ ਆਸਾਰ ਹਨ।

# ਪੰਜਾਬ ਵਿਚ 2027 ਦੌਰਾਨ ਭਾਜਪਾ ਦਾ ਹੀ ਹੋਵੇਗਾ ਮੁੱਖ ਮੰਤਰੀ

## ✪ ਚਾਹੇ ਕੋਈ ਵੀ ਪਾਰਟੀ ਨਾਲ ਰਲੇ: ਇਕਬਾਲ ਸਿੰਘ ਲਾਲਪੁਰਾ



ਪਟਿਆਲਾ-ਪੰਜਾਬ ਦੀ ਸਿਆਸਤ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਇੱਕ ਵੱਡਾ ਅਤੇ ਸਪੱਸ਼ਟ ਦਾਅਵਾ ਖੇਡ ਦਿੱਤਾ ਹੈ। ਭਾਜਪਾ ਦੇ ਪਾਰਲੀਮੈਂਟਰੀ ਬੋਰਡ ਦੇ ਸੀਨੀਅਰ ਮੈਂਬਰ ਇਕਬਾਲ ਸਿੰਘ ਲਾਲਪੁਰਾ ਨੇ ਸਾਫ਼ ਕਰ ਦਿੱਤਾ ਹੈ ਕਿ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਪੰਜਾਬ ਦਾ ਅਗਲਾ ਮੁੱਖ ਮੰਤਰੀ ਭਾਜਪਾ ਦਾ ਹੀ ਹੋਵੇਗਾ, ਚਾਹੇ ਭਵਿੱਖ ਵਿੱਚ ਕੋਈ ਵੀ ਸਿਆਸੀ ਪਾਰਟੀ ਉਨ੍ਹਾਂ ਨਾਲ ਗਠਜੋੜ ਕਰਕੇ ਚੋਣ ਲੜੇ।

ਉਨ੍ਹਾਂ ਕਿਹਾ ਕਿ ਭਾਜਪਾ ਨੇ ਸੂਬੇ ਅੰਦਰ ਹਿੰਦੂ-ਸਿੱਖ ਏਕਤਾ ਅਤੇ ਭਾਈਚਾਰਕ ਸਾਂਝ ਦੇ ਮੁੱਖ ਏਜੰਡੇ 'ਤੇ 2027 ਦੀਆਂ ਚੋਣਾਂ ਇਕੱਲਿਆਂ ਹੀ ਲੜਨ ਦਾ ਪੂਰਾ ਮਨ ਬਣਾ ਲਿਆ ਹੈ। ਜੇਕਰ ਭਵਿੱਖ ਵਿੱਚ ਕਿਸੇ ਹੋਰ ਪਾਰਟੀ ਨਾਲ ਗਠਜੋੜ ਦੀ ਨੌਬਤ ਆਉਂਦੀ ਵੀ ਹੈ, ਤਾਂ ਵੀ ਮੁੱਖ ਮੰਤਰੀ ਦਾ ਅਹੁਦਾ ਭਾਜਪਾ ਕੋਲ ਹੀ ਰਹੇਗਾ। ਇਸ ਫੈਸਲੇ 'ਤੇ ਪਾਰਟੀ ਹਾਈਕਮਾਨ ਪੂਰੀ ਤਰ੍ਹਾਂ ਦ੍ਰਿੜ੍ਹ ਹੈ।

### ਅਕਾਲੀ ਦਲ 'ਤੇ ਨਿਸ਼ਾਨਾ


ਲਾਲਪੁਰਾ ਨੇ ਸਪੱਸ਼ਟ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਖੁਦ ਭਾਜਪਾ ਨਾਲੋਂ ਨਾਤਾ ਤੋੜਿਆ ਸੀ, ਨਾ ਕਿ ਭਾਜਪਾ ਨੇ। ਲਾਲਪੁਰਾ ਦੇ ਇਸ ਬਿਆਨ ਨੇ ਪੰਜਾਬ ਦੇ ਸਿਆਸੀ ਗਲਿਆਰਿਆਂ ਵਿੱਚ ਹਲਚਲ ਤੇਜ਼ ਕਰ ਦਿੱਤੀ ਹੈ। ਅਕਾਲੀ ਦਲ ਅਤੇ ਭਾਜਪਾ ਦੇ ਮੁੜ ਇਕੱਠੇ ਹੋਣ ਦੀਆਂ ਅਟਕਲਾਂ 'ਤੇ ਫਿਲਹਾਲ ਵਿਰਾਮ ਲੱਗਦਾ ਦਿਖਾਈ ਦੇ ਰਿਹਾ ਹੈ। ਭਾਜਪਾ ਹੁਣ ਪੰਜਾਬ ਵਿੱਚ 'ਛੋਟੇ ਭਰਾ' ਦੀ ਭੂਮਿਕਾ ਵਿੱਚੋਂ ਨਿਕਲ ਕੇ ਖੁਦ ਨੂੰ ਮੁੱਖ ਸਿਆਸੀ ਬਦਲ ਵਜੋਂ ਪੇਸ਼ ਕਰਨ ਦੀ ਰਣਨੀਤੀ 'ਤੇ ਕੰਮ ਕਰ ਰਹੀ ਹੈ।

# ਪੰਜਾਬੀ ਲਿਖਾਰੀ ਸਭਾ ਕਵੈਂਟਰੀ ਵਲੋਂ ਸਲਾਨਾ ਸਾਹਿਤਕ ਸਮਾਗਮ ਕਰਵਾਇਆ ਗਿਆ


ਕਵੈਂਟਰੀ ਸਾਹਿਤਕ ਸਮਾਗਮ ਵਿੱਚ ਜੁੜੇ ਸਾਹਿਤਕਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬੀ ਲਿਖਾਰੀ ਸਭਾ ਕਵੈਂਟਰੀ ਵਲੋਂ 26ਵਾਂ ਸਲਾਨਾ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ 125 ਕਲਮਕਾਰਾਂ ਅਤੇ ਸਰੋਤਿਆਂ ਨੇ ਭਾਗ ਲਿਆ। ਸਮਾਗਮ ਦੀ ਸ਼ੁਰੂਆਤ ਸ਼ਮਾਂ ਰੌਸ਼ਨਾਉਣ ਤੋਂ ਬਾਅਦ ਵਿੱਛੜ ਗਏ ਸਾਹਿਤਕਾਰਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕੀਤੀ ਗਈ। ਉਪਰੰਤ ਰੇਡੀਓ ਪੰਜ ਅਤੇ ਲਿਖਾਰੀ ਸਭਾ ਵਲੋਂ ਤਿਆਰ ਕਰਵਾਈ ਗਈ, ਕਵੈਂਟਰੀ ਅਤੇ ਆਸ-ਪਾਸ ਦੇ 50 ਕਲਮਕਾਰਾਂ ਦੀ "ਕਲਮਾਂ ਦੀ ਸਾਂਝ" ਨਾਮੀਂ ਪੁਸਤਕ ਬਾਰੇ ਉੱਘੇ ਲਿਖਾਰੀ ਦਰਸ਼ਨ ਬੁਲੰਦਵੀ ਵਲੋਂ ਸੰਖੇਪ ਜਾਣਕਾਰੀ ਦਿੱਤੀ ਗਈ। ਸਭਾ ਵਲੋਂ ਆਪਣੀ ਪੁਰਾਣੀ ਰੀਤ ਨੂੰ ਬਰਕਰਾਰ ਰੱਖਦਿਆਂ ਦੋ ਗੀਤਕਾਰਾਂ ਨੂੰ ਸਨਮਾਨਿਆਂ ਗਿਆ। ਮਸ਼ਹੂਰ ਗੀਤਕਾਰ ਚੰਨ ਜੰਡਿਆਲਵੀ ਬਾਰੇ ਬਲਦੇਵ ਮਸਤਾਨਾ ਵਲੋਂ ਸਰੋਤਿਆਂ ਨੂੰ ਜਾਣੂ ਕਰਵਾਇਆ ਗਿਆ, ਕਵੈਂਟਰੀ ਸ਼ਹਿਰ ਦੇ ਹੋਣਹਾਰ ਗੀਤਕਾਰ ਸੋਹਣ ਭੂਖੜੀਵਾਲ਼ਾ ਬਾਰੇ ਕੁਲਵੰਤ ਸਿੰਘ ਢੇਸੀ ਵਲੋਂ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਉਨ੍ਹਾਂ ਨੂੰ ਯਾਦਗਰੀ ਚਿੰਨ ਅਤੇ ਫੁਲਕਾਰੀਆਂ ਨਾਲ਼ ਸਨਮਾਨਿਆਂ ਗਿਆ। ਉਪਰੰਤ ਸਭਾ ਦੇ ਸਕੱਤਰ ਸੰਤੋਖ ਸਿੰਘ ਹੇਅਰ ਦੀ ਲਿਖੀ ਕਹਾਣੀ "ਹਰਾ ਚੂੜਾ" 'ਤੇ ਅਧਾਰਤ ਬਣੀ ਲਘੂ ਫਿਲਮ ਦਿਖਾ ਕੇ ਆਏ ਮਹਿਮਾਨਾ ਦਾ ਮੰਨੋਰੰਜਨ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿੱਚ ਦਰਸ਼ਨ ਬੁਲੰਦਵੀ, ਜਸਵਿੰਦਰ ਮਾਨ, ਸਰਬਜੀਤ ਢੱਕ, ਜਗਤ ਸਿੰਘ ਨਾਗਰਾ, ਕੁਲਵੰਤ ਸਿੰਘ ਢੇਸੀ, ਬਲਦੇਵ ਮਸਤਾਨਾ ਵਿਰਾਜਮਾਨ ਹੋਏ। ਸਟੇਜ ਦੀ ਕਾਰਵਾਈ ਸੁਰਿੰਦਰਪਾਲ ਵਲੋਂ ਬਾਖੂਬ ਨਿਭਾਈ ਗਈ। ਸਮਾਗਮ ਦੇ ਦੂਸਰੇ ਭਾਗ ਵਿੱਚ ਕਰਵਾਏ ਵਿਸ਼ਾਲ ਕਵੀ ਦਰਬਾਰ ਵਿੱਚ 46 ਕਵੀਆਂ ਨੇ ਆਪਣੀਆਂ ਰਚਨਾਵਾਂ ਨਾਲ਼ ਸਰੋਤਿਆਂ ਨੂੰ ਬੰਨ੍ਹ ਕੇ ਬਿਠਾਈ ਰੱਖਿਆ। ਪਾਕਿਸਤਾਨ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਜਨਾਬ ਤੇਈਆਬ ਜ਼ਿਲਾਨੀ ਦੀ ਬਾ-ਕਮਾਲ ਸ਼ਾਇਰੀ ਅਤੇ ਅਦਾਇਗੀ ਨੇ ਮੁਸ਼ਾਹਿਰਾ ਲੁੱਟ ਕੇ ਧੰਨ-ਧੰਨ ਕਰਵਾ ਦਿੱਤੀ। ਡਾ. ਮਹਿੰਦਰ ਰਾਏ ਦੀ ਅੰਗਰੇਜ਼ੀ ਵਿੱਚ ਮਹਾਰ-ਾਜਾ ਰਣਜੀਤ ਸਿੰਘ ਬਾਰੇ ਲਿਖੀ ਕਿਤਾਬ "ਮਹਾਰਾਜਾ ਰਣਜੀਤ ਸਿੰਘ ਕਰੋਨੀਕਲਸ ਆਫ ਦਾ ਸਿੱਖ ਇੰਪਾਇਰਜ਼", ਸੁਖਦੇਵ ਬਾਂਸਲ ਦੀ "ਜੋਤਿ ਸਰੂਪ ਦਾ ਸਫਰ" ਅਤੇ ਹੋਰ ਪੁਸਤਕਾਂ ਦੇ ਨਾਲ਼-ਨਾਲ਼ ਮਸ਼ਹੂਰ ਚਿੱਤਰਕਾਰ ਜਤਿੰਦਰ ਪੱਤੜ ਵਲੋ ਸਭਾ ਦੇ ਪ੍ਰਧਾਨ ਦਵਿੰਦਰ ਨੌਰਾ ਅਤੇ ਡਾ. ਮਹਿੰਦਰ ਗਿੱਲ ਦੇ ਬਣਾਏ ਖੂਬਸੂਰਤ ਚਿੱਤਰ ਭੇਂਟ ਕੀਤੇ ਗਏ। ਕਵੀ ਦਰਬਾਰ ਦੀ ਪ੍ਰਧਾਨਗੀ ਅਮਨਦੀਪ ਗਲਾਸਗੋ, ਗੁਰਜੀਤ ਤੱਖਰ, ਸੁਖਦੇਵ ਬਾਂਸਲ, ਰੂਪ ਦਵਿੰਦਰ ਨਾਹਲ, ਸੁਰਿੰਦਰ ਕੋਰ ਅਟਵਾਲ ਅਤੇ ਸੋਨੀਆਂ ਪਾਲ ਨੇ ਕੀਤੀ।ਸਟੇਜ ਦੀ ਕਾਰਵਾਈ ਸੰਤੋਖ ਸਿੰਘ ਹੇਅਰ ਅਤੇ ਅਮਨਦੀਪ ਧਾਲ਼ੀਵਾਲ ਨੇ ਨਿਭਾਈ।

## ਸਤਲੁਜ" ਫਿਲਮ ਦਾ ਐਸ ਐਸ ਪੀ ਸੁੱਗਾ_ ਸੁਵਿੰਦਰ ਵਿੱਕੀ




ਬਹੁਤ ਔਖਾ ਕਿਸੇ ਕਿਰਦਾਰ ਨੂੰ ਹੁ ਬੂ ਕਰਨਾ ਤੇ ਸੁਵਿੰਦਰ ਨੇ ਤਰਨ ਤਾਰਨ ਦੇ ਸਾਬਕਾ ਐਸ ਐਸ ਦੇ ਦੇ ਕਿਰਦਾਰ ਚ ਕਮਾਲ ਕਰ ਦਿਖਾਇਆ ਓਹ ਵਿਕੀ ਨਹੀਂ ਬਲ ਕਿ ਇੰਜ ਲੱਗਿਆ ਜਿਵੇਂ ਸੰਧੂ ਸਾਬ ਹੀ ਹੋਣ,ਐਸੀ ਜ਼ਾਲਿਮ ਲੁੱਕ,ਅੰਦਾਜ਼ ਤੇ ਫ਼ਿਰ ਆਪਣੇ ਮੁਲਾਜ਼ਿਮ ਘਰੇ ਆ ਸਾਗ ਖਾਣ ਦਾ ਦ੍ਰਿਸ਼ ਤੇ ਸੀ ਬੀ ਆਈ ਇੰਸਪੈਕਟਰ ਸਮੁੰਦਰ ਸਿੰਘ ਨਾਲ ਪਹਿਲੀ ਮੁਲਾਕਾਤ। ਇਹੀ ਅੱਛੇ ਐਕਟਰ ਦੀ ਨਿਸ਼ਾਨੀ ਹੈ ਤੇ ਹਨੀ ਤਰੇਹਨ ਨੇ ਇਸ ਖਾਸ ਰੋਲ ਲਈ ਜਿਹੜਾ ਖਾਲੜਾ ਨੂੰ ਮਾਰਨ ਦਾ ਦੋਸ਼ੀ ਹਜ਼ਾਰਾਂ ਲਾਸ਼ਾਂ ਸਤਲੁਜ ਚ ਰੋੜ੍ਹਨ ਵਾਲਾ ਸੁੱਗਾ ਦਾ ਰੋਲ ਸ਼ਵਿੰਦਰ ਵਿੱਕੀ ਨੂੰ ਦਿੱਤਾ ,ਸੂਵਿੰਦਰ ਵਿੱਕੀ ਐਵਾਰਡ ਦੇ ਹੱਕਦਾਰ ਨੇ ਤੇ ਨਵੀਂ ਪੀੜ੍ਹੀ ਓਹਨਾਂ ਨੂੰ ਪਿਆਰ ਕਰਦੀ ਹੈ ਉਹ ਓਸ ਦੇ ਫੇਵਰਟ ਸਟਾਰ "ਸਤਲੁਜ " ਨਾਲ ਬਣੇ ਹਨ।_ਅੰਮ੍ਰਿਤ ਪਵਾਰ।

## ਓਹਾਇਓ 'ਚ ਗੋਲੀਬਾਰੀ , ਪੁਲਿਸ ਸਾਰਜੈਂਟ ਦੀ ਮੌਤ ਤੇ 4 ਹੋਰ ਜ਼ਖਮੀ * ਸ਼ੱਕੀ ਤੇ ਦੋ ਹੋਰ ਲੋਕ ਵੀ ਮਾਰੇ ਗਏ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਓਹੀਓ ਦੇ ਇੱਕ ਘਰ ਵਿੱਚ ਚੋਰੀ ਅਤੇ ਗੋਲੀਆਂ ਚੱਲਣ ਬਾਰੇ ਸੂਚਨਾ ਮਿਲਣ 'ਤੇ ਮੌਕੇ ਉਪਰ ਪੁੱਜੇ ਪੁਲਿਸ ਅਫਸਰਾਂ 'ਤੇ ਕੀਤੀ ਗੋਲੀਬਾਰੀ ਵਿੱਚ ਇੱਕ ਪੁਲਿਸ ਸਾਰਜੈਂਟ ਦਾ ਮੌਤ ਹੋ ਗਈ ਤੇ ਚਾਰ ਹੋਰ ਪੁਲਿਸ ਅਧਿਕਾਰੀ ਅਤੇ ਪੁਲਿਸ ਦਾ ਇੱਕ ਕੁੱਤਾ ਜ਼ਖਮੀ ਹੋ ਗਿਆ। ਇਸ ਦੌਰਾਨ ਦੋ ਹੋਰ ਲੋਕਾਂ ਦੀ ਮੌਤ ਵੀ ਹੋਈ ਹੈ ਤੇ ਪੁਲਿਸ ਦੀ ਜਵਾਬੀ ਕਾਰਵਾਈ ਵਿੱਚ ਸ਼ੱਕੀ ਵੀ ਮਾਰਿਆ ਗਿਆ। ਇਹ ਘਟਨਾ ਕਲੀਵਲੈਂਡ ਤੋਂ ਤਕਰੀਬਨ 40 ਮੀਲ ਦੂਰ ਦੱਖਣ ਵਿੱਚ ਰਿਟਮੈਨ ਵਿਖੇ ਹੋਈ। ਰਿਟਮੈਨ ਪੁਲਿਸ ਮੁਖੀ ਰੌਬਰਟ ਸ਼ੋਅਜ਼ ਅਤੇ ਵੇਨ ਤੇ ਮੈਡੀਨਾ ਕਾਊਂਟੀਆਂ ਦੇ ਸ਼ੈਰਿਫਾਂ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਹੈ ਕੇ ਮੌਕੇ 'ਤੇ ਪਹੁੰਚਣ 'ਤੇ ਪੁਲਿਸ ਅਧਿਕਾਰੀਆਂ ਉਪਰ ਤੁਰੰਤ ਗੋਲੀਬਾਰੀ ਕੀਤੀ ਗਈ। ਜਿਸ ਕਾਰਨ ਉਨ•ਾਂ ਨੂੰ ਸੰਭਲਣ ਦਾ ਮੌਕਾ ਹੀ ਨਹੀਂ ਮਿਲਿਆ। ਮਾਰੇ ਗਏ ਸਾਰਜੈਂਟ ਦੀ ਪਛਾਣ 54 ਸਾਲਾ ਸਕਾਟ ਰੀਸ ਵਜੋਂ ਹੋਈ ਹੈ ਜੋ ਪਿਛਲੇ 10 ਸਾਲ ਤੋਂ ਪੁਲਿਸ ਵਿਭਾਗ ਵਿੱਚ ਕੰਮ ਕਰ ਰਿਹਾ ਸੀ। ਜ਼ਖਮੀ ਅਧਿਕਾਰੀਆਂ ਵਿੱਚ ਤਿੰਨ ਮੈਡੀਨਾ ਕਾਊਂਟੀ ਸ਼ੈਰਿਫ ਦਫਤਰ ਅਤੇ ਚੌਥਾ ਹਿੰਕਲੇ ਪੁਲਿਸ ਵਿਭਾਗ ਵਿੱਚ ਤਾਇਨਾਤ ਹੈ। ਸੀ। ਇਨ•ਾਂ ਵਿਚੋਂ ਦੋ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਥੇ ਉਨ•ਾਂ ਦੀ ਹਾਲਤ ਸਥਿਰ ਹੈ। ਕੁੱਤਾ ਗੰਭੀਰ ਹਾਲਤ ਵਿੱਚ ਹੈ। ਪੁਲਿਸ ਨੇ ਮਾਰੇ ਗਏ ਸ਼ੱਕੀ ਤੇ ਦੋ ਹੋਰ ਲੋਕਾਂ ਦੇ ਨਾਂ ਜਾਰੀ ਨਹੀਂ ਕੀਤੇ ਹਨ ਤੇ ਨਾ ਹੀ ਘਟਨਾ ਸਬੰਧੀ ਹੋਰ ਵੇਰਵਾ ਦਿੱਤਾ ਹੈ। ਰਾਈਸ ਦੇ ਸਨਮਾਨ ਵਿੱਚ ਉਸ ਦੇ ਸਸਕਾਰ ਤੱਕ ਓਹੀਓ ਦੇ ਗਵਰਨਰ ਮਾਈਕ ਡਿਵਾਈਨ ਨੇ ਵੇਨ ਕਾਊਂਟੀ, ਓਹੀਓ ਸਟੇਟ ਹਾਊਸ ਅਤੇ ਹੋਰ ਸਰਕਾਰੀ ਇਮਾਰਤਾਂ ਅਤੇ ਮੈਦਾਨਾਂ ਵਿੱਚ ਰਾਸ਼ਟਰੀ ਝੰਡੇ ਅੱਧੇ ਝੁਕੇ ਰੱਖਣ ਦਾ ਆਦੇਸ਼ ਦਿੱਤਾ ਹੈ।

## ਸੜਕ ਹਾਦਸੇ ਦੇ ਮਾਮਲੇ ਵਿੱਚ ਪੰਜਾਬੀ ਡਰਾਈਵਰ ਗ੍ਰਿਫਤਾਰ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਸ਼ਿਕਾਗੋ, ਇਲੀਨੋਇਸ ਵਿੱਚ 34 ਸਾਲਾ ਪੰਜਾਬੀ ਟਰੱਕ ਡਰਾਈਵਰ ਨੂੰ ਇੱਕ ਸੜਕ ਹਾਦਸੇ ਦੇ ਮਾਮਲੇ ਵਿਚ ਗ੍ਰਿਫਤਾਰ ਕਰ ਲਿਆ ਗਿਆ ਹੈ। ਪੁਲਿਸ ਅਨੁਸਾਰ ਹਾਦਸੇ ਸਮੇ ਉਹ ਆਪਣੇ ਫ਼ੋਨ 'ਤੇ ਗੱਲ ਕਰ ਰਿਹਾ ਸੀ ਜਦੋਂ ਉਸ ਨੇ ਇੰਟਰਸਟੇਟ 80 'ਤੇ ਕਾਰ ਦਾ ਟਾਇਰ ਬਦਲ ਰਹੇ ਇੱਕ ਵਿਅਕਤੀ ਨੂੰ ਟੱਕਰ ਮਾਰ ਦਿੱਤੀ ਤੇ ਜਿਸ ਦੀ ਮੌਕੇ ਉਪਰ ਹੀ ਮੌਤ ਹੋ ਗਈ। ਕੁਲਜੀਤ ਕੰਗ 'ਤੇ ਲਾਪਰਵਾਹੀ ਵਰਤਣ ਤੇ ਹੱਤਿਆ ਦੇ ਦੋਸ਼ ਲਾਏ ਗਏ ਹਨ। ਉਸ ਉਪਰ ਹਾਦਸੇ ਉਪਰੰਤ ਮੌਕੇ ਉਪਰੋਂ ਭੱਜ ਜਾਣ ਦਾ ਦੋਸ਼ ਵੀ ਲਾਇਆ ਗਿਆ ਹੈ। ਸੁਣਵਾਈ ਦੌਰਾਨ ਜੱਜ ਰਿਵਾਂਡਾ ਡੌਸ ਬੀਲ ਨੇ ਕੰਗ ਨੂੰ ਹਿਰਾਸਤ ਵਿੱਚ ਰੱਖਣ ਦਾ ਹੁਕਮ ਦਿੱਤਾ ਹੈ।


**CHANGE OF NAME**

Please one tick box
- ☐ £30 Print in UK only
- ☐ £60 Print UK & India
- ☐ £85 Print UK & India (Express)

NOTE: Please allow 6 weeks for India delivery or 2 weeks for Express Courier

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**


Account Name: Punjab Times Trust Ltd
Account No: 20853011 Sort Code: 20-25-85


## CHANGE OF NAME

I, MS ALKA D/O OF MR RAJ KUMAR WHOSE PERMANENT ADDRESS IN INDIA IS - 1138, TARA CHAND COLONY VILL. GARHA, JALANDHAR PIN: 144022, PUNJAB, AND NOW LIVING AT, 27 RICHMOND STREET, WALSALL, WEST MIDLAND, WS1 2JX, UK. HEREBY GIVE NOTICE OF MY INTENTION TO CHANGE MY NAME TO MS ALKA (GIVEN NAME) DADRAL (SURNAME). (U)

WE, SAVEEN ABUBAKER AND RAZIA RAHIM, WHOSE PERMANENT ADDRESS IS 7A, SKYLINE OPAL ARCH, JUDGES AVENUE, KALOOR - 682017, KERALA, INDIA, AND NOW LIVING AT 54 MILDENHALL CRESCENT, NOTTINGHAM NG5 5RP, UNITED KINGDOM, HEREBY GIVE NOTICE OF INTENTION TO CHANGE OUR DAUGHTER'S NAME AMREEN MARYAM (PASSPORT NO.U2405794) TO AMREEN MARYAM SAVEEN.

# ਸਿਹਤ ਤੇ ਸੁੰਦਰਤਾ



## ਸਾਵਧਾਨ ! ਫਰਿੱਜ ਵਿੱਚ ਰੱਖਿਆ ਗੁੰਨ੍ਹਿਆ ਆਟਾ ਬਣ ਸਕਦੈ ਬਿਮਾਰੀਆਂ ਦਾ ਘਰ



ਹੈਲਥ ਡੈਸਕ-ਅੱਜ-ਕੱਲ੍ਹ ਸਮੇਂ ਦੀ ਬੱਚਤ ਲਈ ਆਟਾ ਗੁੰਨ੍ਹ ਕੇ ਫਰਿੱਜ ਵਿੱਚ ਸਟੋਰ ਕਰਨਾ ਇੱਕ ਆਮ ਆਦਤ ਬਣ ਗਿਆ ਹੈ, ਪਰ ਇਹ ਸ਼ਾਰਟਕੱਟ ਸਿਹਤ ਲਈ ਬਹੁਤ ਹਾਨੀਕਾਰਕ ਸਾਬਤ ਹੋ ਸਕਦਾ ਹੈ। ਮਾਹਿਰਾਂ ਅਨੁਸਾਰ, ਗੁੰਨ੍ਹੇ ਹੋਏ ਆਟੇ ਨੂੰ ਲੰਬੇ ਸਮੇਂ ਤੱਕ ਫਰਿੱਜ ਵਿੱਚ ਰੱਖਣ ਨਾਲ ਉਸ ਵਿੱਚ ਹਾਨੀਕਾਰਕ ਕੈਮੀਕਲ ਅਤੇ ਮਾਈਕੋਟੌਕਸਿਨ ਬਣਨ ਲੱਗਦੇ ਹਨ। ਇਸ ਤੋਂ ਇਲਾਵਾ ਆਟੇ ਦੇ ਜ਼ਰੂਰੀ ਪੋਸ਼ਕ ਤੱਤ ਵੀ ਖ਼ਤਮ ਹੋ ਜਾਂਦੇ ਹਨ।

ਇਸ ਬਾਸੀ ਆਟੇ ਦੀਆਂ ਰੋਟੀਆਂ ਖਾਣ ਨਾਲ ਪੇਟ ਦਰਦ, ਲੂਜ਼ ਮੋਸ਼ਨ, ਗੈਸ-ਐਸਿਡਿਟੀ ਅਤੇ ਫੂਡ ਪੁਆਇਜ਼ਨਿੰਗ ਵਰਗੀਆਂ ਗੰਭੀਰ ਪੇਟ ਦੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਸਿਹਤਮੰਦ ਰਹਿਣ ਲਈ ਹਮੇਸ਼ਾ ਤਾਜ਼ੇ ਗੁੰਨ੍ਹੇ ਹੋਏ ਆਟੇ ਦੀ ਰੋਟੀ ਖਾਣ ਦੀ ਹੀ ਸਲਾਹ ਦਿੱਤੀ ਜਾਂਦੀ ਹੈ।

## ਡੱਬਾਬੰਦ ਖਾਣਾ ਵਧਾ ਰਿਹਾ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ

### ✪ ਫਰਾਂਸ ਦੇ ਵੱਡੇ ਅਧਿਐਨ ’ਚ ਹੋਇਆ ਖੁਲਾਸਾ

ਡੱਬਾਬੰਦ (ਪੈਕਡ) ਭੋਜਨ ਨੂੰ ਲੰਬੇ ਸਮੇਂ ਤੱਕ ਖ਼ਰਾਬ ਹੋਣ ਤੋਂ ਬਚਾਉਣ ਲਈ ਵਰਤੇ ਜਾਣ ਵਾਲੇ ‘ਪ੍ਰੀਜ਼ਰਵੇਟਿਵ’ ਇਨਸਾਨੀ ਦਿਲ ਨੂੰ ਗੰਭੀਰ ਨੁਕਸਾਨ ਪਹੁੰਚਾ ਰਹੇ ਹਨ। ਫਰਾਂਸ ਵਿੱਚ 1,12,000 ਲੋਕਾਂ ’ਤੇ ਲਗਭਗ 7 ਤੋਂ 8 ਸਾਲਾਂ ਤੱਕ ਕੀਤੇ ਗਏ ਇੱਕ ਅਧਿਐਨ ਮੁਤਾਬਕ, ਅਜਿਹੇ ਪ੍ਰੀਜ਼ਰਵੇਟਿਵ ਵਾਲੇ ਖਾਣੇ ਦੀ ਜ਼ਿਆਦਾ ਵਰਤੋਂ ਕਰਨ ਵਾਲਿਆਂ ਵਿੱਚ ਹਾਈ ਬਲੱਡ ਪ੍ਰੈਸ਼ਰ (ਹਾਈ ਬੀਪੀ) ਦਾ ਖ਼ਤਰਾ 29 ਫੀਸਦੀ ਅਤੇ ਦਿਲ ਦੇ ਰੋਗਾਂ ਦਾ ਖ਼ਤਰਾ 16 ਫੀਸਦੀ ਤੱਕ ਵਧ ਜਾਂਦਾ ਹੈ।

ਖੋਜ ਵਿੱਚ ਸਾਹਮਣੇ ਆਇਆ ਹੈ ਕਿ ਸੋਡੀਅਮ ਨਾਈਟ੍ਰਾਈਟ, ਪੋਟਾਸ਼ੀਅਮ ਸੋਰਬੇਟ ਅਤੇ ਕੁਝ ਖਾਸ ਸਲਫਾਈਟ ਮਿਸ਼ਰਣ ਦਿਲ ਦੇ ਦੌਰੇ, ਸਟ੍ਰੋਕ ਅਤੇ ਐਨਜਾਈਨਾ ਵਰਗੀਆਂ ਸਮੱਸਿਆਵਾਂ ਲਈ ਸਭ ਤੋਂ ਵੱਧ ਜ਼ਿੰਮੇਵਾਰ ਹਨ। ਮਾਹਿਰਾਂ ਮੁਤਾਬਕ ਇਹ ਕੈਮੀਕਲ ਸਰੀਰ ਵਿੱਚ ਆਕਸੀਡੇਟਿਵ ਤਣਾਅ ਵਧਾਉਂਦੇ ਹਨ, ਜੋ ਦਿਲ ਦੀ ਸਿਹਤ ਵਿਗਾੜਦਾ ਹੈ।



ਹਾਲਾਂਕਿ, ਖੋਜਕਰਤਾਵਾਂ ਦਾ ਇਹ ਵੀ ਕਹਿਣਾ ਹੈ ਕਿ ਅਜਿਹਾ ਖਾਣਾ ਖਾਣ ਵਾਲਿਆਂ ਦੀ ਗ਼ਲਤ ਜੀਵਨ ਸ਼ੈਲੀ, ਨਮਕ-ਚਰਬੀ ਦੀ ਵੱਧ ਮਾਤਰਾ ਅਤੇ ਸਰੀਰਕ ਸਰਗਰਮੀ ਦੀ ਕਮੀ ਵੀ ਇਸ ਖ਼ਤਰੇ ਨੂੰ ਵਧਾਉਂਦੀ ਹੈ। ਸਿਹਤ ਮਾਹਿਰਾਂ ਨੇ ਦਿਲ ਨੂੰ ਤੰਦਰੁਸਤ ਰੱਖਣ ਲਈ ਡੱਬਾਬੰਦ ਭੋਜਨ ਦੀ ਬਜਾਏ ਤਾਜ਼ੇ ਅਤੇ ਘਰ ਦੇ ਬਣੇ ਖਾਣੇ ਨੂੰ ਪਹਿਲ ਦੇਣ ਦੀ ਸਿਫਾਰਸ਼ ਕੀਤੀ ਹੈ।

## ਫੈਟੀ ਲੀਵਰ ਤੋਂ ਹੋ ਪਰੇਸ਼ਾਨ ? ਜਿਗਰ ਦੀ ਚਰਬੀ ਘਟਾਉਣ ਲਈ ਇਹ 3 ਚੀਜ਼ਾਂ ਹਨ ‘ਵਰਦਾਨ’

ਜਿਗਰ (ਲੀਵਰ) ਵਿੱਚ ਚਰਬੀ ਜਮ੍ਹਾਂ ਹੋਣ ਕਾਰਨ ਫੈਟੀ ਲੀਵਰ ਦੀ ਸਮੱਸਿਆ ਪੈਦਾ ਹੁੰਦੀ ਹੈ। ਜੇਕਰ ਸਮੇਂ ਸਿਰ ਇਸ ਦਾ ਇਲਾਜ ਨਾ ਕੀਤਾ ਜਾਵੇ, ਤਾਂ ਇਹ ਜਿਗਰ ਦੀ ਸੋਜ, ਫਾਈਬਰੋਸਿਸ ਜਾਂ ਸਿਰੋਸਿਸ ਵਰਗੀਆਂ ਜਾਨਲੇਵਾ ਬਿਮਾਰੀਆਂ ਦਾ ਰੂਪ ਧਾਰਨ ਕਰ ਸਕਦੀ ਹੈ। ਮਾਹਿਰਾਂ ਅਨੁਸਾਰ ਸਹੀ ਖ਼ੁਰਾਕ ਦੀ ਮਦਦ ਨਾਲ ਇਸ ਸਮੱਸਿਆ ਨੂੰ ਘਟਾਇਆ ਜਾਂ ਖ਼ਤਮ ਕੀਤਾ ਜਾ ਸਕਦਾ ਹੈ। ਲੀਵਰ ਨੂੰ ਤੰਦਰੁਸਤ ਰੱਖਣ ਲਈ ਇਹ ਤਿੰਨ ਚੀਜ਼ਾਂ ਬੇਹੱਦ ਫਾਇਦੇਮੰਦ ਹਨ:

ਬਲੈਕ ਕਾਫੀ: ਬਿਨਾਂ ਦੁੱਧ ਅਤੇ ਖੰਡ ਦੇ ਰੋਜ਼ਾਨਾ ਕਾਲੀ ਕੌਫੀ ਪੀਣ ਨਾਲ ਜਿਗਰ ਦੇ ਐਨਜ਼ਾਈਮ ਆਮ ਹੁੰਦੇ ਹਨ। ਇਸ ਵਿੱਚ ਮੌਜੂਦ ਐਂਟੀਆਕਸੀਡੈਂਟ ਚਰਬੀ ਦੇ ਜਮ੍ਹਾਂ ਹੋਣ ਦੀ ਪ੍ਰਕਿਰਿਆ ਨੂੰ ਹੌਲੀ ਕਰਦੇ ਹਨ ਅਤੇ ਫਾਈਬਰੋਸਿਸ ਦਾ ਖ਼ਤਰਾ ਘਟਾਉਂਦੇ ਹਨ।

ਪਾਲਕ: ਹਰੀਆਂ ਪੱਤੇਦਾਰ ਸਬਜ਼ੀਆਂ ਵਿੱਚੋਂ ਪਾਲਕ ਲੀਵਰ ਦੇ ਮਰੀਜ਼ਾਂ ਲਈ ਖਾਸ ਤੌਰ ’ਤੇ ਗੁਣਕਾਰੀ ਹੈ। ਪਾਲਕ ਵਿੱਚ ਮੌਜੂਦ ਨਾਈਟ੍ਰੇਟ ਅਤੇ ਪੌਲੀਫੇਨੋਲ ਸਿੱਧੇ ਤੌਰ ’ਤੇ ਜਿਗਰ ਦੀ ਚਰਬੀ ਨੂੰ ਘੱਟ ਕਰਨ ਵਿੱਚ ਮਦਦ ਕਰਦੇ ਹਨ।

ਬ੍ਰੋਕਲੀ: ਫੈਟੀ ਲੀਵਰ ਨੂੰ ਘਟਾਉਣ ਲਈ ਬ੍ਰੋਕਲੀ ਇੱਕ ਵਧੀਆ ਵਿਕਲਪ ਹੈ। ਇਸ ਵਿੱਚ ਮੌਜੂਦ ‘ਸਲਫੋਰਾਫੇਨ’ ਅਤੇ ਐਂਟੀ-ਆਕਸੀਡੈਂਟ ਕੁਦਰਤੀ ਤੌਰ ’ਤੇ ਜਿਗਰ ਦੀ ਰੱਖਿਆ ਕਰਦੇ ਹਨ ਅਤੇ ਇਸ ਦੇ ਚਰਬੀ ਵਾਲੇ ਰਸਤੇ ਨੂੰ ਸਰਗਰਮ ਕਰਕੇ ਚਰਬੀ ਘਟਾਉਂਦੇ ਹਨ।

## * ਚੂੰਢੀਆਂ–ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਸੁਖਜਿੰਦਰ ਰੰਧਾਵਾ ਨੇ ਪੰਜਾਬ ਮੁੱਦਿਆਂ ਸਬੰਧੀ ਅਮਿਤ ਸ਼ਾਹ ਨਾਲ ਕੀਤੀ ਮੁਲਾਕਾਤ- ਇਕ ਖ਼ਬਰ**

-ਵੇ ਘਰ ਤੇਲਣ ਦੇ ਤੇਰਾ ਚਾਦਰਾ ਖੜਕੇ, ਵੇ ਘਰ ਤੇਲਣ ਦੇ।



***ਰਾਮ ਮੰਦਰ ਚੋਰੀ ਤੋਂ ਬਾਅਦ ਬਦਰੀਨਾਥ ਧਾਮ ‘ਚ ਵੀ ਲੱਗੇ ਹੇਰਾ ਫੇਰੀ ਦੇ ਦੋਸ਼- ਇਕ ਖ਼ਬਰ**

-ਇਕ ਨੂੰ ਕੀ ਰੋਨੀ ਏਂ, ਊਤ ਗਿਆ ਈ ਆਵਾ।



***ਮੋਦੀ-ਸ਼ਾਹ ਤੋਂ ਲੋਕ ਤੰਤਰ ਨੂੰ ਸਭ ਤੋਂ ਵੱਡਾ ਖ਼ਤਰਾ- ਇੰਡੀਆ ਬਲਾਕ**

-ਡਰਿਉ ਲੋਕੋ ਵੇ ਡਰਿਉ, ਲੰਬੜਾਂ ਦੀ ਸੇਪ ਨਾ ਕਰਿਉ।

***ਅਮਰੀਕਾ ਤੋਂ ਕਿਉਂ ਮੋਹ ਭੰਗ ਹੋ ਰਿਹਾ ਹੈ ਭਾਰਤੀ ਵਿਦਿਆਰਥੀਆਂ ਦਾ?- ਇਕ ਸਵਾਲ**

-ਫਰੀਦਾ ਬਾਰਿ ਪਰਾਇਐ ਬੈਸਣਾ ਸਾਈ ਮੁਝੈ ਨ ਦੇਹਿ।




***ਕਾਕਰੋਚ ਜਨਤਾ ਪਾਰਟੀ ਨੂੰ ਕਿਸਾਨ ਜਥੇਬੰਦੀਆਂ ਨੇ ਦਿਤਾ ਸਮਰਥਨ- ਇਕ ਖ਼ਬਰ**

-ਜਦੋਂ ਦੇਖ ਲਿਆ ਵੀਰ ਦਾ ਬੋਤਾ, ਮੱਲ ਵਾਗੂੰ ਪੈਰ ਚੁੱਕਦੀ।



***ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਘਟਣ ਕਰ ਕੇ ਗਲਾਸਗੋ ਯੂਨੀਵਰਸਿਟੀ ਘਾਟੇ ‘ਚ- ਇਕ ਖ਼ਬਰ**

-ਮੇਰਾ ਨਰਮ ਕਾਲਜਾ ਖੁੱਸਦਾ, ਡੋਰਾਂ ਸਣੇ ਬਾਜ ਉੱਡਗੇ।



***ਸ਼ਰਨ ਮੰਗਣ ਵਾਲਿਆਂ ਲਈ ਅਮਰੀਕਾ ਦੇ ਦਰਵਾਜ਼ੇ ਹੋਏ ਬੰਦ- ਟਰੰਪ ਪ੍ਰਸ਼ਾਸਨ**

-ਸਾਨੂੰ ਤੋਤਿਆਂ ਨੂੰ ਬਾਗ਼ ਬਥੇਰੇ, ਨਿੰਮ ਦਾ ਤੂੰ ਮਾਣ ਨਾ ਕਰੀਂ।



***ਇਰਾਨ ਨੇ ਟਰੰਪ ਦੇ ਮੁਲ-ਾਕਾਤ ਦੇ ਦਾਅਵੇ ਨੂੰ ਨਕਾਰਿਆ- ਇਕ ਖ਼ਬਰ**

-ਹੁਣ ਅੱਕਾਂ ਤੋਂ ਭਾਲ਼ਦੀ ਡੇਲੇ, ਜੱਟਾਂ ਨੇ ਕਰੀਰ ਪੁੱਟ ਲਏ।



***ਮਹਾਰਾਸ਼ਟਰ ਸਰਕਾਰ ਨੇ ਸਿੱਖ ਆਗੂਆਂ ਤੇ ਮਾਹਰਾਂ ਦੀ ਕਮੇਟੀ ਬਣਾਈ- ਇਕ ਖ਼ਬਰ**

-ਲੱਸੀ ਲੈਣ ਦੇ ਬਹਾਨੇ ਆਉਂਦੇ, ਛੜਿਆਂ ਦੀ ਨੀਤ ਬੁਰੀ।

***23 ਸਿਆਸੀ ਪਾਰਟੀਆਂ ਨੇ ਚੋਣ ਕਮਿਸ਼ਨ ਦੀ ਭੂਮਿਕਾ ਉੱਤੇ ਚੀਫ਼ ਜਸਟਿਸ ਨੂੰ ਲਿਖੀ ਚਿੱਠੀ- ਇਕ ਖ਼ਬਰ**

-ਜਾਣਾ ਦਰਬਾਰ ਮੈਂ ਦਲੀਲਾਂ ਧਾਰੀਆਂ, ਦੱਸਦਾ ਹਕੀਕਤਾਂ ਤਮਾਮ ਸਾਰੀਆਂ।



***ਭਾਜਪਾ ਪੰਜਾਬ ਨੂੰ ਫਿਰ ਇਕ ਨੰਬਰ ‘ਤੇ ਲਿਆਵੇਗੀ- ਕੇਵਲ ਢਿੱਲੋਂ**

-ਵਿਹੜੇ ਖੇੜਿਆਂ ਦੇ ਤਿਲਕਣਬਾਜ਼ੀਆਂ ਨੇ, ਜ਼ਰਾ ਸੋਚ ਕੇ ਕਦਮ ਟਿਕਾਈਂ ਬੱਚਾ।



***ਕਾਂਗਰਸ ਪਾਰਟੀ ਇਕਜੁੱਟ ਹੋ ਕੇ ਇਸ ਨਾਕਾਰਾ ਸਰਕਾਰ ਤੋਂ ਲੋਕਾਂ ਨੂੰ ਮੁਕਤੀ ਦਿਵਾਵੇਗੀ- ਸੰਗਤ ਸਿੰਘ ਗਿਲਜੀਆਂ**

-ਨਾ ਨੌਂ ਮਣ ਤੇਲ ਹੋਵੇ, ਨਾ ਰਾਧਾ ਨੱਚੇ।



***ਇਰਾਨ ਨੇ ਅਮਰੀਕਾ ਨਾਲ ਸ਼ਾਂਤੀ ਵਾਰਤਾ ਅੱਗੇ ਵਧਾਉਣ ਤੋਂ ਕੀਤਾ ਇਨਕਾਰ- ਇਕ ਖ਼ਬਰ**

-ਕਾਲ਼ੇ ਕੋਲ ਮੰਜਾ ਨਹੀਂ ਡਾਹੁਣਾ, ਲਿਸ਼ਕੇ ਤਾਂ ਪੈ ਜੂ ਬਿਜਲੀ।



***ਕਾਂਗਰਸ ਹਾਈ ਕਮਾਂਡ ਵਲੋਂ ਪੰਜਾਬ ਕਾਂਗਰਸ ਦਾ ਸੰਕਟ ਹੱਲ ਕਰਨ ਲਈ ਕੋਸ਼ਿਸ਼ਾਂ ਸ਼ੁਰੂ- ਇਕ ਖ਼ਬਰ**

-ਨੀ ਐਡਾ ਤੇਰਾ ਕਿਹੜਾ ਦਰਦੀ, ਸੁੱਤੀ ਪਈ ਨੂੰ ਪੱਖੀ ਦੀ ਝੱਲ ਮਾਰੇ।

***ਪੰਜ ਜੁਲਾਈ ਨੂੰ ਪਾਸ ਕਰਵਾਏ ਗਏ ਪੰਥਕ ਮਤਿਆਂ ਦੀ ਸਕਰਿਪਟ ਕਿਸੇ ਹੋਰ ਜਗ੍ਹਾ ਤੋਂ ਆਈ- ਰਵੀਇੰਦਰ ਸਿੰਘ**

-ਲੱਡੂ ਖਾ ਕੇ ਚੁਬਾਰੇ ਵਿਚੋਂ ਨਿਕਲੀ, ਮੱਖੀਆਂ ਨੇ ਪੈੜ ਨੱਪ ਲਈ

* * * * *

# MANAK SOLICITORS



**Aneeta Kaur Kang LL.B (Hons.)**
Deputy Head of Family &
Matrimonial Department

Aneeta Kaur Kang joined this firm as a Trainee Solicitor in October 2009 and now leads one of our Family & Matrimonial Departments. Aneeta is recognised on the Law Society's Advanced Family Law panel. Her warm, caring approach and deep expertise guide you through Divorce, Financial Matters and Children Issues with ease.

Contact Aneeta on telephone 01689 870769 or by email aneeta@manaksolicitors.co.uk for compassionate and expert advice.

**Biggin Hill I Gravesend I Orpington I Sevenoaks**



manaksolicitors.co.uk
01689 870 769

reviewsolicitors Excellent

Lexcel Legal Practice Quality Mark Law Society Accredited



Rajbir Singh Manak MA (Hons)

Surinder Singh Manak LLB (Hons)

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# 18 ਲੱਖ ਸਾਲਾਂ ਤੋਂ ਮਿੱਟੀ ਵਿੱਚ ਦੱਬਿਆ ਹਾਥੀ ਦਾ ਪ੍ਰਾਚੀਨ ਦੰਦ 11 ਸਾਲ ਦੇ ਬੱਚੇ ਨੂੰ ਯੂ ਕੇ ਦੇ ਸਮੁੰਦਰੀ ਤੱਟ ਤੋਂ ਮਿਲਿਆ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਦੇ ਸਫੋਕ ਸਮੁੰਦਰੀ ਤੱਟ 'ਤੇ ਇੱਕ 11 ਸਾਲ ਦੇ ਬੱਚੇ ਨੂੰ ਲਗਭਗ 18 ਲੱਖ ਸਾਲ ਪੁਰਾਣਾ ਹਾਥੀ ਦਾ ਦੰਦ ਮਿਲਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਲੱਭਣ ਤੋਂ ਸਿਰਫ਼ 10 ਮਿੰਟ ਪਹਿਲਾਂ ਹੀ ਉਹ ਬੱਚਾ ਆਪਣੀ ਮਾਂ ਨਾਲ ਹਾਥੀਆਂ ਬਾਰੇ ਗੱਲਾਂ ਕਰ ਰਿਹਾ ਸੀ।

ਚਾਰਲੀ ਓਰਚਰਡ-ਲਾਇਲ ਨਾਂ ਦਾ ਇਹ ਬੱਚਾ ਬੌਡਸੀ ਦੇ ਈਸਟ ਲੇਨ ਬੀਚ 'ਤੇ ਸੈਰ ਕਰ ਰਿਹਾ ਸੀ, ਜਦੋਂ ਉਸ ਦੀ ਨਜ਼ਰ ਲਹਿਰਾਂ ਵਿੱਚ ਪਏ ਇੱਕ ਅਜੀਬ ਪੱਥਰ ਵਰਗੀ ਚੀਜ਼ 'ਤੇ ਪਈ। ਬਾਅਦ ਵਿੱਚ ਜਦੋਂ ਮਾਹਰਾਂ ਵੱਲੋਂ ਇਸ ਦੀ ਜਾਂਚ ਕੀਤੀ ਗਈ, ਤਾਂ ਪਤਾ ਲੱਗਿਆ ਕਿ ਇਹ ਕੋਈ ਆਮ ਪੱਥਰ ਨਹੀਂ, ਸਗੋਂ 'ਅਨਾਨਕਸ ਅਰਵਰਨੇਨਸਿਸ' ਨਾਂ ਦੇ ਇੱਕ ਵਿਲੱਖਣ ਪ੍ਰਾਚੀਨ ਹਾਥੀ ਦਾ ਦੰਦ ਹੈ, ਜੋ ਲਗਭਗ 18 ਲੱਖ ਸਾਲ ਪਹਿਲਾਂ ਇਸ ਧਰਤੀ 'ਤੇ ਪਾਇਆ ਜਾਂਦਾ ਸੀ।ਲੰਡਨ ਦੇ ਨੈਚੁਰਲ ਹਿਸਟਰੀ ਮਿਊਜ਼ੀਅਮ ਦੇ ਪ੍ਰੋਫੈਸਰ ਐਡਰੀਅਨ ਲਿਸਟਰ ਨੇ ਇਸ ਦੰਦ ਦੇ ਅਸਲੀ ਹੋਣ ਦੀ ਪੁਸ਼ਟੀ ਕੀਤੀ ਹੈ।


'ਅਨਾਨਕਸ ਅਰਵਰਨੇਨਸਿਸ' ਅੱਜ ਦੇ ਸਮੇਂ ਦੇ ਹਾਥੀਆਂ ਨਾਲੋਂ ਕਾਫ਼ੀ ਵੱਖਰਾ ਸੀ। ਇਸ ਦੀ ਸਭ ਤੋਂ ਵੱਡੀ ਖ਼ਾਸੀਅਤ ਇਸ ਦੇ ਲਗਭਗ 10 ਫੁੱਟ ਲੰਬੇ ਅਤੇ ਬਿਲਕੁਲ ਸਿੱਧੇ ਦੰਦ ਸਨ, ਜੋ ਕਿ ਇਸ ਦੇ ਪੂਰੇ ਸਰੀਰ ਦੀ ਲੰਬਾਈ ਦੇ ਬਰਾਬਰ ਸਨ। ਇਹ ਹਾਥੀ ਮੋਢੇ ਤੱਕ ਲਗਭਗ 8 ਫੁੱਟ ਉੱਚਾ ਹੁੰਦਾ ਸੀ ਅਤੇ ਇਸ ਦਾ ਵਜ਼ਨ 5 ਤੋਂ 6 ਟਨ ਦੇ ਕਰੀਬ ਸੀ। ਇਹ ਪ੍ਰਾਚੀਨ ਜੀਵ ਯੂਰਪ ਦੇ ਜੰਗਲਾਂ ਵਿੱਚ ਰਹਿੰਦਾ ਸੀ ਅਤੇ ਦਰਖ਼ਤਾਂ ਦੀਆਂ ਟਾਹਣੀਆਂ, ਪੱਤੇ ਤੇ ਛਿੱਲ ਖਾ ਕੇ ਗੁਜ਼ਾਰਾ ਕਰਦਾ ਸੀ।ਵਿਗਿਆਨੀਆਂ ਮੁਤਾਬਕ ਸਫੋਕ ਦਾ ਇਹ ਤੱਟਵਰਤੀ ਇਲਾਕਾ ਆਪਣੀ 'ਰੈੱਡ ਕ੍ਰੈਗ ਫਾਰਮੇਸ਼ਨ' ਲਈ ਜਾਣਿਆ ਜਾਂਦਾ ਹੈ, ਜਿੱਥੇ ਲੱਖਾਂ ਸਾਲ ਪੁਰਾਣੇ ਸਮੁੰਦਰੀ ਅਤੇ ਤੱਟਵਰਤੀ ਜੀਵਾਂ ਦੇ ਅਵਸ਼ੇਸ਼ ਦੱਬੇ ਹੋਏ ਹਨ। ਸਮੁੰਦਰੀ ਲਹਿਰਾਂ ਅਤੇ ਤੇਜ਼ ਹਵਾਵਾਂ ਕਾਰਨ ਜਦੋਂ ਇੱਥੋਂ ਦੀਆਂ ਚੱਟਾਨਾਂ ਦਾ ਖੋਰ ਹੁੰਦਾ ਹੈ, ਤਾਂ ਮਿੱਟੀ ਵਿੱਚ ਸਦੀਆਂ ਤੋਂ ਦੱਬੇ ਇਹ ਪ੍ਰਾਚੀਨ ਇਤਿਹਾਸ ਦੇ ਟੁਕੜੇ ਬਾਹਰ ਨਿਕਲ ਕੇ ਬੀਚ 'ਤੇ ਆ ਜਾਂਦੇ ਹਨ।


ਸਮੁੰਦਰੀ ਤੱਟ ਤੋਂ ਮਿਲਿਆ ਹਾਥੀ ਦਾ ਦੰਦ

## ਇਟਲੀ ਵਿੱਚ ਰਹਿੰਦੇ ਭਾਰਤੀਆਂ ਨੂੰ ਸੁਚੇਤ ਰਹਿਣ ਦੀ ਲੋੜ, ਕਈ ਸਾਲ ਪਹਿਲਾਂ ਇੰਗਲੈਂਡ ਦੇ ਤੇ ਹੁਣ ਕੈਨੇਡਾ ਦੇ ਜਾਅਲੀ ਫੋਨ ਨੰਬਰਾਂ ਤੋਂ ਆਉਂਦੀਆਂ ਹਨ ਕਾਲਾਂ

### * ਸ਼ੋਸ਼ਲ ਮੀਡੀਆ ਪਲੇਟਫ਼ਾਰਮ ਫੇਸਬੁੱਕ ਉੱਤੇ ਵੀ ਇਹ ਗੌਰਖ ਧੰਦਾ ਹੈ ਬਹੁਤ ਚਰਚਿਤ, ਪੈਸਿਆਂ ਦੀ ਕੀਤੀ ਜਾ ਰਹੀ ਹੈ ਮੰਗ *

ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ) ਪਿਛਲੇ ਕੁਝ ਸਾਲਾਂ ਤੋ ਇਟਲੀ ਵਿੱਚ ਰਹਿੰਦੇ ਭਾਰਤੀਆਂ ਨੂੰ ਇੰਗਲੈਂਡ ਦੇ ਜਾਅਲੀ ਫੋਨ ਨੰਬਰਾਂ ਤੋ ਫੋਨ ਕਾਲਾਂ ਦਾ ਗੌਰਖ ਧੰਦਾ ਬਹੁਤ ਹੀ ਸੁਰਖ਼ੀਆਂ ਵਿੱਚ ਹੁੰਦਾ ਸੀ, ਜਿਸ ਵਿੱਚ ਬਹੁਤ ਸਾਰੇ ਭੋਲੇ ਭਾਲੇ ਲੋਕਾਂ ਨੂੰ ਇਸ ਧੋਖਾਧੜੀ ਦਾ ਸ਼ਿਕਾਰ ਹੋਣਾ ਪਿਆ ਸੀ। ਇਸ ਬਾਅਦ ਸ਼ੋਸ਼ਲ ਮੀਡੀਆ ਪਲੇਟਫ਼ਾਰਮ ਫੇਸਬੁੱਕ ਮਸੈਜ਼ਰ ਰਾਹੀਂ ਵੀ ਇਸ ਤਰ੍ਹਾਂ ਦਾ ਗੌਰਖ ਧੰਦਾ ਬਹੁਤ ਹੀ ਚਰਚਾਵਾਂ ਵਿੱਚ ਰਹਿੰਦਾ ਹੈ ਜਿਸ ਵਿੱਚ ਬਹੁਤ ਵਾਰੀ ਲੋਕਾਂ ਲੁੱਟ ਦਾ ਸ਼ਿਕਾਰ ਹੋਣਾ ਪਿਆ ਹੈ। ਹੁਣ ਫਿਰ ਤੋ ਇਟਲੀ ਵਿੱਚ ਰਹਿੰਦੇ ਭਾਰਤੀਆਂ ਨੂੰ ਕੈਨੇਡਾ ਦੇ ਫੋਨ ਨੰਬਰਾਂ ਤੋ ਜਾਅਲੀ ਰਿਸ਼ਤੇਦਾਰ, ਦੋਸਤ ਜਾਂ ਫਿਰ ਦੋਸਤ ਦਾ ਦੋਸਤ ਬਣ ਕੇ ਵੱਖ-ਵੱਖ ਫੋਨ ਨੰਬਰਾਂ ਤੋ ਪੰਜਾਬੀ ਭਾਸ਼ਾ ਵਿੱਚ ਫੋਨ ਕਰਕੇ ਲੁੱਟ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਪ੍ਰੈੱਸ ਨਾਲ ਇਟਲੀ ਦੇ ਵੱਖ-ਵੱਖ ਹਿੱਸਿਆਂ ਤੋਂ ਕਈ ਭਾਰਤੀਆਂ ਨੇ ਸੰਪਰਕ ਕਰਕੇ ਦੱਸਿਆ ਕਿ ਸਾਨੂੰ ਵੀ ਕੈਨੇਡਾ ਦੇ ਨੰਬਰਾਂ ਤੇ ਫੋਨ ਆਉਦਾ ਹੈ ਤੇ ਸਾਡੇ ਨਾਲ ਪਹਿਲਾਂ ਬਹੁਤ ਹੀ ਵਧੀਆ ਤਰੀਕੇ ਨਾਲ ਗੱਲਬਾਤ ਕਰਦੇ ਹਨ ਤੇ ਜਦੋਂ ਇਸ ਬਾਰੇ ਪਤਾ ਕਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਇਹ ਸਭ ਗੋਰਖ ਧੰਦਾ ਹੈ। ਬੀਤੇ ਦਿਨੀ ਜਦੋਂ ਪੰਜਾਬੀ ਨਿਊਜ਼ ਇਟਲੀ ਵਲੋ ਇਸ ਗੋਰਖ ਧੰਦੇ ਦੀ ਕੈਨੇਡਾ ਦੇ ਕੁਝ ਪ੍ਰੈੱਸ ਅਦਾਰਿਆਂ ਰਾਹੀਂ ਪੜਤਾਲ ਕੀਤੀ ਗਈ ਤਾਂ ਉਨ੍ਹਾਂ ਨੇ ਦੱਸਿਆ ਕਿ ਕੈਨੇਡਾ ਵਿੱਚ ਵੀ ਇਸ ਤਰ੍ਹਾਂ ਦੇ ਬਹੁਤ ਸਾਰੇ ਮਾਮਲੇ ਸੁਰਖੀਆਂ ਵਿੱਚ ਹਨ ਉਨ੍ਹਾਂ ਕਿਹਾ ਕਿ ਸਾਨੂੰ ਇਸ ਤਰ੍ਹਾਂ ਦੇ ਮਾਮਲਿਆਂ ਦੀ ਜਾਂਚ ਪੜਤਾਲ ਕਰਕੇ ਹੀ ਜਵਾਬ ਦੇਣਾ ਚਾਹੀਦਾ ਹੈ ਕਿਉਂਕਿ ਕੋਈ ਵਿਅਕਤੀ ਜਲਦ ਬਾਜੀ ਵਿੱਚ ਲੁੱਟ ਦਾ




ਸ਼ਿਕਾਰ ਹੋ ਜਾਦੇ ਹਨ ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਦਾ ਗੋਰਖ ਧੰਦਾ ਲਈ ਕਈ ਫੋਨ ਐਪਲੀਕੇਸ਼ਨਾਂ ਉਪਲਬਧ ਹਨ ਜਿਨ੍ਹਾਂ ਰਾਹੀਂ ਇਸ ਤਰ੍ਹਾਂ ਦੀਆਂ ਜਾਅਲੀ ਕਾਲਾਂ ਆਉਂਦੀਆਂ ਹਨ । ਇਟਲੀ ਦੇ ਕਈ ਇਲਾਕਿਆਂ ਤੋਂ ਫੋਨ ਰਾਹੀਂ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਨਾਮ ਤੇ ਪਛਾਣ ਗੁਪਤ ਰੱਖਦਿਆਂ ਵਿਅਕਤੀ ਨੇ ਦੱਸਿਆ ਸਾਨੂੰ ਵੀ ਇਸ ਤਰ੍ਹਾਂ ਦੀਆਂ ਕਈ ਵਾਰ ਜਾਅਲੀ ਫ਼ੋਨ ਕਾਲਾਂ ਆਉਂਦੀਆਂ ਹਨ ਇਟਲੀ ਦੇ ਨੰਬਰਾਂ ਤੋ ਵੀ ਪਰ ਇਹ ਕੈਨੇਡਾ ਦੇ ਨੰਬਰਾਂ ਤੋ ਜੋ ਕਾਲਾਂ ਆਉਂਦੀਆਂ ਹਨ ਇਹ ਤਾ ਪਿੱਛਾ ਹੀ ਨਹੀਂ ਛੱਡਦੇ ਜੇਕਰ ਇੱਕ ਨੰਬਰ ਨੂੰ ਬਲੋਕ ਕਰਦੇ ਹਾਂ ਤਾਂ ਦੂਜੀ ਵਾਰੀ ਨਵੇਂ ਨੰਬਰ ਤੋ ਅਵਾਜ਼ ਬਦਲ ਕੇ ਫਿਰ ਫੋਨ ਆਉਂਦਾ ਹੈ ਮੈਂ ਤਾਂ ਬਹੁਤ ਜਿਆਦਾ ਲਾਹਨਤਾਂ ਵੀ ਪਾਈਆਂ ਪਰ ਖੁਦ ਬੇਸ਼ਰਮ ਹੋ ਕੇ ਨੰਬਰ ਨੂੰ ਹੀ ਬਲੋਕ ਕਰਨਾ ਪਿਆ, ਦੂਜੇ ਸਾਥੀਆਂ ਨੇ ਕਿਹਾ ਪਹਿਲਾਂ ਤਾਂ ਮੈਂ ਡਰ ਗਿਆ ਫਿਰ ਨਮੈਂ ਪੰਜਾਬ ਘਰ ਫੋਨ ਕਰਕੇ ਜਾਣਕਾਰੀ ਹਾਸਲ ਕੀਤੀ ਕਿ ਕੋਈ ਇਸ ਨਾਮ ਦਾ ਦੂਰ ਦਾ ਰਿਸ਼ਤੇਦਾਰ ਕੈਨੇਡਾ ਵਿੱਚ ਹੈ ਪਰ ਜਾਂਚ ਪੜਤਾਲ ਤੋ ਪਤਾ ਲੱਗਾ ਕਿ ਇਸ ਤਰ੍ਹਾਂ ਦਾ ਕੋਈ ਵੀ ਰਿਸ਼ਤੇਦਾਰ ਜਾਂ ਦੋਸਤ ਨਹੀ ਹੈ । ਉਨ੍ਹਾਂ ਕਿਹਾ ਕਿ ਆਪ ਸਭ ਨੂੰ ਸੁਚੇਤ ਤੇ ਸਾਵਧਾਨ ਰਹਿਣ ਦੀ ਲੋੜ ਹੈ ਤਾਂ ਜੋ ਕਿਧਰੇ ਝਾਂਸੇ ਵਿੱਚ ਆ ਕੇ ਨੁਕਸਾਨ ਨਾ ਹੋ ਜਾਵੇ ।ਜਿਕਰਯੋਗ ਹੈ ਕਿ ਅੱਜ ਦੇ ਦੌਰ ਵਿੱਚ ਸਾਇੰਸ ਨੇ ਭਾਵੇਂ ਬਹੁਤ ਹੀ ਤਰੱਕੀ ਕਰ ਲਈ ਹੋਵੇ ਪਰ ਠੱਗੀਆਂ ਮਾਰਨ ਵਾਲਿਆਂ ਨੂੰ ਕੋਈ ਨਾ ਕੋਈ ਰਸਤਾ ਲੱਭ ਹੀ ਜਾਦਾ ਹੈ । ਮੈਂ ਵੀ ਆਪ ਸਭ ਨੂੰ ਸੁਚੇਤ ਰਹਿਣ ਦੀ ਅਪੀਲ ਕਰਦਾ ਹਾਂ ਤਾਂ ਜੋ ਇਸ ਤਰ੍ਹਾਂ ਦੇ ਮਾੜੇ ਅਨਸਰਾਂ ਤੋਂ ਬਚਿਆ ਜਾ ਸਕੇ ਭਾਵੇਂ ਫੇਸਬੁੱਕ, ਵੱਟਸਐਪ ਜਾਂ ਹੋਰ ਕੋਈ ਵੀ ਸ਼ੋਸਲ ਮੀਡੀਆ ਨੈੱਟਵਰਕ ਹੋਵੇ ਪੂਰੀ ਜਾਂਚ ਪੜਤਾਲ ਕਰ ਕੇ ਹੀ ਕਿਸੇ ਵਿਅਕਤੀ ਤੇ ਭਰੋਸਾ ਕਰਨ ਵਾਲਾ ਸਮਾ ਹੈ । ਸੁਚੇਤ ਰਹੋ, ਸਾਵਧਾਨ ਰਹੋ ਤੇ ਝੂਠੇ ਲੋਕਾਂ ਦੇ ਝਾਂਸੇ ਵਿੱਚ ਨਾ ਆਓ।

## ਕੋਲੋਰਾਡੋ-ਯੂਟਾ ਸਰਹੱਦ 'ਤੇ ਜੰਗਲ ਨੂੰ ਲੱਗੀ ਭਿਆਨਕ ਅੱਗ ਵਿੱਚ ਸੜ ਕੇ 3 ਫਾਇਰਫਾਇਟਰਾਂ ਦੀ ਮੌਤ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਕੋਲੋਰਾਡੋ-ਯੂਟਾ ਸਰਹੱਦ 'ਤੇ ਜੰਗਲ ਨੂੰ ਲੱਗੀ ਭਿਆਨਕ ਅੱਗ ਵਿੱਚ ਸੜ ਕੇ ਤਿੰਨ ਫਾਇਰਫਾਈਟਰਾਂ ਦੀ ਮੌਤ ਹੋ ਜਾਣ ਦੀ ਖਬਰ ਹੈ ਜਦ ਕਿ 2 ਹੋਰਨਾਂ ਨੂੰ ਹਸਪਤਾਲ ਲਿਜਾਇਆ ਗਿਆ ਹੈ। ਅੱਗ ਏਨੀ ਖਤਰਨਾਕ ਸੀ ਕਿ ਅੱਗ ਬੁਝਾਊ ਅਮਲੇ ਨੂੰ ਬੱਚ ਕੇ ਨਿਕਲਣ ਦਾ ਮੌਕਾ ਹੀ ਨਹੀਂ ਮਿਲਿਆ ਤੇ ਉਹ ਚਾਰੇ ਪਾਸੇ ਤੋਂ ਅੱਗ ਵਿਚ ਘਿਰ ਗਏ। 3 ਕਾਮਿਆਂ ਦੀ ਮੌਕੇ ਉਪਰ ਹੀ ਮੌਤ ਹੋ ਗਈ। ਅਧਿਕਾਰੀਆਂ ਨੇ ਕਿਹਾ ਕਿ ਦੱਖਣ-ਪੱਛਮ ਵਿੱਚ ਦਰਜਨਾਂ ਥਾਵਾਂ 'ਤੇ ਅੱਗ ਲੱਗੀ ਹੈ ਜਿਸ ਕਾਰਨ ਯੂਟਾ ਨੇ ਦੇਸ਼ ਦੇ 250ਵੇਂ ਆਜ਼ਾਦੀ ਦਿਵਸ ਤੋਂ ਪਹਿਲਾਂ 4 ਜੁਲਾਈ ਨੂੰ ਆਤਿਸ਼ਬਾਜ਼ੀ 'ਤੇ ਵਿਆਪਕ ਪਾਬੰਦੀਆਂ ਲਾਗੂ ਕਰ ਦਿੱਤੀਆਂ ਹਨ। ਰਾਸ਼ਟਰੀ ਮੌਸਮ ਸੇਵਾ ਨੇ ਚੇਤਾਵਨੀ ਦਿੱਤੀ ਹੈ ਕਿ ਖੁਸ਼ਕ ਹਵਾ ਅਤੇ ਤੇਜ਼ ਹਵਾਵਾਂ ਕਾਰਨ ਇਸ ਹਫਤੇ ਦੇ ਅੰਤ ਵਿੱਚ ਫੋਰ ਕਾਰਨਰ ਖੇਤਰ ਵਿੱਚ ਸੰਭਾਵੀ ਅੱਗ ਦੀਆਂ ਘਟਨਾਵਾਂ ਵਾਪਰ ਸਕਦੀਆਂ ਹਨ। ਯੂ ਐਸ ਵਾਈਲਡਲੈਂਡ ਫਾਇਰ ਸਰਵਿਸ ਨੇ ਦੇਰ ਰਾਤ ਕਿਹਾ ਕਿ ਅੱਗ ਨੇ 28,000 ਏਕੜ ਤੋਂ ਵੱਧ ਜੰਗਲ ਨੂੰ ਸਾੜ ਦਿੱਤਾ ਹੈ। ਕੋਲੋਰਾਡੋ ਦੇ ਗਵਰਨਰ ਜੈਰਡ ਪੋਲਿਸ ਨੇ ਮੇਸਾ ਕਾਊਂਟੀ ਵਿੱਚ ਇੱਕ ਆਫ਼ਤ ਐਮਰਜੈਂਸੀ ਦਾ ਐਲਾਨ ਕੀਤਾ ਹੈ ਤੇ ਕਿਹਾ ਹੈ ਕਿ ਅੱਗ 'ਤੇ ਕਾਬੂ ਪਾਉਣ ਲਈ ਨੈਸ਼ਨਲ ਗਾਰਡ ਦੀ ਮੱਦਦ ਲਈ ਜਾ ਸਕਦੀ ਹੈ।

## ਪੁੱਤਰ ਦੀ ਮੌਤ ਦੇ ਮਾਮਲੇ ਵਿੱਚ ਪਤੀ-ਪਤਨੀ 'ਤੇ ਹੱਤਿਆ ਦੇ ਦੋਸ਼ ਆਇਦ


ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-7 ਸਾਲਾ ਪੁੱਤਰ ਦੀ ਅਣਗਹਿਲੀ ਕਾਰਨ ਹੋਈ ਮੌਤ ਦੇ ਮਾਮਲੇ ਵਿੱਚ ਮਿਸ਼ੀਗਨ ਦੇ ਇਕ ਜੋੜੇ ਉਪਰ ਦੂਜੇ ਦਰਜੇ ਦੇ ਕਤਲ ਦੇ ਦੋਸ਼ ਆਇਦ ਕੀਤੇ ਗਏ ਹਨ। ਮੀਡੀਆ ਅਨੁਸਾਰ ਫਲਿੰਟ ਟਾਊਨਸ਼ਿੱਪ ਦੀ 40 ਸਾਲ ਡੈਮੀਅਨ ਏ ਬਰਾਈਨ ਤੇ 41 ਸਾਲ ਜੈਸਿਕਾ ਓ ਬਰਾਈਨ ਨੂੰ ਉਨਾਂ ਦੇ ਪੁੱਤਰ ਕੈਸਪਰ ਓ ਬਰਾਈਨ ਦੀ ਮੌਤ ਤੋਂ ਬਾਅਦ ਤਸ਼ੱਦਦ ਅਤੇ ਬੱਚਿਆਂ ਨਾਲ ਬਦਸਲੂਕੀ ਵਰਗੇ ਦੋਸ਼ਾਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ।

ਸਰਕਾਰੀ ਵਕੀਲਾਂ ਨੇ ਦੋਸ਼ ਲਾਇਆ ਹੈ ਕਿ ਕੈਸਪਰ ਗਤੀਹੀਣ ਸੀ ਤੇ ਉਸ ਨੂੰ ਸਹੀ ਡਾਕਟਰੀ ਦੇਖਭਾਲ ਤੇ ਢੁੱਕਵਾਂ ਪੋਸ਼ਣ ਨਹੀਂ ਦਿੱਤਾ ਗਿਆ ਸੀ। ਉਸ ਨੂੰ ਮੌਤ ਤੋਂ ਪਹਿਲਾਂ ਅਸੁਰੱਖਿਅਤ ਹਾਲਾਤ ਵਿਚ ਰਹਿਣ ਲਈ ਮਜਬੂਰ ਕੀਤਾ ਗਿਆ।

# ਬੇਅਦਬੀ ਮਾਮਲੇ ਵਿਚ ਨਵੀਂ ਸਿਟ ਦੇ ਗਠਨ ’ਤੇ ਸ਼੍ਰੋਮਣੀ ਅਕਾਲੀ ਦਲ ਨੇ ਚੁੱਕੇ ਸਵਾਲ

## ✪ ਸੌਦਾ ਸਾਧ ਖ਼ਿਲਾਫ਼ ਠੋਸ ਕਾਰਵਾਈ ਦੀ ਕੀਤੀ ਮੰਗ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਵਿੱਚ ਬੇਅਦਬੀ ਦੇ ਮਾਮਲਿਆਂ ਦੀ ਜਾਂਚ ਲਈ ਇੱਕ ਹੋਰ ਨਵੀਂ ਵਿਸ਼ੇਸ਼ ਜਾਂਚ ਟੀਮ ਦੇ ਗਠਨ ’ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਪਾਰਟੀ ਨੇ ਮੌਜੂਦਾ ਪੰਜਾਬ ਸਰਕਾਰ ’ਤੇ ਇਸ ਬੇਹੱਦ ਸੰਵੇਦਨਸ਼ੀਲ ਅਤੇ ਧਾਰਮਿਕ ਮੁੱਦੇ ਦਾ ਸਿਆਸੀਕਰਨ ਕਰਨ ਦਾ ਸਿੱਧਾ ਦੋਸ਼ ਲਗਾਇਆ ਹੈ। ਅਕਾਲੀ ਦਲ ਦਾ ਕਹਿਣਾ ਹੈ ਕਿ ਡੇਰਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਖ਼ਿਲਾਫ਼ ਕੋਈ ਠੋਸ ਕਾਰਵਾਈ ਕਰਨ ਦੀ ਬਜਾਏ, ਸਰਕਾਰ ਸਿਰਫ਼ ਨਵੀਂ ਐੱਸਆਈਟੀ ਬਣਾ ਕੇ ਲੋਕਾਂ ਦਾ ਧਿਆਨ ਅਸਲ ਲੋਕ ਹਿੱਤ ਦੇ ਮੁੱਦਿਆਂ ਅਤੇ ਆਪਣੀਆਂ ਪ੍ਰਸ਼ਾਸਨਿਕ ਨਾਕਾਮੀਆਂ ਤੋਂ ਭਟਕਾਉਣ ਦੀ ਕੋਸ਼ਿਸ਼ ਕਰ ਰਹੀ ਹੈ।



ਸੀਨੀਅਰ ਅਕਾਲੀ ਆਗੂ ਪਰਮਬੰਸ ਸਿੰਘ ਰੋਮਾਣਾ ਨੇ ਕਿਹਾ ਕਿ ਬਹਿਬਲ ਕਲਾਂ ਗੋਲੀਕਾਂਡ ਮਾਮਲੇ ਵਿੱਚ ਪਹਿਲਾਂ ਹੀ ਚਾਰ ਚਾਰਜਸ਼ੀਟਾਂ ਅਦਾਲਤ ਵਿੱਚ ਦਾਖ਼ਲ ਕੀਤੀਆਂ ਜਾ ਚੁੱਕੀਆਂ ਹਨ। ਅਜਿਹੀ ਸਥਿਤੀ ਵਿੱਚ ਇੱਕ ਹੋਰ ਨਵੀਂ ਐੱਸਆਈਟੀ ਦਾ ਗਠਨ ਕਰਨਾ ਸਰਕਾਰ ਦੀ ਨੀਅਤ ’ਤੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਾ ਹੈ। ਉਨ੍ਹਾਂ ਡੀਆਈਜੀ ਹਰਜੀਤ ਸਿੰਘ ਦੀ ਅਗਵਾਈ ਵਾਲੀ ਐੱਸਆਈਟੀ ਵੱਲੋਂ ਪਿਛਲੇ ਦਿਨੀਂ ਬੁਰਜ ਜਵਾਹਰ ਸਿੰਘ ਵਾਲਾ ਅਤੇ ਬਰਗਾੜੀ ਦੇ ਕੀਤੇ ਗਏ ਦੌਰਿਆਂ ਦੇ ਵਿਆਪਕ ਪ੍ਰਚਾਰ ’ਤੇ ਵੀ ਇਤਰਾਜ਼ ਜਤਾਇਆ। ਰੋਮਾਣਾ ਅਨੁਸਾਰ, ਬਹਿਬਲ ਕਲਾਂ ਗੋਲੀਕਾਂਡ ਦੀ ਜਾਂਚ ਦਾ ਬੇਅਦਬੀ ਦੀਆਂ ਅਸਲ ਘਟਨਾਵਾਂ ਨਾਲ ਕੋਈ ਸਿੱਧਾ ਸਬੰਧ ਨਹੀਂ ਹੈ, ਇਸ ਲਈ ਇਸ ਤਰ੍ਹਾਂ ਦਾ ਪ੍ਰਚਾਰ ਕਰਨਾ ਸਿਰਫ਼ ਇੱਕ ਸਿਆਸੀ ਰਣਨੀਤੀ ਦਾ ਹਿੱਸਾ ਹੈ।

ਪੰਜਾਬ ਵਿੱਚ ਲੰਬਿਤ ਪਏ ਬੇਅਦਬੀ ਦੇ ਮਾਮਲਿਆਂ ਦੇ ਅੰਕੜੇ ਸਾਂਝੇ ਕਰਦਿਆਂ ਅਕਾਲੀ ਆਗੂ ਨੇ ਦੱਸਿਆ ਕਿ ਪਿਛਲੇ ਨੌਂ ਸਾਲਾਂ ਦੌਰਾਨ ਸੂਬੇ ਵਿੱਚ ਬੇਅਦਬੀ ਦੇ ਕੁੱਲ 597 ਮਾਮਲੇ ਦਰਜ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ ਇੱਕ ਬਹੁਤ ਵੱਡੀ ਗਿਣਤੀ ਅਜੇ ਵੀ ਇਨਸਾਫ਼ ਦੀ ਉਡੀਕ ਵਿੱਚ ਲੰਬਿਤ ਪਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਨ੍ਹਾਂ ਮਾਮਲਿਆਂ ਵਿੱਚ ਨਾਮਜ਼ਦ ਕੀਤੇ ਗਏ ਮੁਲਜ਼ਮਾਂ ਵਿੱਚੋਂ 247 ਅਜੇ ਤੱਕ ਪੁਲਿਸ ਦੀ ਗ੍ਰਿਫ਼ਤਾਰੀ ਤੋਂ ਬਾਹਰ ਹਨ, ਜਦਕਿ 102 ਮਾਮਲਿਆਂ ਦੀ ਗੁੱਥੀ ਨੂੰ ਪੁਲਿਸ ਹਾਲੇ ਤੱਕ ਸੁਲਝਾ ਹੀ ਨਹੀਂ ਸਕੀ। ਇਸ ਤੋਂ ਇਲਾਵਾ 82 ਅਜਿਹੇ ਮਾਮਲੇ ਹਨ ਜਿਨ੍ਹਾਂ ਨੂੰ ਪੂਰੀ ਤਰ੍ਹਾਂ ਰੱਦ ਕੀਤਾ ਜਾ ਚੁੱਕਾ ਹੈ। ਅਕਾਲੀ ਦਲ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਇਨ੍ਹਾਂ ਅਸਲ ਅੰਕੜਿਆਂ ’ਤੇ ਕੰਮ ਕਰਨ ਦੀ ਬਜਾਏ ਸਿਰਫ਼ ਸਿਆਸੀ ਲਾਹਾ ਲੈਣ ਲਈ ਨਵੇਂ ਹੱਥਕੰਡੇ ਅਪਨਾ ਰਹੀ ਹੈ।

# ਪੁਰਾਣੀ ਰੰਜਿਸ਼ ਕਾਰਨ ਤੇਜ਼ਧਾਰ ਹਥਿਆਰਾਂ ਨਾਲ ਨੌਜਵਾਨ ਦਾ ਕਤਲ

## ✪ 2 ਗੰਭੀਰ ਜ਼ਖ਼ਮੀ; ਅਮਰੀਕਾ ਤੋਂ ਤਾਰ ਜੁੜਨ ਦੇ ਆਰੋਪ

ਗੁਰਦਾਸਪੁਰ-ਗੁਰਦਾਸਪੁਰ ਦੇ ਪੁਰਾਣਾ ਸ਼ਾਲਾ ਖੇਤਰ ਵਿੱਚ ਪੁਰਾਣੀ ਦੁਸ਼ਮਣੀ ਦੇ ਚੱਲਦਿਆਂ ਇੱਕ ਧੜੇ ਵੱਲੋਂ ਦੂਜੇ ਧੜੇ ਦੇ ਤਿੰਨ ਨੌਜਵਾਨਾਂ ’ਤੇ ਜਾਨਲੇਵਾ ਹਮਲਾ ਕਰਨ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਤੇਜ਼ਧਾਰ ਹਥਿਆਰਾਂ ਨਾਲ ਕੀਤੇ ਗਏ ਇਸ ਹਮਲੇ ਵਿੱਚ ਤਿੰਨੋਂ ਨੌਜਵਾਨ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚੋਂ ਇੱਕ 26 ਸਾਲਾ ਨੌਜਵਾਨ ਨੇ ਇਲਾਜ ਦੌਰਾਨ ਦਮ ਤੋੜ ਦਿੱਤਾ। ਮ੍ਰਿਤਕ ਦੀ ਪਛਾਣ ਰੋਹਿਤ ਸਿੰਘ ਵਾਸੀ ਪਿੰਡ ਭੂੰਡੇਵਾਲ ਵਜੋਂ ਹੋਈ ਹੈ।

### ਅੱਡੇ ’ਤੇ ਘੇਰ ਕੇ ਕੀਤਾ ਹਮਲਾ

ਮ੍ਰਿਤਕ ਦੇ ਭਰਾ ਰਣਜੀਤ ਸਿੰਘ ਅਤੇ ਪਿਤਾ ਬਲਵਾਨ ਸਿੰਘ ਨੇ ਦੱਸਿਆ ਕਿ ਰੋਹਿਤ ਸਿੰਘ ਆਪਣੇ ਦੋਸਤ ਗੁਰਜੰਟ ਸਿੰਘ ਅਤੇ ਹੋਰ ਸਾਥੀਆਂ ਨਾਲ ਪੁਰਾਣਾ ਸ਼ਾਲਾ ਅੱਡੇ ’ਤੇ ਗਿਆ ਹੋਇਆ ਸੀ। ਉੱਥੇ ਪਹਿਲਾਂ ਤੋਂ ਘਾਤ ਲਗਾ ਕੇ ਬੈਠੇ ਕੁਝ ਨੌਜਵਾਨਾਂ ਨੇ ਉਨ੍ਹਾਂ ’ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਇਸ ਵਾਰਦਾਤ ਵਿੱਚ ਰੋਹਿਤ ਦੇ ਸਿਰ ’ਤੇ ਗੰਭੀਰ ਸੱਟਾਂ ਲੱਗੀਆਂ।



ਪਹਿਲਾਂ ਉਸ ਨੂੰ ਸਰਕਾਰੀ ਹਸਪਤਾਲ ਲਿਜਾਇਆ ਗਿਆ, ਪਰ ਹਾਲਤ ਨਾਜ਼ੁਕ ਹੋਣ ਕਾਰਨ ਉਸ ਨੂੰ ਗੁਰਦਾਸਪੁਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ, ਜਿੱਥੇ ਐਤਵਾਰ ਸਵੇਰੇ ਉਸ ਦੀ ਮੌਤ ਹੋ ਗਈ। ਇਸ ਹਮਲੇ ਵਿੱਚ ਸਾਹਿਲ ਅਤੇ ਵਿਸ਼ਾਲ ਨਾਂ ਦੇ ਦੋ ਹੋਰ ਨੌਜਵਾਨ ਵੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਹਨ, ਜੋ ਸਿਵਲ ਹਸਪਤਾਲ ਵਿੱਚ ਜ਼ੇਰੇ-ਇਲਾਜ ਹਨ।

### ਅਮਰੀਕਾ ਬੈਠੇ ਸ਼ਖਸ ’ਤੇ ਸਾਜ਼ਿਸ਼ ਰਚਣ ਦਾ ਆਰੋਪ

ਪੀੜਤ ਪਰਿਵਾਰ ਨੇ ਦੋਸ਼ ਲਾਇਆ ਹੈ ਕਿ ਇਹ ਕਤਲ ਇੱਕ ਸੋਚੀ-ਸਮਝੀ ਸਾਜ਼ਿਸ਼ ਤਹਿਤ ਕੀਤਾ ਗਿਆ ਹੈ। ਉਨ੍ਹਾਂ ਮੁਤਾਬਕ, ਅਮਰੀਕਾ ਵਿੱਚ ਰਹਿਣ ਵਾਲੇ ਵਿਸ਼ਾਲ ਠਾਕੁਰ ਦੀ ਰੋਹਿਤ ਦੇ ਦੋਸਤ ਗੁਰਜੰਟ ਸਿੰਘ ਨਾਲ ਪੁਰਾਣੀ ਰੰਜਿਸ਼ ਚੱਲ ਰਹੀ ਸੀ। ਪਰਿਵਾਰ ਦਾ ਕਹਿਣਾ ਹੈ ਕਿ ਵਿਸ਼ਾਲ ਠਾਕੁਰ ਦੇ ਇਸ਼ਾਰੇ ’ਤੇ ਹੀ ਇੱਥੇ ਹਮਲਾਵਰਾਂ ਨੇ ਇਸ ਖ਼ੂਨੀ ਵਾਰਦਾਤ ਨੂੰ ਅੰਜਾਮ ਦਿੱਤਾ ਹੈ।

### ਡਾਕਟਰੀ ਰਿਪੋਰਟ ਅਤੇ ਪੁਲਿਸ ਕਾਰਵਾਈ

ਹਸਪਤਾਲ ਦੀ ਡਿਊਟੀ ਡਾਕਟਰ ਸਾਕਸ਼ੀ ਨੇ ਪੁਸ਼ਟੀ ਕੀਤੀ ਕਿ ਰਾਤ ਸਮੇਂ ਦੋ ਗੰਭੀਰ ਜ਼ਖ਼ਮੀ ਨੌਜਵਾਨਾਂ ਨੂੰ ਲਿਆਂਦਾ ਗਿਆ ਸੀ ਅਤੇ ਸਵੇਰੇ ਨਿੱਜੀ ਹਸਪਤਾਲ ਤੋਂ ਰੋਹਿਤ ਸਿੰਘ ਦੀ ਲਾਸ਼ ਪੋਸਟਮਾਰਟਮ ਲਈ ਲਿਆਂਦੀ ਗਈ। ਥਾਣਾ ਪੁਰਾਣਾ ਸ਼ਾਲਾ ਦੀ ਪੁਲਿਸ ਨੇ ਮੌਕੇ ’ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਪੁਲਿਸ ਨੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਬਿਆਨ ਦਰਜ ਕਰਕੇ ਮਾਮਲੇ ਦੀ ਗੰਭੀਰਤਾ ਨਾਲ ਪੜਤਾਲ ਅਤੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਇੰਸਟਾਗ੍ਰਾਮ ’ਤੇ ਹੋਈ ਦੋਸਤੀ ਬਣੀ ਜ਼ਿੰਦਗੀ ਦੀ ਸਭ ਤੋਂ ਵੱਡੀ ਮੁਸੀਬਤ

## ✪ ਸਰੀਰਕ ਸ਼ੋਸ਼ਣ ਮਗਰੋਂ ਧਮਕੀਆਂ ਦੇਣ ਦੇ ਦੋਸ਼; ਪੜਤਾਲ ਮਗਰੋਂ ਮੁਲਜ਼ਮ ਖਿਲਾਫ ਕੇਸ ਦਰਜ

ਲੁਧਿਆਣਾ-ਲੁਧਿਆਣਾ ਵਿਖੇ ਸੋਸ਼ਲ ਮੀਡੀਆ ਐਪ ਇੰਸਟਾਗ੍ਰਾਮ ’ਤੇ ਬਣੀ ਜਾਣ-ਪਛਾਣ ਇੱਕ ਮਹਿਲਾ ਲਈ ਜ਼ਿੰਦਗੀ ਦੀ ਸਭ ਤੋਂ ਵੱਡੀ ਮੁਸੀਬਤ ਬਣ ਗਈ। ਪਹਿਲਾਂ ਦੋਸਤੀ ਤੇ ਫਿਰ ਨਜ਼ਦੀਕੀਆਂ ਵਧਣ ਤੋਂ ਬਾਅਦ ਜਦੋਂ ਮਹਿਲਾ ਨੇ ਆਪਣੇ ਭਵਿੱਖ ਨੂੰ ਲੈ ਕੇ ਗੱਲ ਕੀਤੀ ਤਾਂ ਉਸ ਨੂੰ ਸਿਰਫ਼ ਧੋਖਾ, ਧਮਕੀਆਂ ਅਤੇ ਗੰਭੀਰ ਮਾਨਸਿਕ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਪੀੜਤਾ ਵੱਲੋਂ ਇਨਸਾਫ਼ ਲਈ ਪੁਲਿਸ ਦਾ ਦਰਵਾਜ਼ਾ ਖੜਕਾਉਣ ਤੋਂ ਬਾਅਦ, ਜਾਂਚ ਦੇ ਆਧਾਰ ’ਤੇ ਮੁਲਜ਼ਮ ਖ਼ਿਲਾਫ਼ ਥਾਣਾ ਸਦਰ ਵਿੱਚ ਕੇਸ ਦਰਜ ਕਰ ਲਿਆ ਗਿਆ ਹੈ। ਸਦਰ ਥਾਣਾ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਈਸ਼ਰ ਨਗਰ ਦੀ ਰਹਿਣ ਵਾਲੀ 32 ਸਾਲਾ ਮਹਿਲਾ ਨੇ ਦੱਸਿਆ ਕਿ ਉਸ ਦਾ ਆਪਣੇ ਪਤੀ ਨਾਲ ਅਦਾਲਤ ਵਿੱਚ ਕੇਸ ਚੱਲ ਰਿਹਾ ਹੈ ਅਤੇ ਉਹ ਇਸ ਸਮੇਂ ਆਪਣੇ ਮਾਤਾ-ਪਿਤਾ ਦੇ ਘਰ ਰਹਿ ਰਹੀ ਹੈ।

ਇਸ ਦੌਰਾਨ ਇੰਸਟਾਗ੍ਰਾਮ ਰਾਹੀਂ ਉਸ ਦੀ ਦੋਸਤੀ ਰਾਏਕੋਟ ਦੇ ਪਿੰਡ ਚੱਕ ਭਾਈਕਾ ਦੇ ਰਹਿਣ ਵਾਲੇ ਗੁਰਦੀਪ ਸਿੰਘ ਨਾਲ ਹੋਈ ਸੀ। ਹੌਲੀ-ਹੌਲੀ ਜਾਣ-ਪਛਾਣ ਵਧਣ ਤੋਂ ਬਾਅਦ ਦੋਸ਼ੀ ਨੇ ਮਹਿਲਾ ਦਾ ਭਰੋਸਾ ਜਿੱਤ ਲਿਆ ਅਤੇ ਭਵਿੱਖ ਵਿੱਚ ਉਸ ਨਾਲ ਵਿਆਹ ਕਰਨ ਦਾ ਝਾਂਸਾ ਦੇ ਕੇ ਵੱਖ-ਵੱਖ ਥਾਵਾਂ ਅਤੇ ਵੱਖ-ਵੱਖ ਸਮਿਆਂ ’ਤੇ ਉਸ ਨਾਲ ਸਰੀਰਕ ਸਬੰਧ ਬਣਾਏ। ਪੀੜਤਾ ਨੇ ਦੋਸ਼ ਲਗਾਇਆ ਕਿ ਜਦੋਂ ਬਾਅਦ ਵਿੱਚ ਉਸ ਨੇ ਗੁਰਦੀਪ ’ਤੇ ਵਿਆਹ ਕਰਨ ਲਈ ਜ਼ੋਰ ਪਾਇਆ ਤਾਂ ਮੁਲਜ਼ਮ ਆਪਣੇ ਵਾਅਦੇ ਤੋਂ ਪੂਰੀ ਤਰ੍ਹਾਂ ਮੁੱਕਰ ਗਿਆ। ਇਸ ਤੋਂ ਵੀ ਅੱਗੇ ਵਧਦਿਆਂ, ਮੁਲਜ਼ਮ ਨੇ ਮਹਿਲਾ ਦੀਆਂ ਅਸ਼ਲੀਲ ਤਸਵੀਰਾਂ ਸੋਸ਼ਲ ਮੀਡੀਆ ’ਤੇ ਵਾਇਰਲ ਕਰਨ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ, ਜਿਸ ਕਾਰਨ ਉਹ ਲਗਾਤਾਰ ਮਾਨਸਿਕ ਤੌਰ ’ਤੇ ਪ੍ਰੇਸ਼ਾਨ ਰਹਿਣ ਲੱਗੀ। ਸਦਰ ਥਾਣਾ ਪੁਲਿਸ ਨੇ ਮਹਿਲਾ ਦੀ ਸ਼ਿਕਾਇਤ ਦੇ ਆਧਾਰ ’ਤੇ ਪੜਤਾਲ ਕਰਨ ਮਗਰੋਂ ਮੁਲਜ਼ਮ ਗੁਰਦੀਪ ਸਿੰਘ ਖ਼ਿਲਾਫ਼ ਭਾਰਤੀ ਨਿਆਏ ਸੰਹਿਤਾ ਦੀ ਧਾਰਾ 69 ਤਹਿਤ ਮੁਕੱਦਮਾ ਦਰਜ ਕਰ ਲਿਆ ਹੈ।

# ਮੱਧ ਪ੍ਰਦੇਸ਼ ਦੇ ਨੌਜਵਾਨ ਨੇ ਰਾਜਸਥਾਨ ਦੀ ਕਿੰਨਰ ਨਾਲ ਰਚਾਇਆ ਵਿਆਹ

ਗੁਨਾ-ਸਮਾਜਿਕ ਵਲਗਣਾਂ ਨੂੰ ਤੋੜਦਿਆਂ ਪਿਆਰ ਦੀ ਇੱਕ ਬੇਹੱਦ ਅਨੋਖੀ ਮਿਸਾਲ ਸਾਹਮਣੇ ਆਈ ਹੈ, ਜਿੱਥੇ ਮੱਧ ਪ੍ਰਦੇਸ਼ ਦੇ ਇੱਕ ਨੌਜਵਾਨ ਨੇ ਰਾਜਸਥਾਨ ਦੀ ਇੱਕ ਕਿੰਨਰ (ਟਰਾਂਸਜੈਂਡਰ) ਨਾਲ ਹਿੰਦੂ ਰੀਤੀ-ਰਿਵਾਜਾਂ ਮੁਤਾਬਕ ਵਿਆਹ ਕਰਵਾ ਲਿਆ ਹੈ। ਇਹ ਅਨੋਖਾ ਵਿਆਹ ਰਾਜਸਥਾਨ ਦੇ ਬਾਰਾਂ ਜ਼ਿਲ੍ਹੇ ਦੇ ਦੇਵਰੀ ਪਿੰਡ ਸਥਿਤ ਇੱਕ ਮੰਦਿਰ ਵਿੱਚ ਦੋ ਦਿਨ ਪਹਿਲਾਂ ਸੰਪੰਨ ਹੋਇਆ। ਦੋਵੇਂ ਪਿਛਲੇ ਇੱਕ ਸਾਲ ਤੋਂ ਇੱਕ-ਦੂਜੇ ਨਾਲ ਪ੍ਰੇਮ ਸਬੰਧਾਂ ਵਿੱਚ ਸਨ ਅਤੇ ਹੁਣ ਉਨ੍ਹਾਂ ਨੇ ਹਮੇਸ਼ਾ ਲਈ ਇੱਕ-ਦੂਜੇ ਦਾ ਹੱਥ ਫੜ ਲਿਆ ਹੈ। ਮਿਲੀ ਜਾਣਕਾਰੀ ਅਨੁਸਾਰ, ਮੱਧ ਪ੍ਰਦੇਸ਼ ਦੇ ਗੁਨਾ ਜ਼ਿਲ੍ਹੇ ਦਾ ਰਹਿਣ ਵਾਲਾ ਨੌਜਵਾਨ ਸਾਗਰ ਰਾਜਪੂਤ ਪਿਛਲੇ ਇੱਕ ਸਾਲ ਤੋਂ ਕਿੰਨਰ ਰੇਸ਼ਮਾ ਦੇ ਸੰਪਰਕ ਵਿੱਚ ਸੀ। ਦੋਵਾਂ ਦੀ ਮੁਲਾਕਾਤ ਹੌਲੀ-ਹੌਲੀ ਪਿਆਰ ਵਿੱਚ ਬਦਲ ਗਈ, ਜਿਸ ਤੋਂ ਬਾਅਦ ਪਿਛਲੇ ਮਹੀਨੇ ਸਾਗਰ ਨੇ ਰੇਸ਼ਮਾ ਦੇ ਸਾਹਮਣੇ ਵਿਆਹ ਦਾ ਪ੍ਰਸਤਾਵ ਰੱਖਿਆ। ਰੇਸ਼ਮਾ ਅਤੇ ਉਸ ਦੇ ਪਰਿਵਾਰ ਨੇ ਇਸ ਪ੍ਰਸਤਾਵ ਨੂੰ ਖੁਸ਼ੀ-ਖੁਸ਼ੀ ਸਵੀਕਾਰ ਕਰ ਲਿਆ। ਹਾਲਾਂਕਿ, ਸ਼ੁਰੂਆਤ ਵਿੱਚ ਸਾਗਰ ਦੇ ਪਰਿਵਾਰਕ ਮੈਂਬਰ ਇਸ ਅੰਤਰ-ਜਾਤੀ ਅਤੇ ਵੱਖਰੀ ਕਿਸਮ ਦੇ ਰਿਸ਼ਤੇ ਲਈ ਤਿਆਰ ਨਹੀਂ ਸਨ, ਪਰ ਸਾਗਰ ਨੇ ਆਪਣੀ ਦ੍ਰਿੜਤਾ ਅਤੇ ਸੱਚੇ ਪਿਆਰ ਸਦਕਾ ਆਪਣੇ ਪਰਿਵਾਰ ਨੂੰ ਇਸ ਵਿਆਹ ਲਈ ਮਨਾ ਲਿਆ।

ਆਖ਼ਿਰਕਾਰ, ਦੋਵਾਂ ਪਰਿਵਾਰਾਂ ਦੀ ਸਹਿਮਤੀ ਅਤੇ ਮੌਜੂਦਗੀ ਵਿੱਚ ਇਹ ਵਿਆਹ ਪੂਰੇ ਰੀਤੀ-ਰਿਵਾਜਾਂ ਨਾਲ ਨੇਪਰੇ ਚੜ੍ਹਿਆ। ਇਸ ਖ਼ਾਸ ਅਤੇ ਮੰਗਲਮਈ ਅਵਸਰ ’ਤੇ ਨਵ-ਵਿਆਹੇ ਜੋੜੇ ਨੂੰ ਅਸੀਸਾਂ ਦੇਣ ਲਈ ਮੱਧ ਪ੍ਰਦੇਸ਼ ਅਤੇ ਰਾਜਸਥਾਨ ਦੇ ਲਗਭਗ ਇੱਕ ਦਰਜਨ ਕਿੰਨਰ ਵੀ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਏ ਅਤੇ ਜਸ਼ਨ ਮਨਾਇਆ।

# • ਪੰਜਾਬੀ ਫ਼ਿਲਮ ਦਰਪਣ •

## ਰਮਨਦੀਪ ਬੋਲੀ ਤੈਨੂੰ ਆਖਦੀ ਵਿਨੀਤ ਅਟਵਾਲ ਚਲ ਮੁੜ ਚਲੀਏ




ਵਿਨੀਤ ਅਟਵਾਲ ਦਿਲ ਦਾ ਰਾਜਾ ਬੰਦਾ, ਸ਼ਾਨਦਾਰ ਐਕਟਰ ਤੇ ਡਾਇਰੈਕਟਰ ਤੇ ਇਸ ਫ਼ਿਲਮ "ਚੱਲ ਮੁੜ ਚਲੀਏ" ਦਾ ਅਹਿਮ ਐਕਟਰ ਦੀ ਇੱਕ ਪਿਆਰੀ ਤੇ ਹਰੇਕ ਦੇ ਦੇਖਣ ਵਾਲੀ ਫ਼ਿਲਮ ਆ ਰਹੀ ਹੈ "ਚੱਲ ਮੁੜ ਚਲੀਏ" ਜਿਸ ਦਾ ਪੋਸਟਰ ਰਲੀਜ਼ ਹੋ ਕਿ ਸਮਾਜਿਕ ਮੀਡੀਆ ਤੇ ਅੱਛੀ ਪ੍ਰਤੀਕਿਰਿਆ ਲੈਣ ਵਿੱਚ ਕਾਮਯਾਬ ਹੈ। ਮਾਤਾ ਜਸਬੀਰ ਕੌਰ ਫ਼ਿਲਮਜ਼ ਦੀ ਇਹ ਫਿਲਮ ਹੈ ਤੇ ਇਸ ਫਿਲਮ ਦੀ ਕਥਾ ਪਟਕਥਾ ਤੇ ਸੰਵਾਦ ਨਵਕਰਨ ਸਿੰਘ ਦੇ ਹਨ। ਫਿਲਮ ਦਾ ਅਹਿਮ ਕਿਰਦਾਰ ਵਿਨੀਤ ਅਟਵਾਲ ਹਨ ਤੇ ਓਹਨਾਂ ਨਾਲ ਰਮਨਦੀਪ ਕੌਰ ਤੇ ਹੈਪੀ ਪ੍ਰਿੰਸ ਵੀ ਹਨ। ਦਿਲਬਰ ਤੇ ਜਸਮੀਤ ਕੌਰ ਵੀ ਫਿਲਮ ਦਾ ਭਾਗ ਹਨ। ਫਿਲਮ ਦੇ ਐਕਸ਼ਨ ਤਰੁਣ ਅਬਰੋਲ ਹਨ। ਵਿਨੀਤ ਅਟਵਾਲ ਨੇ ਕਿਹਾ ਕਿ "ਚੱਲ ਮੁੜ ਚਲੀਏ" ਬਹੁਤ ਜ਼ਬਰਦਸਤ ਫਿਲਮ ਬਣੀ ਹੈ ਤੇ ਓਹ ਇਹ ਫਿਲਮ ਕਰ ਕਿ ਬਹੁਤ ਖੁਸ਼ ਹਨ ਤੇ ਖਾਸ ਤੌਰ ਤੇ ਓਹ ਜੱਸੀ ਤੇ ਨਵਕਰਨ ਸਿੰਘ ਦੇ ਸ਼ੁਕਰ ਗੁਜ਼ਾਰ ਨੇ ਜੀਹਨੇ ਓਹਨਾਂ ਨੂੰ ਸ਼ਾਨਦਾਰ ਕਿਰਦਾਰ ਦਿੱਤਾ ਹੈ। ਵਿਨੀਤ ਅਟਵਾਲ ਦੀ ਇਹ ਫਿਲਮ ਰਲੀਜ਼ ਨਾਲ ਓਹਨਾਂ ਦੇ ਮੂੰਹ ਬੰਦ ਜਿਹੜੇ ਆਖਦੇ ਸਾਡੇ ਬਿਨ ਵਿਨੀਤ ਕਿੱਥੇ ? ਤੇ ਵਿਨੀਤ ਅਟਵਾਲ ਕੋਲ ਬਾਹਰ ਦੀ ਫ਼ਿਲਮ ਹੈ ? ਯੈੱਸ ਇੱਕ "ਗੈਂਗਸਟਰ ਰਾਜਨੀਤੀ" ਤੇ ਦੂਜੀ "ਚਲ ਮੁੜ ਚਲੀਏ"।

## ਅਮਰੀਕਾ ਢਾਈ ਸੋ ਸਾਲ ਅਜ਼ਾਦੀ ਦਿਨ ਮੁਬਾਰਕ ਆਸ਼ਾ ਸ਼ਰਮਾ




ਜਿਸ ਦੇਸ਼ ਦਾ ਖਾਈਏ ਓਸ ਦਾ ਬੁਰਾ ਨਾ ਕਰੋ ਤੇ ਪੰਜਾਬੀ ਬੋਲੀ ਦੀ ਐਨ ਆਰ ਆਈ ਐਂਕਰ ਆਸ਼ਾ ਸ਼ਰਮਾ ਨੇ ਅਮਰੀਕਾ ਦੀ ਆਜ਼ਾਦੀ ਦੀ 250 ਸਾਲ ਸ਼ਤਾਬਦੀ ਤੇ ਆਮੀਨ ਅਮਰੀਕਨ ਲੋਕਾਂ ਨੂੰ ਮੁਬਾਰਕ ਦੇ ਕਿ ਦਿਖਾ ਦਿੱਤਾ ਹੈ ਕਿ ਬਿਨਾਂ ਸ਼ੱਕ ਜਨਮ ਭਾਰਤ ਦਾ ਹੈ ਪੰਜਾਬ ਦਾ ਹੈ ਪਰ ਜਿੱਥੇ ਅੱਜ ਰੱਬ ਦੀ ਕਿਰਪਾ ਨਾਲ ਟੱਬਰ ਸੈੱਟ ਹੈ ਓਹ ਜਿਸ ਹਵਾ ਚ ਸਾਹ ਲੈਂਦੇ ਪਏ ਨੇ ਓਹ ਅਮਰੀਕਾ ਹੈ ਤੇ ਓਹਨਾਂ ਲਈ ਵੀ ਅਮਰੀਕਾ ਐਨਾ ਪਿਆਰਾ ਹੈ ਕਿ ਓਹ ਇਸ ਦੇ ਆਜ਼ਾਦੀ ਦਿਨ ਤੇ ਜਸ਼ਨ ਅਮਰੀਕਨ ਮੂਲ ਲੋਕਾਂ ਦੀ ਤਰਾਂ ਮਨਾ ਰਹੇ ਹਨ।ਆਸ਼ਾ ਸ਼ਰਮਾ ਪੰਜਾਬ ਦੇ ਮੇਲਿਆਂ ਲਈ ਐਨੀ ਵਧੀਆ ਪੇਸ਼ਕਾਰੀ ਦਿੰਦੀ ਰਹੀ ਕਿ ਹਰੇਕ ਕਲਾਕਾਰ ਦੀ ਤਮੰਨਾ ਹੋਣੀ ਕਿ। ਓਹ ਆਸ਼ਾ ਸ਼ਰਮਾ ਦਆਰਾ ਸਟੇਜ ਤੇ ਪੇਸ਼ ਹੋਏ। ਆਸ਼ਾ ਸ਼ਰਮਾ ਦੀ ਆਵਾਜ਼ ਚ ਲਜ਼ੀਜ਼ ਕਸ਼ਿਸ਼ ਹੈ, ਆਸ਼ਾ ਸ਼ਰਮਾ ਪੰਜਾਬੀ ਸਾਹਿਤ ਤੇ ਸੱਭਿਆਚਾਰ ਦਾ ਮਿਸ਼ਰਨ ਆਪਣੀ ਪੇਸ਼ਕਾਰੀ ਨਾਲ ਪੇਸ਼ ਕਰ ਲੁਤਫ਼ ਲਿਆ ਦਿੰਦੀ ਹੈ। ਆਸ਼ਾ ਸ਼ਰਮਾ ਅਮਰੀਕਾ ਦੇ ਪੰਜਾਬੀ ਪ੍ਰਮੁੱਖ ਈਵੈਂਟ ਦੀ ਪੇਸ਼ਕਾਰੀ ਅੱਜ ਕਲ ਕਰ ਰਹੀ ਹੈ, ਆਸ਼ਾ ਸ਼ਰਮਾ ਦੇ ਭਵਿੱਖ, ਸਿਹਤ ਤੇ ਲੰਬੀ ਉਮਰ ਲਈ ਅਰਦਾਸਾਂ।

## ਅੱਛੇ ਤੇ ਮਨੋਰੰਜਕ ਵੀਡੀਓ ਬਣਾਉਂਦਾ ਹਾਂ ਲਾਲੀ ਬੈਂਸ



ਲਾਲੀ ਬੈਂਸ ਦੀ ਇੱਕ ਖੂਬੀ ਹੈ ਕਿ ਓਹ ਚੁੱਪ ਚਾਪ ਆਪਣਾ ਕੰਮ ਕਰਦੇ ਹਨ ਤੇ ਜਦ ਵੀਡੀਓ ਦੀ ਸ਼ੂਟਿੰਗ ਹੁੰਦੀ ਹੈ ਤਦ ਓਹ ਤੇ ਓਹਨਾਂ ਦੀ ਸੋਸ਼ਲ ਮੀਡੀਆ ਟੈਂਕ ਖੂਬ ਸਰਗਰਮ ਹੁੰਦਾ ਹੈ। ਲਾਲੀ ਬੈਂਸ ਆਪਣੇ ਨਾਮ ਦੀ ਤਰਾਂ ਚਿਹਰੇ ਤੇ ਲਾਲੀ ਲਿਆਉਣ ਵਾਲੇ ਵੀਡੀਓ ਕਰਦੇ ਹਨ। ਲਾਲੀ ਬੈਂਸ ਨੇ ਵੀਡੀਓ ਦੀ ਲੁੱਕ ਇਸ ਤਰਾਂ ਬਣਾ ਦੇਣੀ ਹੁੰਦੀ ਹੈ ਕਿ ਓਹ ਸੱਚ ਮੁੱਚ ਕਿਸੇ ਸੁਪਰ ਬਾਲੀਵੁੱਡ ਫਿਲਮ ਜਿਹਾ ਹੋਏ।ਹਾਲ ਚ ਹੀ ਲਾਲੀ ਬੈਂਸ ਨੇ ਘਾਂਟ ਲਈ ਵੀਡੀਓ ਕੀਤਾ ਹੈ। ਇਸ ਤਰਾਂ ਓਹਨਾਂ ਨੇ ਨਵ ਸਿੱਧੂ ਦਾ ਨਵਾ ਵੀਡੀਓ ਕੀਤਾ ਹੈ ਤੇ ਪ੍ਰਸਿੱਧ ਸੰਗੀਤਕਾਰ ਨਿਰਮਲ ਸਿੱਧੂ ਨੇ ਲਾਲੀ ਬੈਂਸ ਦੀ ਵੀਡੀਓ ਨਿਰਦੇਸ਼ਕ ਵਜੋਂ ਕਾਰਗੁਜ਼ਾਰੀ ਨੂੰ ਸਰਾਹਿਆ ਹੈ।ਲਾਲੀ ਬੈਂਸ ਨਾਲ ਕੰਮ ਕਰਨ ਵਾਲੀਆਂ ਮਾਡਲ ਕੁੜੀਆਂ ਨੇ ਕਿਹਾ ਕਿ ਲਾਲੀ ਬੈਂਸ ਦਾ ਅੰਦਾਜ਼ ਫਿਲਮੀਂ ਹੈ ਤੇ ਓਹ ਵੀਡੀਓ ਫ਼ਿਲਮ ਪੱਧਰ ਦਾ ਕਰਦੇ ਹਨ। ਉਮੀਦ ਹੈ ਕਿ ਲਾਲੀ ਬੈਂਸ ਜਲਦੀ ਹੀ ਕੋਈ ਵੱਡੀ ਫਿਲਮ ਵੀ ਡਾਇਰੈਕਟ ਕਰਨਗੇ।

## ਗਾਇਕੀ ਨਾਲੋਂ ਵੀਡੀਓ ਮੇਕਿੰਗ ਕੰਮ ਆਈ

ਅਮਰ ਨਿਮਾਣਾ ਦਿਲ ਦਾ ਸਾਫ ਇਨਸਾਨ ਹੈ ਤੇ ਕੁੱਝ ਕੁ ਖ਼ਾਮੀਆਂ ਸ਼ੁਰੂ ਚ ਨਾ ਹੁੰਦੀਆਂ ਤਾਂ ਅੱਜ ਬਾਦਸ਼ਾਹ ਜ਼ਿੰਦਗੀ ਚ ਹੁੰਦਾ। ਗਾਇਕੀ ਚ ਓਸ ਕਦੇ ਸੀਰੀਅਸ ਨਹੀਂ ਲਿਆ ਜਦ ਕਿ ਜਿਉਤੀ ਜਿਹੀ ਹਸੀਨ




ਗਾਇਕਾ ਓਸ ਕੋਲ ਸੀ। ਓਹ ਦਲਬੀਰ ਭਰੋਵਾਲ ਨਾਲ ਐਂਕਰ ਬਣ ਰਹਿ ਗਿਆ। ਫ਼ਿਰ ਵੀ ਲਲਿਤ ਮਹਿਤਾ ਦਾ ਭਲਾ ਹੋਏ ਜਿਸ ਅਮਰ ਨੂੰ ਕਿਹਾ ਕਿ ਇਹ ਟਾਈਮ ਬਣੋ ਕੁੱਝ ਫੋਟੋਗ੍ਰਾਫੀ ਆਉਂਦੀ ਹੈ, ਕੈਮਰੇ ਦੇ ਹਿਸਾਬ ਕਿਤਾਬ ਦਾ ਪਤਾ ਆਪ ਨੂੰ ਤੇ ਅਮਰ ਨਿਮਾਣਾ ਪਹਿਲੇ ਐਡੀਟਰ ਕੈਮਰਾਮੈਨ ਬਣ ਵਧੀਆ ਰਿਹਾ ਤੇ ਫਿਰ ਵੀਡੀਓ ਨਿਰਦੇਸ਼ਕ ਬਣ ਓਸ ਨੂੰ ਸਫਲਤਾ ਮਿਲੀ। ਗੱਲ ਫਿਰ ਉਹੀ ਸੀਰੀਅਸ ਹੁੰਦਾ ਤਾਂ ਟੀਸੀਰੀਜ਼ ਓਸ ਨੂੰ ਮੌਕੇ ਦੇ ਗਈ ਪਰ ਭੁਨਾ ਨਹੀਂ ਪਾਇਆ। ਹੁਣ ਡਾਇਰੈਕਟਰ ਬਣ ਖੁਸ਼ ਹੈ ਤੇ ਅੱਗੇ ਚਾਰ ਪੈਸੇ ਆਉਣ ਦੀ ਆਸ ਹੈ। ਲਲਿਤ ਮਹਿਤਾ ਨੇ ਗੁਰਦਾਸ ਮਾਨ ਤੇ ਬਾਲੀਵੁੱਡ ਦੇ ਸ਼ੋ ਓਸ ਦੁਆਰਾ ਕੈਮਰੇ ਚ ਕੈਦ ਕਰ ਅੰਤ ਓਸ ਨੂੰ ਨਵੇਂ ਤਜ਼ਰਬੇ ਦਿੱਤੇ ਹਨ।ਅਮਰ ਨਿਮਾਣਾ ਹੁਣ ਖੁਦ ਵੀਡੀਓ ਫ਼ਿਲਮਜ਼ ਤੇ ਗਾਣੇ ਕਰ ਟੋਪ ਵੱਲ ਹਨ। ਅਮਰ ਨਾਲ ਕੰਮ ਕਰਦੀਆਂ ਮਾਡਲ ਲੜਕੀਆਂ ਅਨੁਸਾਰ ਅਮਰ ਨਿਮਾਣਾ ਦਿਲ ਦਾ ਸਾਫ ਤੇ ਦਰਿਆ ਦਿਲ ਇਨਸਾਨ ਹੈ। ਅਮਰ ਨਿਮਾਣਾ ਨੂੰ ਨੇਹਾ ਮੂਵੀਜ਼ ਨੇ ਸੀਰੀਅਲ ਲਿਖਣ ਵੀ ਲਾਇਆ ਹੈ ਤੇ ਕੁਲ ਮਿਲਾ ਕਿ ਓਸ ਦਾ ਕੈਰੀਅਰ ਤੇ ਭਵਿੱਖ ਰੌਸ਼ਨ ਹੈ।

## ਆਉਣ ਵਾਲਾ ਟਾਈਮ ਤੇਰ ਬਾਈ ਦਾ ਦਲੇਰ ਮਹਿਤਾ

ਲੰਬਾ ਸੰਘਰਸ਼ ਤੇ ਘਰ ਆਮ ਜ਼ਿੰਮੇਵਾਰੀ ਮਾਂ ਦੀ ਵੀ ਪਿਓ ਦੀ ਵੀ ਭਰਾ ਭਾਬੀ ਵਾਸਤੇ ਵੀ ਜ਼ਿੰਮੇਵਾਰ ਬਣ ਚਲਦੇ ਢੇਰ ਸਾਰਾ ਲੋਕ ਪਿਆਰ "ਤਬਾਹੀ ਰਿਲੋਡਡ" ਲਈ ਕਬੂਲਦੇ ਦਲੇਰ ਮਹਿਤਾ ਦੀ ਗੁੱਡੀ ਹੁਣ ਅੰਬਰਾਂ ਤੇ ਹੈ।ਕਦੇ ਹਰਿਆਣਵੀ ਫਿਲਮ ਓਹ ਕਰਦੇ ਨੇ ਤੇ ਕਦੇ ਮੁੰਬਈ ਹਿੰਦੀ ਫ਼ਿਲਮ ਚ ਕੰਮ। ਵੈੱਬ ਸੀਰੀਜ਼ ਓਸ ਕੋਲ ਕਾਫੀ ਹਨ। ਦਲੇਰ ਮਹਿਤਾ ਐਕਟਿੰਗ ਚ ਹਰੇਕ ਤਰ੍ਹਾਂ ਦਾ ਕਿਰਦਾਰ ਕਰ ਰਹੇ ਹਨ। ਅੱਛੀ ਗੱਲ ਕਿ ਹੁਣ ਉਹ ਬੜੀ ਸੋਹਣੀ ਪਿਆਰੀ ਵੀਡੀਓ ਮਾਡਲਿੰਗ ਵੀ ਕਰ ਰਹੇ ਹਨ। ਦਲੇਰ ਮਹਿਤਾ ਨੇ ਮੁੰਬਈ ਚ ਕੀਤੀ ਇੱਕ ਸ਼ੂਟਿੰਗ ਦੇ ਸੈੱਟ ਤੇ ਕਿਹਾ ਕਿ ਓਹ ਆਪਣੇ ਮੰਤਵ ਚ ਸਰਗਰਮ ਹਨ, ਰਾਹੀ ਹੰਸ, ਸੁਖਬੀਰ ਜੀ, ਇਕਬਾਲ ਢਿੱਲੋਂ ਸਾਬ, ਤਾਜ ਤੇ ਬਹੁਤ ਸਾਰੇ ਹੋਰ ਜਿਵੇਂ ਬਲਬੀਰ ਟਾਂਡਾ ਜੀ ਸਭ ਦਾ ਸਹਿਯੋਗ ਹੈ ਕਿ ਓਹ ਦਿਨ ਦੁੱਗਣਾ ਰਾਤ ਚਾਰ ਗੁਣਾਂ ਕੰਮ ਕਰ ਰਹੇ ਹਨ।

## ਦੇਵੀ ਸ਼ਰਮਾ ਦਿਖਾਉਣ ਜਾ ਰਹੇ ਨੇ ਕਾਲ ਕੋਠੜੀ




ਸਾਜ਼ ਸਿਨੇ ਪ੍ਰੋਡਕਸ਼ਨ ਨੇ "ਕਾਲ ਕੋਠੜੀ" ਬਣਾ ਕਿ ਦਰਸ਼ਕਾਂ ਨੂੰ ਦਿਖਾਉਣ ਦੀ ਤਿਆਰੀ ਦਾ ਸੰਕੇਤ ਪੋਸਟਰ ਸਾਂਝਾ ਕਰ ਕੀਤਾ ਹੈ ਤੇ ਡੀ ਓ ਪੀ ਤੇ ਡਾਇਰੈਕਟਰ ਦੇਵੀ ਸ਼ਰਮਾ ਦਾ ਇਹ ਵੱਡਾ ਪ੍ਰੋਜੈਕਟ ਹੈ। ਅੰਗਦ ਸਚਦੇਵਾ ਨੇ ਦਿਲ ਖੋਹਲ ਕਿ ਇਹ ਪ੍ਰੋਜੈਕਟ ਬਣਵਾਇਆ ਹੈ। ਗਰਨੂਪਾ ਇਸ ਦੇ ਲਾਈਨ ਨਿਰਮਾਤਾ ਨੇ ਤੇ ਕਹਾਣੀ ਹਰਜੀਤ ਵਾਲੀਆ ਦੀ ਹੈ ਜਦ ਕਿ ਸੰਵਾਦ ਦੇਵੀ ਸ਼ਰਮਾ ਦੀ ਖੁਸ਼ਬੂ ਨੇ ਲਿਖੇ ਹਨ। ਯੋਗਰਾਜ ਸਿੰਘ ਖਾਲਸਾ ਦੇ ਨਾਲ ਸੁਵਿੰਦਰ ਵਿੱਕੀ ਇਸ ਫਿਲਮ ਚ ਹਨ ਜਦ ਕਿ ਨਰਿੰਦਰ ਗੱਖੜ, ਗੁਰਿੰਦਰ ਮਕਨਾ ਤੇ ਹਰਜੀਤ ਵਾਲੀਆ ਦੀ ਤਿੱਕੜੀ ਵੀ "ਕਾਲ ਕੋਠੜੀ" ਚ ਦਿਖਾਈ ਦੇਵੇਗੀ। ਅਰਸ਼ ਹੁੰਦਲ, ਸੁਖਦੇਵ ਬਰਨਾਲਾ ਸਤਿੰਦਰ ਧੀਮਾਨ ਸਮੇਤ ਹੋਰ ਵੀ ਕਈ ਕਲਾਕਾਰ ਫਿਲਮ ਦਾ ਹਿੱਸਾ ਹਨ। ਡੇਵੀ ਸਿੰਘ ਵੀ ਫਿਲਮ ਵਿਚ ਹੈ ਤੇ ਜਲਦੀ ਹੀ "ਕਾਲ ਕੋਠੜੀ" ਲੋਕ ਕਚਹਿਰੀ ਪੇਸ਼ ਹੋਊ।

-ਅੰਮ੍ਰਿਤ ਪਵਾਰ



# ਅਮਰੀਕੀ ਹਵਾਈ ਅੱਡੇ ਤੇ ਤਲਾਸ਼ੀ !

ਬੀ. ਐੱਸ. ਢਿੱਲੋਂ
ਮੋਬਾਇਲ 99880914
+1 (236) 594-1122



ਅਰਬ ਦੇ ਸ਼ੇਖਾਂ ਦਾ ਲਿਸ਼ ਲਿਸ਼ ਕਰਦਾ, 8 ਰੋਡਵੇਜ ਦੀਆਂ ਬੱਸਾਂ ਦੀਆਂ ਸਵਾਰੀਆਂ ਜਿੰਨਾ 400 ਮੁਸਾਫ਼ਰਾਂ ਦਾ ਭਰਿਆ ਬੋਇੰਗ 777 ਜਹਾਜ਼, ਜਦੋਂ ਗਰੜ ਗਰੜ ਕਰਦਾ ਅਮਰੀਕਾ ਦੀ ਧਰਤੀ ਤੇ ਉੱਤਰਿਆ ਤਾਂ ਮੈਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਅਗਾਂਹ ਸਵਾਗਤ ਦੀ ਥਾਂ ਕੁੱਤੇ-ਖਾਣੀ ਹੋਵੇਗੀ। ਮਿੰਨੀ ਬੱਸ ਵੱਲ ਦੌੜ ਰਹੀਆਂ ਪੇਂਡੂ ਸਵਾਰੀਆਂ ਵਾਂਗ ਲੋਕ ਕਾਹਲੇ ਕਦਮੀ ਚੱਲ ਰਹੇ ਸਨ। ਕਈ ਮੋੜ ਕੱਟਕੇ ਮੈਂ ਸਕਿਊਰਟੀ ਕਾਊਂਟਰ ਤੇ ਪਹੁੰਚਿਆ। ਝੋਟੇ ਵਰਗੇ ਕਾਲੇ ਅਧਿਕਾਰੀ ਨੇ ਮੇਰੇ ਕਾਗਜ਼ ਪੱਤਰ ਉਲਟਾ ਪੁਲਟਾ ਕੇ ਵੇਖੇ ਤੇ ਇੱਕ ਦੋ ਸਵਾਲ ਪੁੱਛਕੇ ਫਰੇਮ ਵਿੱਚ ਲੱਗੇ ਨਿੱਕੇ ਕੈਮਰੇ ਦੇ ਸਾਹਮਣੇ ਹੋਣ ਲਈ ਕਿਹਾ। ਮੈਂ ਕੈਮਰੇ ਦੀ ਅੱਖ ਵਿੱਚ ਵੇਖਿਆ ਤੇ ਉਸਨੇ ਮੇਰੀ ਫੋਟੋ ਖਿੱਚ ਲਈ। ਮੈਂ ਫਿਰ ਗਲੀਚੇ ਤੇ ਤੁਰਦਾ ਤੁਰਦਾ ਕਨੇਡਾ ਲਈ ਅਗਲਾ ਜਹਾਜ਼ ਚੜ੍ਹਣ ਲਈ ਅਗਲੇ ਸਕਿਊਰਟੀ ਚੈੱਕ ਕਾਊਂਟਰ ਤੇ ਪੁੱਜਾਂ। ਟਰੇਅ ਵਿੱਚ ਬੂਟ ਜੁਰਾਬਾਂ ਬੈਲਟ ਬਟੂਆ ਘੜੀ ਹੈਂਡਬੈਗ ਰੱਖੇ ਤਾਂ ਪਟਾ ਸਰਕਕੇ ਟਰੇਅ ਦੂਜੇ ਪਾਸੇ ਲੈ ਗਿਆ। ਇੱਥੇ ਸਿਕਿਊਰਟੀ ਸਖਤ ਸੀ। ਸਾਹਮਣੇ ਖੜ੍ਹੇ ਗੋਰੇ ਨੇ ਮੈਨੂੰ ਮੈਟਲ ਡਟੈਕਟਰ ਵਿੱਚ ਵੜਣ ਲਈ ਕਿਹਾ। ਮੈਂ ਉਸਦੇ ਦੱਸਣ ਤੇ, ਬਣੇ ਹੋਏ ਨਿਸ਼ਾਨਾਂ ਤੇ ਪੈਰ ਰੱਖਕੇ ਦੋਨੋ ਹੱਥ ਸ਼ੀਸ਼ੇ ਦੀ ਕੰਧ ਨਾਲ ਲਾਕੇ ਖੜ੍ਹ ਗਿਆ। ਮੈਂ ਫ਼ੌਜੀਆਂ ਵੱਲੋਂ ਬੰਦੇ ਦੇ ਪਿੱਛੋਂ ਸਿਰ ਚ ਗੋਲੀ ਮਾਰਨ ਵਾਲੇ ਅੰਦਾਜ਼ ਚ ਕੰਧ ਨਾਲ ਹੱਥ ਲਾਈ ਖੜ੍ਹਾ ਸੀ। ਸ਼ੀਸ਼ੇ ਦੇ ਪਿੱਛੋਂ ਡੰਡਾ ਜਿਹਾ ਖੱਬੇ ਤੋਂ ਸੱਜੇ ਪਾਸੇ ਗਿਆ ਤੇ ਮੇਰਾ ਯੂਓ ਹੋ ਗਿਆ। ਸੰਬੰਧਿਤ ਅਫਸਰ ਨੇ ਮੇਰਾ ਖੋਪੜੀ ਤੋਂ ਅੱਡੀ ਤੱਕ ਹੱਡੀਆਂ ਦਾ ਢਾਂਚਾ ਵੇਖ ਲਿਆ ਸੀ। ਪਰ ਕਿਤੇ ਕੋਈ ਮਾੜੀ ਤਾਰ ਹਿੱਲ ਗਈ ਸੀ। ਮੇਰੇ ਦੂਜੇ ਪਾਸੇ ਪੈਰ ਰੱਖਦਿਆਂ ਹੀ ਸਕਿਊਰਟੀ ਵਾਲੇ ਨੇ ਮੈਨੂੰ ਇੱਕ ਪਾਸੇ ਪਈ ਕੁਰਸੀ ਤੇ ਬਿਠਾ ਲਿਆ। ਮੈਂ ਦੋਨੋ ਹੱਥ ਗੋਡਿਆਂ ਤੇ ਰੱਖਕੇ ਸਿੱਧਾ ਤਣਕੇ ਬੈਠ ਗਿਆ। ਗੋਰਾ ਅਧਿਕਾਰੀ ਮੇਰੇ ਸਿਰਤੇ ਮੈਟਲ ਡਿਕੈਟਰ ਫੇਰਨ ਲੱਗਾ। ਸਾਲਾ ਪਿੱਦਾ ਜਿਹਾ ਯੰਤਰ ਚੂੰ ਚੂੰ ਕਰਨੋਂ ਨਾ ਹਟੇ। ਗੋਰੇ ਅਫਸਰ ਨੇ ਮੈਨੂੰ ਪੁੱਛਿਆ "ਸਤਾਰਤ"? ਮੈਨੂੰ ਸਮਝ ਨਹੀਂ ਆਈ। ਦੂਜੀ ਵਾਰੀ ਫਿਰ ਕਹਿੰਦਾ ਸਤਾਰਤ? ਮੈਂ ਸਿਰ ਮਾਰਕੇ ਕਿਹਾ ਨਹੀਂ ਜੀ ਮੈਂ ਤਾਂ ਰਸਤੇ ਚ ਕੋਈ ਸ਼ਰਾਰਤ ਨਹੀਂ ਕੀਤੀ। ਉਸਨੇ ਤੀਜੀ ਵਾਰੀ ਮੇਰੀ ਪੱਗ ਤੇ ਯੰਤਰ ਘਸਾ ਕੇ ਕਿਹਾ ਸਤਾਰਤ? ਉਹ ਤੇਰਾ ਭਲਾ ਹੋਜੇ? ਕੰਜਰ ਦਾ ਪੁੱਤ ਸਟਾਰਚ/ਮਾਵਾ ਕਹਿ ਰਿਹਾ ਸੀ। ਮੈਂ ਉਸਨੂੰ ਦੱਸਿਆ ਕਿ ਨਹੀਂ ਜੀ ਕੋਈ ਸਟਾਰਚ ਨਹੀਂ ਲੱਗਿਆ। ਮੈਂ ਤਾਂ ਧੋਅ ਕੇ ਬੰਨ੍ਹੀ ਹੈ। ਸਾਲਾ ਪਿੱਦਾ ਯੰਤਰ ਅਜੇ ਵੀ ਚੂੰ ਚੂੰ ਕਰਨੋਂ ਨਾ ਹਟੇ। ਉਹ ਮੇਰੇ ਤੇ ਸ਼ੱਕ ਕਰ ਰਹੇ ਸਨ। ਮੇਰੀ ਨਕਲੀ ਮੁਸਕਰਾਹਟ ਗਾਇਬ ਹੋ ਗਈ ਸੀ। ਮੇਰੇ ਮੱਥੇ ਤੇ ਤਿਊੜੀ ਪਈ ਤੇ ਮੈਂ ਦੋਨੋ ਹੱਥ ਪੱਗ ਨੂੰ ਪਾ ਲਏ। ਆਖਰ ਸਕਿਊਰਟੀ ਦਾ ਮਾਮਲਾ ਸੀ ਤੇ ਉੱਤੋਂ ਬੇਗਾਨਾ ਮੁਲਕ।

ਗੋਰੇ ਨੇ ਮੈਨੂੰ "ਤੋਂ ਤੋ ਤੋ" ਕਹਿਕੇ ਪੱਗ ਲਾਹੁਣ ਤੋਂ ਵਰਜਿਆ। ਗੋਰੇ ਸਾਡੇ ਵਾਂਗ ਜੀਭ ਤਾਲੂਏ ਨੂੰ ਲਾਕੇ ਨਹੀਂ ਬੋਲਦੇ। ਇਹ ਜੀਭ ਦੰਦਾਂ ਨਾਲ ਲਾਕੇ ਬੋਲਦੇ ਹਨ। ਇਸ ਲਈ "ਨੋ ਨੋ ਨੋ" ਨੂੰ "ਤੋ ਤੋ ਤੋ" ਕਹਿੰਦੇ ਹਨ। ਬਿਜਲੀ ਦੀ ਤੇਜ਼ੀ ਨਾਲ ਕਿਸੇ ਗਲਤੀ ਦੀ ਤਾਰ ਮੇਰੇ ਵਿੱਚੋਂ ਲੰਘ ਗਈ। ਮੈਨੂੰ ਯਾਦ ਆਇਆ। ਉਹ ਤੇਰਾ? ਅੱਖ ਪਲਕਾਰੇ ਚ ਮੈਨੂੰ ਯਾਦ ਆਇਆ ਕਿ ਮੈਂ ਪੱਗ ਪਿੰਨ ਲਾਏ ਸਨ। ਮੈਂ ਪੱਗ ਚੋਂ ਤਿੰਨੋਂ ਬਰੀਕ ਸੁਈਆਂ ਕੱਢਕੇ ਪਾਸੇ ਟਰੇਅ ਚ ਰੱਖ ਦਿੱਤੀਆਂ। ਯੰਤਰ ਚੁੱਪ ਹੋ ਗਿਆ! ਉਹਨਾ ਮੈਨੂੰ ਜਾਣ ਦਾ ਇਸ਼ਾਰਾ ਕੀਤਾ। ਮੈਂ ਟਰੇਅ ਚੁੱਕਕੇ ਸਾਹਮਣੇ ਬੈਂਚ ਤੇ ਰੱਖਕੇ ਸਮਾਨ ਸਾਂਭਣ ਲੱਗਾ। ਹੁਣ ਬਿਨਾ ਸੂਈਆਂ ਤੋ ਛੋਟੇ ਪੱਗ ਦੇ ਲੜ ਨੇ ਟਿਕਣਾ ਨਹੀਂ ਸੀ। ਮੈਂ ਪੱਗ ਲਾਹਕੇ ਕੱਛ ਚ ਦਿੱਤੀ। ਮਤਲਬ ਹੈਂਡ ਬੈਗ ਚ ਪਾਈ ਤੇ ਸਿਰ ਤੇ ਕੈਪ ਲੈਕੇ ਕਨੇਡਾ ਨੂੰ ਜਾਣ ਵਾਲੇ ਪਿੱਦੇ ਜੇ ਜਹਾਜ਼ ਵੱਲ ਚੱਲ ਪਿਆ!!


## ਵਿੱਚਲੀ ਗੱਲ

ਦਰਜਨ ਕੁ ਪੰਜਾਬੀ ਹਰਿਆਣਵੀ ਵਲੋਗਰ ਮੁੰਡਿਆਂ ਨੇ ਪੰਜਾਬ ਦੇ ਪਿੰਡਾਂ ਵਿੱਚ ਬੈਠੇ ਲੋਕਾਂ ਨੂੰ ਸਾਰੀ ਦੁਨੀਆਂ ਵਿਖਾ ਦਿੱਤੀ ਹੈ। ਇਹ ਮੁੰਡੇ ਕਰੋਨਾਂ ਦੇ ਲੌਕ ਡਾਊਨ ਪਿੱਛੋਂ ਵਿਦੇਸ਼ਾਂ ਵੱਲ ਘੁੰਮਣ ਲੱਗੇ ਸਨ ਤੇ 6 ਕੁ ਸਾਲਾਂ ਵਿੱਚ ਹੀ ਉਨ੍ਹਾਂ ਨੇ ਸਾਰੀ ਦੁਨੀਆ ਵਿਖਾ ਦਿੱਤੀ ਹੈ। ਕੱਲ੍ਹ ਮੈਂ ਦੋ ਵੀਡੀਓ ਵੇਖੀਆਂ ਸਨ। ਪੰਜਾਬੀ ਸਵਾ ਸੌ ਸਾਲ ਪਹਿਲਾਂ ਦੂਰ ਦੁਰਾਡੇ ਦੇ ਦੇਸ਼ਾਂ ਵਿੱਚ ਜਾਕੇ ਵੱਸ ਗਏ ਸਨ। 500 ਸਾਲ ਪਹਿਲਾਂ ਉਜ਼ਬੇਕਿਸਤਾਨ ਤੋਂ ਬਾਬਰ ਭਾਰਤ ਆਇਆ ਸੀ। ਉੱਥੇ ਉਸਦੇ ਬੁੱਤ ਲੱਗੇ ਹੋਏ ਹਨ ਤੇ ਮਿਊਜ਼ੀਅਮ ਬਣੇ ਹੋਏ ਹਨ ਉਹ ਲੋਕ ਬਾਬਰ ਨੂੰ ਆਪਣਾ ਮਹਾਨ ਯੋਧਾ ਕਹਿੰਦੇ ਹਨ। 500 ਸਾਲ ਪਹਿਲਾਂ ਹੀ ਪੁਰਤਗਾਲ ਤੋਂ ਵਾਸਕੋਡੇਗਾਮਾ ਭਾਰਤ ਆਇਆ ਸੀ। ਉੱਥੇ ਉਸਦੇ ਮਿਊਜ਼ੀਅਮ ਬਣੇ ਹੋਏ ਹਨ। ਸਾਡੇ ਇਹ ਮੁੰਡੇ ਉਜ਼ਬੇਕਿਸਤਾਨ ਤੇ ਪੁਰਤਗਾਲ ਵਿੱਚ ਜਾਕੇ ਉੱਥੇ ਦੇ ਲੋਕਾਂ ਨਾਲ ਮੁਲਾਕਾਤ ਕਰਦੇ ਹਨ। ਇਹਨਾਂ ਘੁੰਮਣ ਵਾਲੇ ਸਾਹਸੀ ਮੁੰਡਿਆਂ ਨੇ ਰੂਸ ਚੀਨ ਦੀ ਯਾਤਰਾ ਕਰਵਾ ਦਿੱਤੀ ਹੈ। ਲੈਟਿਨ ਅਮਰੀਕਾ ਦੇ ਅਜਨਬੀ ਦੇਸ਼ਾਂ ਵਿੱਚ ਲੱਗੇ ਟੈਗੋਰ ਤੇ ਗਾਂਧੀ ਦੇ ਬੁੱਤ ਵਿਖਾ ਦਿੱਤੇ ਹਨ। ਦੁਨੀਆ ਬਹੁਤ ਵੱਡੀ ਹੈ ਪਰ ਇਸ ਇੱਕੀਵੀਂ ਸਦੀ ਵਿੱਚ ਇੱਕ ਪਿੰਡ ਵਾਂਗ ਬਣ ਗਈ ਹੈ। ਖੂਹ ਦੇ ਡੱਡੂ ਬਣਕੇ ਨਿੱਕੇ ਜਿਹੇ ਦਾਇਰੇ ਚ ਰਹਿੰਦੇ, ਡੱਬਾ ਬੰਦ ਦਿਮਾਗ ਵਾਲਿਆਂ ਤੱਕ ਵੀ ਇਹ ਜਾਣਕਾਰੀ ਪਹੁੰਚ ਰਹੀ ਹੈ ਕਿ ਦੁਨੀਆਂ ਵਿੱਚ ਸੈਂਕੜੇ ਧਰਮ,ਨਸਲਾਂ,ਬੋਲੀਆਂ, ਧਰਮ ਗਰੰਥਾਂ, ਸੱਭਿਆਚਾਰਾਂ ਵਾਲੇ ਲੋਕ ਰਹਿੰਦੇ ਹਨ। ਕੋਈ ਕਿਸੇ ਤੋਂ ਘੱਟ ਨਹੀਂ ਅਖਵਾਉਂਦਾ। ਇਸ ਨਾਲ ਲੋਕਾਂ ਦਾ ਦਰਿਸ਼ਟੀਕੋਨ ਵਿਸ਼ਾਲ ਹੁੰਦਾ ਹੈ।

ਬੀ. ਐੱਸ. ਢਿੱਲੋਂ ਮੋਬਾਇਲ 99880914 +1 (236) 594-1122

# ਇਟਲੀ ਵਿੱਚ 3 ਬੇਘਰੇ, ਬਿਨ੍ਹਾਂ ਪੇਪਰਾਂ ਦੇ ਭਾਰਤੀ ਨੌਜਵਾਨਾਂ ਨੇ 80 ਸਾਲਾ ਦੇ ਇਟਾਲੀਅਨ ਬਜੁਰਗ ਨੂੰ ਲੁੱਟਣ ਦਾ ਕੀਤਾ ਕਾਰਾ, 2 ਗ੍ਰਿਫ਼ਤਾਰ, ਇੱਕ ਫਰਾਰ

ਲਾਤੀਨਾ ਇਟਲੀ (ਗੁਰਸ਼ਰਨ ਸਿੰਘ ਸੋਨੀ)-ਇਟਲੀ ਵਿੱਚ ਵੱਧ ਰਹੇ ਅਪਰਾਧਾਂ ਵਿੱਚ ਪ੍ਰਵਾਸੀਆਂ ਦਾ ਨਾਮ ਆਉਣਾ ਇੱਕ ਆਮ ਜਿਹੀ ਗੱਲ ਬਣਦੀ ਜਾ ਰਹੀ ਹੈ ਅਫ਼ਸੋਸ ਇਹਨਾਂ ਪ੍ਰਵਾਸੀਆਂ ਵਿੱਚ ਭਾਰਤੀਆਂ ਦਾ ਜ਼ਿਕਰ ਇਟਲੀ ਦੇ ਉਹਨਾਂ ਤਮਾਮ ਕਿਰਤੀਆਂ, ਕਾਰੋਬਾਰੀਆਂ, ਧਾਰਮਿਕ ਤੇ ਸਮਾਜ ਸੇਵੀ ਭਾਰਤੀ ਸ਼ਖ਼ਸੀਅਤਾਂ ਨੂੰ ਕੱਖੋ ਹੌਲੇ ਕਰਦਾ ਨਜ਼ਰੀ ਆਉਂਦਾ ਹੈ ਜਿਹੜੇ ਕਿ ਇਟਲੀ ਵਿੱਚ ਸਦਾ ਹੀ ਇਮਾਨਦਾਰੀ ਨਾਲ ਮਿਹਨਤ ਕਰ ਮਾਣ-ਸਨਮਾਨ ਨਾਲ ਜਿੰਦਗੀ ਨੂੰ ਹੰਢਾਅ ਰਹੇ ਹਨ। ਉਂਝ ਤਾਂ ਇਟਲੀ ਦੇ ਵੱਖ-ਵੱਖ ਖੇਤਰਾਂ ਵਿੱਚ ਕੁਝ ਭਾਰਤੀ ਅਪਰਾਧਿਕ ਬਿਰਤੀ ਵਾਲੇ ਲੋਕ ਬਿਨ੍ਹਾਂ ਸੋਚੇ ਅਜਿਹੇ ਕੰਮਾਂ ਨੂੰ ਅੰਜਾਮ ਦੇਣ ਵਿੱਚ ਕੋਈ ਕਸਰ ਨਹੀਂ ਛੱਡਦੇ ਜਿਹੜੇ ਕਿ ਬਾਅਦ ਵਿੱਚ ਬੰਦੇ ਨੂੰ ਸਿਵਾਏ ਜੇਲ੍ਹ ਦੇ ਹੋਰ ਕਿਧਰੇ ਨਹੀਂ ਲੈ ਜਾਂਦੇ ਪਰ ਬੀਤੀ ਰਾਤ ਇਟਲੀ ਦੇ ਮਿੰਨੀ ਪੰਜਾਬ ਕਰਕੇ ਜਾਣੇ ਜਾਂਦੇ ਸੂਬੇ ਲਾਸੀਓ ਦੇ ਜਿਲ੍ਹਾ ਲਾਤੀਨਾ ਅਧੀਨ ਆਉਂਦੇ ਸ਼ਹਿਰ ਤੇਰਾਚੇਨਾ ਵਿੱਚ 3 ਭਾਰਤੀਆਂ ਨੇ ਜਿਹੜਾ ਕਾਂਡ ਇੱਕ 80 ਸਾਲਾ ਇਟਾਲੀਅਨ ਬਜੁਰਗ ਨਾਲ ਲੁੱਟ ਦਾ ਕਰਨ ਦੀ ਕੋਸ਼ਿਸ਼ ਕੀਤੀ ਉਸ ਨੇ ਇਲਾਕੇ ਦੇ ਸਾਰੇ ਭਾਰਤੀ ਭਾਈਚਾਰੇ ਨੂੰ ਇਟਾਲੀਅਨ ਲੋਕਾਂ ਦੀ ਨਿੰਦਿਆਂ ਦਾ ਪਾਤਰ ਬਣਾ ਦਿੱਤਾ ਹੈ। ਮਿਲੀ ਜਾਣਕਾਰੀ ਅਨੁਸਾਰ 3 ਬੇਘਰ ਭਾਰਤੀ ਬਿਨ੍ਹਾਂ ਪੇਪਰਾਂ ਦੇ ਤੇਰਾਚੀਨਾ ਇਲਾਕੇ ਵਿੱਚ ਇਧਰ-ਉਧਰ ਘੁੰਮਕੇ ਆਪਣਾ ਡੰਗ ਪਟਾ ਰਹੇ ਸਨ ਕਿ ਬੀਤੀ ਰਾਤ ਇਹਨਾਂ 3 ਨੇ ਸ਼ਹਿਰ ਤੇਰਾਚੀਨਾ ਦੇ ਵਿਚਕਾਰ ਇੱਕ 80 ਸਾਲਾ ਇਟਾਲੀਅਨ ਤੋਂ ਉਸ ਨੂੰ ਮਿਲੀ ਪੈਨਸ਼ਨ ਦੀ ਰਕਮ ਖੋਹਣ ਦੀ ਕੋਸ਼ਿਸ਼ ਕੀਤੀ ਇਸ ਦੌਰਾਨ ਹੀ ਬਜੁਰਗ ਦੇ ਪਰਿਵਾਰ ਦੇ ਇੱਕ ਵਿਅਕਤੀ ਨੇ ਆਕੇ ਉਹਨਾਂ ਦਾ ਵਿਰੋਧ ਕੀਤਾ, ਪੇਸ਼ ਚੱਲਦੀ ਨਾ ਦੇਖ ਇੱਕ ਭਾਰਤੀ ਨਾ ਘਟਨਾ ਸਥਲ ਤੋਂ ਰਫੂ-ਚੱਕਰ ਹੋ ਗਿਆ ਜਦੋਂ ਕਿ ਦੂਜੇ ਦੋਨੋ ਇੱਕ 28 ਸਾਲਾ ਤੇ ਇੱਕ 48 ਸਾਲਾ ਭਾਰਤੀ ਹਾਲੇ ਵੀ ਘਟਨਾ ਨੂੰ ਅੰਜਾਮ ਦੇਣਾ ਚਾਹੁੰਦੇ ਸੀ। ਇਟਾਲੀਅਨ ਪਰਿਵਾਰ ਨੇ 112 ਨੰਬਰ ਉਪੱਰ ਕਾਲ ਕਰ ਸਾਰੀ ਘਟਨਾ ਦੀ ਜਾਣਕਾਰੀ ਦੇ ਦਿੱਤੀ। ਪੁਲਸ ਦੀ ਟੀਮ ਬਿਨ੍ਹਾਂ ਦੇਰ ਘਟਨਾ ਸਥਲ ਤੇ ਪਹੁੰਚ ਗਈ ਜਿਸ ਨੇ ਸਾਰੀ ਘਟਨਾ ਦਾ ਜਾਇਜਾ ਲੈਣ ਉਪਰੰਤ ਦੋਨਾਂ ਭਾਰਤੀਆਂ ਨੂੰ ਹਿਰਾਸਤ ਵਿੱਚ ਲੈ ਲਾਤੀਨਾ ਜੇਲ ਭੇਜ ਦਿੱਤਾ ਹੈ ਤੇ 3 ਭਾਰਤੀ ਦੀ ਪੁਲਸ ਵੱਲੋਂ ਭਾਲ ਜਾਰੀ ਹੈ। ਇਸ ਘਟਨਾ ਨੇ ਇਟਾਲੀਅਨ ਲੋਕਾਂ ਨੂੰ ਸੋਚਣ ਉਪੱਰ ਮਜ਼ਬੂਰ ਕਰ ਦਿੱਤਾ ਹੈ ਜਿਹੜਾ ਭਾਈਚਾਰਾ ਇਟਲੀ ਵਿੱਚ ਕਦੀਂ ਇਮਾਨਦਾਰੀ ਤੇ ਮਿਹਨਤੀ ਲੋਕਾਂ ਵਜੋਂ ਜਾਣਿਆ ਤੇ ਸਤਿਕਾਰਿਆ ਜਾਂਦਾ ਸੀ ਅੱਜ ਉਸ ਭਾਈਚਾਰੇ ਦੇ ਕੁਝ ਲੋਕ ਅਪਰਾਧਾਂ ਵਿੱਚ ਮੋਹਰੀ ਬਣ ਇਟਲੀ ਦੇ ਭਾਰਤੀ ਨੌਜਵਾਨਾਂ ਦੇ ਭੱਵਿਖ ਨੂੰ ਧੁੰਧਲਾ ਕਰਨ ਦੀਆਂ ਲੀਹਾਂ ਪਾ ਰਹੇ ਹਨ।



# ਸਿਵਿਆਂ ਦੀ ਰਾਖ !

ਦਲਜੀਤ ਦੁਸਾਂਝ ਦੀ ਫਿਲਮ ਪੰਜਾਬ-95 ਕਿਸੇ ਹੋਰ ਨਾਂ "ਸਤਲੁਜ" ਥੱਲੇ ਰਿਲੀਜ਼ ਹੋ ਚੁੱਕੀ ਹੈ- ਹੋ ਸਕਦਾ ਹੈ ਇਸ ਘਟਨਾ ਦਾ ਜ਼ਿਕਰ ਸ਼ਾਇਦ ਉਸ ਵਿੱਚ ਵੀ ਹੋਵੇ।

ਘਟਨਾ ਸਤੰਬਰ 92 ਦੀ ਹੈ।

ਇੱਕ ਵਿਧਵਾ ਔਰਤ ਮਾਤਾ ਜਗੀਰ ਕੌਰ ਮਹਿਤੇ ਲਾਗੇ ਕਿਸੇ ਪਿੰਡ 'ਚ ਰਹਿੰਦੀ ਸੀ। ਇੱਕੋ ਇੱਕ ਪੁੱਤਰ ਸੀ ਉਸਦਾ ਦਲਬੀਰ - ਜਿਹਨੂੰ ਪਿਆਰ ਨਾਲ ਉਹ ਬੀਰਾ ਹੀ ਆਖਦੀ। ਜਿਵੇਂ ਕਿਵੇਂ ਗੁਜ਼ਾਰਾ ਕੀਤਾ ਉਸਨੇ, ਬੀਰੇ ਨੂੰ ਪਾਲ ਪੋਸ ਕੇ ਵੱਡਾ ਕੀਤਾ। ਚੰਗਾ ਜਵਾਨ ਨਿਕਲ ਆਇਆ ਸੀ ਬੀਰਾ, ਲੰਮ ਸਲੰਮਾ ਗੱਭਰੂ - ਅਸਲ ਵਿਚ ਮਾਝੇ ਦੀ ਮਿੱਟੀ ਹੀ ਇਹੋ ਜਿਹੀ ਹੈ- ਮਾਵਾਂ ਪੁਤ ਜੰਮਦੀਆਂ ਨੇ, ਤੇ ਪੁੱਤ ਜਲਦੀ ਜਵਾਨ ਹੋ ਜਾਂਦੇ ਨੇ- ਬੀਰਾ ਕਾਲਜ ਗਿਆ ਡਿਗਰੀ ਕੀਤੀ ਤੇ ਪੁਲਸ ਵਿੱਚ ਭਰਤੀ ਹੋ ਗਿਆ। ਜਹਾਨ ਖੇਲਾਂ ਤੋਂ ਟਰੇਨਿੰਗ ਕਰਨ ਤੋਂ ਬਾਅਦ ਉਹ ਪਹਿਲੀ ਵਾਰੀ ਵਰਦੀ ਪਾ ਕੇ ਘਰ ਆਇਆ, ਮਾਂ ਬੈਠੀ ਮੱਝਾਂ ਦੀਆਂ ਧਾਰਾਂ ਕਢਣ ਡਹੀ ਸੀ, ਉਸਨੇ ਚੁਪ ਚਾਪ ਪਿਛੋਂ ਦੀ ਜਾ ਕੇ ਮਾਂ ਦੀਆਂ ਅੱਖਾਂ ਹੱਥਾਂ ਨਾਲ ਬੰਦ ਕਰ ਦਿਤੀਆਂ। ਨਿੱਕੇ ਹੁੰਦਿਆਂ ਵੀ ਉਹ ਇਹੋ ਜਿਹੀਆਂ ਖੇਡਾਂ ਨਾਲ ਮਾਂ ਨੂੰ ਪਰਚਾਉਂਦਾ ਰਹਿੰਦਾ ਸੀ।

ਭਲਾ ਮਾਂ ਤੋਂ ਕੀ ਭੁਲਿਆ ਸੀ, ਆਖਣ ਲੱਗੀ "ਆ ਗਿਐਂ ਬੀਰੇ??

ਬੀਰਾ ਪਿਛੇ ਹੱਟ ਕੇ ਖਲੋ ਗਿਆ ...... ਦੁੱਧ ਆਲੀ ਬਾਲਟੀ ਪਰ੍ਹਾਂ ਰੱਖ ਕੇ ਮਾਂ ਖੜ੍ਹੀ ਹੋਈ ਤਾਂ ਬੀਰੇ ਨੇ ਮਾਂ ਨੂੰ ਸਲੂਟ ਮਾਰਿਆ। ਬੀਰੇ ਨੂੰ ਦੇਖ ਕੇ ਮਾਂ ਦੀਆਂ ਅੱਖਾਂ ਭਰ ਆਈਆਂ-

ਲੰਮ ਸਲੰਮਾ ਬੀਰਾ, ਖਾਕੀ ਵਰਦੀ, ਵਿੱਚ ਬਹੁਤ ਸੋਹਣਾ ਜੱਚ ਰਿਹਾ ਸੀ। ਬੀਰੇ ਨੇ ਮਾਂ ਨੂੰ ਘੁੱਟ ਕੇ ਗਲ ਨਾਲ ਲਾ ਲਿਆ— "ਮਾਂ ਤੂੰ ਬਹੁਤ ਕਸ਼ਟ ਝੱਲੇ ਨੇ ਮੇਰੇ ਲਈ - ਹੁਣ ਤੈਨੂੰ ਕੰਮ ਕਰਨ ਦੀ ਲੋੜ ਨਹੀਂ ਮਾਂ- ਹੁਣ ਤੂੰ ਬੈਠ ਕੇ ਖਾਈਂ ਤੇ ਸੁੱਖ ਦੀ ਨੀਂਦ ਸੌਂਈਂ"।

ਤੇ ਬੀਰੇ ਦੇ ਹੰਜੂ ਵਗ ਤੁਰੇ।

------

ਮਾਂ ਆਖਣ ਲੱਗੀ, "ਦੇਖ ਪੁੱਤਰ ਪੁਲਸ ਦੀ ਨੌਕਰੀ ਐ - ਕਿਸੇ ਤੋਂ ਰਿਸ਼ਵਤ ਨਾ ਲਈ- ਕਿਸੇ ਨਾਲ ਨਜਾਇਜ਼ ਨਾ ਕਰੀਂ- ਲੋਕੀ ਗੱਲਾਂ ਕਰਦੇ ਕਰਦੇ ਸਭ ਦੱਸ ਦਿੰਦੇ ਨੇ- ਸਭ ਪਤਾ ਲਗਦਾ ਰਹਿੰਦੈ ਕਿਹੜੇ ਪੁਲਸ ਵਾਲੇ ਨੇ ਜ਼ਮੀਨਾਂ ਜਾਇਦਾਦਾਂ ਬਣਾਈਆਂ ਨੇ ਤੇ ਕਿਹੜੇ ਨੇ ਚੰਡੀਗੜ੍ਹ ਲਾਗੇ ਪਲਾਟ ਲੈ ਲਏ ਨੇ - ਯਾਦ ਰੱਖੀਂ ਆਉਣ ਵਾਲੀਆਂ ਪੀੜ੍ਹੀਆਂ ਥੂ ਥੂ ਕਰਨਗੀਆਂ ਇਹਨਾਂ 'ਤੇ- ਪਾਪ ਦੀ ਕਮਾਈ ਕਰਕੇ ਤੂੰ ਇਹ ਕਲੰਕ ਨਾ ਲੁਆ ਲਈਂ ਕਿਤੇ"।

ਬੀਰੇ ਨੇ ਮਾਂ ਦਾ ਹੱਥ ਆਪਣੇ ਸਿਰ 'ਤੇ ਰੱਖਿਆ ਕਿਹਾ, "ਮਾਂ ਤੇਰੀ ਸਹੁੰ, ਮੈਂ ਵਚਨ ਦਿਨਾ ਕਿ ਮੈਂ ਅਜਿਹਾ ਕੋਈ ਕੰਮ ਨਹੀਂ ਕਰਾਂਗਾ ਜਿਸ ਨਾਲ ਤੇਰੀ ਕੁੱਖ ਨੂੰ ਕਲੰਕ ਲੱਗੇ"।

--- ਮੁੰਡਾ ਪੁਲਸ ਦੀ ਨੌਕਰੀ ਲੱਗ ਗਿਆ ਆਂਢ-ਗੁਆਂਢ ਰਿਸ਼ਤੇਦਾਰ ਸਭ ਘਰ ਆਣ ਜਾਣ ਲੱਗ ਪਏ। ਅੰਬਰਸਰੀਏ ਆਂਹਦੇ ਆ ਨਾ, ਕਿ ਗਲੀ 'ਚ ਪਏ ਕੱਖ ਨਾਲ ਵੀ ਬਣਾ ਕੇ ਰੱਖੋ- ਕੀ ਪਤਾ ਕਿਸੇ ਵੇਲੇ ਕੰਨ 'ਚ ਮਾਰਨ ਦੇ ਈ ਕੰਮ ਆ ਜਾਏ। ਇੱਧਰ ਮੁੰਡੇ ਦੀ ਨੌਕਰੀ ਲੱਗੀ ਤੇ ਉਧਰ ਰਿਸ਼ਤੇ ਵੀ ਆਉਣੇ ਸ਼ੁਰੂ ਹੋ ਗਏ- ਆਇਆ ਗਿਆ ਲੱਗਾ ਹੀ ਰਹਿੰਦਾ।

---ਪਰ ਇਹ ਸੁੱਖਾਂ ਲੱਦੇ ਦਿਨ ਬਹੁਤੀ ਦੇਰ ਨਾਂ ਰਹੇ।

ਇਕ ਦਿਨ ਬੀਰਾ ਘਰ ਆਇਆ ਤਾਂ ਉਹਨੇ ਵਰਦੀ ਲਾਹ ਕੇ ਕਿੱਲੀ ਤੇ ਟੰਗ ਦਿੱਤੀ - ਆਖਣ ਲੱਗਾ, "ਮਾਂ ਮੈਂ ਅੱਜ ਤੋਂ ਬਾਅਦ ਇਹ ਵਰਦੀ ਨਹੀਂ ਪਾਉਣੀ-"

"ਪਰ ਹੋਇਆ ਕੀ" ਮਾਂ ਨੇ ਪੁੱਛਿਆ।

ਬੀਰਾ ਰੋਣਹਾਕਾ ਜਿਹਾ ਹੋ ਕੇ ਬੋਲਿਆ ਬਸ ਉਹੀ ਗੱਲ ਮਾਂ ਜਿਸਤੋਂ ਤੂੰ ਵਰਜਿਆ ਸੀ - ਬਹੁਤ ਭੈੜੀ ਤਰ੍ਹਾਂ ਕੁੱਟ ਮਾਰ ਕਰਦੇ ਨੇ ਤੇ ਫੇਰ ਕਿਸੇ ਡਰੇਨ ਦੇ ਕੰਡੇ ਲਿਜਾ ਕੇ ਮੁਕਾ-ਬਲਾ ਬਣਾ ਦਿੰਦੇ ਨੇ- ਕੀ ਦੱਸਾਂ ਮਾਂ ਪੰਦਰਾਂ ਪੰਦਰਾਂ ਸਾਲ ਦੇ ਸਕੂਲ ਪੜ੍ਹਦੇ ਮੁੰਡੇ - ਵੀ ਨਹੀਂ ਛੱਡੇ ਇਹਨਾਂ ਨੇ --- ਮੈਨੂੰ ਆਖਦੇ ਨੇ ਜੇ ਪਰਮੋਸ਼ਨ ਲੈਣੀ ਐ ਤੇ ਚਾਰ ਪੈਸੇ ਕਮਾਉਣੇ ਨੇ ਤਾਂ ਤੈਨੂੰ ਵੀ ਇਹ ਕੰਮ ਕਰਨੇ ਪੈਣੇ ਨੇ- ਮੇਰੇ ਨਾਲ ਦਾ ਇਕ ਸਿਪਾਹੀ ਆਂਹਦਾ,

"ਕਿਉਂ ਬੱਸਾਂ ਚ ਧੱਕੇ ਖਾਨੈ ਤੂੰ ਵੀ ਮਰੂਤੀ ਲੈ ਸਕਦੈਂ ਸੋਹਣੀ ਜ਼ਿੰਦਗੀ ਜੀ ਸਕਦੈਂ ਬਸ ਅਫਸਰਾਂ ਦਾ ਹੁਕਮ ਮੰਨ ਜਿਵੇਂ ਆਂਹਦੇ ਨੇ ਕਰੀ ਜਾ"।

ਦਿਹਾੜੀ ਕਰ ਕਰ ਲਵਾਂਗਾ ਪਰ ਆਪਣੇ ਲੋਕਾਂ ਉੱਤੇ ਜ਼ੁਲਮ ਨਹੀਂ ਕਰ ਸਕਦਾ ਮੈਂ। ਮਾਂ ਮੇਰੇ ਤੋ ਨਹੀਂ ਹੁੰਦੀ ਇਹ ਨੌਕਰੀ ਤੇ ਮੈਂ ਅਸਤੀਫਾ ਦੇ ਦਿੱਤਾ"।

ਮਾਂ ਨੇ ਕਿਹਾ "ਜੋ ਕੀਤਾ ਪੁੱਤ! ਤੂੰ ਚੰਗਾ ਕੀਤਾ - ਪਰ ਤੇਰੇ ਲਈ ਇਥੇ ਰਹਿਣਾ ਠੀਕ ਨਹੀਂ ਤੈਨੂੰ ਕਿਸੇ ਵੇਲੇ ਵੀ ਮੁਸੀਬਤ ਪੈ ਸਕਦੀ ਐ"।

"ਮੈਨੂੰ ਪਤੈ ਮਾਂ-ਨਾਲ ਦੇ ਆਖਦੇ ਸਨ ਤੂੰ ਅਫਸਰਾਂ ਦੀ ਹੁਕਮ ਅਦੂਲੀ ਕੀਤੀ ਐ- ਪੁਲਸ ਵਿੱਚ ਹੁਕਮ ਅਦੂਲੀ ਬਰਦਾਸ਼ਤ ਨਹੀਂ ਕੀਤੀ ਜਾਂਦੀ"।

--- ਤੇ ਬੀਰਾ ਐਮ ਪੀ ਦੇ ਦੁਰਗ ਸ਼ਹਿਰ ਵਿਚ ਆਪਣੇ ਦੋਸਤ ਬਿੰਦੀ ਕੋਲ ਚਲਾ ਗਿਆ ਤੇ ਡਰੈਵਰੀ ਕਰਨ ਲੱਗਾ।

ਮੁਸੀਬਤ ਕੀ ਆਈ ਕਿ ਆਂਢ ਗੁਆਂਢ ਰਿਸ਼ਤੇਦਾਰ ਸਭ ਸਾਥ ਛੱਡ ਗਏ - - ਪਰ ਬੜੀ ਖੁਦਦਾਰ ਔਰਤ ਸੀ ਜਗੀਰ ਕੌਰ, ਉਹਨੇ ਕਿਸੇ ਅੱਗੇ ਤਰਲਾ ਨਹੀਂ ਮਾਰਿਆ। ਉਹ ਪਹਿਲਾਂ ਵੀ ਬਚਿਆ ਹੋਇਆ ਦੁੱਧ ਦੋਧੀ ਨੂੰ ਪਾ ਦਿਆ ਕਰਦਾ ਸੀ ਤੇ ਗੁਜ਼ਾਰੇ ਲਈ ਹੁਣ ਫੇਰ ਉਸਨੇ ਇਹੀ ਕੰਮ ਸ਼ੁਰੂ ਕਰ ਦਿਤਾ। ਉਹ ਆਪ ਹੀ ਪੱਠੇ ਲਿਆਉਂਦੀ, ਟੋਕਾ ਕਰਦੀ ਧਾਰਾਂ ਕੱਢਦੀ ਤੇ ਲੋੜ ਜੋਗਾ ਦੁੱਧ ਰੱਖ ਕੇ ਬਾਕੀ ਦੋਧੀ ਨੂੰ ਪਾ ਦਿੰਦੀ।

ਇਕ ਦਿਨ ਦੋਧੀ ਨੇ ਦੱਸਿਆ ਕਿ "ਭੈਣਾ ਸੀ ਆਈ ਡੀ ਆਲੇ ਲੱਭਦੇ ਫਿਰਦੇ ਨੇ ਬੀਰੇ ਨੂੰ - ਮੈਨੂੰ ਪੁੱਛਦਾ ਸੀ ਇਕ ਬੰਦਾ ਉਪਰਾ ਜਿਹਾ ਲੱਗਦਾ ਸੀ ਆਂਹਦਾ ਸੀ ਬੀਰਾ ਘਰ ਕਦੋਂ ਆਉਂਦੈ"?

"ਹਾਂ ਭਰਾਵਾ ਆਏ ਸੀ ਮੇਰੇ ਕੋਲ ਵੀ- ਅਖੇ ਕਿਥੇ ਹੈ ਬੀਰਾ ਮੈਂ ਕਿਹਾ ਪਤਾ ਨ੍ਹੀਂ- ਆਂਹਦੇ ਸੀ ਪੇਸ਼ ਕਰਾ ਦੋ ਉਹਨੂੰ ਚੰਗੇ ਰਹੋਗੇ"।

"ਭੈਣਾ ਉਹਨੂੰ ਆਖੀਂ ਇਹਨਾਂ ਦਰਿੰਦਿਆਂ ਤੋਂ ਬਚ ਕੇ ਰਹੇ"।

--- ਸਤੰਬਰ 1992 ਦਾ ਮਹੀਨਾ ਚੜ੍ਹਿਆ, ਪਹਿਲੇ ਦਸ ਦਿਨ ਲੰਘ ਗਏ ਸਨ- ਮਾਨਸੂਨ ਵਾਪਸ ਪਰਤ ਗਈ ਸੀ - ਹਲਕਾ ਜਿਹਾ ਵੱਟ ਬਾਕੀ ਸੀ - ਖੇਤਾਂ ਵਿੱਚ ਪੱਕੀ ਹੋਈ ਬਾਸਮਤੀ ਦੀ ਖੁਸ਼ਬੂ ਦੂਰ ਦੂਰ ਤਕ ਫੈਲ ਰਹੀ ਸੀ - ਕੁਝ ਦਿਨਾਂ ਤਕ ਇਹ ਫਸਲ ਵੱਢ ਲਈ ਜਾਣੀ ਸੀ।

ਇੱਧਰ ਬਾਨਮੇਂ ਆਲੀ ਸਰਕਾਰ ਨੂੰ ਛੇ ਮਹੀਨੇ ਬੀਤ ਗਏ ਸਨ, ਤੇ ਪੰਜਾਬ ਦੇ ਗੱਭਰੂਆਂ ਦੀ ਫਸਲ ਕੱਟੀ ਜਾ ਰਹੀ ਸੀ। ਸ਼ਾਮਾਂ ਦੇ ਸਮੇਂ ਖੇਤਾਂ ਵਿੱਚ ਪੱਠੇ ਲੈਣ ਗਈ ਮਾਤਾ ਜਗੀਰ ਕੌਰ ਨੂੰ ਕਿਸੇ ਤੋਂ ਪਤਾ ਲੱਗਾ ਕਿ ਮੱਧ ਪ੍ਰਦੇਸ਼ ਵਿਚ ਬੀਰੇ ਤੇ ਦੋ ਹੋਰ ਮੁੰਡਿਆਂ ਨੂੰ ਪੁਲਸ ਨੇ ਫੜ ਲਿਆ ਹੈ। ਬੱਸ ਇਨੀ ਕੁ ਗੱਲ ਸੁਣੀ ਤੇ ਉਹ ਪੁਠੇ ਪੈਰੀਂ ਮੁੜ ਗਈ - ਮਾਲ ਡੰਗਰ ਦਾ ਕਿਸੇ ਨੂੰ ਸੌਂਪਣਾ ਕਰਕੇ ਸਿੱਧਾ ਬਿਆਸ ਸਟੇਸ਼ਨ ਤੇ ਪਹੁੰਚੀ- ਤੇ ਰਾਤੋ-ਰਾਤ ਦੁਰਗ ਸ਼ਹਿਰ ਲਈ ਰਵਾਨਾ ਹੋ ਗਈ। ਦੋ ਰਾਤਾਂ ਤੋਂ ਬਾਅਦ ਉਹ ਸਵੇਰੇ ਸਵੇਰੇ ਦੁਰਗ ਪਹੁੰਚ ਗਈ।

ਪੁਛਦੇ ਪੁਛਦੇ ਦੁਰਗ ਦੀ ਜੇਲ੍ਹ ਪਹੁੰਚੀ ਜਿਥੇ ਬੀਰਾ ਤੇ ਦੋ ਹੋਰ ਕੈਦ ਵਿਚ ਸਨ।

ਉਥੋਂ ਪਤਾ ਲਗਾ ਕਿ ਉਹਨਾਂ ਨੂੰ ਤਾਂ ਪੰਜਾਬ ਪੁਲਸ ਅੰਮ੍ਰਿਤਸਰ ਲੈ ਗਈ ਹੈ - ਬਸ ਇੰਨਾ ਸੁਣਿਆ, ਨਾ ਚਾਹ ਨਾ ਪਾਣੀ, ਸਿੱਧੀ ਸਟਸ਼ਨ 'ਤੇ ਪਹੁੰਚੀ ਤੇ ਉਸੇ ਦਿਨ ਸ਼ਾਮ ਨੂੰ ਵਾਪਸੀ ਟਰੇਨ ਪਕੜ ਲਈ। ਬਿਨਾ ਸੀਟ ਦੀ ਬੁਕਿੰਗ ਤੋਂ ਦੋ ਰਾਤਾਂ ਦਾ ਸਫਰ, ਭੁੱਖੀ ਪਿਆਸੀ ਵਾਪਸ ਜਾ ਰਹੀ ਸੀ ਜਗੀਰ ਕੌਰ ਆਪਣੇ ਲਾਡਾਂ ਨਾਲ ਪਾਲੇ ਪੁੱਤ ਦੀ ਇਕ ਝਲਕ ਦੇਖਣ ਲਈ।

ਆਹ ! ਵਿਚਾਰੀ ਜਗੀਰ ਕੌਰ, ਮੁਸੀਬਤਾਂ ਵਿੱਚ ਫਸੀ ਕੱਲੀ ਜਨਾਨੀ!!

ਆਂਹਦੇ ਨੇ 12 ਸਤੰਬਰ 1992 ਦਾ ਦਿਨ ਸੀ, ਉਹ ਸਵੇਰੇ ਸਵੇਰੇ ਹੀ ਬਿਆਸ ਸਟੇਸ਼ਨ ਤੇ ਉਤਰ ਕੇ ਸਿਧਾ ਮਹਿਤੇ ਥਾਣੇ ਪਹੁੰਚ ਗਈ।

ਕਿਸੇ ਭਲੇ ਮਾਣਸ ਨੇ ਦੱਸ ਦਿੱਤਾ ਕਿ ਬੀਰੇ ਨੂੰ ਤਾਂ ਅੰਮ੍ਰਿਤਸਰ ਲੈ ਗਏ ਨੇ ਸੀ.ਆਈ.ਏ. ਵਿੱਚ। --- ਤੇ ਮਾਤਾ ਜਗੀਰ ਕੌਰ ਅੰਬਰਸਰ ਪਹੁੰਚ ਗਈ, ਸੀ ਆਈ ਏ ਦੇ ਬਾਹਰ - ਕਿਸੇ ਨੇ ਨੇੜੇ ਨਾ ਲੱਗਣ ਦਿੱਤਾ। ਰਾਤ ਨੂੰ ਸੰਤਰੀ ਦੀ ਡਿਊਟੀ ਬਦਲੀ ਤਾਂ ਉਸਨੇ ਤਰਸ ਕਰਕੇ, ਡਰਦੇ ਡਰਦੇ ਜਗੀਰ ਕੌਰ ਦੀ ਮੁਲਾਕਾਤ ਬੀਰੇ ਨਾਲ ਕਰਵਾ ਦਿੱਤੀ। ਮਾਤਾ ਦੁੱਧ ਦਾ ਗਲਾਸ ਲੈ ਕੇ ਪੁੱਤ ਨੂੰ ਮਿਲਣ ਪਹੁੰਚੀ ਉਹਦਾ ਸਰੀਰ ਬੁਰੀ ਤਰ੍ਹਾਂ ਭੰਨਿਆ ਪਿਆ ਸੀ। ਉਸਨੇ ਆਪਣੇ ਹੱਥੀ ਪੁਤ ਨੂੰ ਦੁਧ ਪਿਆਇਆ।

ਬੀਰਾ ਆਖਣ ਲੱਗਾ, "ਮੇਰਾ ਇਕ ਜਾਣੂੰ ਸੀ ਜੋ ਪਰਮੋਸ਼ਨਾਂ ਲੈ ਕੇ ਹੌਲਦਾਰ ਬਣ ਗਿਐ - ਮੈਨੂੰ ਆਂਹਦਾ ਕੀ ਖੱਟਿਆ - ਮੰਨ ਲੈਂਦਾ ਅਫਸਰਾਂ ਦਾ ਹੁਕਮ ਤੇ ਐਸ਼ ਕਰਦਾ। -- ਅਜੇ ਵੀ ਸੋਚ ਲੈ -- ਕਹੇਂ ਤਾਂ ਮੈਂ ਅਫਸਰਾਂ ਨਾਲ ਗੱਲ ਕਰਕੇ ਦੇਖ ਲੈਨਾ। ਮੈਂ ਨਾਂਹ ਕਰ ਦਿੱਤੀ ਮਾਂ"।

ਪੁੱਤ ਬੱਸ ਇੰਨੀ ਕੁ ਗੱਲ ਹੁੰਦੀ ਐ - ਸਾਹਿਬਜ਼ਾਦੇ ਵੀ ਤਾਂ ਈਮਾਨ ਵੇਚ ਕੇ ਸੋਹਣੀ ਜ਼ਿੰਦਗੀ ਬਿਤਾ ਸਕਦੇ ਸਨ।

ਇੰਨੇ ਨੂੰ ਸੰਤਰੀ ਦੌੜਦਾ ਦੌੜਦਾ ਆਇਆ, "ਮਾਤਾ ਜਲਦੀ ਨਿਕਲ ਜਾ ਅਫਸਰ ਆ ਰਹੇ ਨੇ"।

ਮਾਂ ਨੇ ਆਖਰੀ ਵਾਰ ਪੁੱਤ ਦਾ ਮੱਥਾ ਚੁੰਮਿਆਂ ਤੇ ਚਲੀ ਗਈ - ਪਤਾ ਨਹੀਂ ਉਹਨੇ ਰਾਤ ਕਿਥੇ ਕੱਟੀ- ਸ਼ਾਇਦ ਦਰਬਾਰ ਸਾਹਿਬ ਦੀ ਪਰਕਰਮਾ ਵਿਚ--- ਤੇ ਸਵੇਰ ਹੁੰਦਿਆਂ ਸਾਰ ਉਹ ਫੇਰ ਥਾਣੇ ਪਹੁੰਚ ਗਈ- ਸੰਤਰੀ ਬਦਲ ਚੁੱਕਾ ਸੀ - ਕਿਸੇ ਨੇ ਅੰਦਰ ਨਾ ਵੜਨ ਦਿੱਤਾ।

ਉਹਨੇ ਚਾਹ ਵਾਲੇ ਨੂੰ ਕਿਹਾ - ਵੀਰਾ ਮੇਰੇ ਮੁੰਡੇ ਨੂੰ ਚਾਹ ਤਾਂ ਪਿਲਾ ਦੇ ਅੰਦਰ- ਬੀਰਾ ਨਾਂ ਐ ਉਹਦਾ।

ਚਾਹ ਵਾਲਾ ਬੀਰੇ ਲਈ ਗਲਾਸ ਚਾਹ ਦਾ ਲੈ ਕੇ ਅੰਦਰ ਚਲਾ ਗਿਆ। ਪਰ ਥੋੜ੍ਹੀ ਦੇਰ ਬਾਅਦ ਉਹ ਭਰਿਆ ਗਲਾਸ ਲੈ ਕੇ ਵਾਪਸ ਮੁੜ ਆਇਆ, ਕਹਿਣ ਲਗਾ, "ਮਾਤਾ ਅੰਦਰ ਹੈ ਨਹੀਂ ਤੇਰਾ ਬੀਰਾ, ਪਤਾ ਨਹੀਂ ਰਾਤ ਕਿਥੇ ਲੈ ਗਏ ਨੇ"।

ਅਗਲੇ ਦਿਨ ਅਖਬਾਰਾਂ ਵਿਚ ਖ਼ਬਰ ਸੀ ਮੁਕਾਬਲੇ ਦੌਰਾਨ ਤਿੰਨ ਖਤਰਨਾਕ ਖਾੜਕੂ ਹਲਾਕ— ਬੀਰਾ, ਬਿੰਦੀ ਤੇ ਸਾਹਬੀ ਤਿੰਨੇ ਪੁਲਸ ਨੇ ਮਾਰ ਮੁਕਾਏ --- ਮਾਤਾ ਜਗੀਰ ਕੌਰ ਐਸ ਐਸ ਪੀ ਦੇ ਦਫਤਰ ਪਹੁੰਚੀ— ਸਾਬੀ ਤੇ ਬਿੰਦੀ ਦੇ ਪਰਵਾਰ ਵਾਲੇ ਵੀ ਉਥੇ ਪਹੁੰਚੇ ਹੋਏ ਸਨ --- ਪਰ ਗੰਨਮੈਨ ਨੇ ਐਸ ਐਸ ਪੀ ਨੂੰ ਮਿਲਣ ਨਾ ਦਿਤਾ। ਸਾਬੀ ਦਾ ਪਿਤਾ ਰੋਂਦਿਆਂ ਹੋਇਆਂ ਆਖਣ ਲੱਗਾ

"ਮੁੰਡਾ ਤਾ ਸਾਡਾ ਤੁਹਾਂ ਮਾਰ ਈ ਦਿੱਤਾ ਹੁਣ ਰੱਬ ਦੇ ਵਾਸਤੇ ਉਹਦੀ ਲਾਸ਼ ਤਾਂ ਦੇ ਦਿਉ"।

ਗੰਨ ਮੈਨ ਕਹਿਣ ਲੱਗਾ ਲਾਸ਼ ਲੱਭਦੈਂ ਬਾਪੂ - ਲਾਸ਼ਾਂ ਤਾ ਕੱਲ ਦੀਆਂ ਫੂਕ ਵੀ ਦਿੱਤੀਆਂ ਨੇ ----- ਜਾਉ ਜਾ ਕੇ ਫੁੱਲ ਚੁਗ ਲਉ।

--- ਮਾਤਾ ਜਗੀਰ ਕੌਰ, ਬਿੰਦੀ ਤੇ ਸਾਬੀ ਦੇ ਪਰਵਾਰ ਦੁਰਗਿਆਨਾ ਮੰਦਰ ਵਾਲੀਆਂ ਮੜ੍ਹੀਆਂ 'ਚ ਪਹੁੰਚੇ। ਕਈ ਸਿਵੇ ਬਲ ਰਹੇ ਸਨ, ਕਈ ਅਜੇ ਧੁਖ ਰਹੇ ਸਨ ਤੇ ਕਈਆਂ ਵਿਚ ਸ਼ਾਂਤ ਹੋਈ ਰਾਖ ਖਿਲਰੀ ਪਈ ਸੀ। ਸਾਬੀ ਦੇ ਪਿਤਾ ਨੇ ਸੇਵਾਦਾਰ ਨੂੰ ਨਾਂ ਦੱਸ ਕੇ ਪੁੱਛਿਆ ਕਿ ਕਿਥੇ ਸੰਸਕਾਰ ਕੀਤਾ ਗਿਆ- ਉਹਨੇ ਇਕ ਸਿਵੇ ਵੱਲ ਇਸ਼ਾਰਾ ਕੀਤਾ। ਬੰਦੇ ਤਿੰਨ ਤੇ ਸਿਵਾ ਇੱਕੋ—ਆਂਹਦੇ ਕੱਠੀਆਂ ਹੀ ਫੂਕ ਦਿੱਤੀਆਂ ਗਈਆਂ ਲਾਸ਼ਾਂ। ਤਿੰਨਾਂ ਪਰਿਵਾਰਾਂ ਨੇ ਰਾਖ ਦੀ ਢੇਰੀ ਵੰਡ ਲਈ ।

ਮਾਤਾ ਜਗੀਰ ਕੌਰ ਰਾਖ ਦੀ ਢੇਰੀ ਲੈ ਕੇ ਕੀਰਤਪੁਰ ਸਾਹਿਬ ਪਹੁੰਚੀ - ਜਿਉਂ ਹੀ ਉਸਨੇ ਰਾਖ ਵਾਲੀ ਗਠੜੀ ਨਦੀ ਵਿਚ ਪਾਈ ਉਸਦੇ ਮੂੰਹੋਂ ਇਹੀ ਲਫਜ਼ ਨਿੱਕਲੇ, "ਸ਼ਾਬਾਸ਼ ਪੁਤਰਾ, ਤੂੰ ਆਪਣੇ ਬਚਨ 'ਤੇ ਕਾਇਮ ਰਿਹੈਂ ਮੇਰੀ ਕੁੱਖ ਨੂੰ ਕਲੰਕ ਨਹੀਂ ਲਾਇਆ"।

**ਹਰਮੰਦਰ ਪਾਲ ਸਿੰਘ ਸੇਠੀ ਦੀ ਪੋਸਟ ਤੋਂ ਧੰਨਵਾਦ ਸਹਿਤ**

– ਲੇਖਕ –
ਇਕਬਾਲ ਸਿੰਘ
ਲਾਲਪੁਰਾ
ਫੋਨ: 91 97800 03333



# JUSTICE, NOT RECOMMENDATION: THE FOUNDATION OF A CIVILIZED STATE

As India enters the seventy-ninth year of Independence, it has every reason to take pride in its achievements. We are among the world's largest democracies and fastest-growing economies. Our progress in science, technology, infrastructure, defence and global diplomacy has earned global recognition. Yet, beneath these achievements lie unresolved questions that continue to test the conscience of the Republic.

Why did thousands of victims of the 1984 anti-Sikh massacres in Delhi and several other States have to wait decades for justice? Why do the painful memories of extra-judicial killings during the years of terrorism in Punjab still leave many families seeking closure? Why do issues that could have been resolved through timely dialogue and statesmanship often grow into prolonged national disputes?

The issues that gave rise to the Dharam Yudh Morcha more than four decades ago continue to evoke debate despite repeated changes of governments in Punjab and at the Centre. Likewise, the Ram Janmabhoomi dispute at Ayodhya took more than five centuries to reach its constitutional resolution. History teaches a simple lesson: unresolved issues do not disappear with time. They deepen, become more emotional and eventually demand a far greater price to resolve.

The relationship between Hindus and Sikhs presents another important example. For centuries they have shared a common civilizational heritage, stood together against oppression and enriched India's spiritual and cultural life. Yet, from time to time, political interests have sought to create misunderstandings and divisions. Those committed to national unity know that healing old wounds is infinitely harder than exploiting them.

These examples compel us to ask an uncomfortable question: where does the fault lie? Is it in an education system that prepares students for careers but not always for character? Is it in politics, where immediate electoral gains sometimes outweigh long-term national interest? Is it in the bureaucracy, where recommendation occasionally supersedes merit? Is it in policing, where professionalism is sometimes overshadowed by external pressures? Or is it in the judiciary, where justice often arrives after years of delay? Perhaps the challenge lies across all our institutions, united by a gradual erosion of ethical values.

Every civilization ultimately rests upon one invisible pillar—justice. Wealth creates prosperity, military strength provides security and scientific progress improves human life. Yet only justice creates a civilized nation. Whenever justice is replaced by recommendation (sifarish), influence, favouritism or fear, the moral foundations of society begin to weaken.

Today, recommendation is sought for appointments, promotions, admissions, transfers, contracts, licences, police investigations, registration or cancellation of criminal cases and even routine administrative work. Citizens increasingly seek influential individuals rather than rely upon institutions. This is not merely administrative inefficiency; it is moral corruption. Every undeserved favour granted to one individual silently denies justice to another.

Justice is not merely one function of government; it is its foremost duty. Development, welfare, security and prosperity all rest upon this foundation. Without justice, democracy gradually loses its moral authority and institutions lose the confidence of the people.

Indian civilization recognised this truth thousands of years ago. The Mahabharata declares, "Dharmo Rakshati Rakshitah"—Dharma protects those who protect Dharma. Justice is the practical expression of Dharma, and when justice weakens, Dharma itself is endangered.

The Bhagavad Gita reminds us: "Whenever righteousness declines and unrighteousness rises, I manifest Myself." The message is timeless. Societies that tolerate injustice ultimately pay a heavy moral, social and political price.

The Sikh Gurus transformed justice into both a spiritual and social obligation. Guru Nanak Dev Ji proclaimed Ik Onkar, the oneness of the Creator, and taught, "Ek Pita Ekas Ke Hum Barik"—there is One Father and we are all His children. If humanity shares one Creator, discrimination based on religion, caste, wealth or influence has no moral legitimacy.

Guru Ravidas envisioned Begampura, a city free from fear and oppression. The ideal of Halemi Raj, celebrated in the Guru Granth Sahib, represents governance rooted in humility, compassion and justice. The Indian concept of Ram Rajya similarly envisages a State founded upon righteousness and the welfare of every citizen. Though expressed through different traditions, these ideals converge upon one universal principle—the purpose of the State is to secure justice without fear or favour.

Guru Tegh Bahadur sacrificed his life to defend the freedom of conscience of others. Guru Gobind Singh declared that when every peaceful means has failed, resistance to tyranny becomes a moral duty. Justice, in Sikh philosophy, was never confined to one community; it was universal.

History also offers remarkable examples of rulers remembered not merely for conquest but for justice. Raja Vikramaditya became synonymous with impartial justice. Maharaja Ranjit Singh built perhaps the finest example of inclusive governance in nineteenth-century Asia. Hindus, Muslims, Sikhs and Europeans served according to merit. Mosques, temples and gurdwaras received equal respect. Even the Maharaja subjected himself to moral accountability whenever he believed he had erred.

Kautilya, in the Arthashastra, wrote: "In the happiness of his subjects lies the king's happiness; in their welfare his welfare." He warned that corruption among public officials destroys a State more effectively than an invading army. Public office, he believed, was a sacred trust.

The same principle echoes across civilizations. Aristotle saw justice as giving each person what is due. Plato viewed justice as the harmony that sustains society. Confucius linked national strength to moral character, while Marcus Aurelius advised rulers: "If it is not right, do not do it." Across cultures and centuries, the message remains remarkably consistent.

India's ancient centres of learning, including Takshashila and Nalanda, aimed to produce not only scholars but men and women of character. Modern education has undoubtedly strengthened scientific knowledge and professional competence, but moral and civic education has not received equal attention. The result is visible: we produce capable professionals, yet not always conscientious citizens.

The Constitution of India begins with a promise of Justice—social, economic and political. It is no coincidence that justice precedes liberty, equality and fraternity. Without justice, the remaining constitutional ideals cannot endure.

Yet recommendation has gradually become an accepted instrument of governance. Every undeserving appointment deprives a deserving candidate. Every manipulated investigation weakens confidence in the police. Every politically influenced transfer discourages honest officers. Every misuse of authority weakens the rule of law.

The police perform one of the most difficult responsibilities in a democracy. They require operational independence as well as strict accountability. Likewise, the judiciary remains the guardian of constitutional liberties, but justice delayed often becomes justice denied. When litigation continues for decades, many citizens lose not only their cases but also their faith in the system.

The bureaucracy, too, must remain politically neutral while remaining fully accountable to constitutional authority. Frequent transfers, patronage and the pursuit of influential postings weaken administrative independence. The greatest victim is always the ordinary citizen.

The challenge extends beyond government. Religious institutions, educational bodies, professional organisations and voluntary associations must also remain above favouritism. Whenever fairness is sacrificed, moral authority inevitably declines.India's greatest challenge today is therefore ethical as much as institutional. Laws may be amended, procedures simplified and technology improved. Yet unless character is strengthened, corruption merely changes its form.

Nation-building is not achieved only through highways, airports, industries or digital infrastructure. It is achieved by producing honest citizens.

Schools must teach integrity, universities must reward merit, legislatures must uphold constitu-

... *Continue on page 55*

# .ਫ਼ੀ.ਫ਼ਾ ਵਰਲਡ ਕੱਪ ਦੀਆਂ ਅਨੋਖੀਆਂ ਕਹਾਣੀਆਂ

**ਰਣਵੀਰ ਸਿੰਘ ਰਾਣਾ**



ਅਕਸਰ ਗੋਰਿਆਂ ਵਾਰੇ ਇਹ ਮਸ਼ਹੂਰ ਆ, ਜਦੋਂ ਵੀ ਕੋਈ ਚੀਜ਼ ਇਹ ਦੁਨੀਆ ਅੱਗੇ ਪੇਸ਼ ਕਰਦੇ ਨੇ, ਉਹਦਾ ਕਈ ਸਾਲ ਪਹਿਲਾਂ ਤਜਰਬਾ ਕੀਤਾ ਜਾਂਦਾ ਹੁੰਦਾ। ਫੇਰ ਉਹ ਚੀਜ਼ਾਂ ਦੁਨੀਆ ਅੱਗੇ ਪੇਸ਼ ਕੀਤੀਆਂ ਜਾਂਦੀਆਂ, ਫੇਰ ਲੋਕ ਉਹਨਾਂ ਚੀਜ਼ਾਂ ਨੂੰ ਖਿੜੇ ਮੱਥੇ ਪ੍ਰਵਾਨ ਕਰਦੇ ਹਨ। ਬੇਸ਼ੱਕ ਫ਼ੁਟਬਾਲ ਦੀ 2000 ਸਾਲ ਪਹਿਲਾਂ ਇਹ ਗੇਮ ਚੀਨ ਵਿੱਚ ਖੇਡੀ ਜਾਂਦੀ ਸੀ, ਪਰ ਉਸ ਦਾ ਖੇਡਣ ਦੇ ਤਰੀਕੇ ਅੱਜ ਦੇ ਫ਼ੁਟਬਾਲ ਨਾਲੋਂ ਬਿਲਕੁਲ ਵੱਖਰਾ ਸੀ। ਸਭ 'ਤੋਂ ਪਹਿਲਾਂ ਇਹ ਗੇਮ ਮੰਗਲਵਾਰ 1872 ਨੂੰ ਇੰਗਲੈਂਡ ਦੇ ਸਕਾਟਲੈਂਡ ਦੇ ਖੇਤਾਂ ਵਿੱਚ ਖੇਡੀ ਗਈ। ਇਸ ਨੂੰ 4000 ਲੋਕਾਂ ਨੇ ਵੇਖਿਆ, ਦੋ ਟੀਮਾਂ ਖੇਡੀਆਂ ਗਈਆਂ, ਇੱਕ ਟੀਮ ਦੇ ਚਿੱਟੇ ਰੰਗ ਦੇ ਕੱਪੜੇ, ਤੇ ਦੂਜੀ ਟੀਮ ਦੇ ਡਾਰਕ ਬਲਿਊ ਰੰਗ ਨੇ ਕੱਪੜੇ ਪਏ, 90 ਮਿੰਟ ਦੀ ਗੇਮ ਵਿੱਚ ਕੋਈ ਟੀਮ ਵੀ ਗੋਲ ਨਾ ਕਰ ਸਕੀ, ਮੈਚ ਬਰਾਬਰ ਰਹਿਆ।

1920 ਵਿੱਚ ਫ਼ੁਟਬਾਲ ਉਲਪਿੰਕ ਗੇਮਾਂ ਵਿੱਚ ਖੇਡਿਆ ਗਿਆ। 1924 ਨੂੰ ਉਲਪਿੰਕ ਖੇਡਾਂ ਪੈਰਿਸ ਵਿੱਚ ਹੋਈਆਂ, ਜਿੱਥੇ ਯੂਰੋਗਾਈ ਦੀ ਟੀਮ ਖੇਡੀ, ਜਿਹੜੀ ਸਾਊਥ ਅਮਰੀਕਾ 'ਤੋਂ ਲੰਮਾ ਪੈਂਡਾ ਮਾਰ ਕੇ ਆਈ, ਕੋਈ ਸੋਚ ਵੀ ਨਹੀਂ ਸਕਦਾ ਸੀ ਇਹ ਪਲੇਅਰ ਵੱਖਰਾ ਤਰ੍ਹਾਂ ਸਟਾਈਲ ਨਾਲ ਖੇਡਣਗੇ, ਚੱਲਦੇ ਮੈਚ ਵਿੱਚ ਲਗਾਤਾਰ ਲੋਕ ਚੀਕਾਂ ਮਾਰਦੇ ਰਹੇ, ਲੋਕਾਂ ਨੇ ਪੂਰਾ ਆਨੰਦ ਮਾਣਿਆ, ਯੂਰੋਗਾਈ ਟੀਮ ਨੇ ਆਪਣੇ ਜੌਹਰ ਵਿਖਾ ਕੇ ਗੋਲ਼ਡ ਮੈਲਡ ਨੂੰ ਹੱਥ ਪਾ ਲਿਆ, ਫੇਰ ਚਾਰ ਸਾਲ ਬਾਅਦ ਯੂਰੋਗਾਈ ਇਕ ਵਾਰ ਫੇਰ ਜਿੱਤ ਗਈ। ਸਾਰੇ ਯੂਰਪ ਹੈਰਾਨ ਕਿ ਐਨੀ ਛੋਟੀ ਨੇਸ਼ਨ ਨੇ ਕਮਾਲ ਕਰ ਦਿੱਤੀ। ਇਸ ਗੱਲ ਕਿਸੇ ਕੋਲ ਜਵਾਬ ਨਹੀਂ ਸੀ। ਜਿਊਜ ਨਾਂ ਦਾ ਆਦਮੀ ਜਿਹੜਾ ਕਈ ਸਾਲਾਂ 'ਤੋਂ ਇਹ ਆਡੀਆਂ ਆਪਣੇ ਦਿਮਾ.ਗ ਵਿੱਚ ਲੈ ਕੇ ਘੁੰਮ ਰਹਿਆ, ਜਦੋਂ ਉਹਨੇ ਇਹ ਮੈਚ ਵੇਖਿਆ, ਸੋਚਿਆ ਹੁਣ ਟਾਈਮ ਆ ਗਿਆ ਕੁਝ ਵੱਡਾ ਕੀਤਾ ਜਾਵੇ ਉਲਪਿੰਕ ਦੀ ਵਜਾਏ ਫ਼ੁਟਬਾਲ ਇਕੱਲੇ ਦੇ ਮੈਚ ਹੌਣੇ ਚਾਹੀਦੇ ਨੇ, 1928 ਵਿੱਚ ਫ਼ੀਫਾ ਕਾਂਗਰਸ ਵਿੱਚ ਇਹ ਮਤਾ ਪਾਸ ਕੀਤਾ ਗਿਆ।

ਆਖਰ ਦੋ ਸਾਲ ਬਾਅਦ "ਵਰਲਡ ਕੱਪ" ਦਾ ਜਨਮ ਹੋ ਗਿਆ। ਜਿਊਜ ਰੀਮਏ ਆਪਣੇ ਬੈਗ ਵਿੱਚ ਪਾ ਕੇ ਟਰਾਫੀ ਚਿਹਰੇ 'ਤੇ ਮੁਸਕਾਨ, ਆਪਣੀ ਮੰਜ਼ਲ ਵੱਲ ਨੂੰ ਵੱਧਣ ਦੀ ਤਿਆਰੀ ਕਰਨ ਲੱਗਾ। ਸਾਰਾ ਯੂਰਪ ਖੇਡਣ 'ਤੋਂ ਇਨਕਾਰੀ ਹੋ ਗਿਆ। ਸਿਰਫ ਚਾਰ ਦੇਸ਼ਾਂ ਨੇ ਹਾਂ ਕੀਤੀ, ਜਿਹਨਾਂ ਵਿੱਚ ਫਰਾਂਸ, ਬੈਲਜੀਅਮ, ਰੋਮਾਨੀਆ, ਯੂਗੋਸਲਾਵੀਆ, ਬਾਕੀ ਦੇਸ਼ਾਂ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ। 'ਪੈਂਡਾ ਬਹੁਤ ਲੰਬਾ ਆ ?'

13 ਦੇਸ਼ਾਂ ਦੀਆਂ ਟੀਮਾਂ ਸਮੁੰਦਰੀ ਜਹਾਜ਼ਾਂ ਰਾਹੀਂ ਫ਼ੁਟਬਾਲ ਖੇਡਣ ਨੂੰ ਯੂਰੋਗਾਈ ਦੇ ਸ਼ਹਿਰ ਮੈਟੀਟੇਪੀਡੇਲ ਪਹੁੰਚ ਗਈਆਂ। ਮੈਚ ਸ਼ੁਰੂ ਹੋ ਗਏ, 13 ਜੁਲਾਈ 1930 ਨੂੰ ਪਹਿਲਾ ਵਰਲਡ ਕੱਪ ਦਾ ਗੋਲ ਕਰਨ ਵਾਲਾ ਫਰਾਂਸ ਦਾ ਪਲੇਅਰ ਲਿਉਜੀ ਲੌਰਨ ਨੇ ਕੀਤਾ। ਆਖਰ ਫ਼ਾਈਨਲ ਮੈਚ ਸ਼ੁਰੂ ਹੋ ਗਿਆ। ਅਰਜਨਟੀਨਾ ਤੇ ਯੂਰੋਗਾਈ ਵਿਚਕਾਰ ਖੇਡਿਆ ਗਿਆ, ਇਸ ਮੈਚ ਦਾ ਨੱਬੇ ਹਜ਼ਾਰ ਲੋਕਾਂ ਨੇ ਸਟੇਡੀਅਮ ਵਿੱਚ ਬਹਿ ਕੇ ਆਨੰਦ ਮਾਣਿਆ।

ਆਖ਼ਰਕਾਰ ਇਹ ਮੈਚ ਯੂਰੋਗਾਈ ਨੇ 4-2 ਦੇ ਫਰਕ ਨਾਲ ਜਿੱਤ ਲਿਆ। ਜਿਊਜ ਟਰਾਫੀ ਲੈ ਕੇ ਯੂਰੋਗਾਈ ਦੇ ਕੈਪਟਨ ਵੱਲ ਨੂੰ ਵੱਧਣ ਲੱਗਾ, ਨਾਲੇ ਅੰਦਰੋਂ ਹੱਸ ਰਿਹਾ ਸੀ , ਉਸ ਦਾ ਆਡੀਆਂ ਕੰਮ ਕਰ ਗਿਆ। 1930 ਦਾ ਵਰਲਡ ਕੱਪ ਦਾ ਲੱਗਾ ਬੂਟਾ ਹਰ ਚਾਰ ਸਾਲ ਬਾਅਦ ਵੱਡਾ ਹੁੰਦਾ ਗਿਆ। 1950 ਵਿੱਚ ਬ੍ਰਾਜ਼ੀਲ ਦੇ ਸ਼ਹਿਰ ਮਾਰਾਖੰਨਾ ਵਿੱਚ ਨਵਾਂ ਸਟੇਡੀਅਮ ਦੋ ਲੋਕਾਂ ਦੇ ਬੈਠਣ ਲਈ ਤਿਆਰ ਕੀਤਾ ਗਿਆ। ਹਰ ਚਾਰ ਸਾਲਾਂ ਬਾਅਦ ਵਰਲਡ ਕੱਪ ਨਵੀਂਆਂ ਕਹਾਣੀਆਂ ਰਚਦਾ, 1958 ਵਿੱਚ ਇਸ ਕੱਪ ਨੇ ਇੱਕ ਨਵੀਂ ਕਹਾਣੀ ਲਿਖੀ, ਜਿਹਦੀਆਂ ਸਾਲਾਂ ਤੱਕ ਗੱਲਾਂ ਹੁੰਦੀਆਂ ਰਹਿਣਗੀਆਂ। ਬ੍ਰਾਜ਼ੀਲ ਦਾ ਇੱਕ 17 ਸਾਲਾ ਦਾ ਲੜਕਾ ਬਹੁਤ ਹੀ ਗਰੀਬੀ ਵਿੱਚੋਂ ਉੱਠਿਆ, ਜਿਸ ਦਾ ਨਾ ਐਡਸਨ ਅਗਨਟ ਡੋਨੀਨੇਸਨ ਸੀ, ਪਰ ਫ਼ੁਟਬਾਲ ਖੇਡ ਜਗਤ ਵਿੱਚ ਪੈਲੇ ਦੇ ਨਾਮ ਨਾਲ ਮਸ਼ਹੂਰ ਹੋਇਆ, ਭਾਵੇਂ ਇਹ ਦਾ ਬਾਪ ਵੀ ਫ਼ੁਟਬਾਲ ਖੇਡਦਾ ਸੀ, ਇਹ ਬਾਪ ਨੂੰ ਆਖਣ ਲੱਗਾ ਮੈਂ ਖੇਡ ਵਿੱਚ ਕੁਝ ਨਵਾਂ ਕਰਾਂਗਾ। ਵਾਕਿਆ ਇਹ ਇਸ ਖੇਡ ਜਗਤ ਵਿੱਚ ਮੀਲ ਪੱਥਰ ਸਾਬਤ ਹੋਇਆ। 1962 ਵਿੱਚ ਬ੍ਰਾਜ਼ੀਲ ਦਾ ਇੱਕ ਹੋਰ ਖਿਡਾਰੀ ਉਠਿਆ, ਜਿਹਦਾ ਨਾਂ ਸੈਕਵਲਕੁ ਫੈਰਮਸੋ ਨੀਸਤੋਸ ਸੀ। ਜਿਸ ਨੂੰ ਡਾਕਟਰ ਨੇ ਕਿਹਾ ਸੀ, ਇਹ ਬੱਚਾ ਕਦੇ ਭੱਜ ਨਹੀਂ ਸਕਦਾ। ਪਰ ਇਹਨੇ ਇਸ ਗੇਮ ਵਿੱਚ ਵੱਖਰਾ ਇਤਿਹਾਸ ਸਿਰਜਿਆ। ਦੂਜਾ ਕੱਪ ਜਿੱਤ ਕੇ ਬ੍ਰਾਜ਼ੀਲ ਨੇ ਮੱਥੇ ਨਾਲ ਲਾਇਆ। ਇੱਕ ਵਾਰ ਇਸ ਗੇਮ 'ਤੇ ਕਾਲੇ ਬੱਦਲ ਵੀ ਛਾਏ, ਸਮਾਂ ਸੀ 1942 ਦਾ ਜਦੋਂ ਵਰਲਡ ਕੱਪ ਦੀ ਥਾਂ ਵਰਲਡ ਵਾਰ ਸ਼ੁਰੂ ਹੋ ਗਈ, ਉਦੋਂ ਵਰਲਡ ਕੱਪ ਨਹੀਂ ਖੇਡਿਆ ਗਿਆ। ਲੜਾਈ ਵਰਲਡ ਕੱਪ ਨੂੰ ਖਾ ਗਈ, ਗਰਾਊਂਡ ਵਿੱਚ ਅਸਲੇ ਨਾਲ ਭਰੀਆਂ ਗੱਡੀਆਂ ਖੜ੍ਹੀਆਂ ਸੀ, 'ਤੇ ਖਿਡਾਰੀ ਸਾਰੇ ਖੇਡ ਦੇ ਮੈਦਾਨ ਦੀ ਵਜਾਏ ਲੜਾਈ ਦੇ ਮੈਦਾਨ ਵਿੱਚ ਸੀ। ਸਾਰੇ ਮਿਲਟਰੀ ਵਿੱਚ ਭਰਤੀ ਕਰ ਲਏ ਗਏ। ਉਸ 'ਤੋਂ ਅਗਲਾ ਵਰਲਡ ਕੱਪ 1946 ਵਿੱਚ ਵੀ ਨਹੀਂ ਹੋਇਆ। ਜਿਊਜ ਦਾ ਸੁਪਨਾ ਥੌੜੇ ਚਿਰ ਲਈ ਅਟਕ ਗਿਆ। ਹੁਣ ਵਰਲਡ ਕੱਪ ਦੀ ਟਰਾਫੀ ਵੀ ਖਤਰੇ ਵਿੱਚ ਸੀ। ਜਦੋਂ ਜਰਮਨ ਦੀਆਂ ਫੌਜਾਂ ਰੋਮ ਵਿੱਚ ਆ ਵੜੀਆਂ ਉਦੋਂ .ਫ਼ੀ.ਫ਼ਾ ਦਾ ਪ੍ਰੈਜ਼ੀਡੈਂਟ ਐਡਾਨੀਉ ਵਰਾਸੀ ਨੇ ਟਰਾਫੀ ਆਪਣੇ ਜੁਤੀਆਂ ਵਾਲੇ ਬਕਸੇ ਵਿੱਚ ਰੱਖ ਕੇ ਆਪਣੀ ਬੈਂਡ ਦੇ ਥੱਲੇ ਰੱਖ ਦਿੱਤੀ। ਹਰ ਰੋਜ਼ ਸਵੇਰੇ ਉੱਠ ਕੇ ਚੈੱਕ ਕਰਦਾ। ਤਿੰਨ ਸਾਲ ਜੁਤੀਆਂ ਵਾਲੇ ਬਕਸੇ ਵਿੱਚ ਲੁਕਾਈ ਰੱਖੀ। 1950 ਵਿੱਚ ਫਿਰ ਵਰਲਡ ਕੱਪ ਸ਼ੁਰੂ ਕੀਤਾ ਗਿਆ। 1966 ਵਿੱਚ ਜਦੋਂ ਇੰਗਲੈਂਡ ਵਿੱਚ ਵਰਲਡ ਕੱਪ ਹੋਣਾ ਸੀ, ਥੌੜਾ ਸਮੇਂ ਪਹਿਲਾਂ ਟਰਾਫੀ ਫੇਰ ਗੁਆਚ ਗਈ, ਪੁਲਿਸ ਲੱਭਦੀ ਲੱਭਦੀ ਕਮਲ਼ੀ ਹੋ ਗਈ, ਲੋਕਾਂ ਨੇ ਵੀ ਲੱਭਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਕੋਸ਼ਿਸ਼ ਨਾਕਾਮ ਰਹੀ, ਚੌਥੇ ਦਿਨ ਇੱਕ ਕੁਤੇ ਨੇ ਲੰਡਨ ਦੇ ਪਾਰਕ ਵਿੱਚੋਂ ਇੱਕ ਝਾੜੀ ਦੇ ਥੱਲਿਓਂ ਪੇਪਰਾਂ ਵਿੱਚ ਲਪੇਟੀ ਲੱਭ ਲਈ ਗਈ। ਮੁੜ ਵਰਲਡ ਕੱਪ ਵਿੱਚ ਖੁਸ਼ੀਆਂ ਪਰਤ ਆਈਆਂ। ਇਸ ਕੁੱਤੇ ਦਾ ਨਾ ਪਿਕਲ ਸੀ ਇਹ ਕੁੱਤਾ ਵੀ ਵਰਲਡ ਕੱਪ ਦਾ ਹਿੱਸਾ ਬਣ ਗਿਆ। ਹਰੇਕ ਪੇਪਰ ਵਿੱਚ ਇਸ ਦੀਆਂ ਫੋਟੋਆਂ ਛਪੀਆਂ, ਕੁੱਤੇ ਨੂੰ ਹੀਰੋ ਗਰਦਾਨਿਆ ਗਿਆ।

ਵਰਲਡ ਕੱਪ ਨਾ ਤਾ ਇੱਕ ਬਿਲਡਿੰਗ ਦਾ ਨਾਂ ਆ, ਨਾ ਹੀ ਇੱਕ ਟਰਾਫੀ ਦਾ ਨਾਂ ਆ, ਸਗੋਂ ਇਹ ਕਰੋੜਾਂ ਲੋਕਾਂ ਦੇ ਦਿਲਾਂ ਦੀ ਧੜਕਣ ਆ, ਪਹਿਲੇ ਵਰਲਡ ਕੱਪ ਵਿੱਚ 13 ਟੀਮਾਂ ਸੀ, ਪਰ



ਸਮੇਂ ਦੇ ਨਾਲ ਇਹਦੇ ਵਿੱਚ ਏਸ਼ੀਆ 'ਤੇ ਨੌਰਥ ਅਮਰੀਕਾ ਦੀ ਵੀ ਐਂਟਰੀ ਹੋ ਗਈ, 1970 ਵਿੱਚ ਅਫਰੀਕਾ ਦੇਸ਼ਾਂ ਦੀ ਵੀ ਵਰਲਡ ਕੱਪ ਖੇਡਣ ਲਈ ਆ ਪਹੁੰਚੇ। 1982 ਵਿੱਚ ਵਰਲਡ ਕੱਪ ਖੇਡਣ ਲਈ 24 ਟੀਮਾਂ ਹੋ ਗਈਆਂ। 2002 ਵਿੱਚ ਕੋਰੀਆ ਤੇ ਜਪਾਨ ਵੀ ਵਰਲਡ ਕੱਪ ਵਿੱਚ ਸ਼ਾਮਲ ਹੋ ਗਏ। 2010 ਵਿੱਚ ਹਿਸਟਰੀ ਵਿੱਚ ਪਹਿਲੀ ਵਾਰ ਵਰਲਡ ਕੱਪ ਸਾਊਥ ਅਫਰੀਕਾ ਵਿੱਚ ਹੋਇਆ। 2022 ਵਿੱਚ ਹੋਰ ਹਿਸਟਰੀ ਬਣੀ ਜਦੋਂ ਮਾਰੋਕੋ 'ਤੇ ਨੌਰਥ ਅਫਰੀਕਾ ਦੀਆਂ ਟੀਮਾਂ ਮੈਚ ਦਰ ਮੈਚ ਜਿੱਤਣ ਲੱਗੀਆਂ, ਪਹਿਲਾਂ ਬੈਲਜੀਅਮ, ਫੇਰ ਸਪੇਨ, ਫੇਰ ਪੁਰਤਗਾਲ ਜਿੱਤਿਆਂ। ਜਦੋਂ ਸਪੇਨ ਨੂੰ ਜਿੱਤਿਆਂ ਤਦ ਇਕੱਲਾ ਮਾਰਕੋ ਵਿੱਚ ਨਹੀਂ ਖੁਸ਼ੀ ਮਨਾਈ ਗਈ, ਸਗੋਂ ਸਨਾਗਾਉ ਈਜਪਟ , ਨਾਈਜੀਰੀਅਨ, 'ਤੇ ਹੋਰ ਬਹੁਤ ਸਾਰੇ ਦੇਸ਼ਾਂ ਵਿੱਚ ਖੁਸ਼ੀ ਮਨਾਈ ਗਈ। ਮਾਰਕੋ ਦਾ ਪਲੇਅਰ ਅਸ਼ਰ.ਫ਼ ਹਕੀਮੀ, ਜਿਸ ਦੀ ਮਾਂ ਲੋਕਾਂ ਦੇ ਘਰਾਂ ਦਾ ਕੰਮ ਕਰਦੀ ਸੀ, ਸੋਚਦੀ ਸੀ ਆਪਣੇ ਪੁੱਤਰ ਨੂੰ ਵਧੀਆ ਜ਼ਿੰਦਗੀ ਦੇ ਸਕੇ, ਜਦੋਂ ਹਕੀਮੀ ਨੇ ਪਲੈਨਟੀ 'ਤੇ ਸਪੇਨ ਨੂੰ ਜਿੱਤਿਆਂ, ਦਰਸ਼ਕਾਂ ਵਿੱਚ ਬੈਠੀ ਆਪਣੀ ਮਾਂ ਨੂੰ ਭੱਜ ਕੇ ਜੱਫੀ ਪਾ ਲਈ ਗਈ, ਮਾਂ ਦੇ ਵਗਦੇ ਅੱਥਰੂ ਦੱਸਦੇ ਸੀ ਅੱਜ ਮਾਂ ਦੀ ਕੀਤੀ ਮਿਹਨਤ ਦਾ ਪੁੱਤ ਨੇ ਮੁੱਲ ਮੌੜ ਦਿੱਤਾ, ਜਦੋਂ ਇਹ ਤਸਵੀਰ ਪੇਪਰਾਂ ਵਿੱਚ ਆਈ ਇਹ ਤਸਵੀਰ ਵੇਖ ਕੇ ਹਰ ਇੱਕ ਅੱਖ ਪ੍ਰਭਾਵਿਤ ਹੋਈ।

ਅੱਜ 2026 ਦਾ ਵਰਲਡ ਕੱਪ ਤਿੰਨਾਂ ਦੇਸ਼ਾਂ ਵਿੱਚ ਹੋ ਰਿਹਾ, 48 ਦੇਸ਼ਾਂ ਦੀਆਂ ਟੀਮਾਂ ਭਾਗ ਲੈ ਰਹੀਆਂ ਨੇ, ਗੱਭਰੂ ਜੌਹਰ ਦਿਖਾਉਣ ਲਈ ਮੈਦਾਨ ਵਿੱਚ ਆ ਚੁੱਕੇ ਨੇ, ਅੱਜ ਕਰੌੜਾ ਲੋਕ ਬੱਚੇ, ਬੁੱਢੇ, ਜਵਾਨ, ਇਹਨੂੰ ਕੋਈ ਟੈਲੀਵੀਜ਼ਨ 'ਤੇ, ਕੋਈ ਲੈਪਟਾਪਾਂ 'ਤੇ, ਕੋਈ ਫੋਨ 'ਤੇ, ਕੋਈ ਕਮਰੇ ਵਿੱਚ, ਕੋਈ ਕਿਤੇ, ਕੋਈ ਕਿਤੇ, ਵੇਖ ਰਿਹਾ ਹੈ। ਸਭ ਦੇ ਦਿਲਾਂ ਵਿੱਚ ਇਹੋ ਘੁੰਮ ਰਿਹਾ ਕੌਣ ਐਤਕੀਂ ਕੱਪ ਨੂੰ ਹੱਥ ਪਾਏਗਾ, ਸਭ ਟੀਮਾਂ ਐਤਕੀਂ ਚੜਦੇ 'ਤੋ ਚੜਦੀ ਨੇ, ਉੱਥੇ ਇਸ ਵਰਲਡ ਕੱਪ ਵਿੱਚ ਪੰਜਾਬੀਆਂ ਲਈ ਬਹੁਤ ਹੀ ਖੁਸ਼ੀ ਵਾਲੀ ਗੱਲ ਆ, ਪਹਿਲੀ ਵਾਰ ਆਪਣਾ ਇੱਕ ਪੰਜਾਬੀ ਗੱਭਰੂ ਵੀ ਖੇਡ ਰਿਹਾ ਹੈ।

ਅੱਜ ਤੋਂ 154 ਸਾਲ ਪਹਿਲਾਂ ਇਹ ਗੇਮ 0-0 'ਤੋਂ ਸ਼ੁਰੂ ਹੋਈ, ਅੱਜ ਸੰਸਾਰ ਦੇ ਹਰ ਕੋਨੇ ਪਹੁੰਚ ਚੁੱਕੀ ਆਂ ਕਰੌੜਾ ਲੋਕ ਇਹਦੇ ਦੀਵਾਨੇ ਨੇ, ਜਿੱਥੇ ਜਿੱਥੇ ਵੀ ਵਰਲਡ ਕੱਪ ਹੁੰਦਾ, ਉਹਨਾਂ ਸਟੇਡੀਅਮ ਵਿੱਚ ਵੱਖ ਵੱਖ-ਵੱਖ ਬੋਲੀਆਂ 'ਤੇ ਵੱਖ ਵੱਖ-ਵੱਖ ਪਹਿਰਾਵੇ ਵਾਲੇ ਲੋਕ ਸ਼ਾਮਲ ਹੁੰਦੇ ਨੇ, ਉਦੋਂ 'ਤੋਂ ਲੈ ਕੇ ਹੁਣ ਤੱਕ ਬਹੁਤ ਸਾਰੇ ਪਲੇਅਰ ਇਹੋ ਜਿਹੇ ਨੇ ਜਿਨ੍ਹਾਂ ਬਹੁਤ ਹੀ ਗਰੀਬੀ ਵਿੱਚੋਂ ਉੱਠ ਕੇ ਅਸਮਾਨਾਂ ਦੀਆਂ ਬਲੰਦੀ ਨੂੰ ਛੂਹਿਆ। ਆਮ ਨੌਜਵਾਨਾਂ ਨੇ ਉਹਨਾਂ ਵੱਲ ਵੇਖ ਕੇ ਇਸ ਗੇਮ ਨੂੰ ਖੇਡਣ ਦਾ ਆਪਣਾ ਅੰਦਰ ਚਣਕ ਲਾ ਲਈ, ਅੱਜ ਦੁਨੀਆ ਦੇ ਹਰੇਕ ਦੇਸ਼ ਵਿੱਚ ਹਰ ਉਮਰ ਦੇ ਨੌਜਵਾਨ ਤੁਹਾਨੂੰ ਪਾਰਕਾਂ ਫ਼ੁਟਬਾਲ ਖੇਡਦੇ ਮਿਲ ਜਾਣਗੇ।

ਆਉਣ ਵਾਲੇ ਵਰਲਡ ਕੱਪਾਂ ਵਿੱਚ ਇਹਨਾਂ ਨੌਜਵਾਨਾਂ ਵਿੱਚੋਂ ਪੈਲੇ ਵਰਗੇ ਰਿਨਾਡੋ ਵਰਗੇ ਬਨਣਗੇ। ਅੱਜ ਹਰ ਦੇਸ਼ ਦਾ ਖਿਡਾਰੀ ਆਪਣਾ ਪੂਰਾ ਜ਼ੋਰ ਲਾ ਰਿਹਾ, ਵੇਖੋ ਕਿਹੜਾ ਦੇਸ਼ ਐਤਕੀਂ ਕੱਪ ਨੂੰ ਚੁੰਮ ਕੇ ਮੱਥਾ ਨਾਲ ਲਾਉਂਵਾ, 'ਤੇ ਨਾਲੇ ਪੰਜਾਹ ਮਿਲੀਅਨ ਡਾਲਰ ਨੂੰ ਵੀ ਆਪਣੇ ਝੋਲੇ ਵਿੱਚ ਪਾਵੇਗਾ॥ 'ਤੇ ਵਰਲਡ ਕੱਪ ਦੀ ਹਿਸਟਰੀ ਵਿੱਚ ਆਪਣਾ ਨਾਂ ਲਿਖਵਾਉਂਦਾ।

*... Continue from page 54*

tional morality, the executive must govern transparently, the bureaucracy must serve impartially, the police must enforce the law fearlessly and the judiciary must deliver timely justice.

The measure of a nation is not how it treats the powerful, but how it protects its weakest citizen.

India does not need a culture of recommendation. India needs a culture of justice.

When merit replaces influence, corruption will naturally decline. When accountability replaces favouritism, public confidence will return. When justice becomes our highest national value, institutions will regain their credibility.

If India is to become not only a developed nation but also a morally great civilization, we must restore justice to the place where our sages, Gurus, philosophers and the Constitution have always placed it—at the very centre of national life.

Only then will the ideals of Ram Rajya, Halemi Raj and Begampura become living realities. Only then will every Indian believe that justice is secured not through recommendation or influence, but through truth, merit, equality and the rule of law.

A nation is not judged by the wealth of its rulers, but by the certainty of justice available to its weakest citizen.

The author is Former Chairman, National Commission for Minorities, Government of India.

# ਡਾ. ਧੁੱਗੇ ਦੀ ਪੁਸਤਕ 'ਚਾਲ਼ੀ ਦਿਨ' ਦੀਆਂ ਧੁੰਮਾਂ

ਪ੍ਰਿੰ. ਸਰਵਣ ਸਿੰਘ



19 ਜੂਨ 26 ਤੋਂ ਪੰਜਾਬੀ ਦੇ ਪਾਪੂਲਰ ਨਾਵਲ 'ਚਾਲੀ ਦਿਨ' ਉੱਤੇ ਆਧਾਰਿਤ ਫਿਲਮ ਚਾਲੀ ਦਿਨ ਸਿਨਮਿਆਂ ਵਿੱਚ ਚੱਲ ਰਹੀ ਹੈ। ਪੇਸ਼ ਹੈ ਨਾਵਲ ਬਾਰੇ ਮੇਰਾ ਦੋ ਸਾਲ ਪਹਿਲਾਂ ਦਾ ਲਿਖਿਆ ਲੇਖ।

ਸੂਰਜ ਸਾਰਿਆਂ ਨੂੰ ਊਰਜਾ ਦਿੰਦਾ ਹੈ, ਧਰਤੀ ਸਭ ਨੂੰ ਮਾਂ ਵਾਂਗ ਕਲਾਵੇ ਵਿਚ ਲਈ ਬੈਠੀ ਹੈ, ਫੁੱਲ ਮਹਿਕਾਂ ਵੰਡ ਰਹੇ ਹਨ ਤੇ ਪਾਣੀ ਜੀਵਨ ਦੇ ਰਿਹਾ ਹੈ... ਪਰ ਮਨੁੱਖ ਆਪਣੇ ਬਾਰੇ ਹੀ ਸੋਚਦਾ ਹੈ ਤੇ ਭੁੱਲ ਜਾਂਦਾ ਹੈ ਕਿ ਦੂਸਰਿਆਂ ਦੇ ਕੰਮ ਆਉਣ ਵਿਚ ਹੀ ਸਕੂਨ, ਖ਼ੁਸ਼ੀ ਅਤੇ ਟਿਕਾਅ ਹੈ। (ਸ਼ਹਿਦ ਦੀ ਮੱਖੀ, ਸ਼ਹਿਦ ਨਹੀਂ ਖਾਂਦੀ)

ਫ਼ਕੀਰ ਨੇ ਕੇਸਰ ਵੱਲ ਵੇਖਦਿਆਂ ਕਿਹਾ, "ਯੂਨਾਨੀ ਲੋਕਾਂ ਅਨੁਸਾਰ, ਰੱਬ ਨੇ ਦੁਨੀਆ ਛੇ ਦਿਨਾਂ ਵਿਚ ਬਣਾਈ ਸੀ। ਪਹਿਲੇ ਦਿਨ ਰੌਸ਼ਨੀ ਬਣਾਈ ਜਿਸ ਨਾਲ ਦਿਨ ਤੇ ਰਾਤ ਬਣੇ। ਦੂਜੇ ਦਿਨ ਆਕਾਸ਼, ਤੀਜੇ ਦਿਨ ਧਰਤੀ ਤੇ ਬਨਸਪਤੀ ਬਣਾਈ। ਚੌਥੇ ਦਿਨ ਸੂਰਜ, ਪੰਜਵੇਂ ਦਿਨ ਪਾਣੀ ਤੇ ਜੀਵ-ਜੰਤੂ ਬਣਾਏ। ਛੇਵੇਂ ਦਿਨ ਰੱਬ ਨੇ ਮਨੁੱਖ ਬਣਾਇਆ ਤੇ ਸੱਤਵੇਂ ਦਿਨ ਅਰਾਮ ਕੀਤਾ।" ਕੇਸਰ ਬੜੇ ਧਿਆਨ ਨਾਲ ਸੁਣ ਰਿਹਾ ਸੀ।

"ਕਹਿੰਦੇ ਹਨ ਕਿ ਸ਼ੁਰੂ ਵਿਚ ਮਨੁੱਖ ਇਕੱਲਾ ਤੇ ਉਦਾਸ ਸੀ। ਉਸ ਨੂੰ ਉਦਾਸ ਵੇਖ ਕੇ ਰੱਬ ਨੇ ਉਸ ਨਾਲ਼ ਖੇਡਣ ਦਾ ਮਨ ਬਣਾਇਆ। ਦੋਨੋਂ ਲੁਕਣ-ਛੁਪਾਈ ਖੇਡਣ ਲੱਗੇ। ਰੱਬ ਦੀ ਪਹਿਲਾਂ ਲੁਕਣ ਦੀ ਵਾਰੀ ਸੀ। ਕਿਉਂਕਿ ਧਰਤੀ ਅਜੇ ਸਾਰੀ ਖਾਲੀ ਸੀ, ਲੁਕਣ ਵਾਲੀ ਜਗ੍ਹਾ ਰੱਬ ਨੂੰ ਕੋਈ ਨਾ ਦਿਸੀ। ਰੱਬ ਨੇ ਕੁਝ ਸੋਚਣ ਤੋਂ ਬਾਅਦ, ਬੰਦੇ ਦੇ ਦਿਲ ਵਿਚ ਲੁਕਣ ਦਾ ਫੈਸਲਾ ਕੀਤਾ। ਕਹਿੰਦੇ ਹਨ ਕਿ ਅੱਜ ਤੱਕ ਰੱਬ ਬੰਦੇ ਦਿਲ ਵਿਚ ਹੀ ਲੁਕਿਆ ਹੋਇਆ ਹੈ। ਬੰਦਾ ਰੱਬ ਨੂੰ ਬਾਹਰ ਹਰ ਥਾਂ ਲੱਭਦਾ ਰਹਿੰਦਾ ਹੈ ਬਸ ਆਪਣੇ ਅੰਦਰ ਹੀ ਨਹੀਂ ਵੇਖਦਾ।" ਕਹਿ ਕੇ ਫ਼ਕੀਰ ਕਿਸੇ ਗਹਿਰੀ ਸੋਚ ਵਿਚ ਡੁੱਬ ਗਿਆ... ਤੇ ਕੇਸਰ ਫ਼ਕੀਰ ਦੇ ਮੱਥੇ ਦੀਆਂ ਲਕੀਰਾਂ ਵਿਚ।

"ਬੰਦੇ ਖੋਜੁ ਦਿਲ ਹਰ ਰੋਜ" ਇਸ ਅਲਾਪ ਨੇ ਕੇਸਰ ਨੂੰ ਡੂੰਘੀ ਸੋਚ 'ਚੋਂ ਇਵੇਂ ਉਠਾਇਆ ਜਿਵੇਂ ਅੰਮ੍ਰਿਤ ਵੇਲ਼ੇ ਕਿਸੇ ਨੇ ਰਬਾਬ ਛੇੜ ਦਿੱਤੀ ਹੋਵੇ।


ਫ਼ਕੀਰ ਦੇ ਵਚਨਾਂ ਤੇ ਸਿਆਣਿਆਂ ਦੇ ਕਥਨਾਂ ਨਾਲ ਭਰਪੂਰ, ਨਸੀਹਤਨਾਮੇ ਵਰਗੀ ਪੁਸਤਕ 'ਚਾਲ਼ੀ ਦਿਨ' ਮੈਨੂੰ ਦੁਬਾਰਾ ਪੜ੍ਹਨੀ ਪਈ। ਕਾਰਨ ਬਣਿਆ ਕਿ ਇਸ ਦੀਆਂ ਸਤੰਬਰ 2023 ਤੋਂ ਮਈ 2024 ਤੱਕ ਨੌਂ ਐਡੀਸ਼ਨਾਂ ਛਪ ਚੁੱਕੀਆਂ ਹਨ। ਪੰਜਾਬੀ ਦੀ ਕਿਸੇ ਕਿਤਾਬ ਦੀਆਂ ਨੌਂ ਮਹੀਨਿਆਂ 'ਚ ਦਸ ਹਜ਼ਾਰ ਕਾਪੀਆਂ ਛਪਣੀਆਂ ਤੇ ਪੜ੍ਹੀਆਂ ਜਾਣੀਆਂ ਮੇਰੇ ਲਈ ਹੈਰਾਨ ਕਰਨ ਵਾਲੀ ਗੱਲ ਸੀ! ਉਹ ਵੀ ਸੋਸ਼ਲ ਮੀਡੀਏ ਦੇ ਰੌਲ਼ੇ-ਰੱਪੇ ਤੇ ਮੋਬਾਈਲਾਂ ਦੇ ਘੰਟਿਆਂ-ਬੱਧੀ ਰੁਝੇਵੇਂ 'ਚ ਕਿਤਾਬਾਂ ਪੜ੍ਹਨ ਦਾ ਸਮਾਂ ਨਾ ਮਿਲਣ ਦੀ 'ਆਧੁਨਿਕ' ਔੜ ਵਿਚ! ਅਜਿਹੀ ਔੜ ਵਿਚ ਕਿਸੇ ਕਿਤਾਬ ਦਾ ਏਡੀ ਵੱਡੀ ਗਿਣਤੀ ਵਿਚ ਛਪਣਾ ਤੇ ਵਿਕਣਾ ਪੰਜਾਬੀ ਪੁਸਤਕ ਪ੍ਰਕਾਸ਼ਨ 'ਚ ਨਵਾਂ ਰਿਕਾਰਡ ਹੈ ਜਿਸ ਦੀਆਂ ਇਸ ਦੇ ਲੇਖਕ, ਛਾਪਕ ਤੇ ਪ੍ਰਕਾਸ਼ਕ ਨੂੰ ਮੁਬਾਰਕਾਂ ਦੇਣੀਆਂ ਬਣਦੀਆਂ ਹਨ। ਇਸ ਨਾਲ ਪੰਜਾਬੀ ਪੁਸਤਕ ਪ੍ਰਕਾਸ਼ਨ ਨੂੰ ਹੋਰ ਹੁਲਾਰਾ ਮਿਲਣ ਦੀ ਆਸ ਜਾਗੀ ਹੈ। ਪੰਜਾਬੀ ਲੇਖਕਾਂ ਨੂੰ ਖ਼ੁਸ਼ ਹੋਣਾ ਚਾਹੀਦੈ ਤੇ ਆਲੋਚਕਾਂ ਨੂੰ ਇਸ ਪੁਸਤਕ ਦਾ ਗੰਭੀਰ ਨੋਟਿਸ ਲੈਣਾ ਚਾਹੀਦੈ। ਪੂਰੀ ਘੋਖ ਪਰਖ ਹੋਣੀ ਚਾਹੀਦੀ ਹੈ ਕਿ 'ਚਾਲ਼ੀ ਦਿਨ' ਪੁਸਤਕ ਦੇ ਏਨੀ ਪਾਪੂਲਰ ਹੋਣ ਦੇ ਕਿਹੜੇ ਕਾਰਨ ਜਾਂ ਗੁਣ ਹਨ?

ਪਿਛਲੇ ਸਾਲ ਵਰਿਆਮ ਸਿੰਘ ਸੰਧੂ ਦੀ ਪੁਸਤਕ 'ਜਮਰੌਦ' ਦੀ ਬੜੀ ਚਰਚਾ ਹੋਈ ਤੇ ਭਰਵੀਂ ਪਰਸੰਸਾ ਹੋਈ। ਫਿਰ ਜੰਗ ਬਹਾਦਰ ਗੋਇਲ ਦੀ ਪੁਸਤਕ 'ਸਾਹਿਤ ਸੰਜੀਵਨੀ' ਵੱਡੀ ਪੱਧਰ 'ਤੇ ਸਲਾਹੀ ਤੇ ਵਡਿਆਈ ਗਈ। ਪੰਜਾਬੀ ਕਹਾਣੀ ਦਾ ਸ਼ਾਹ-ਸਵਾਰ ਵਰਿਆਮ ਸਿੰਘ ਸੰਧੂ ਤੇ ਵਿਸ਼ਵ ਸਾਹਿਤ ਦੇ ਸ਼ਾਹਕਾਰ ਨਾਵਲਾਂ ਨੂੰ ਪੰਜਾਬੀ 'ਚ ਪੇਸ਼ ਕਰਨ ਵਾਲਾ ਗਲਪਕਾਰ ਜੰਗ ਬਹਾਦਰ ਗੋਇਲ ਤਾਂ ਪਹਿਲਾਂ ਹੀ ਪੰਜਾਬੀ ਸਾਹਿਤ ਦੇ ਉੱਚ-ਦੁਮਾਲੜੇ ਲੇਖਕ ਹਨ ਜਦ ਕਿ ਧੁੱਗਾ ਗੁਰਪ੍ਰੀਤ ਅਜੇ ਨਵਲੇਖਕ ਹੀ ਹੈ। ਨੌਂ ਦਸ ਮਹੀਨਿਆਂ ਤੋਂ ਪੰਜਾਬੀ ਦੇ ਇਸ ਨਵੇਂ ਲੇਖਕ ਦੀ ਪੁਸਤਕ 'ਚਾਲ਼ੀ ਦਿਨ' ਵਿਸ਼ਾਲ ਪੱਧਰ 'ਤੇ ਪਾਠਕਾਂ ਵੱਲੋਂ ਪਸੰਦ ਕੀਤੀ ਜਾ ਰਹੀ ਹੈ। ਸਾਹਿਤਕ ਹਲਕਿਆਂ 'ਚ ਸੱਚਮੁੱਚ ਹੀ ਇਸ ਦੀਆਂ ਧੁੰਮਾਂ ਪੈ ਰਹੀਆਂ ਹਨ।

ਡਾ. ਗੁਰਪ੍ਰੀਤ ਧੁੱਗੇ ਨੂੰ ਮੈਂ ਬਿਲਕੁਲ ਨਹੀਂ ਸਾਂ ਜਾਣਦਾ। ਪਰ ਉਸ ਦੀ ਇਹ ਪਹਿਲੀ ਹੀ ਪੁਸਤਕ ਪੜ੍ਹਦਿਆਂ ਮੈਨੂੰ ਉਹਦੇ 'ਚੋਂ ਵੱਡਾ ਲੇਖਕ ਬਣਨ ਦੀਆਂ ਸੰਭਾਵਨਾਵਾਂ ਦਿਸੀਆਂ ਹਨ। ਤਦੇ ਮੈਂ 'ਚਾਲ਼ੀ ਦਿਨ' ਪੁਸਤਕ ਬਾਰੇ ਫੇਸਬੁੱਕੀ ਟਿੱਪਣੀ ਕੀਤੀ ਸੀ ਕਿ ਇਹ ਪੁਸਤਕ ਪੜ੍ਹਨੀ 'ਮੋਤੀਆਂ ਦੀ ਚੋਗ ਚੁਗਣਾ' ਹੈ।

ਪਹਿਲਾਂ ਮੈਂ ਇਸ ਲਿਖਤ ਦਾ ਸਿਰਲੇਖ 'ਮੋਤੀਆਂ ਦੀ ਚੋਗ ਚੁਗਦਿਆਂ' ਹੀ ਰੱਖਣ ਲੱਗਾ ਸੀ। ਫਿਰ ਸੋਚਿਆ, ਇਸ ਪੁਸਤਕ ਨੂੰ ਬਾਬਾਣੀਆਂ ਕਹਾਣੀਆਂ ਦੀ 'ਨਕਲ' ਕਹਿਣ ਵਾਲੇ ਪੜ੍ਹੇ-ਲਿਖੇ ਵਿਦਵਾਨ ਕਿਤੇ ਮੈਨੂੰ ਅਣਪੜ੍ਹ ਈ ਨਾ ਸਮਝ ਬਹਿਣ ਤੇ ਕਹਿਣ, ਆਹ ਖੇਡਾਂ-ਖੁਡਾਂ ਬਾਰੇ ਲਿਖਣ ਵਾਲੇ ਨੂੰ ਕੀ ਪਤਾ ਸਾਹਿਤ ਕੀ ਹੁੰਦੈ? ਕਿਤੇ ਇਸ ਕਿਤਾਬ ਦੇ 'ਮੌਲਿਕ' ਨਾ ਹੋਣ ਜਾਂ 'ਨਕਲ' ਕਰਨ ਦੇ ਕਿੰਤੂਆਂ ਪਰੰਤੂਆਂ 'ਚ ਨਾ ਉਲਝ ਜਾਣ। ਪੁਸਤਕ 'ਨਾਵਲ' ਜਾਂ 'ਕਹਾਣੀਆਂ' ਹੋਣ ਦਾ ਚੱਕਰ ਨਾ ਪਾ ਬਹਿਣ ਜਦ ਕਿ ਲੇਖਕ ਨੇ ਖ਼ੁਦ ਇਸ ਦੇ ਸਾਹਿਤਕ ਰੂਪ ਨੂੰ (ਕੇਸਰ ਤੇ ਫ਼ਕੀਰ ਦੀ ਯਾਤਰਾ) ਦਾ ਉਪ ਸਿਰਲੇਖ ਪਹਿਲਾਂ ਹੀ ਦੇ ਦਿੱਤਾ ਹੋਇਐ।

ਇਹ ਪੁਸਤਕ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਧੁੱਗੇ ਤੋਂ ਬੀਕਾਨੇਰ ਤਕ ਦੀ ਸੁਪਨਈ ਯਾਤਰਾ ਹੈ। ਇੰਜ ਇਸ ਦਾ ਸਾਹਿਤਕ ਰੂਪ 'ਗਲਪੀ ਯਾਤਰਾ' ਬਣ ਗਿਆ ਹੈ। ਕੋਈ ਇਸ ਨੂੰ ਨਾਵਲ ਕਹੀ ਜਾਵੇ, ਕਹਾਣੀਆਂ ਕਹੀ ਜਾਵੇ ਜਾਂ ਗਲਪੀ ਗੱਲ ਬਾਤ, ਕੁਝ ਵੀ ਕਹੀ ਜਾਵੇ, ਕਿਤਾਬ ਤਾਂ ਕਿਤਾਬ ਹੀ ਹੁੰਦੀ ਹੈ। ਨਾਲ਼ੇ ਇਹ ਕਿਹੜਾ ਕਿਸੇ ਸਿਲੇਬਸ ਦੀ ਪਾਠ ਪੁਸਤਕ ਹੈ? ਚੰਗੀ ਕਿਤਾਬ ਦੇ ਤੌਰ 'ਤੇ ਜੇ ਕਿਸੇ ਨੇ ਸਲਾਹੁਣੀ ਜਾਂ ਅਵਾਰਡ ਦੇਣਾ ਤਾਂ ਜੀ ਸਦਕੇ ਦੇਵੇ।




ਇਸ ਸੁਪਨਈ ਯਾਤਰਾ ਦੇ ਕੇਵਲ ਤਿੰਨ ਪਾਤਰ ਹਨ। ਫ਼ਕੀਰ, ਕੇਸਰ ਤੇ ਕੁੱਤਾ। ਇਸ ਯਾਤਰਾ ਦਾ ਹਾਲ ਚਾਲ, ਮਾਹੌਲ, ਆਥਣ ਤੇ ਸਵੇਰ ਵੇਲੇ ਸੂਰਜ ਦੇ ਲਹਿਣ ਤੇ ਚੜ੍ਹਨ ਦਾ ਨਜ਼ਾਰਾ, ਅੰਬਰ 'ਤੇ ਤਾਰਿਆਂ ਦਾ ਲਿਸ਼ਕਣਾ ਤੇ ਅਲੋਪ ਹੋਣਾ, ਧੁੱਪਾਂ-ਛਾਵਾਂ, ਟਿੱਬਿਆਂ ਦੀ ਉਡਦੀ ਰੇਤ ਤੇ ਸਮੁੱਚੀ ਕਾਇਨਾਤ ਦਾ ਚਿੱਤ੍ਰਨ ਕਮਾਲ ਦਾ ਚਿੱਤ੍ਰਿਆ ਗਿਆ ਹੈ: ਸੂਰਜ ਭਰ-ਜੋਬਨ 'ਤੇ ਸੀ। ਧੁੱਪ ਵਿਚ ਚਮਕ ਰਹੀ ਦੁੱਧ-ਚਿੱਟੀ ਰੇਤ ਅੱਖਾਂ ਨੂੰ ਚੁੰਧਿਆ ਰਹੀ ਸੀ...।

ਪੁਸਤਕ ਵਿਚ ਰੁਮਾਂਸ ਵੀ ਹੈ ਤੇ ਰਹੱਸ ਵੀ। ਦੁਨੀਆਦਾਰੀ ਦੀਆਂ ਵੀ ਗੱਲਾਂ ਹਨ ਤੇ ਦੀਨਦਾਰੀ ਦੀਆਂ ਵੀ। ਕਵਿਤਾ ਦੇ ਬੰਦ ਵੀ ਹਨ ਤੇ ਕਾਵਿਮਈ ਵਰਤਕ ਵੀ। ਅਖਾਣ ਵੀ, ਲੋਕੋਕਤੀਆਂ ਤੇ ਬਾਤਾਂ ਬਤੋਲੀਆਂ ਵੀ। ਸਭ ਕਾਸੇ ਨੂੰ ਮੌਲਿਕ ਕਲਾਕਾਰੀ ਨਾਲ ਬੀੜਿਆ ਗਿਆ ਹੈ। ਕੋਈ ਵੀ ਪੁਸਤਕ ਪੜ੍ਹਨ ਲੱਗਿਆਂ ਜੇ ਦਿਲਚਸਪ ਲੱਗਦੀ ਹੋਵੇ, ਅਨੰਦਾਇਕ ਹੋਵੇ, ਮਨ ਨੂੰ ਸਕੂਨ ਤੇ ਜੀਵਨ ਨੂੰ ਸੇਧ ਦਿੰਦੀ ਹੋਵੇ ਤਾਂ ਪਾਠਕ ਨੂੰ ਹੋਰ ਕੀ ਚਾਹੀਦੈ? ਉਸ ਨੂੰ 'ਮੌਲਿਕ' ਜਾਂ 'ਨਕਲ', 'ਨਾਵਲ' ਜਾਂ 'ਕਹਾਣੀ' ਹੋਣ ਨਾਲ ਕੀ? ਰਸੂਲ ਹਮਜ਼ਾਤੋਵ ਦੀ ਕਿਤਾਬ 'ਮੇਰਾ ਦਾਗ਼ਿਸਤਾਨ' ਭਲ਼ਾ ਕੀ ਹੈ? ਕੀ ਕਹਾਂਗੇ ਉਸ ਦੇ ਸਾਹਿਤਕ ਰੂਪ ਨੂੰ? ਵੇਖ ਲਓ ਚੌਹੀਂ ਕੂੰਟੀਂ ਬੱਲੇ-ਬੱਲੇ ਕਰਾਤੀ 'ਮੇਰਾ ਦਾਗ਼ਿਸਤਾਨ' ਨੇ! ਸੁਆਲ ਹੈ, ਕੀ ਪੰਜਾਬੀ ਦੀ ਕੋਈ ਕਿਤਾਬ ਅਜਿਹਾ ਨਹੀਂ ਕਰਵਾ ਸਕਦੀ? ਅਸੀਂ ਜਾਂ ਸਾਡੇ ਤੋਂ ਪੁਰਾਣੇ ਲੇਖਕ ਜੇ ਨਹੀਂ ਕਰਵਾ ਸਕੇ ਤਾਂ ਨਵਲੇਖਕਾਂ ਨੂੰ ਹੌਸਲਾ ਤੇ ਸ਼ਾਬਾਸ਼ੇ ਤਾਂ ਦੇਈਏ। ਉਨ੍ਹਾਂ ਤੋਂ ਆਸ ਤਾਂ ਰੱਖੀਏ। ਕੀ ਪਤਾ ਉਹੀ ਪੰਜਾਬ ਦੇ ਰਸੂਲ ਹਮਜ਼ਾਤੋਵ ਬਣ ਜਾਣ!

ਮੇਰੀ ਸਮਝ ਮੁਤਾਬਿਕ ਅਸਲੋਂ 'ਮੌਲਿਕ' ਲਿਖਤ ਜਾਂ ਪੁਸਤਕ ਕੋਈ ਵੀ ਨਹੀਂ ਹੁੰਦੀ। ਹਰੇਕ 'ਚ ਪਹਿਲਾਂ ਦਾ ਸਿਰਜਿਆ ਕੁਝ ਨਾ ਕੁਝ ਲਿਆ ਵਰਤਿਆ ਜ਼ਰੂਰ ਹੁੰਦਾ। ਪਹਿਲਾਂ ਦੇ ਸਿਰਜੇ ਸ਼ਬਦ ਵਰਤੇ ਬਿਨਾਂ ਤਾਂ ਕਿਸੇ ਵੀ ਲੇਖਕ ਦਾ ਨਹੀਂ ਸਰਦਾ। ਸੋਚੋ, ਸਭ ਤੋਂ ਪਹਿਲਾਂ ਉਹ ਸ਼ਬਦ ਕੀਹਨੇ ਸਿਰਜੇ ਜੋ ਅਸੀਂ ਵਰਤ ਰਹੇ ਹਾਂ? 'ਬਾਬਾਣੀਆਂ ਕਹਾਣੀਆਂ' ਮੂਲ ਰੂਪ 'ਚ ਹੈਣ ਕੀਹਦੀਆਂ ਸਿਰਜੀਆਂ ਹੋਈਆਂ? ਉਹ ਤਾਂ ਬਾਤਾਂ ਵਾਂਗ ਮੂੰਹੋਂ-ਮੂੰਹ ਤੁਰੀਆਂ ਆਉਂਦੀਆਂ। ਜੇ ਕਿਸੇ ਨੇ ਇਕੱਤਰ ਕਰ ਲਈਆਂ ਤੇ ਸੰਪਾਦਿਤ ਕਰ ਦਿੱਤੀਆਂ ਤਾਂ ਉਹ, ਉਹਦੀਆਂ ਹੀ ਕਿਵੇਂ ਹੋ ਗਈਆਂ? ਲੋਕਧਾਰਾ ਦੇ ਲੋਕਗੀਤ, ਲੋਕ ਕਹਾਣੀਆਂ, ਅਖਾਣ, ਮੁਹਾਵਰੇ, ਅਟੱਲ ਸਚਾਈਆਂ, ਪੰਚਤੰਤਰ ਦੀਆਂ ਕਹਾਣੀਆਂ...। ਓਸ਼ੋ, ਰੂਸੋ, ਹਮਜ਼ਾਤੋਵ, ਵਾਰਸ ਤੇ ਕਪੂਰ ਹੋਰਾਂ ਦੇ ਕਥਨ...। ਕੀਹਦਾ ਕੀਹਦਾ ਨਾਂ ਲਿਖੀਏ?

ਮੌਲਿਕਤਾ ਤਾਂ ਉਨ੍ਹਾਂ ਦੀ 'ਮੌਲਿਕ' ਢੰਗ ਨਾਲ ਜਾਂ 'ਨਕਲੀ' ਢੰਗ ਨਾਲ ਵਰਤੋਂ ਕਰਨ 'ਚ ਹੁੰਦੀ ਹੈ। ਕੋਈ ਲੇਖਕ ਉਨ੍ਹਾਂ ਨੂੰ ਕਿਵੇਂ ਵਰਤਦੈ, ਕੋਈ ਕਿਵੇਂ? ਧੁੱਗਾ ਕੋਈ ਪ੍ਰੌਢ ਲੇਖਕ ਨਹੀਂ, ਅਜੇ ਨਵਲੇਖਕ ਹੀ ਹੈ। ਫਿਰ ਵੀ ਉਸ ਨੇ ਸਾਰਾ ਕੁਝ ਕਮਾਲ ਦੀ ਕਲਾ ਨਾਲ ਪ੍ਰੋਇਆ ਤੇ ਵਰਤਿਆ। ਵੈਸੇ ਲੋਕਧਾਰਾ ਦਾ ਪਿੜ ਸਭ ਲਈ ਖੁੱਲ੍ਹਾ ਪਿਆ ਹੈ, ਲੋਕ ਕਹਾਣੀਆਂ ਜਾਂ ਲੋਕ ਗੀਤ ਕੋਈ ਵੀ ਵਰਤ ਸਕਦੈ। ਵਰਤ ਸਕਦੈ ਕੀ, ਵਰਤੀ ਹੀ ਜਾਨੇ ਆਂ ਤੇ 'ਮੌਲਿਕ' ਲੇਖਕ ਹੋਣ ਦਾ ਭਰਮ ਵੀ ਪਾਲੀ ਜਾਨੇ ਆਂ! ਡਾ. ਗੁਰਪ੍ਰੀਤ ਧੁੱਗਾ ਨੇ ਵੀ ਸਭ ਲਈ ਖੁੱਲ੍ਹੇ ਪਿੜ ਦੀ ਵਰਤੋਂ ਕੀਤੀ ਹੈ:

"ਜ਼ਿੰਦਗੀ 'ਚ ਸਾਂਭ-ਸਾਂਭ ਰੱਖੋ ਨਿੰਮ ਵਰਗੇ ਯਾਰਾਂ ਨੂੰ, ਜਿਹੜੇ ਮਿੱਠੇ ਭਾਵੇਂ ਨਹੀਂ ਹੁੰਦੇ ਪਰ ਲੋੜ ਪੈਣ 'ਤੇ ਕੰਮ ਕੌੜੀ ਦਵਾਈ ਵਾਂਗ ਆਉਂਦੇ ਨੇ...।"

ਪੁਸਤਕ 'ਚਾਲ਼ੀ ਦਿਨ' ਦਾ ਟਾਈਟਲ ਹੀ ਵੇਖੀਏ। ਟਾਈਟਲ 'ਤੇ ਸਭ ਤੋਂ ਉਪਰ ਛਪਿਆ ਸਿਰਲੇਖ ॥ ਇਹ ਜੁ ਦੁਨੀਆ ਸਿਹਰੁ ਮੇਲਾ ॥ ਹੈ। ਇਹ ਭਗਤ ਕਬੀਰ ਜੀ ਦੇ ਸਲੋਕ ਦੀ ਅੱਧੀ ਪੰਗਤੀ ਹੈ। ਪੂਰੀ ਪੰਗਤੀ ॥ ਇਹ ਜੋ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ॥ ਹੈ। ਭਾਵ ਇਹ ਦੁਨੀਆ ਮੈਜਿਕ ਮੇਲਾ ਹੈ, ਜਾਦੂ ਹੈ, ਤਮਾਸ਼ਾ ਹੈ। ਕਿਸੇ ਨੇ ਹੱਥ ਫੜ ਕੇ ਨਹੀਂ ਤੋਰਨਾ, ਆਪੇ ਹੀ ਸੰਭਲਣਾ ਪੈਣਾ।

॥ ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ॥ ਜੇ ਯਤਨ ਕਰਦਾ ਰਹੇਂਗਾ ਤਾਂ ਪਰੇਸ਼ਾਨੀਆਂ ਤੋਂ ਬਚਿਆ ਰਹੇਂਗਾ। ਇਥੇ ਸੁਖ ਵੀ ਹੈ ਤੇ ਦੁੱਖ ਵੀ। ਬਾਬਾ ਫਰੀਦ ਜੀ ਦਾ ਸ਼ਲੋਕ ਹੈ: ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥ ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, ਨਾਨਕ ਦੁਖੀਆ ਸਭੁ ਸੰਸਾਰੁ॥ ਗੁਰੂ ਤੇਗ ਬਹਾਦਰ ਜੀ ਦੇ ਸ਼ਬਦ ਹਨ: ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥ ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ॥

ਹਾਸ਼ਮ ਸ਼ਾਹ ਨੇ ਲਿਖਿਆ ਹੈ:

ਇਕਸੇ ਤਾਰ ਬਹਾਰ ਨਾ ਰਹਿੰਦੀ,
ਨਹੀਂ ਇਕਸੇ ਤੋਰ ਜ਼ਮਾਨਾ
ਹਰ ਦਿਨ ਚਾਲ ਨਹੀਂ ਅਲਬੇਲੀ,
ਨਹੀਂ ਹਰ ਦਿਨ ਜ਼ੋਰ ਜਵਾਨਾ
ਰੋਵਣ ਸੋਗ ਹਮੇਸ਼ ਨਾ ਹੋਵੇ,
ਨਹੀਂ ਨਿੱਤ ਨਿੱਤ ਰਾਗ ਸੁਹਾਨਾ
ਹਾਸ਼ਮ ਬੈਠ ਗਈਆਂ ਲੱਖ ਡਾਰਾਂ,
ਇਹ ਜਗਤ ਮੁਸਾਫ਼ਰਖਾਨਾ

ਬਾਕੀ ਹਿਸਾ ਸਫ਼ਾ 57 ਤੇ ਪੜ੍ਹੋ

## 56 ਸਫ਼ੇ ਦੀ ਬਾਕੀ

ਕਵੀਸ਼ਰ ਕਰਨੈਲ ਸਿੰਘ ਪਾਰਸ ਦੇ ਤਵੇ ਗੂੰਜਦੇ ਰਹੇ:

ਜੱਗ ਜੰਕਸ਼ਨ ਰੇਲਾਂ ਦਾ,
ਗੱਡੀ ਇਕ ਆਵੇ ਇਕ ਜਾਵੇ...
ਹੈ ਆਉਣ ਜਾਣ ਬਣਿਆ,
ਦੁਨੀਆ ਚਹੁੰ ਕੁ ਦਿਨਾਂ ਦਾ ਮੇਲਾ...

ਮੈਥੋਂ ਕਿਤੇ ਲਿਖਿਆ ਗਿਆ ਸੀ: ਸ੍ਰਿਸ਼ਟੀ ਬੜਾ ਵੱਡਾ ਖੇਡ ਮੇਲਾ ਹੈ ਤੇ ਬ੍ਰਹਿਮੰਡ ਉਸ ਦਾ ਵਿਸ਼ਾਲ ਖੇਡ ਮੈਦਾਨ। ਧਰਤੀ, ਸੂਰਜ, ਚੰਦ, ਤਾਰੇ ਤੇ ਉਪਗ੍ਰਹਿ ਉਹਦੇ ਖਿਡਾਰੀ ਹਨ। ਦਿਨ-ਰਾਤ ਤੇ ਰੁੱਤਾਂ ਦੇ ਗੇੜ ਖੇਡ-ਮੈਚਾਂ ਦਾ ਸਮਾਂ ਸਮਝੇ ਜਾ ਸਕਦੇ ਹਨ। ਜੀਵਨ ਇੱਕ ਖੇਡ ਹੀ ਤਾਂ ਹੈ! ਜੀਵ ਆਉਂਦੇ ਹਨ ਤੇ ਤੁਰਦੇ ਜਾਂਦੇ ਹਨ। ਕੋਈ ਜਿੱਤ ਰਿਹੈ, ਕੋਈ ਹਾਰ ਰਿਹੈ। ਜਿਹੜੇ ਜਿੱਤ ਜਾਂਦੇ ਨੇ ਉਹ ਬੱਲੇ-ਬੱਲੇ ਕਰਾ ਜਾਂਦੇ ਨੇ ਤੇ ਜਿਹੜੇ ਹਾਰ ਜਾਂਦੇ ਨੇ, ਭੁੱਲ-ਭੁਲਾ ਜਾਂਦੇ ਨੇ। ਕੁਦਰਤ ਦੇ ਕਾਦਰ ਨੇ ਅਲੌਕਿਕ ਮੇਲਾ ਰਚਾ ਰੱਖਿਐ ਤੇ ਬਾਜ਼ੀ ਪਾ ਰੱਖੀ ਹੈ:

ਬਾਜੀਗਰ ਬਾਜੀ ਪਾਈ ਸਭ ਖਲਕ ਤਮਾਸ਼ੇ ਆਈ-ਪੁਸਤਕ ਦੇ ਸਰਵਰਕ ਉਤੇ ਕੇਸਰ, ਫ਼ਕੀਰ ਤੇ ਕੁੱਤਾ ਤੁਰੇ ਜਾਂਦੇ ਹਨ। ਰਾਹ ਰੇਤਲਾ, ਉਚਾਣਾਂ ਨਿਵਾਣਾਂ ਵਾਲਾ ਤੇ ਵਿੰਗਾਂ-ਵਲਾਂ ਵਾਲਾ ਹੈ। ਆਲੇ ਦੁਆਲੇ ਉੱਚੇ ਨੀਵੇਂ ਟਿੱਬੇ ਹਨ, ਰੁੱਖ ’ਕੱਲਾ ਦੁਕੱਲਾ ਦਿਸਦਾ ਹੈ, ਵਾਟਾਂ ਲੰਮੀਆਂ ਹਨ, ਰਾਤਾਂ ਪੈਂਦੀਆਂ, ਖਾਧ ਖੁਰਾਕ ਭੁੱਜੇ ਦਾਣੇ, ਗੁੜ ਦੀ ਰੋੜੀ ਤੇ ਪਾਣੀ ਹਨ। ਸਿਰ ’ਤੇ ਅਸਮਾਨ ਹੈ, ਤਾਰੇ ਹਨ, ਕਦੇ ਖੁਸ਼ਕ ਤੇ ਕਦੇ ਭਿੰਨੀਆਂ ਪੌਣਾਂ ਵਗਦੀਆਂ ਹਨ। ਪੰਛੀ ਉਡਦੇ ਹਨ, ਚਹਿਕਦੇ ਹਨ, ਕਦੇ ਕਦੇ ਕੇਸਰ ਨੂੰ ਬਚਪਨ ਦੀ ਸਖੀ ਸਹੇਲੀ ਜੀਤੋ ਵੀ ਯਾਦ ਆਉਂਦੀ ਹੈ, ਰੁਮਾਂਸ ਦਾ ਛੱਟਾ ਵੱਜ ਜਾਂਦਾ ਹੈ, ਵਚਨਾਂ ਤੇ ਕਥਨਾਂ ਦੇ ਬੋਹਲ ਉਸਰਦੇ, ਬਾਬਾਣੀਆਂ ਕਹਾਣੀਆਂ ਦੀ ਛਹਿਬਰ ਲੱਗਦੀ ਤੇ ਸਿਆਣਪਾਂ ਦੀ ਪਾਣ ਚੜ੍ਹਦੀ ਹੈ। ਵਾਟ ਮੁੱਕਦੀ ਜਾਂਦੀ ਹੈ, ਮੰਜ਼ਲ ’ਤੇ ਚਾਲ਼ੀ ਦਿਨਾਂ ’ਚ ਪੁੱਜਣਾ ਹੈ। ਬਿਰਤਾਂਤ ਸਿਰਜਣ ਦੇ ਕਿਆ ਕਹਿਣੇ! ਯਾਤਰਾ ਸ਼ੁਰੂ ਹੋਣ ਦਾ ਦ੍ਰਿਸ਼ ਦੇਖੋ: ਥੋੜ੍ਹਾ-ਥੋੜ੍ਹਾ ਚਾਨਣ ਹੋ ਰਿਹਾ ਸੀ। ਥੇਹ ਦੀ ਝਿੜੀ ਵਾਲੇ ਦਰੱਖਤ ਉਸ ਨੂੰ ਸਾਫ਼ ਦਿਸਣ ਲੱਗ ਪਏ ਸਨ। ਚੰਨ ਤੇ ਬੱਦਲਾਂ ਦੀ ਲੁਕਣ-ਮੀਟੀ ਵਿਚ ਚੰਨ ਦੀ ਰਫ਼ਤਾਰ ਤੇਜ਼ ਹੋ ਗਈ ਜਾਪਦੀ ਸੀ ਜਿਵੇਂ ਉਸ ਨੂੰ ਵੀ ਆਉਂਦੇ ਸੂਰਜ ਦੇ ਪੈਰਾਂ ਦੀ ਬਿੜਕ ਆ ਗਈ ਹੋਵੇ।

ਟਾਈਟਲ ਦੇ ਪਿਛਲੇ ਪਾਸੇ ਛਪਿਆ ਹੈ: ਚਾਲ਼ੀ ਦਿਨ (ਦਸਤਾਵੇਜ਼-ਏ-ਜ਼ਿੰਦਗੀ)। ਉਸ ਦੇ ਹੇਠਾਂ ਇਕ ਸੁਆਲ ਦਾ ਜੁਆਬ ਹੈ। ਫ਼ਕੀਰ-“ਜੁਆਨਾ ਜੇ ਤੇਰੇ ਪਿੱਛੇ ਸ਼ੇਰ ਦੌੜ ਰਿਹਾ ਹੋਵੇ ਤੇ ਅੱਗੇ ਅਚਾਨਕ ਕੋਈ ਖੂਹ ਆ ਜਾਵੇ ਤਾਂ ਤੂੰ ਕੀ ਕਰਨਾ ਚਾਹੇਂਗਾ?” ਕੇਸਰ-“ਜਾਗਣਾ, ਸਾਈਂ ਜੀ।”

ਕਵਰ ਦੇ ਅੰਦਰਵਾਰ ਲਿਖਿਆ ਹੈ:

ਦਿੱਤੀ ਜੇ ਅੱਖ ਦੇਵੀਂ
ਨਜ਼ਰ ਵੀ ਮਾਲਕਾ।
ਰੱਖੀਂ ਤੂੰ ਜਿੱਥੇ ਹੋਵੇ
ਕਦਰ ਵੀ ਮਾਲਕਾ।
ਇੱਕੋ ਦਾਨ ਮੰਗਾਂ ਮੈਂ
ਬੁੱਧ ਤੇ ਵਿਵੇਕ ਦਾ,
ਦਿੱਤਾ ਹੈ ਬਹੁਤ ਦੇਵੀਂ
ਸਬਰ ਵੀ ਮਾਲਕਾ।

ਜਿਵੇਂ ਪੁਸਤਕ ਲਿਖਣ ’ਚ ਕਈ ਜੁਗਤਾਂ ਵਰਤੀਆਂ ਗਈਆਂ ਹਨ ਉਵੇਂ ਪ੍ਰਕਾਸ਼ਕ ਆੱਟਮ ਆਰਟ ਨੇ ਵੀ ਕਿਤਾਬ ਦੀ ਪ੍ਰਕਾਸ਼ਨਾਂ ’ਚ ਕਈ ਛਾਪਕ ਜੁਗਤਾਂ ਵਰਤੋਂ ’ਚ ਲਿਆਂਦੀਆਂ ਹਨ। ਕੂਲ਼ੇ ਸਰਵਰਕ ਵਾਲੀ 155 ਪੰਨਿਆਂ ਦੀ ਹਲਕੀ ਫੁਲਕੀ ਕਿਤਾਬ ਦੇ ਪਿਛਲੇ 5 ਪੰਨੇ ਖਾਲੀ ਛੱਡੇ ਹਨ ਤਾਂ ਕਿ ਪੜ੍ਹਨ ਵਾਲਾ ਪੁਸਤਕ ਬਾਰੇ ਕੁਝ ਲਿਖ ਸਕੇ। ਕੀਮਤ ਵੀ ਵਾਜਬ ਹੀ ਰੱਖੀ ਹੈ 200 ਰੁਪਏ। ਪੜ੍ਹਨ ਨੂੰ ਵੀ ਬਹੁਤਾ ਸਮਾਂ ਨਹੀਂ ਲੱਗਦਾ।

ਲੇਖਕ ਦੀ ਆਪਣਾ ਲੇਖਕੀ ਨਾਂ ਰੱਖਣ ਦੀ ਜੁਗਤ ਵੀ ਵੇਖੋ। ਉਸ ਦਾ ਅਸਲੀ ਨਾਂ ਤਾਂ ਡਾ. ਗੁਰਪ੍ਰੀਤ ਸਿੰਘ ਧੁੱਗਾ ਹੈ ਪਰ ਪੁਸਤਕ ਦੇ ਟਾਈਟਲ ਉਤੇ ਲੇਖਕੀ ਨਾਂ ਡਾ. ਧੁੱਗਾ ਗੁਰਪ੍ਰੀਤ ਛਾਪਿਆ ਗਿਆ ਹੈ। ਉਹ ਐਮ.ਡੀ ਹੈ ਤੇ ਅੱਜ ਕੱਲ੍ਹ ਚੀਫ਼ ਮੈਡੀਕਲ ਡਾਇਰੈਕਟਰ, ਫੇਅਰਫੀਲਡ, ਕੈਲੀਫੋਰਨੀਆ ਵਿਖੇ ਕਾਰਜ ਕਰਦਾ ਹੈ। ਉਸ ਨੇ ਆਪਣੀ ਰਹਾਇਸ਼ ਨੇੜੇ ਉੱਚੀਆਂ ਨੀਵੀਆਂ ਪਹਾੜੀਆਂ ਵਿਚਕਾਰ ਰੁੱਖਾਂ ਦੀ ਹਰਿਆਵਲ ’ਚ ਪੱਧਰੀ ਕੀਤੀ ਇਕ ਪਹਾੜੀ ਉਤੇ ਆਪਣਾ ਤਖਤ ਹਜ਼ਾਰਾ ਬਣਾਇਆ ਹੋਇਐ ਜਿਥੇ ਦੇਸੀ ਮੰਜਾ ਵੀ ਡਾਹਿਆ ਹੋਇਆ। ਉਸੇ ਮੰਜੇ ’ਤੇ ਬਹਿ ਕੇ ਉਸ ਨੇ ਇਸ ਪੁਸਤਕ ਦੀ ਰਚਨਾ ਕੀਤੀ। ਪਹਿਲਾਂ ਉਸ ਨੇ ‘ਹੈਲਥ ਗਾਈਡ’ ਨਾਂ ਦੀ ਕਿਤਾਬ ਲਿਖੀ ਸੀ। ਹਾਲੇ ਤਕ ਉਸ ਨੇ ਦੋ ਪੁਸਤਕਾਂ ਹੀ ਲਿਖੀਆਂ ਹਨ। ‘ਚਾਲ਼ੀ ਦਿਨ’ ਪੁਸਤਕ ਦਾ ਸਮਰਪਣ ਹੈ:

ਮੇਰੇ ਪਿੰਡ ਦੀ ਅਸੀਸਾਂ
ਲਬਰੇਜ਼ ਮਿੱਟੀ ਨੂੰ।
ਦਾਦੀਆਂ ਦੀਆਂ
ਮੋਹ ਭਰੀਆਂ ਅੱਖਾਂ ਨੂੰ,
ਬਾਬਿਆਂ ਦੇ ਅੱਟਣਾਂ ਭਰੇ ਹੱਥਾਂ ਨੂੰ।
ਰਾਹ ਤੱਕਦੀ ਉਦਾਸ ਪਿੰਡ ਦੀ ਜੂਹ ਨੂੰ,
ਸਾਂਝੇ ਘਰਾਂ ਦੇ ਉੱਜੜੇ ਇੱਕ ਖੂਹ ਨੂੰ।
ਘੁੱਗ ਵੱਸਦੇ ਮੇਰੇ ਗਰਾਂ ਨੂੰ... ਪਿੰਡ ‘ਧੁੱਗਾ ਕਲਾਂ’ ਨੂੰ।

ਸਰਲ ਵਾਰਤਕ ਵਿਚ ਲਿਖਿਆ ਉਸ ਦਾ ਮੁਖਬੰਧ ਪੜ੍ਹ ਕੇ ਪਤਾ ਲੱਗ ਜਾਂਦੈ ਕਿ ਉਸ ਦਾ ਪੁਸਤਕ ਲਿਖਣ ਦਾ ਉਦੇਸ਼ ਕੀ ਹੈ? ਮੁਖਬੰਧ ਵਿਚ ਹੀ ਉਹ ਕਹਾਣੀਆਂ, ਸਾਖੀਆਂ ਤੇ ਕਵਿਤਾਵਾਂ ਦੇ ਵਰਤਣ ਦੀ ਗੱਲ ਦੱਸ ਦਿੰਦੇ। ਲਓ ਪੜ੍ਹੋ ਤੇ ਆਪੇ ਨਿਤਾਰਾ ਕਰੋ ਕਿ ਪਿੰਡ ਧੁੱਗੇ ਦਾ ਜੰਮਪਲ ਗੁਰਪ੍ਰੀਤ ਹੈ ਕਿਹੋ ਜਿਹਾ ਲੇਖਕ?

...ਜਿੱਤ ਤੇ ਹਾਰ ਦੇ ਵਿਚਕਾਰ ਸਿਰਫ਼ ਇੱਕ ਅਧੂਰੀ ਕਹਾਣੀ ਦਾ ਫ਼ਾਸਲਾ ਹੁੰਦਾ ਹੈ।

ਜਿਉਂ-ਜਿਉਂ ਦੁਨੀਆ ਵਿਚ ਲੋਕਾਂ ਦੀ ਭੀੜ ਵਧ ਰਹੀ ਹੈ, ਆਦਮੀ ਆਪਣੇ ਆਪ ਨੂੰ ਹੋਰ ਵੀ ਇਕੱਲਾ ਮਹਿਸੂਸ ਕਰ ਰਿਹਾ ਹੈ। ਆਧੁਨਿਕ ਯੁੱਗ ਦੀਆਂ ਸਹੂਲਤਾਂ ਜਿਉਂ-ਜਿਉਂ ਮਨੁੱਖ ਦੇ ਕਰੀਬ ਆਈਆਂ ਹਨ, ਮਨ ਦਾ ਸਕੂਨ ਦੂਰ ਹੋ ਗਿਆ ਹੈ। ਇਹ ਵਰਤਾਰਾ ਪਿਛਲੀ ਇੱਕ ਸਦੀ ਵਿਚ ਬਹੁਤ ਤੇਜ਼ੀ ਨਾਲ਼ ਵਧਿਆ ਹੈ।

ਮਨੁੱਖ ਭਾਵੇਂ ਇਸ ਬ੍ਰਹਿਮੰਡ ਦਾ ਸਭ ਤੋਂ ਬੁੱਧੀਮਾਨ ਜੀਵ ਹੈ ਜੋ ਸਮਝਣ ਤੇ ਸਮਝਾਉਣ ਦੇ ਕਾਬਿਲ ਹੈ, ਪਰ ਰਹਿੰਦਾ ਦੁਖੀ ਹੈ, ਨਿਰੰਤਰ ਸੁਖ ਦੀ ਭਾਲ਼ ਕਰਦਾ ਹੈ ਅਤੇ ਸੁਖ ਭਾਲ਼ਦਿਆਂ ਹੋਰ ਦੁਖੀ ਹੋ ਜਾਂਦਾ ਹੈ...

ਇਸ ਵਧ ਰਹੀ ਬੇਚੈਨੀ ਪਿੱਛੇ ਕੀ ਕਾਰਨ ਹੈ? ਕੁਝ ਨਿੱਜੀ ਕਾਰਨਾਂ ਤੋਂ ਇਲਾਵਾ ਇੱਕ ਮੂਲ ਕਾਰਨ ਇਹ ਵੀ ਹੈ ਕਿ ਸਾਡੇ ਅੰਦਰ ਆਪਣੇ ਮਨ ਦੀ ਸੋਚ ਤੇ ਮਨੁੱਖੀ ਵਰਤਾਰੇ ਨੂੰ ਸਮਝਣ ਦੀ ਕਮੀ ਹੈ।

ਥੋੜ੍ਹ-ਚਿਰੀ ਖ਼ੁਸ਼ੀ ਭਾਵੇਂ ਮਨੋਰੰਜਨ ਦੇ ਸਾਧਨਾਂ ਰਾਹੀਂ ਮਿਲ ਸਕਦੀ ਹੈ ਪਰ ਸਥਾਈ ਸਕੂਨ ਮਨੁੱਖੀ ਵਰਤਾਰੇ ਨੂੰ ਸਮਝਣ ਵਿਚ ਹੀ ਹੈ। ਮੁੱਢ-ਕਦੀਮ ਤੋਂ ਸਿਆਣਿਆਂ, ਗੁਰੂਆਂ, ਪੀਰਾਂ-ਫ਼ਕੀਰਾਂ ਅਤੇ ਦਾਰਸ਼ਨਿਕਾਂ ਨੇ ਸਾਨੂੰ ਇਹੀ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਕੋਸ਼ਿਸ਼ਾਂ ਵਿੱਚੋਂ ਕਈ ਧਰਮ ਉਤਪੰਨ ਹੋਏ ਜੋ ਬਾਅਦ ਵਿਚ ਸੌੜੀਆਂ ਰਹੁ-ਰੀਤਾਂ ਵਿਚ ਫਸ ਕੇ ਭਟਕਣਾ ਦਾ ਕਾਰਨ ਵੀ ਬਣੇ।

ਸਾਖੀਆਂ, ਕਹਾਣੀਆਂ ਅਤੇ ਕਵਿਤਾਵਾਂ ਜ਼ਿੰਦਗੀ ਦੀਆਂ ਸਚਾਈਆਂ ਨੂੰ ਸਮਝਣ ਦਾ ਸਾਧਨ ਰਹੀਆਂ ਹਨ। ਸਾਰੇ ਧਾਰਮਿਕ ਗ੍ਰੰਥ ਇਸ ਗੱਲ ਦਾ ਪ੍ਰਮਾਣ ਹਨ। ਕਥਾਂ-ਕਹਾਣੀਆਂ ਸੁਣਨ ਸੁਣਾਉਣ ਦਾ ਸਿਲਸਿਲਾ ਉਦੋਂ ਤੋਂ ਹੀ ਸ਼ੁਰੂ ਹੋ ਗਿਆ ਸੀ ਜਦੋਂ ਤੋਂ ਮਨੁੱਖ ਨੇ ਬੋਲਣਾ ਸ਼ੁਰੂ ਕੀਤਾ। ਕਈ ਕਹਾਣੀਆਂ ਸਪਸ਼ਟ ਤੇ ਕਈ ਸੰਕੇਤਕ ਹੁੰਦੀਆਂ ਹਨ, ਜੋ ਸਾਡੀ ਸੋਚ ਦੇ ਦਰਵਾਜ਼ੇ ਖੋਲ੍ਹਦੀਆਂ ਹਨ। ਸੁਖ-ਦੁੱਖ ਤੇ ਜ਼ਿੰਦਗੀ ਦੇ ਤੱਥ, ਸਿਰਫ਼ ਧਾਰਮਿਕ ਅਸਥਾਨਾਂ ਦੇ ਹੀ ਵਿਸ਼ੇ ਨਹੀਂ ਹਨ-ਇਹ ਸਾਂਝ ਵਿਅਕਤੀਗਤ ਹੈ। ਇਸੇ ਲਈ ਸੱਥਾਂ ਦੀ ਵਾਰਤਾਲਾਪ ਤੇ ਦਾਦੀਆਂ ਦੀਆਂ ਕਹਾਣੀਆਂ ਕਿਸੇ ਸਤਿਸੰਗ ਤੋਂ ਘੱਟ ਨਹੀਂ ਸਨ ਹੁੰਦੀਆਂ।

ਸਾਡੇ ਇਤਿਹਾਸ ਤੇ ਮਿਥਿਹਾਸ ਵਿਚ ਚਾਲ਼ੀ ਦਿਨਾਂ ਦੀ ਬਹੁਤ ਮਹਾਨਤਾ ਹੈ। ਚਾਲ਼ੀ ਦਿਨਾਂ ਵਿਚ ਵਾਪਰੀਆਂ ਕਈ ਪ੍ਰਚੱਲਿਤ ਘਟਨਾਵਾਂ ਨੇ ਸੰਸਾਰ ਵਿਚ ਬਹੁਤ ਸਾਰੇ ਵਿਅਕਤੀਗਤ ਤੇ ਸਮਾਜਿਕ ਬਦਲਾਅ ਲਿਆਂਦੇ।

ਕੇਸਰ ਤੇ ਫ਼ਕੀਰ ਦੇ ਨਾਲ਼-ਨਾਲ਼ ਇਹ ਯਾਤਰਾ ਮੇਰੀ ਵੀ ਹੈ, ਜੋ ਸ਼ਾਇਦ ਉਸ ਦਿਨ ਸ਼ੁਰੂ ਹੋਈ ਸੀ ਜਿਸ ਦਿਨ ਮੇਰੇ ਪਰਿਵਾਰ ਦੇ ਵਡੇਰੇ, ਸੰਤਾਲੀ ਦੀ ਵੰਡ ਵੇਲ਼ੇ, ਜ਼ਿਲ੍ਹਾ ਸਰਗੋਧਾ ਦੇ ਚੱਕ ਨੰ. 119 ਤੋਂ ਗੱਡਿਆਂ ’ਤੇ ਆਪਣਾ ਸਾਮਾਨ ਲੱਦ ਕੇ ਤੁਰੇ ਸਨ।

ਸਾਡੇ ਸਾਰਿਆਂ ਦੇ ਅੰਦਰ ਇੱਕ ‘ਕੇਸਰ’ ਹੈ ਜੋ ਆਪਣੇ ਮਕਸਦ ਤੇ ਮੰਜ਼ਿਲ ਦੀ ਭਾਲ਼ ਵਿਚ ਭਟਕ ਰਿਹਾ ਹੈ ਪਰ ਹਰ ਇੱਕ ਨੂੰ ‘ਫ਼ਕੀਰ’ ਵਰਗਾ ਮਾਰਗ-ਦਰਸ਼ਕ ਨਹੀਂ ਮਿਲਦਾ।

ਇਹ ਲਿਖਤ ਇਸੇ ਕੜੀ ਵਿਚ ਜ਼ਿੰਦਗੀ ਦੇ ਤੱਥਾਂ ਨੂੰ ਸਮਝਣ ਤੇ ਸਾਂਝਾ ਕਰਨ ਦਾ ਇੱਕ ਉਪਰਾਲਾ ਹੈ... ਆਸ ਹੈ ਕਬੂਲ ਕਰੋਗੇ।”

ਪੁਸਤਕ ਪੜ੍ਹਨੀ ਸ਼ੁਰੂ ਕਰਨ ਤੋਂ ਪਹਿਲਾਂ “ਕਵੀ-ਓ-ਵਾਚ” ਵੀ ਪੜ੍ਹ ਲੈਣਾ ਚਾਹੀਦੈ:

ਕੋਈ ਜਾਵੇ ਜੰਗਲ-ਬੇਲਿਆਂ ਵਿਚ
ਬੀਨ ਬਜਾਵੇ,
ਮੇਰੇ ਦੇਸ ਨੂੰ ਜਿਹਨੇ ਡੰਗਿਆ
ਲੱਭ ਨਾਗ ਲਿਆਵੇ।
ਕੋਈ ਲੱਭੋ ਜੋਗੀ ਜੋਗੜਾ
ਜੋ ਕੌਡੀ ਲਾਵੇ,
ਸਹਿਕਦੇ ਦੇਸ ਪੰਜਾਬ ਨੂੰ
ਕੋਈ ਆਣ ਬਚਾਵੇ।
...ਆਣ ਬਚਾਵੇ।

ਚਾਲ਼ੀ ਦਿਨਾਂ ਦੀ ਯਾਤਰਾ ਸ਼ੁਰੂ ਕਰਦਿਆਂ ਛੋਟੇ-ਛੋਟੇ ਵਾਕਾਂ ਨਾਲ਼ ਜਗਾਈ ਉਤਸੁਕਤਾ ਵੇਖੋ:

ਕੇਸਰ ਦੀ ਅੱਖ ਇੱਕਦਮ ਖੁੱਲ੍ਹੀ। ਚਾਰੇ ਪਾਸੇ ਮੂੰਹ ਹਨ੍ਹੇਰਾ ਸੀ ਤੇ ਡਰਾਉਣੀ ਚੁੱਪ। ਉਸ ਨੂੰ ਆਪਣੇ ਸਾਹਾਂ ਦੀ ਆਵਾਜ਼ ਵੀ ਸੁਣਾਈ ਦੇ ਰਹੀ ਸੀ। ਉਸ ਨੇ ਮੰਜੇ ਥੱਲਿਓਂ ਆਪਣਾ ਝੋਲ਼ਾ ਕੱਢਿਆ। ਝੋਲ਼ੇ ਵਿੱਚੋਂ ਦਾਦੀ ਲਈ, ਜਿਸ ਨੂੰ ਉਹ ਬੇਬੇ ਕਹਿੰਦਾ ਸੀ, ਰਾਤੀਂ ਲਿਖੀ ਇੱਕ ਚਿੱਠੀ ਕੱਢ ਕੇ ਉਸ ਨੇ ਸਰ੍ਹਾਣੇ ’ਤੇ ਰੱਖ ਦਿੱਤੀ। ਉਸ ਨੂੰ ਯਕੀਨ ਸੀ ਕਿ ਬੇਬੇ ਜਦੋਂ ਸਵੇਰੇ ਉਸ ਲਈ ਚਾਹ ਲੈ ਕੇ ਆਵੇਗੀ ਤਾਂ ਚਿੱਠੀ ਵੇਖ ਲਵੇਗੀ। ਕੇਸਰ ਨੂੰ ਪਤਾ ਸੀ ਕਿ ਉਸ ਨੂੰ ਮੰਜੇ ’ਤੇ ਨਾ ਵੇਖ ਕੇ ਘਬਰਾਈ ਹੋਈ ਬੇਬੇ ਚਿੱਠੀ ਲੈ ਕੇ ਗੁਆਂਢੀਆਂ ਦੀ ਨੂੰਹ ਕੋਲ਼ ਪੜ੍ਹਾਉਣ ਲਈ ਜਾਵੇਗੀ। ਇਹ ਸੋਚ ਕੇ ਇੱਕ ਵਾਰ ਤਾਂ ਉਸ ਦਾ ਦਿਲ ਪਸੀਜ ਗਿਆ ਪਰ ਉਹ ਘਰੋਂ ਜਾਣ ਦਾ ਮਨ ਪੱਕਾ ਬਣਾ ਚੁੱਕਾ ਸੀ।

...ਥੋੜ੍ਹਾ-ਥੋੜ੍ਹਾ ਚਾਨਣ ਹੋ ਰਿਹਾ ਸੀ। ਥੇਹ ਦੀ ਝਿੜੀ ਵਾਲੇ ਦਰੱਖ਼ਤ ਉਸ ਨੂੰ ਸਾਫ਼ ਦਿੱਸਣ ਲੱਗ ਪਏ ਸਨ। ਚੰਨ ਤੇ ਬੱਦਲਾਂ ਦੀ ਲੁਕਣ-ਮੀਟੀ ਵਿਚ ਚੰਨ ਦੀ ਰਫ਼ਤਾਰ ਤੇਜ਼ ਹੋ ਗਈ ਜਾਪਦੀ ਸੀ ਜਿਵੇਂ ਉਸ ਨੂੰ ਵੀ ਆਉਂਦੇ ਸੂਰਜ ਦੇ ਪੈਰਾਂ ਦੀ ਬਿੜਕ ਆ ਗਈ ਹੋਵੇ।

ਮੈਨੂੰ ਇਸ ਪੁਸਤਕ ਚੋਂ ਇਕ ਹੋਣਹਾਰ ਲੇਖਕ ਦੀ ਵਧੀਆ ਵਾਰਤਕ ਦੇ ਦਰਸ਼ਨ ਹੋਏ ਹਨ। ਵਾਰਤਕ ਦਾ ਵੀ ਆਪਣਾ ਪਿੰਗਲ ਹੁੰਦੈ। ਅਰਥ ਅਲੰਕਾਰਾਂ ਨਾਲ ਧੁਨੀ ਅਲੰਕਾਰਾਂ ਦਾ ਵੀ ਧਿਆਨ ਰੱਖਣਾ ਲੈਂਦੈ। ਵਧੀਆ ਵਾਰਤਕ ਨਰੋਏ ਜੁੱਸੇ ਵਰਗੀ ਹੁੰਦੀ ਹੈ। ਨਰੋਏ ਜੁੱਸੇ ਨਾਲ ਕੋਈ ਵੀ ਕਾਰਜ ਕੀਤਾ ਜਾ ਸਕਦੈ ਤੇ ਕੋਈ ਵੀ ਖੇਡ ਖੇਡੀ ਜਾ ਸਕਦੀ ਹੈ। ਜਿਹੜੇ ਲੇਖਕ ਕੋਲ ਨਰੋਈ ਵਾਰਤਕ ਹੈ ਉਹ ਲੇਖਣੀ ਦੇ ਮੈਦਾਨ ’ਚ ਛੇਤੀ ਕੀਤਿਆਂ ਨਹੀਂ ਲਈਦਾ। ਲੇਖਕ, ਲੇਖਣੀ ਤੇ ਲਈਦਾ ਸ਼ਬਦਾਂ ਮੂਹਰੇ ਲੱਲੇ ਦਾ ਧੁਨੀ ਅਲੰਕਾਰ ਵਰਤਿਆ ਵੇਖੋ। ਮੁਹੰਮਦ ਅਲੀ ਬਾਰੇ ਲਿਖਣਾ ਲਫ਼ਜ਼ਾਂ ਨਾਲ ਘੁਲਣਾ ਹੈ। ਨਵਲੇਖਕ ਧੁੱਗੇ ਕੋਲ ਇਹ ਕਲਾ ਹੈ ਜਿਸ ਲਈ ਉਸ ਨੇ ਕਾਫੀ ਮਿਹਨਤ ਕੀਤੀ ਜਾਪਦੀ ਹੈ। ਉਹ ਅਜੇ ਬੂਟਾ ਹੈ ਜਿਸ ਨੇ ਬੋਹੜ ਬਣਨਾ ਹੈ। ਮੈਨੂੰ ਉਸ ਦੀ ਵਾਰਤਕ ਤੇ ਵਾਰਤਾ ਵਿਚੋਂ ਬੇਅੰਤ ਸੰਭਾਵਨਾਵਾਂ ਦਿਸ ਰਹੀਆਂ ਹਨ।

‘ਚਾਲ਼ੀ ਦਿਨ’ ਪੁਸਤਕ ਨੂੰ ਨਸੀਹਤਨਾਮੇ ਵਰਗੀ ਪੁਸਤਕ ਮੈਂ ਇਸ ਲਈ ਕਹਿ ਰਿਹਾਂ ਕਿਉਂਕਿ ਇਹ ਹੈ ਹੀ ਸ਼ੁਭ ਵਚਨਾਂ ਤੇ ਸਿਆਣੇ ਕਥਨਾਂ ਦਾ ਨਸੀਹਤ ਸੰਗ੍ਰਹਿ। ਵਾਕ ਲੈਣ ਵਾਂਗ ਕੋਈ ਵੀ ਪੰਨਾ ਖੋਲ੍ਹੋ, ਡਾਇਰੀ ’ਚ ਨੋਟ ਕਰਨ ਲਈ ਜ਼ਰੂਰ ਕੁਝ ਨਾ ਕੁਝ ਕੰਮ ਆਉਣ ਵਾਲਾ ਮਾਲ ਮਿਲ ਜਾਵੇਗਾ:

ਕੋਇਲ ਦੀ ਰਾਗਣੀ ਤੇ ਬਿਰਹੋਂ ਦੇ ਸਾਜ਼ ਨੂੰ। ’ਕੱਲਾ ਬਹਿ ਕੇ ਸੁਣ ਕਦੇ ਰੂਹ ਦੀ ਆਵਾਜ਼ ਨੂੰ। ਇੱਕ ਅੱਖਰ ਪੜ੍ਹ ਕੇ ਪੂਰੇ ਵਾਕ ਦਾ, ਇੱਕ ਸਫ਼ਾ ਪੜ੍ਹ ਕੇ ਪੂਰੀ ਕਿਤਾਬ ਦਾ ਅਤੇ ਇੱਕ ਗ਼ਲਤੀ ਵੇਖ ਕੇ ਪੂਰੇ ਕਿਰਦਾਰ ਦਾ ਅੰਦਾਜ਼ਾ ਨਹੀਂ ਲਾਉਣਾ ਚਾਹੀਦਾ... (ਕਾਗਜ਼ ’ਤੇ ਅੱਗ ਲਿਖਣ ਨਾਲ, ਕਾਗਜ਼ ਜਲ ਨਹੀਂ ਜਾਂਦਾ।)

ਹਿੱਲਦੇ ਪਾਣੀ ਵਿਚ ਤਾਂ ਚੰਨ ਵੀ ਹਿੱਲਦਾ ਹੀ ਨਜ਼ਰ ਆਉਂਦਾ ਹੈ। ਟਿਕੇ ਮਨ ਵਿਚ ਹੀ ਚੰਗੇ ਖਿਆਲ ਟਿਕ ਸਕਦੇ ਆ... (‘ਸਕੂਨ’ ਨੇ ‘ਕਾਹਲੀ’ ਨੂੰ ਸਮਝਾਇਆ)

ਖੰਭਾਂ ਵਾਲੇ ਸੁਪਨੇ ਖ਼ੂਬਸੂਰਤ ਹੁੰਦੇ ਨੇ ਪਰ ਸਭ ਤੋਂ ਖ਼ੂਬਸੂਰਤ ਹੁੰਦਾ ਹੈ ਕਿਸੇ ਦੇ ਸੁਪਨਿਆਂ ਦਾ ਖੰਭ ਬਣ ਜਾਣਾ। (ਸਹਿਕਦੇ ਅਹਿਸਾਸ ਸੁਣਨ ਲਈ ਕੰਨ ਨਹੀਂ, ਧੜਕਦਾ ਦਿਲ ਚਾਹੀਦਾ ਹੈ) ਨਫ਼ਰਤ ਪਿੱਛੇ ਪਿਆਰ, ਅਹਿਸਾਨ ਫ਼ਰਾਮੋਸ਼ੀ ਪਿੱਛੇ ਲਾਲਚ ਅਤੇ ਚੁਗਲੀ ਦੇ ਪਿੱਛੇ ਈਰਖਾ ਛੁਪੀ ਹੁੰਦੀ ਹੈ।

ਬਾਕੀ ਹਿਸਾ ਸਫ਼ਾ 58 ਤੇ ਪੜ੍ਹੋ →

### 57 ਸਫ਼ੇ ਦੀ ਬਾਕੀ

(ਤੇ ਵੇਖ-ਸੁਣ ਕੇ ਵੀ ਚੁੱਪ ਰਹਿਣ ਪਿੱਛੇ ਵਡੱਪਣ)

ਪਹਾੜ 'ਤੇ ਖੜ੍ਹ ਕੇ ਵਾਦੀਆਂ ਤੇ ਵਾਦੀ ਵਿਚ ਖੜ੍ਹ ਕੇ ਦੂਰ ਦੇ ਪਹਾੜ ਸੋਹਣੇ ਲੱਗਦੇ ਹਨ ਕਿਉਂਕਿ ਨਜ਼ਦੀਕੀਆਂ ਖ਼ਾਮੀਆਂ ਨੂੰ ਤੇ ਦੂਰੀਆਂ ਖ਼ੂਬਸੂਰਤੀ ਨੂੰ ਉਜਾਗਰ ਕਰਦੀਆਂ ਹਨ... (ਚਹਿਕਦੀ ਚਿੜੀ ਦੇ ਗੀਤ ਦਾ ਤਰਜਮਾ)

"ਕੁਝ ਵੀ ਅਚਾਨਕ ਨਹੀਂ ਹੁੰਦਾ,
ਸਾਨੂੰ ਸਮਝਣ ਵਿਚ ਹੀ ਦੇਰ ਹੁੰਦੀ ਹੈ।
ਨਾ ਸੁਖ ਰਹਿੰਦਾ ਨਾ ਦੁੱਖ ਰਹਿੰਦਾ,
ਰਾਤ ਮੁੱਕਦੀ ਤੇ ਰੋਜ਼ ਸਵੇਰ ਹੁੰਦੀ ਹੈ।"

ਆਵਾਜ਼ ਸੁਣ ਕੇ ਕੇਸਰ ਇਕ ਦਮ ਉੱਠ ਕੇ ਖੜ੍ਹਾ ਹੋ ਗਿਆ। ਇੱਧਰ-ਉੱਧਰ ਵੇਖ ਕੇ ਉਸ ਨੇ ਸੇਵਾਦਾਰ ਨੂੰ ਆਵਾਜ਼ ਮਾਰੀ, ਪਰ ਕੁਟੀਆ ਵਿਚ ਤਾਂ ਹੁਣ ਕੋਈ ਵੀ ਨਹੀਂ ਸੀ। ਕੇਸਰ ਸੋਚਣ ਲੱਗਾ ਕਿਤੇ ਉਹ ਸੁਪਨੇ ਵਿਚ ਇਕ ਹੋਰ ਸੁਪਨਾ ਤਾਂ ਨਹੀਂ ਸੀ ਵੇਖ ਰਿਹਾਂ... ਤੇ ਉਹ ਹੌਲ਼ੀ-ਹੌਲ਼ੀ ਪਿੰਡ ਵੱਲ ਨੂੰ ਤੁਰ ਪਿਆ। (ਇਹਦੇ ਨਾਲ ਹੀ ਇਸ ਪੁਸਤਕ ਦੀ ਯਾਤਰਾ ਮੁੱਕ ਜਾਂਦੀ ਹੈ।)

ਪੁਸਤਕ ਪੜ੍ਹਨ ਪਿੱਛੋਂ ਮੈਂ ਗੁਰਪ੍ਰੀਤ ਨੂੰ ਉਹਦੇ ਅਮਰੀਕਾ ਵਾਲੇ ਟਿੱਲੇ 'ਤੇ ਮਿਲ ਆਇਆ ਹਾਂ ਤੇ ਉਸ ਨੂੰ ਸ਼ਾਬਾਸ਼ ਦੇ ਆਇਆ ਹਾਂ। ਉਥੇ ਡਾਹੇ ਰੰਗੀਨ ਪਿੜੀਆਂ ਵਾਲੇ ਦੇਸੀ ਮੰਜੇ 'ਤੇ ਵੀ ਬਹਿ ਆਇਆਂ ਜਿਥੇ ਬਹਿ ਕੇ ਉਸ ਨੇ 'ਚਾਲ਼ੀ ਦਿਨ' ਪੁਸਤਕ ਦੀ ਸਿਰਜਣਾ ਕੀਤੀ ਸੀ।

ਇਸ ਪੁਸਤਕ ਨੇ ਸਿੱਧ ਕਰ ਦਿੱਤੈ ਕਿ ਪੰਜਾਬੀ ਪੁਸਤਕਾਂ ਦੇ ਪਾਠਕ ਤਾਂ ਬਹੁਤ ਹਨ ਪਰ ਪੜ੍ਹਨਯੋਗ ਪੁਸਤਕਾਂ ਹੀ ਘੱਟ ਛਪਦੀਆਂ ਹਨ। ਬਹੁਤੀਆਂ ਪੁਸਤਕਾਂ ਤਾਂ ਲੇਖਕਾਂ ਵੱਲੋਂ ਖ਼ੁਦ ਪੈਸੇ ਦੇ ਕੇ ਕੇਵਲ ਨਾਂ ਦੀਆਂ ਹੀ ਛਪਾਈਆਂ ਜਾਂਦੀਆਂ ਹਨ। ਉਨ੍ਹਾਂ ਦੀਆਂ ਢਾਈ ਸੌ, ਪੰਜ ਸੌ, ਹੱਦ ਹਜ਼ਾਰ ਕਾਪੀਆਂ ਦੀ ਇਕੋ ਐਡੀਸ਼ਨ ਹੀ ਕਈ ਸਾਲ ਨਹੀਂ ਵਿਕਦੀ। ਭਾਵੇਂ ਇਹ ਤੱਥ ਬਹੁਤ ਸਾਰੇ ਲੇਖਕਾਂ ਨੂੰ ਅੱਖਰਦਾ ਹੋਵੇ ਪਰ ਹੈ ਨੰਗਾ ਸੱਚ।

ਪੰਜਾਬੀ ਪਾਠਕ ਨਿੱਤ ਪੰਜਾਹ ਸੱਠ ਲੱਖ ਰੁਪਈਏ ਖਰਚ ਕੇ ਦਸ ਬਾਰਾਂ ਲੱਖ ਪੰਜਾਬੀ ਅਖ਼ਬਾਰ ਪੜ੍ਹ ਰਹੇ ਹਨ। ਉਹ ਪੰਜਾਬੀ ਪੁਸਤਕਾਂ ਖਰੀਦਣ ਲਈ ਵੀ ਰੋਜ਼ ਪੰਜ ਦਸ ਲੱਖ ਰੁਪਏ ਖਰਚ ਕਰ ਸਕਦੇ ਹਨ। ਪਰ ਪਾਠਕਾਂ ਦੀ ਦਲੀਲ ਵਿਚ ਵੀ ਦਮ ਹੈ ਕਿ ਪੈਸੇ ਤਾਂ ਉਹ ਤਦ ਖਰਚਣ ਜੇਕਰ ਪੜ੍ਹਨਯੋਗ ਪੁਸਤਕਾਂ ਪੜ੍ਹਨ ਨੂੰ ਮਿਲਣ।

ਹੋ ਸਕਦੈ ਕੋਈ ਸੋਚੇ ਕਿ ਪੁਸਤਕ 'ਚਾਲ਼ੀ ਦਿਨ' ਨੂੰ ਏਨਾ ਸਲਾਹੁਣ ਦਾ ਮੇਰਾ ਕੋਈ ਗੁੱਝਾ ਮਕਸਦ ਹੋਵੇ? ਹਾਂ ਹੈ। ਕਦੇ ਮੰਨੇ ਦੰਨੇ ਕਵੀ ਤੇ ਆਲੋਚਕ ਡਾ. ਹਰਿਭਜਨ ਸਿੰਘ ਨੇ ਮੇਰੀ ਨਵੇਂ ਲੇਖਕ ਦੀ ਕਿਤਾਬ 'ਖੇਡ ਸੰਸਾਰ' ਪੜ੍ਹ ਕੇ ਸਾਹਿਤਕ ਰਸਾਲੇ 'ਆਰਸੀ' ਵਿਚ ਬੜਾ ਸਿਫ਼ਤੀ ਲੇਖ ਲਿਖਿਆ ਸੀ। ਉਸ ਨੇ 'ਨਕਸ਼ ਨਵੇਰੇ' ਕਾਲਮ ਵਿਚ ਮੈਨੂੰ ਜਿੰਨਾ ਸਲਾਹਿਆ ਸੀ ਮੈਂ ਉਹਦੇ ਪਾ ਪਾਸਕ ਵੀ ਨਹੀਂ ਸਾਂ। ਉਸ ਵਿਚਲੀਆਂ ਕੁਝ ਟੂਕਾਂ ਪੜ੍ਹ ਕੇ ਮੇਰੇ ਮਕਸਦ ਦਾ ਆਪੇ ਪਤਾ ਲੱਗ ਜਾਵੇਗਾ:

ਸਰਵਣ ਸਿੰਘ ਦਾ ਖੇਡ ਸੰਸਾਰ-ਬਿਨਾਂ ਸ਼ੱਕ ਸਰਵਣ ਸਿੰਘ ਸ਼ਬਦਾਂ ਦਾ ਓਲਿੰਪੀਅਨ ਹੈ। ਹਰ ਵਾਕ ਤਿੱਖੀ ਝੁੱਟੀ ਮਾਰ ਕੇ ਨੱਸਦਾ ਹੈ। ਉਹਦੇ ਵੇਗ ਤੋਂ ਤਾਂ ਇਹੋ ਜਾਪਦਾ ਹੈ ਕਿ ਉਹਨੇ ਜੱਗ ਜਿੱਤਣ ਦੇ ਮਨੋਰਥ ਨਾਲ ਕਰੜੀ ਮਸ਼ਕ ਕੀਤੀ ਹੈ। ਉਹਦੀ ਲਿਖਤ ਆਪਣੀ ਫ਼ਾਰਮ ਨਾਲ ਹੀ ਚਕਾਚੌਂਧ ਕਰ ਦੇਂਦੀ ਹੈ। ਉਸ ਵਿਚ ਕਿਤੇ ਵੀ ਕੁੱਝ ਵੀ ਫਾਲਤੂ ਨਹੀਂ ਜਿਵੇਂ ਮੁਕਾਬਲੇ ਵਿਚ ਉਤਰੇ ਖਿਡਾਰੀ ਦੇ ਪਿੰਡੇ 'ਤੇ ਪੋਟਾ ਭਰ ਵੀ ਮਾਸ ਵਾਧੂ ਨਹੀਂ ਹੁੰਦਾ...।

ਸਰਵਣ ਸਿੰਘ ਦੀ ਲਿਖਤ ਖੇਡਾਂ ਸੰਬੰਧੀ ਨਿਰਜਿੰਦ, ਨਿਰਭਾਵ ਜਾਣਕਾਰੀ ਨਹੀਂ ਦੇਂਦੀ, ਉਹਨਾਂ ਦੇ ਅੰਗ-ਸੰਗ ਹਸਦੀ ਹੈ, ਰੋਂਦੀ ਹੈ, ਡਰਦੀ ਹੈ, ਬੇਹੋਸ਼ ਹੋਣ ਤੱਕ ਜਾਂਦੀ ਹੈ। ਜੇ ਤੁਸੀਂ ਕੁੜੀ-ਮੁੰਡੇ ਦੇ ਘਿਸੇ-ਪਿਟੇ ਇਸ਼ਕ-ਪੇਚੇ ਦੇ ਬਗ਼ੈਰ ਸਰੋਦੀ ਰਚਨਾ ਦਾ ਅਨੰਦ ਲੈਣਾ ਚਾਹੁੰਦੇ ਹੋ, ਕਹਾਣੀ-ਪਲਾਟ ਤੋਂ ਬਗ਼ੈਰ ਬਿਰਤਾਂਤ ਨੂੰ ਸੰਭਵ ਹੋਇਆ ਵੇਖਣਾ ਚਾਹੁੰਦੇ ਹੋ ਤਾਂ ਸਰਵਣ ਸਿੰਘ ਤੇ ਖੇਡ ਸੰਸਾਰ ਵਿਚ ਪ੍ਰਵੇਸ਼ ਕਰੋ...। ਸਰਵਣ ਸਿੰਘ ਦੀ ਰਚਨਾ ਦੋਖ, ਦਵੈਖ ਜਾਂ ਦੁਰਭਾਵਨਾ ਤੋਂ ਅਸਲੋਂ ਪਾਕ ਸਾਫ਼ ਹੈ। ਉਸ ਨੂੰ ਨਾ ਕਿਸੇ ਨਾਲ ਖੁਣਸ ਹੈ ਨਾ ਖਾਰ, ਨਾ ਕੀਨਾ, ਨਾ ਕਦੂਰਤ। ...ਸ਼ਬਦ-ਕਲਾ ਦੇ ਮਾਹਰ ਅੱਜ ਕੱਲ੍ਹ ਲੁੱਚੀਆਂ ਗੱਲਾਂ ਵੱਲ ਏਨੇ ਰੁਚਿਤ ਹੋ ਗਏ ਹਨ ਕਿ ਸੁੱਚੀਆਂ ਦਾ ਕਾਲ ਪਿਆ ਜਾਪਦਾ ਹੈ। ਇਹੋ ਜਿਹੇ ਮਾਰੂ ਮਾਹੌਲ ਵਿਚ ਸਰਵਣ ਸਿੰਘ ਜੇਹਿਆਂ ਦੀ ਕਿਰਤ ਕਾਲੇ ਪਾਣੀਆਂ ਵਿਚ ਇਕ ਚਿੱਟਾ ਜਜ਼ੀਰਾ ਜਾਪਦੀ ਹੈ। ਅਥਾਹ ਸਮੁੰਦਰ ਵਿਚ ਡੁਬਦੇ ਪੈਰਾਂ ਹੇਠ ਜਿਵੇਂ ਅਚਾਨਕ ਜ਼ਮੀਨ ਆ ਜਾਏ।

ਜੇ ਤੁਸੀਂ ਉਹਨੂੰ ਅਜੇ ਤਕ ਨਹੀਂ ਪੜ੍ਹਿਆ ਤਾਂ ਇਕ ਵਾਰ ਜ਼ਰੂਰ ਪੜ੍ਹੋ। ਉਸ ਦੀ ਲਿਖਤ ਪੜ੍ਹਨ ਵੇਲੇ ਅਸੀਂ ਜ਼ੋਰਾਵਰਾਂ ਦੇ ਹਾਣੀ ਹੋਏ ਜਾਪਦੇ ਹਾਂ। ਉਹਦੇ ਬੋਲ ਸਾਡੇ ਆਲੇ ਦੁਆਲੇ ਕੋਸੀ ਧੁੱਪ ਵਾਂਗ ਵਿਛ ਜਾਂਦੇ ਹਨ ਤੇ ਸਾਡੇ ਮਨਾਂ ਵਿਚ ਸੁਖਾਵਾਂ ਜਿਹਾ ਨਿੱਘ ਬਣ ਕੇ ਬੈਠ ਜਾਂਦੇ ਹਨ।

ਸ਼ਾਇਦ ਤੁਹਾਨੂੰ ਜਾਪੇਗਾ ਮੈਂ ਭਾਵਕ ਹੋ ਰਿਹਾਂ। ਜਾਪਦਾ ਮੈਨੂੰ ਵੀ ਹੈ। ਏਸੇ ਲਈ ਮੈਂ ਆਪਣੇ ਲਿਖੇ ਨੂੰ ਦੁਬਾਰਾ ਪੜ੍ਹ ਗਿਆ। ਪਰ, ਲਿਖੇ ਹੋਏ ਵਿੱਚੋਂ ਕੁੱਝ ਵੀ ਕੱਟਣ ਦਾ ਹੀਆ ਨਹੀਂ ਪਿਆ। ਮੈਨੂੰ ਖੇਡਾਂ ਵਿਚ ਖ਼ਾਸ ਦਿਲਚਸਪੀ ਨਹੀਂ, ਪਰ ਖੇਡਾਂ ਵਿਖਾਉਂਦੇ ਸਰਵਣ ਸਿੰਘ ਨੇ ਪੰਜਾਬੀ ਬੋਲੀ ਦੇ ਸੁਹੱਪਣ ਤੇ ਸਮਰੱਥਾ ਦਾ ਸੁਖਾਵਾਂ ਨਜ਼ਾਰਾ ਵੀ ਤਾਂ ਪੇਸ਼ ਕੀਤਾ ਹੈ। ਮੈਂ ਬੋਲੀ ਦੇ ਚਸਕੇ ਦਾ ਮਾਰਿਆ ਉਹਦੀਆਂ ਅੱਖਾਂ ਥਾਣੀ ਖੇਡਾਂ, ਖਿਡਾਰੀਆਂ, ਖੇਡ-ਵਿਦਿਆ ਤੇ ਖੇਡ-ਵਿਗਿਆਨ ਨਾਲ ਵਾਕਫ਼ੀ ਪਾ ਗਿਆ।

ਤੁਸੀਂ ਪੁੱਛੋਗੇ: ਕੀ ਸਰਵਣ ਸਿੰਘ ਏਡਾ ਹੀ ਸਮਰੱਥਾਵਾਨ ਲਿਖਾਰੀ ਹੈ ਜਿੱਡਾ ਮੈਂ ਉਹਨੂੰ ਦੱਸ ਰਿਹਾ ਹਾਂ? ਮੈਂ ਵੀ ਇਸ ਕਿਤਾਬ ਨੂੰ ਪੜ੍ਹਦੇ ਪੜ੍ਹਦੇ ਰੁਕ ਜਾਂਦਾ ਰਿਹਾ ਹਾਂ ਤੇ ਗ਼ੈਰ-ਹਾਜ਼ਰ ਸਰਵਣ ਸਿੰਘ ਨੂੰ ਸਵਾਲ ਕਰਦਾ ਰਿਹਾਂ ਹਾਂ: ਕੀ ਤੇਰੀਆਂ ਖੇਡਾਂ ਤੇ ਖਿਡਾਰੀ ਏਨੇ ਹੀ ਸੋਹਣੇ ਹਨ? ਫੇਰ ਜਵਾਬ ਵਜੋਂ ਆਪ ਹੀ ਸੌਦਾ ਦੀ ਗ਼ਜ਼ਲ ਦਾ ਇੱਕ ਸ਼ਿਅਰ ਆਪਣੇ ਆਪ ਨੂੰ ਸੁਣਾਉਂਦਾ ਰਿਹਾ ਹਾਂ:

ਸੌਦਾ ਜੋ ਤਿਰਾ ਹਾਲ ਹੈ
ਇਤਨਾ ਤੋ ਨਹੀਂ ਵੋਹ
ਕਿਆ ਜਾਨੀਏ ਤੂ ਨੇ
ਉਸੇ ਕਿਸ ਆਨ ਮੇ ਦੇਖਾ

ਕਿਸੇ ਆਨ ਵਿਚ ਵੇਖਣਾ ਅਤੇ ਵਿਖਾਉਣਾ ਹੀ ਤਾਂ ਕਲਾਕਾਰੀ ਹੈ।

24 ਨਵੰਬਰ 1975 ਨੂੰ ਲਿਖੀ ਚਿੱਠੀ ਵਿਚ ਡਾ. ਹਰਿਭਜਨ ਸਿੰਘ ਨੇ ਮੈਨੂੰ ਲਿਖਿਆ ਸੀ, "ਤੇਰੀ ਕਲਮ 'ਤੇ ਸਰਸਵਤੀ ਸਵਾਰ ਹੈ, ਕਦੇ ਲਿਖਣ ਤੋਂ ਮੂੰਹ ਨਾ ਮੋੜੀਂ।"

ਮੈਂ ਵੀ ਗੁਰਪ੍ਰੀਤ ਨੂੰ ਇਹੋ ਕਹਿੰਦਾ ਹਾਂ, "ਤੇਰੀ ਕਲਮ 'ਤੇ ਸਰਸਵਤੀ ਸਵਾਰ ਹੈ, ਵੇਖੀਂ ਕਿਤੇ ਲਿਖਣ ਤੋਂ ਮੂੰਹ ਨਾ ਮੋੜ ਬੈਠੀਂ। ਸਾਨੂੰ ਬੜੀਆਂ ਆਸਾਂ ਨੇ ਤੇਰੇ ਤੋਂ। ਏਦਾਂ ਹੀ ਚਲਦੀ ਰਹੇ ਤੇਰੀ ਕਲਮ। ਵੇਖਾਂਗੇ ਅਗਲੀ ਪੁਸਤਕ ਕਿਹੋ ਜਿਹੀ ਲਿਖਦੈਂ?

*principalsarwansingh@gmail.com*

# ਟਰੰਪ ਦਾ ਦਾਅਵਾ: "ਜੰਗਬੰਦੀ ਖਤਮ ਹੋ ਗਈ", ਅਮਰੀਕਾ ਅਤੇ ਇਰਾਨ ਵੱਲੋਂ ਰਾਤੋ-ਰਾਤ ਹਮਲਿਆਂ ਮਗਰੋਂ ਤਣਾਅ ਵਧਿਆ



ਵਾਸ਼ਿੰਗਟਨ/ਤੇਹਰਾਨ: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਅਮਰੀਕਾ ਅਤੇ ਇਰਾਨ ਵਿਚਾਲੇ ਚੱਲ ਰਹੀ ਜੰਗਬੰਦੀ ਹੁਣ "ਖਤਮ ਹੋ ਗਈ ਹੈ"। ਇਹ ਬਿਆਨ ਉਸ ਵੇਲੇ ਸਾਹਮਣੇ ਆਇਆ ਜਦੋਂ ਦੋਵਾਂ ਦੇਸ਼ਾਂ ਵੱਲੋਂ ਰਾਤੋ-ਰਾਤ ਇੱਕ-ਦੂਜੇ 'ਤੇ ਹਮਲੇ ਕੀਤੇ ਜਾਣ ਦੀਆਂ ਰਿਪੋਰਟਾਂ ਆਈਆਂ ਹਨ। ਟਰੰਪ ਨੇ ਕਿਹਾ ਕਿ ਹਾਲੀਆ ਹਮਲਿਆਂ ਨੇ ਜੰਗਬੰਦੀ ਦੀਆਂ ਸ਼ਰਤਾਂ ਨੂੰ ਤੋੜ ਦਿੱਤਾ ਹੈ ਅਤੇ ਹੁਣ ਸਥਿਤੀ ਪਹਿਲਾਂ ਨਾਲੋਂ ਕਾਫ਼ੀ ਜ਼ਿਆਦਾ ਗੰਭੀਰ ਬਣ ਗਈ ਹੈ। ਉਨ੍ਹਾਂ ਨੇ ਇਰਾਨ 'ਤੇ ਸਮਝੌਤੇ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ ਅਤੇ ਕਿਹਾ ਕਿ ਅਮਰੀਕਾ ਆਪਣੇ ਹਿੱਤਾਂ ਅਤੇ ਸਾਥੀਆਂ ਦੀ ਸੁਰੱਖਿਆ ਲਈ ਹਰ ਲੋੜੀਂਦਾ ਕਦਮ ਚੁੱਕੇਗਾ। ਦੂਜੇ ਪਾਸੇ, ਇਰਾਨ ਨੇ ਅਮਰੀਕੀ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਉਸ ਵੱਲੋਂ ਕੀਤੀ ਗਈ ਕਾਰਵਾਈ ਸਿਰਫ਼ ਜਵਾਬੀ ਸੀ ਅਤੇ ਅਮਰੀਕਾ ਨੇ ਪਹਿਲਾਂ ਹਮਲੇ ਕਰਕੇ ਤਣਾਅ ਵਧਾਇਆ। ਦੋਵਾਂ ਦੇਸ਼ਾਂ ਵਿਚਾਲੇ ਵਧਦੇ ਤਣਾਅ ਕਾਰਨ ਪੂਰੇ ਮੱਧ-ਪੂਰਬ ਵਿੱਚ ਚਿੰਤਾ ਦਾ ਮਾਹੌਲ ਬਣ ਗਿਆ ਹੈ। ਕਈ ਦੇਸ਼ਾਂ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਨੇ ਦੋਵਾਂ ਧਿਰਾਂ ਨੂੰ ਸੰਜਮ ਵਰਤਣ ਅਤੇ ਕੂਟਨੀਤਿਕ ਗੱਲਬਾਤ ਰਾਹੀਂ ਵਿਵਾਦ ਦਾ ਹੱਲ ਲੱਭਣ ਦੀ ਅਪੀਲ ਕੀਤੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਤਣਾਅ ਇਸੇ ਤਰ੍ਹਾਂ ਵਧਦਾ ਰਿਹਾ ਤਾਂ ਇਸ ਦਾ ਅਸਰ ਖੇਤਰੀ ਸੁਰੱਖਿਆ, ਵਿਸ਼ਵ ਤੇਲ ਬਾਜ਼ਾਰ ਅਤੇ ਅੰਤਰਰਾਸ਼ਟਰੀ ਰਾਜਨੀਤੀ 'ਤੇ ਵੀ ਪੈ ਸਕਦਾ ਹੈ।

# ਜ਼ਿੰਬਾਬਵੇ ਦੌਰੇ ਲਈ ਭਾਰਤੀ ਟੀ-20 ਟੀਮ ਦਾ ਐਲਾਨ: ਪੰਜਾਬ ਦੇ ਪ੍ਰਭਸਿਮਰਨ ਸਿੰਘ ਦੀ ਹੋਈ ਐਂਟਰੀ, ਸੰਜੂ ਸੈਮਸਨ ਬਾਹਰ




ਨਵੀਂ ਦਿੱਲੀ: ਜ਼ਿੰਬਾਬਵੇ ਖ਼ਿਲਾਫ਼ ਹੋਣ ਵਾਲੀ ਆਗਾਮੀ ਟੀ-20 ਅੰਤਰਰਾਸ਼ਟਰੀ ਲੜੀ ਲਈ ਭਾਰਤੀ ਕ੍ਰਿਕਟ ਟੀਮ ਦੀ ਚੋਣ ਕਰ ਲਈ ਗਈ ਹੈ, ਜਿਸ ਵਿੱਚ ਕਈ ਅਹਿਮ ਫੇਰਬਦਲ ਕੀਤੇ ਗਏ ਹਨ। ਇਸ ਦੌਰੇ ਲਈ ਪੰਜਾਬ ਦੇ ਪ੍ਰਭਸਿਮਰਨ ਸਿੰਘ ਨੂੰ ਭਾਰਤੀ ਸਕੁਐਡ ਵਿੱਚ ਜਗ੍ਹਾ ਮਿਲੀ ਹੈ। ਦੂਜੇ ਪਾਸੇ, ਵਿਸ਼ਵ ਕੱਪ ਜੇਤੂ ਟੀਮ ਦੇ ਹਿੱਸਾ ਰਹੇ ਵਿਕਟਕੀਪਰ ਬੱਲੇਬਾਜ਼ ਸੰਜੂ ਸੈਮਸਨ ਨੂੰ ਖ਼ਰਾਬ ਫਾਰਮ ਦੇ ਚਲਦਿਆਂ ਟੀਮ ਵਿੱਚੋਂ ਬਾਹਰ ਕਰ ਦਿੱਤਾ ਗਿਆ ਹੈ। ਚੋਣਕਾਰਾਂ ਨੇ ਘਰੇਲੂ ਪੱਧਰ 'ਤੇ ਸ਼ਾਨਦਾਰ ਖੇਡ ਦਿਖਾਉਣ ਵਾਲੇ ਨੌਜਵਾਨ ਤੇਜ਼ ਗੇਂਦਬਾਜ਼ਾਂ ਯਸ਼ ਠਾਕੁਰ ਅਤੇ ਅਸ਼ੋਕ ਸ਼ਰਮਾ 'ਤੇ ਭਰੋਸਾ ਜਤਾਉਂਦਿਆਂ ਉਨ੍ਹਾਂ ਨੂੰ ਪਹਿਲੀ ਵਾਰ ਭਾਰਤੀ ਟੀਮ ਵਿੱਚ ਸ਼ਾਮਲ ਕੀਤਾ ਹੈ। ਦੌਰੇ ਦਾ ਸ਼ਡਿਊਲ ਅਤੇ ਮੁੱਖ ਵੇਰਵੇ:

ਮੈਚਾਂ ਦੀਆਂ ਤਾਰੀਖ਼ਾਂ: ਭਾਰਤੀ ਟੀਮ ਇਸ ਦੌਰੇ ਦੌਰਾਨ 23, 25 ਅਤੇ 27 ਜੁਲਾਈ ਨੂੰ ਤਿੰਨ ਟੀ-20 ਮੁਕਾਬਲੇ ਖੇਡੇਗੀ। ਮੈਚਾਂ ਦਾ ਸਥਾਨ: ਲੜੀ ਦੇ ਸਾਰੇ ਮੈਚ ਹਰਾਰੇ ਦੇ ਮੈਦਾਨ 'ਤੇ ਖੇਡੇ ਜਾਣਗੇ। ਬਾਹਰ ਹੋਣ ਦਾ ਕਾਰਨ: ਕੇਰਲ ਦੇ ਬੱਲੇਬਾਜ਼ ਸੰਜੂ ਸੈਮਸਨ ਦਾ ਪਿਛਲੇ ਤਿੰਨ ਮੈਚਾਂ (ਦੋ ਆਇਰਲੈਂਡ ਵਿਰੁੱਧ ਅਤੇ ਇੱਕ ਇੰਗਲੈਂਡ ਵਿਰੁੱਧ ਡਰਹਮ ਵਿੱਚ) ਦੌਰਾਨ ਪ੍ਰਦਰਸ਼ਨ ਕਾਫ਼ੀ ਨਿਰਾਸ਼ਾਜਨਕ ਰਿਹਾ, ਜਿਸ ਕਾਰਨ ਉਨ੍ਹਾਂ ਨੂੰ ਟੀਮ 'ਚੋਂ ਲਾਂਭੇ ਕੀਤਾ ਗਿਆ ਹੈ।

# ਸੁਖਵਿੰਦਰ ਕੰਬੋਜ ਦਾ 'ਮਹਿਕ, ਹਵਾ ਤੇ ਬੱਦਲ' ਵਿਸਮਾਦੀ ਕਾਵਿ ਸੰਗ੍ਰਹਿ


ਉਜਾਗਰ ਸਿੰਘ



ਸੁਖਵਿੰਦਰ ਕੰਬੋਜ ਪਰਵਾਸੀ ਸ਼ਾਇਰ ਹੈ। ਉਸਦੀਆਂ ਹੁਣ ਤੱਕ ਸੱਤ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ ਪੰਜ ਕਾਵਿ ਸੰਗ੍ਰਹਿ, ਚਾਰ ਪੰਜਾਬੀ ਤੇ ਇੱਕ ਹਿੰਦੀ, ਇੱਕ ਅੰਗਰੇਜ਼ੀ ਅਤੇ ਇੱਕ ਰਵਿੰਦਰ ਸਹਿਰਾਅ ਅਤੇ ਕੁਲਵਿੰਦਰ ਨਾਲ ਸਹਿ ਸੰਪਾਦਨਾ ਸ਼ਾਮਲ ਹਨ। 'ਮਹਿਕ, ਹਵਾ ਤੇ ਬੱਦਲ ਉਸਦਾ ਅੱਠਵਾਂ ਕਾਵਿ ਸੰਗ੍ਰਹਿ ਹੈ। ਇਸ ਕਾਵਿ ਸੰਗ੍ਰਹਿ ਵਿੱਚ ਵੱਖੋ-ਵੱਖਰੇ ਰੰਗ ਵਿਖੇਰਦੀਆਂ ਉਸਦੀਆਂ 49 ਕਵਿਤਾਵਾਂ ਹਨ। ਉਸਦੇ ਕਾਵਿ ਸੰਗ੍ਰਹਿ ਦੀ ਵਿਲੱਖਣਤਾ ਹੈ ਕਿ ਇਸਦਾ ਮੁੱਖਬੰਦ ਮੋਹਨਜੀਤ ਵੱਲੋਂ ਸੁਖਵਿੰਦਰ ਕੰਬੋਜ ਦੀ ਸਮੁੱਚੀ ਜੀਵਨ ਤੇ ਕਾਵਿ ਸ਼ੈਲੀ ਦੀ ਯਾਤਰਾ ਕਵਿਤਾ 'ਦਿਨ ਬੇਲੇ ਰਾਤੀਂ ਪੱਤਣਾ 'ਤੇ' ਦੇ ਰਾਹੀਂ ਸ਼ਬਦ ਚਿਤਰ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਸੁਖਵਿੰਦਰ ਕੰਬੋਜ ਦਾ ਇਹ ਕਾਵਿ ਸੰਗ੍ਰਹਿ ਮੁਹੱਬਤ, ਆਸ ਦੀ ਕਿਰਨ, ਬਿਰਹਾ ਦੀ ਪੀੜ ਅਤੇ ਸਮਾਜਿਕ ਸਰੋਕਾਰਾਂ ਦੀ ਵਕਾਲਤ ਕਰਦਾ ਹੈ। ਇਸ ਕਾਵਿ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਸੰਵੇਦਨਸ਼ੀਲ, ਵਿਸਮਾਦੀ, ਵਾਤਾਵਰਨ, ਕੁਦਰਤ, ਨਸ਼ੇ, ਬੁਰਛਾਗਰਦੀ, ਅਹਿੰਸਾ, ਇਨਸਾਨੀ ਮਾਨਸਿਕਤਾ, ਰਿਸ਼ਤਿਆਂ, ਔਰਤ ਦੀ ਮਾਨਸਿਕਤਾ ਅਤੇ ਸੰਕੇਤਕ ਸ਼ਬਦਾਵਲੀ ਵਿੱਚ ਹਨ। ਉਹ ਜੋ ਕਹਿਣਾ ਚਾਹੁੰਦਾ ਹੈ, ਉਸਨੂੰ ਸੰਕੇਤਕ ਢੰਗਾਂ ਨਾਲ ਲਿਖਦਾ ਹੈ, ਸਮਝਦਾਰ ਤੇ ਸੰਵੇਦਨਸ਼ੀਲ ਪਾਠਕ ਹੀ ਉਸਦੀ ਸ਼ਾਇਰੀ ਦਾ ਆਨੰਦ ਮਾਣ ਸਕਦਾ ਹੈ। ਕਈ ਕਵਿਤਾਵਾਂ ਵਿੱਚ ਜੰਗ ਦੀ ਤ੍ਰਾਸਦੀ ਦਾ ਸੰਤਾਪ ਪਤਾ ਲੱਗਦਾ ਹੈ। ਪਰਵਾਸ ਦੀ ਜ਼ਿੰਦਗੀ ਭਾਵੇਂ ਸਥਾਪਤ ਹੋਣ ਲਈ ਜਦੋਜਹਿਦ ਕਰਨੀ ਪੈਂਦੀ ਹੈ, ਪ੍ਰੰਤੂ ਇਸ ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਅਜਿਹੀ ਜ਼ਿੰਦਗੀ ਦਾ ਆਨੰਦ ਮਾਨਣ ਲਈ ਪ੍ਰੇਰਤ ਕਰਦੀਆਂ ਹਨ। ਜ਼ਿੰਦਗੀ ਨੂੰ ਖ਼ੁਸ਼ਗਵਾਰ ਬਣਾਉਣ ਲਈ ਸ਼ਾਇਰ 'ਨਵਾਂ ਸਾਲ' ਸਿਰਲੇਖ ਵਾਲੀ ਕਵਿਤਾ ਵਿੱਚ ਲਿਖਦਾ ਹੈ:

ਲੱਭੀਏ ਦੱਬੇ ਪੁਰਾਣੇ ਰਿਸ਼ਤੇ
ਜੋ ਖੋਹ ਗਏ ਸਨ ਰੋਟੀ
ਕਮਾਉਂਦਿਆਂ/ ਖਾਂਦਿਆਂ
ਲੱਭੀਏ ਫਿਰ ਕਿਰਨਾ
ਸੂਰਜ ਦਾ ਜੱਸ ਗਾਉਂਦੀਆਂ
ਰਾਹਾਂ ਨੂੰ ਰੁਸ਼ਨਾਉਂਦੀਆਂ।

ਸ਼ਾਇਰ ਦੀਆਂ ਬਹੁਤੀਆਂ ਕਵਿਤਾਵਾਂ ਵਿੱਚੋਂ ਆਸ਼ਾਵਾਦੀ ਹੋਣ ਦਾ ਸੰਕੇਤ ਬੂਹੇ ਦੀਆਂ ਝੀਤਾਂ ਵਿੱਚੋਂ ਆ ਰਹੀ ਰੌਸ਼ਨੀ ਦੀ ਕਿਰਨ ਦੀ ਤਰ੍ਹਾਂ ਵਿਖਾਈ ਦਿੰਦਾ ਹੈ। ਹਰ ਮੁਸ਼ਕਲ ਦੀ ਸਥਿਤੀ ਨੂੰ ਸ਼ਾਇਰ ਰੂਹ ਦੇ ਸੰਗੀਤ ਨਾਲ ਰੰਗੀਨ ਕਰ ਦਿੰਦਾ ਹੈ। 'ਪੌਣਾਂ ਦਾ ਜਾਇਆ', 'ਫ਼ੋਨ ਆਉਣ 'ਤੇ', ''ਗੁਲਾਬ', 'ਨਵਾਂ ਸਾਲ', 'ਨਵਦੀਪ ਲਈ', 'ਤੂੰ ਮੇਰੇ ਕੋਲ ਹੈਂ (ਨਵਦੀਪ ਲਈ)', 'ਮੇਰੀ ਚਾਹਤ (ਨਵਦੀਪ ਲਈ)' 'ਸੂਰਜਮੁਖੀ', 'ਮਿੱਲੀ ਲਈ' ਅਤੇ




'ਮਹਿਕ, ਹਵਾ ਤੇ ਬੱਦਲ ਉਸਦਾ ਅੱਠਵਾਂ ਕਾਵਿ ਸੰਗ੍ਰਹਿ ਹੈ। ਇਸ ਕਾਵਿ ਸੰਗ੍ਰਹਿ ਵਿੱਚ ਵੱਖੋ-ਵੱਖਰੇ ਰੰਗ ਵਿਖੇਰਦੀਆਂ ਉਸਦੀਆਂ 49 ਕਵਿਤਾਵਾਂ ਹਨ। ਉਸਦੇ ਕਾਵਿ ਸੰਗ੍ਰਹਿ ਦੀ ਵਿਲੱਖਣਤਾ ਹੈ ਕਿ ਇਸਦਾ ਮੁੱਖਬੰਦ ਮੋਹਨਜੀਤ ਵੱਲੋਂ ਸੁਖਵਿੰਦਰ ਕੰਬੋਜ ਦੀ ਸਮੁੱਚੀ ਜੀਵਨ ਤੇ ਕਾਵਿ ਸ਼ੈਲੀ ਦੀ ਯਾਤਰਾ ਕਵਿਤਾ 'ਦਿਨ ਬੇਲੇ ਰਾਤੀਂ ਪੱਤਣਾ 'ਤੇ' ਦੇ ਰਾਹੀਂ ਸ਼ਬਦ ਚਿਤਰ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਸੁਖਵਿੰਦਰ ਕੰਬੋਜ ਦਾ ਇਹ ਕਾਵਿ ਸੰਗ੍ਰਹਿ ਮੁਹੱਬਤ, ਆਸ ਦੀ ਕਿਰਨ, ਬਿਰਹਾ ਦੀ ਪੀੜ ਅਤੇ ਸਮਾਜਿਕ ਸਰੋਕਾਰਾਂ ਦੀ ਵਕਾਲਤ ਕਰਦਾ ਹੈ।

'ਤੈਥੋਂ ਬਿਨਾਂ' ਕਵਿਤਾਵਾਂ ਇੱਕ ਪ੍ਰਵਾਸੀ ਦੀ ਜ਼ਿੰਦਗੀ ਦੇ ਝਮੇਲਿਆਂ ਵਿੱਚੋਂ ਖ਼ੁਸ਼ਬੋਅ ਦੀ ਕਨਸੋਅ ਦੀਆਂ ਪ੍ਰਤੀਕ ਲੱਗਦੀਆਂ ਹਨ। ਜ਼ਿੰਦਗੀ ਕੋਈ ਭਾਰ ਨਹੀਂ ਹੁੰਦੀ, ਸਗੋਂ ਉਸ ਨੂੰ ਜਿਉਣ ਦਾ ਤਰੀਕਾ ਆਉਣਾ ਚਾਹੀਦਾ ਹੈ। ਇਹ ਕਵਿਤਾਵਾਂ ਅਜਿਹੀਆਂ ਸਥਿਤੀਆਂ ਵਿੱਚੋਂ ਵੀ ਮੋਹ ਮੁਹੱਬਤ ਦਾ ਪ੍ਰਗਟਾਵਾ ਕਰਦੀਆਂ ਹਨ। 'ਪ੍ਰਦੇਸੀਆ' ਅਤੇ 'ਪਾਰਸ' ਕਵਿਤਾਵਾਂ ਬ੍ਰਿਹਾ ਦੀ ਪੀੜ ਦੀ ਚੀਸ ਨਾਲ ਮੋਹ ਦਾ ਦੀਵਾ ਜਗਾਉਂਦੀਆਂ ਹਨ। 'ਰੂਹ ਦੀ ਸੰਥਾ' ਕਵਿਤਾ ਵਿੱਚੋਂ ਬ੍ਰਿਹਾ ਦੀ ਹੂਕ ਵਿਖਾਈ ਦਿੰਦੀ ਹੈ। ਪਰਵਾਸ ਵਿੱਚ ਗਏ ਕੰਤ ਦੀ ਉਡੀਕ ਬ੍ਰਿਹਾ ਦੇ ਤੀਰ ਮਾਰਦੀ ਹੈ। 'ਉਡੀਕ' ਅਤੇ 'ਸੰਵੇਦਨਾ' ਕਵਿਤਾਵਾਂ ਵੀ ਸੰਵੇਦਨਸ਼ੀਲ ਹਨ, ਜਿਨ੍ਹਾਂ ਵਿੱਚ ਜਿਸਮਾ ਤੋਂ ਦੂਰ ਹੋ ਕੇ ਰੂਹ ਦੀ ਗੱਲ ਕੀਤੀ ਗਈ ਹੈ। ਇਹ ਕਵਿਤਾਵਾਂ ਜ਼ਿੰਦਗੀ ਦੀ ਜਦੋਜਹਿਦ ਦਾ ਪ੍ਰਤੀਕ ਹਨ। ਜੰਗ ਇਨਸਾਨੀਅਤ ਲਈ ਖ਼ਤਰਨਾਕ ਬਣਦੇ ਹਨ, ਹਿੰਸਕ ਕਾਰਵਾਈਆਂ ਇਨਸਾਨੀਅਤ ਦਾ ਘਾਣ ਕਰਦੀਆਂ ਹਨ। 'ਵਾਵਰੋਲਾ' ਗੀਤ ਭਾਵੇਂ ਸ਼ਾਇਰ ਨੇ ਸੋਗੀ ਗੀਤ ਕਿਹਾ ਹੈ, ਪ੍ਰੰਤੂ ਇਸ ਗੀਤ ਨੇ ਜ਼ਿੰਦਗੀ ਦੇ ਕਈ ਪੱਖਾਂ ਲਾਲਚ ਅਤੇ ਔਰਤ ਦੀਆਂ ਭਾਵਨਾਵਾਂ ਦੇ ਭੰਡਾਰ ਦੀ ਗੱਲ ਕਰਕੇ ਛੋਹਿਆ ਹੈ। 'ਕਲਾਸ ਰੂਮ' ਵਿੱਚ ਦਰਸਾਇਆ ਹੈ ਕਿ ਵਿਗਿਆਨੀਆਂ ਦੇ ਸਿਧਾਂਤ ਜ਼ਿੰਦਗੀ ਜਿਉਣ ਲਈ ਕਾਫੀ ਨਹੀਂ ਹੁੰਦੇ। 'ਸਵੇਰਾਂ', 'ਮੀਂਹ ਕਿਥੇ ਪੈਂਦਾ ਹੈ', 'ਕਵਿਤਾ ਕਿਥੇ ਹੈ' ਅਤੇ 'ਸਮੁੰਦਰੀ ਬੀਚ' ਕਵਿਤਾਵਾਂ ਵਿੱਚ ਵੀ ਪਰਵਾਸੀ ਜ਼ਿੰਦਗੀ ਦੇ ਝਮੇਲਿਆਂ ਦੀ ਜਾਣਕਾਰੀ ਅਤੇ ਮਾਪਿਆਂ ਤੇ ਪੰਜਾਬ ਦੀ ਮਿੱਟੀ ਦਾ ਮੋਹ ਤੰਗ ਕਰਦਾ ਦਰਸਾਇਆ ਗਿਆ ਹੈ। ਲੋਕ ਹਿੱਤਾਂ 'ਤੇ ਪਹਿਰਾ ਦੇਣ ਵਾਲੀ ਕਵਿਤਾ ਲਿਖਣ ਦੀ ਵਕਾਲਤ ਵੀ ਕੀਤੀ ਗਈ ਹੈ। 'ਧੁੱਪ ਦੇ ਗੀਤ' ਪੰਜਾਬ ਦੇ ਮਾੜੇ ਦਿਨਾਂ ਵਿੱਚ ਸਰਕਾਰ ਦੀਆਂ ਜ਼ਿਆਦਤੀਆਂ ਦੇ ਬਾਵਜੂਦ ਸ਼ਾਇਰ ਨੂੰ ਆਸ ਦੀ ਕਿਰਨ ਨਜ਼ਰ ਆਉਂਦੀ ਹੈ। 'ਗੁਰੂ ਦੇਵ (.. ਦੇ ਲਈ)', 'ਸਦੀ ਦੇ ਅਸਤਣ 'ਤੇ', 'ਮਾਰਕਸਵਾਦ ਦੀ ਵਾਪਸੀ' ਅਤੇ 'ਮੇਰੀ ਵਿਰਾਸਤ' ਕਵਿਤਾਵਾਂ ਸਿਆਸਤਦਾਨਾ ਦੇ ਸਬਜ਼ਬਾਗਾਂ ਦੇ ਲਾਰਿਆਂ, ਖ਼ੁਦਗਰਜ਼ ਲੋਕਾਂ ਦੀਆਂ ਚਾਲਾਂ, ਗ਼ਰੀਬਾਂ ਲਈ ਲਾਰੇ, ਅਮੀਰਾਂ ਦੀ ਚੌਧਰ, ਫ਼ਿਰਕਾਪ੍ਰਸਤ ਸੋਚ, ਖੱਬੇ ਤੇ ਸੱਜੇ ਪੱਖੀ ਕਾਮਰੇਡਾਂ ਦੀ ਅਸਫਲਤਾ, ਬੇਰੋਜ਼ਗਾਰੀ, ਜ਼ਾਤਪਾਤ, ਧਰਮ ਦੀ ਆੜ ਅਤੇ ਝੂਠੇ ਸਮਾਜਵਾਦ ਦੀ ਦਾਸਤਾਂ ਦਰਸਾਉਂਦੀਆਂ ਹਨ। 'ਉਹ ਜ਼ਿੰਦਾ ਹੈ' ਕਵਿਤਾ ਮਾਰਕਸਵਾਦੀ ਸੋਚ ਦਾ ਪ੍ਰਤੀਕ ਹੈ। 'ਸਵੈ ਦੀ ਮੌਤ' ਅਤੇ ਟਿਕ-ਟਿਕ ਕਵਿਤਾਵਾਂ ਰਿਸ਼ਤਿਆਂ ਵਿੱਚ ਆਈ ਗਿਰਾਵਟ, ਕਬੀਲਿਆਂ ਦੀ ਪਰੰਪਰਵਾਦੀ ਸੋਚ ਦੀ ਲਖਾਇਕ ਹਨ। 'ਪਰਤ ਪੰਜ', 'ਪਰਤ ਛੇ' ਅਤੇ 'ਪਰਤ ਸੱਤ' ਸਮਾਜ ਵਿੱਚ ਔਰਤ ਦੀ ਹੋ ਰਹੀ ਦੁਰਗਤੀ ਦੀ ਤ੍ਰਾਸਦੀ ਦਾ ਪ੍ਰਗਟਾਵਾ ਕਰਦੀਆਂ ਹਨ, ਪ੍ਰੰਤੂ ਸਮੇਂ ਦੇ ਬਦਲਦੇ ਹਾਲਾਤ ਅਨੁਸਾਰ ਔਰਤ ਦੀ ਪ੍ਰਿਯ ਨੂੰ ਮਿਲਣ ਦੀ ਆਸ ਬਰਕਰਾਰ ਰਹਿੰਦੀ ਹੈ। 'ਸਮੁੰਦਰ' ਕਵਿਤਾ ਲੋਕਾਈ ਵੱਲੋਂ ਭਾਣਾ ਮੰਨਣ ਦੀ ਪ੍ਰਵਿਰਤੀ ਦੇ ਨੁਕਸਾਨ ਦਾ ਹੰਦੇਸ਼ਾ ਕਰਦੀ ਹੈ। '..ਤੋਂ ਬਾਅਦ' ਅਤੇ 'ਮਨੁੱਖ' ਕਵਿਤਾਵਾਂ ਨਸਲੀ ਵਿਤਕਰੇ, ਧਾਰਮਿਕ ਪਵਿਤਰ ਗ੍ਰੰਥਾਂ ਤੋਂ ਭਟਕਣ, ਨਫ਼ਰਤ, ਪੈਸੇ ਕਮਾਉਣ ਲਈ ਅੰਨ੍ਹੀ ਦੌੜ, ਕਿਸਾਨਾ ਤੇ ਮਜ਼ਦੂਰਾਂ ਦੀ ਆਰਥਿਕ ਹਾਲਤ, ਭੂਤਰੇ ਇਨਸਾਨ ਅਤੇ ਲਾਲਚ ਨਾਲ ਜਾਇਦਾਦਾਂ ਇਕੱਤਰ ਕਰਨ ਦੇ ਢਕੌਂਸਲਿਆਂ ਦੇ ਪਰਦੇ ਫਾਸ਼ ਕਰਦੀਆਂ ਹਨ। 'ਕਰਨਲ ਤੇ ਜਨਰਲ', 'ਬੱਚੇ ਤੇ ਹਥਿਆਰ' ਅਤੇ 'ਸਮਾਂ ਤੇ ਸਥਾਨ' ਕਵਿਤਾਵਾਂ ਸ਼ਹੀਦ ਫ਼ੌਜੀਆਂ ਦੇ ਬੱਚਿਆਂ ਦੀ ਧੁੰਧਲੀ ਜ਼ਿੰਦਗੀ, ਜਿਨ੍ਹਾਂ ਦੇ ਭਵਿਖ ਸੁਰੱਖਿਅਤ ਨਹੀਂ ਅਤੇ ਜੰਗ ਦੇ ਭਿਆਨਕ ਨਤੀਜਿਆਂ ਦੇ ਸੰਤਾਪ ਦਾ ਵਰਣਨ ਕਰਦੀਆਂ ਹਨ। 'ਡਾਲਰ ਮਾਇਆ' ਕਵਿਤਾ ਵੀ ਅਤਿਅੰਤ ਸੰਵੇਦਨਸ਼ੀਲ ਹੈ, ਜਿਸ ਵਿੱਚ ਪਰਵਾਸ ਵਿੱਚ ਗਏ ਲੋਕਾਂ ਦੀਆਂ ਔਰਤਾਂ ਦੁੱਖ ਦਰਦ ਵਾਲੀ ਜ਼ਿੰਦਗੀ ਬਤੀਤ ਕਰਦੀਆਂ ਹਨ, ਪ੍ਰੰਤੂ ਉਨ੍ਹਾਂ ਦੇ ਪਿਤਾ ਡਾਲਰਾਂ ਦੇ ਲਾਲਚ ਵਿੱਚ ਲੱਗੇ ਰਹਿੰਦੇ ਹਨ। ਅਜਿਹੀ ਨਿਰਜ਼ਿੰਦ ਜ਼ਿੰਦਗੀ ਔਰਤਾਂ ਦੀ ਮਾਨਸਿਕਤਾ ਨੂੰ ਡਾਵਾਂਡੋਲ ਕਰ ਜਾਂਦੀ ਹੈ। 'ਪੱਥਰਾਂ ਦੇ ਇਸ ਸ਼ਹਿਰ ਵਿੱਚ' ਕਵਿਤਾ ਆਧੁਨਿਕ ਕੰਪਿਊਟਰ ਯੁਗ ਦੀ ਤ੍ਰਾਸਦੀ ਦਾ ਵਰਣਨ ਕਰਦੀ ਹੈ, ਜਿਸ ਵਿੱਚ ਲੱਗੇ ਬਿਹਤਰੀਨ ਕਾਬਲ ਲੋਕਾਂ ਦੇ ਆਨੰਦਮਈ ਜ਼ਿੰਦਗੀ ਜਿਉਣ ਦੇ ਸਪਨੇ ਤਹਿਸ ਨਹਿਸ ਹੋ ਜਾਂਦੇ ਹਨ। 'ਰੁੱਖ' ਕਵਿਤਾ ਲੋਕਾਂ ਵੱਲੋਂ ਜੰਗਲਾਂ ਦੀ ਅਹਿਮੀਅਤ ਨੂੰ ਅਣਡਿਠ ਕਰਦਿਆਂ ਬੇਵਜਾਹ ਕਟਾਈ ਦਾ ਖ਼ਮਿਆਜ਼ਾ ਲੋਕਾਂ ਨੂੰ ਭੁਗਤਣ ਵੇਲੇ ਦੀ ਯਾਦ ਕਰਵਾਈ ਗਈ ਹੈ, ਪ੍ਰੰਤੂ ਲਾਲਚੀ ਲੋਕ ਜੰਗਲਾਂ 'ਤੇ ਕੁਹਾੜੀ ਚਲਾਕੇ ਆਪਣੇ ਪੈਰੀਂ ਖ਼ੁਦ ਕੁਹਾੜਾ ਮਾਰ ਰਹੇ ਹਨ। 'ਭਗਤ ਸਿੰਘ ਦਾ ਫ਼ੈਸਲਾ' ਕਵਿਤਾ ਵੀ ਬਹੁਤ ਹੀ ਸੰਵੇਦਨਸ਼ੀਲ ਹੈ, ਕਿਉਂਕਿ ਭਗਤ ਸਿੰਘ ਧਰਮ ਦੇ ਚਕਰਾਂ ਵਿੱਚ ਪੈ ਕੇ ਗ਼ਲਤ ਵਿਚਾਰਧਾਰਾ ਦਾ ਹਾਮੀ ਬਣਨਾ ਨਹੀਂ ਚਾਹੁੰਦਾ ਸੀ। ਸ਼ਾਇਰ ਲਿਖਦਾ ਹੈ ਕਿ ਜੇਕਰ ਉਹ ਅਜਿਹੀ ਚਾਲ ਚਲਦਾ ਤਾਂ ਅੱਜ ਦੇ ਭਰਿਸ਼ਟ ਸਿਆਸਤਦਾਨਾ ਵਰਗਾ ਹੀ ਹੁੰਦਾ।

'ਪਾਗਲ ਕੁੱਤਾ' ਮਰਦ ਦੀ ਔਰਤਾਂ ਪ੍ਰਤੀ ਸਿਰਫ ਜਿਸਮਾ ਦੀ ਭੁੱਖ ਮਿਟਾਉਣ ਦੀ ਮਾਨਸਿਕਤਾ ਦਾ ਪ੍ਰਗਟਾਵਾ ਕਰਦੀ ਹੈ। 'ਫਲੈਗ ਸਟੇਸ਼ਨ' ਅਤੇ 'ਅਸੁਰੱਖਿਅਤ ਵਿੱਚੋਂ' ਕਵਿਤਾਵਾਂ ਗ਼ਰੀਬ ਉਤੇ ਹੋ ਰਹੀਆਂ ਜ਼ਿਆਦਤੀਆਂ, ਨਿਰਦੋਸ਼ਾਂ ਦੇ ਕਤਲ, ਹਉਮੈ ਦਾ ਸਿਰ ਚੜ੍ਹਕੇ ਅਮਰੀਕਾ ਦੀ ਤਰ੍ਹਾਂ ਬੋਲਣਾ ਆਦਿ ਦੀ ਸਮੱਸਿਆ 'ਤੇ ਚਿੰਤਾ ਪ੍ਰਗਟ ਕਰਦੀਆਂ ਹੋਈਆਂ ਆਸ ਦੀ ਕਿਰਨ ਪੈਦਾ ਕਰਦੀਆਂ ਹਨ, ਕਿਉਂਕਿ ਸੰਸਾਰ ਵਿੱਚ ਕੋਈ ਅਜਿਹਾ ਨਿਸ਼ਾਨਾ ਨਹੀਂ ਜਿਹੜਾ ਪ੍ਰਾਪਤ ਨਹੀਂ ਹੋ ਸਕਦਾ। ਅਖ਼ੀਰ ਵਿੱਚ ਕਿਹਾ ਜਾ ਸਕਦਾ ਹੈ ਕਿ ਸੁਖਵਿੰਦਰ ਕੰਬੋਜ ਸੰਵੇਦਨਸ਼ੀਲਤਾ ਦਾ ਮੁਜੱਸਮਾ ਹੈ, ਜਿਹੜਾ ਇਨਸਾਨੀਅਤ ਦੀਆਂ ਭਾਵਨਾਵਾਂ ਨੂੰ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਬਣਾਉਂਦਾ ਹੈ।

ਸੰਪਰਕ ਸੁਖਵਿੰਦਰ ਕੰਬੋਜ : 0019253083000

93 ਪੰਨਿਆਂ, 200 ਰੁਪਏ ਕੀਮਤ ਵਾਲਾ ਇਹ ਕਾਵਿ ਸੰਗ੍ਰਹਿ ਪ੍ਰਿਥਮ ਪ੍ਰਕਾਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।

ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

# 'ਖੋਦਿਆ ਪਹਾੜ ਤੇ ਨਿਕਲਿਆ ਚੂਹਾ' : ਕਾਂਗਰਸ ਦਾ ਨਵਾਂ ਫਾਰਮੂਲਾ

ਉਜਾਗਰ ਸਿੰਘ



'ਖੋਦਿਆ ਪਹਾੜ ਤੇ ਨਿਕਲਿਆ ਚੂਹਾ' ਲੰਬੀ ਉਡੀਕ ਤੋਂ ਬਾਅਦ ਅਖ਼ੀਰ ਕਾਂਗਰਸ ਹਾਈ ਕਮਾਂਡ ਵੀ ਗੂੜ੍ਹੀ ਨੀਂਦ ਤੋਂ ਜਾਗਦਿਆਂ ਨਵਾਂ ਪ੍ਰਧਾਨ ਬਣਾਉਣ ਦੀ ਥਾਂ ਇੱਕ ਨਵਾਂ ਫਾਰਮੂਲਾ ਲਿਆਂਦਾ ਹੈ ਜਿਸ ਨਾਲ ਪ੍ਰਧਾਨਗੀ ਅਤੇ ਮੁੱਖ ਮੰਤਰੀ ਬਣਨ ਦੇ ਚਾਹਵਾਨ ਸੀਨੀਅਰ ਨੇਤਾਵਾਂ ਨੇ ਚੁੱਪੀ ਸਾਧ ਲਈ ਹੈ। ਕਿਸੇ ਸੀਨੀਅਰ ਨੇਤਾ ਨੇ ਨਵੇਂ ਫਾਰਮੂਲੇ ਦਾ ਤਾਂ ਸਵਾਗਤ ਕੀਤਾ ਹੀ ਨਹੀਂ ਇਥੋਂ ਤੱਕ ਕਿਸੇ ਵਰਕਰ ਦਾ ਪ੍ਰਤੀਕਰਮ ਵੀ ਨਹੀਂ ਆਇਆ। ਆਮ ਤੌਰ 'ਤੇ ਜਦੋਂ ਕੋਈ ਅਹੁਦਾ ਦਿੱਤਾ ਜਾਂਦਾ ਹੈ ਤਾਂ ਉਸਦੇ ਸਵਾਗਤ ਲਈ ਬਿਆਨਾ ਦੀ ਝੜੀ ਲੱਗ ਜਾਂਦੀ ਹੈ। ਸਰਬ ਹਿੰਦ ਕਾਂਗਰਸ ਪਾਰਟੀ ਦੇ ਕੰਮ ਕਾਰ ਦਾ ਢੰਗ ਬਿਲਕੁਲ ਨਿਆਰਾ ਸਰਕਾਰੀ ਦਫ਼ਤਰਾਂ ਵਰਗਾ ਹੈ। ਜਿਵੇਂ ਸਰਕਾਰੀ ਦਫ਼ਤਰਾਂ ਵਿੱਚ ਫਾਈਲ ਇੱਕ ਮੇਜ ਤੋਂ ਦੂਜੇ ਮੇਜ ਤੇ ਜਾਂਦੀ ਸਮਾਂ ਲਗਾ ਦਿੰਦੀ ਹੈ, ਬਿਲਕੁਲ ਉਸੇ ਤਰ੍ਹਾਂ ਕਾਂਗਰਸ ਪਾਰਟੀ ਵਿੱਚ ਹੁੰਦਾ ਹੈ। ਜਦੋਂ ਕਿਸੇ ਰਾਜ ਦਾ ਕੋਈ ਅਹੁਦੇਦਾਰ ਨਿਯੁਕਤ ਕਰਨਾ ਹੁੰਦਾ ਹੈ ਤਾਂ ਪਹਿਲਾਂ ਇਹ ਕੁਝ ਨੇਤਾਵਾਂ ਨੂੰ ਉਸ ਰਾਜ ਵਿੱਚ ਭੇਜਕੇ ਸੰਬੰਧਤ ਨੇਤਾਵਾਂ ਦੀ ਕਾਰਗੁਜ਼ਾਰੀ ਦੀ ਫੀਡਬੈਕ ਲੈਂਦੇ ਹਨ। ਫਿਰ ਉਹ ਇਸ ਜਾਣਕਾਰੀ ਬਾਰੇ ਆਪਸ ਵਿੱਚ ਵਿਚਾਰ ਵਟਾਦਰਾ ਕਰਕੇ ਹਾਈ ਕਮਾਂਡ ਨੂੰ ਲਿਖਕੇ ਦਿੰਦੇ ਹਨ। ਉਸਤੋਂ ਬਾਅਦ ਹਾਈ ਕਮਾਂਡ ਦੇ ਸੀਨੀਅਰ ਨੇਤਾ ਵਿਚਾਰ ਵਟਾਂਦਰਾ ਕਰਦੇ ਹਨ ਤੇ ਅਖ਼ੀਰ ਵਿੱਚ ਪ੍ਰਧਾਨ ਤੋਂ ਪ੍ਰਵਾਨਗੀ ਲਈ ਜਾਂਦੀ ਹੈ। ਇਸ ਕੰਮ ਵਿੱਚ ਹਰ ਸਟੇਜ 'ਤੇ ਲੰਬਾ ਸਮਾਂ ਲੱਗ ਜਾਂਦਾ ਹੈ। ਅਕਸਰ ਅਜਿਹੇ ਫੈਸਲਿਆਂ ਵਿੱਚ ਦੇਰੀ ਹੋ ਜਾਂਦੀ ਹੈ। ਜਿਸਦਾ ਪਾਰਟੀ ਨੂੰ ਦੇਰੀ ਹੋਣ ਦਾ ਨੁਕਸਾਨ ਹੋ ਜਾਂਦਾ ਹੈ। ਜਿਵੇਂ ਪੰਜਾਬ ਵਿੱਚ ਹੁਣ ਹੋਇਆ ਹੈ, ਕਿਉਂਕਿ ਬਾਕੀ ਸਾਰੀਆਂ ਪਾਰਟੀਆਂ ਨੇ ਇੱਕ ਸਾਲ ਪਹਿਲਾਂ ਤੋਂ ਹੀ ਚੋਣ ਸੰਬੰਧੀ ਪ੍ਰਚਾਰ ਸ਼ੁਰੂ ਕੀਤਾ ਹੋਇਆ ਹੈ। ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਿਰ 'ਤੇ ਆ ਗਈਆਂ ਹਨ। ਸਿਰਫ ਛੇ ਮਹੀਨੇ ਬਾਕੀ ਰਹਿੰਦੇ ਹਨ। ਹੁਣ ਉਨ੍ਹਾਂ ਨੇ ਪੰਜਾਬ ਪ੍ਰਦੇਸ਼ ਕਾਂਗਰਸ ਦੀ ਲੀਡਰਸ਼ਿਪ ਵਿੱਚ ਤਬਦੀਲੀ ਕਰਨ ਦੀ ਥਾਂ ਇੱਕ ਨਵਾਂ ਫਾਰਮੂਲਾ ਲਿਆਂਦਾ ਹੈ। ਜਦੋਂ ਕਿ ਲਗਪਗ ਪਿਛਲੇ ਇੱਕ ਸਾਲ ਤੋਂ ਵਰਤਮਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਦੀ ਥਾਂ ਨਵਾਂ ਪ੍ਰਧਾਨ ਲਗਾਉਣ ਲਈ ਵਿਚਾਰ ਵਟਾਂਦਰਾ ਹੋ ਰਿਹਾ ਹੈ, ਕਿਉਂਕਿ ਅਮਰਿੰਦਰ ਸਿੰਘ ਰਾਜਾ ਵੜਿੰਗ ਭਾਵੇਂ ਨੌਜਵਾਨ ਹੈ, ਪ੍ਰੰਤੂ ਨਾ ਤਾਂ ਕਾਂਗਰਸ ਪਾਰਟੀ ਨੂੰ ਇੱਕਮੁੱਠ ਰੱਖ ਸਕਿਆ ਅਤੇ ਨਾ ਹੀ ਪਾਰਟੀ ਮਜ਼ਬੂਤ ਹੋਈ ਹੈ, ਸਗੋਂ ਉਸਦੇ ਨਰਮ ਵਿਵਹਾਰ ਕਰਕੇ ਵਰਤਮਾਨ ਸਰਕਾਰ ਨੂੰ ਮਹੱਤਵਪੂਰਨ ਮੁੱਦਿਆਂ 'ਤੇ ਕਾਂਗਰਸ ਪਾਰਟੀ ਘੇਰ ਨਹੀਂ ਸਕੀ। ਕਾਂਗਰਸ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਹਮੇਸ਼ਾ ਦੀ ਤਰ੍ਹਾਂ 2027 ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਜਿੱਤਣ ਅਤੇ ਪੰਜਾਬ ਕਾਂਗਰਸ ਦੀ ਧੜੇਬੰਦੀ ਖ਼ਤਮ ਕਰਨ ਲਈ ਨਵੇਂ ਫਾਰਮੂਲੇ ਦਾ ਐਲਾਨ ਕੀਤਾ ਹੈ। ਪੰਜਾਬ ਕਾਂਗਰਸ ਦੀ ਧੜੇਬੰਦੀ ਖ਼ਤਮ ਕਰਨ ਲਈ ਇਹ ਪਹਿਲੀ ਵਾਰ ਕੋਈ ਨਵਾਂ ਫਾਰਮੂਲਾ ਨਹੀਂ ਆਇਆ, ਸਗੋਂ ਕਾਂਗਰਸ ਪਾਰਟੀ ਦੀ ਇਹ ਨਵੇਂ- ਨਵੇਂ ਫਾਰਮੂਲੇ ਬਣਾਕੇ ਕਾਂਗਰਸੀਆਂ ਨੂੰ ਇੱਕਮੁਠ ਕਰਨ ਦੀ ਪੁਰਾਣੀ ਪਰੰਪਰਾ ਹੈ। ਅਮਰਿੰਦਰ ਸਿੰਘ ਰਾਜਾ ਵੜਿੰਗ ਪ੍ਰਧਾਨ ਪੰਜਾਬ ਪ੍ਰਦੇਸ਼ ਅਤੇ ਪ੍ਰਤਾਪ ਸਿੰਘ ਬਾਜਵਾ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੋਵੇਂ ਜੱਟ ਸਿੱਖਾਂ ਨੂੰ ਬਦਲਿਆ ਨਹੀਂ ਗਿਆ। ਇੱਕ ਤਾਂ ਸਰਬ ਹਿੰਦ ਕਾਂਗਰਸ ਨੇ ਚੰਗੀ ਗੱਲ ਕੀਤੀ ਹੈ ਕਿ ਚੋਣਾਂ ਸਿਰ 'ਤੇ ਆਉਣ ਸਮੇਂ ਪੰਜਾਬ ਕਾਂਗਰਸ ਦਾ ਪ੍ਰਧਾਨ ਨਹੀਂ ਬਦਲਿਆ। ਹੁਣ ਤੱਕ ਇਹ ਕਿਆਸ ਅਰਾਈਆਂ ਲਗਾਈਆਂ ਜਾ ਰਹੀਆਂ ਸਨ ਕਿ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਥਾਂ 'ਤੇ ਕੋਈ ਹੋਰ ਨੇਤਾ ਨਵਾਂ ਪ੍ਰਧਾਨ ਬਣਾਇਆ ਜਾਵੇਗਾ, ਕਿਉਂਕਿ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੇ ਵੰਨ-ਸਵੰਨੇ ਬਿਆਨਾ ਕਰਕੇ ਵਾਦ-ਵਿਵਾਦ ਖੜ੍ਹਾ ਕਰ ਦਿੰਦੇ ਰਹੇ ਹਨ, ਜਿਸ ਕਰਕੇ ਪਾਰਟੀ ਲਈ ਉਸਨੂੰ ਕਈ ਵਾਰ ਇਨ੍ਹਾਂ ਬਿਆਨਾ ਕਰਕੇ ਮਾਫ਼ੀ ਵੀ ਮੰਗਣੀ ਪਈ ਸੀ। ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਬਦਲਕੇ ਕਾਂਗਰਸ ਪਾਰਟੀ ਜੇ ਕਿਸੇ ਨੂੰ ਪ੍ਰਧਾਨ ਬਣਾਉਂਦੀ ਤਾਂ ਲੋਕਾਂ ਵਿੱਚ ਇਹ ਪ੍ਰਭਾਵ ਜਾਣਾ ਸੀ ਕਿ ਉਹ ਭਾਵੀ ਮੁੱਖ ਮੰਤਰੀ ਦਾ ਉਮੀਦਵਾਰ ਹੋਵੇਗਾ। ਪੰਜਾਬ ਕਾਂਗਰਸ ਦੇ ਤਾਂ ਪਹਿਲਾਂ ਹੀ ਪੰਜ ਮੁੱਖ ਮੰਤਰੀ ਦੇ ਦਾਅਵੇਦਾਰ ਬਣੇ ਫਿਰਦੇ ਸਨ। ਘੱਟੋ ਘੱਟ ਉਨ੍ਹਾਂ ਨੂੰ ਤਾਂ ਲਗਾਮ ਪਾ ਦਿੱਤੀ ਗਈ ਹੈ। ਭਾਰਤੀ ਜਨਤਾ ਪਾਰਟੀ ਨੇ ਸੁਨੀਲ ਕੁਮਾਰ ਜਾਖੜ ਦੀ ਥਾਂ ਇੱਕ ਜੱਟ ਸਿੱਖ ਕੇਵਲ ਸਿੰਘ ਢਿਲੋਂ ਨੂੰ ਪੰਜਾਬ ਇਕਾਈ ਦਾ ਪ੍ਰਧਾਨ ਬਣਾ ਦਿੱਤਾ ਸੀ। ਇਸ ਲਈ ਇੱਕ ਜੱਟ ਸਿੱਖ ਨੂੰ ਬਦਲਣਾ ਕਾਂਗਰਸ ਪਾਰਟੀ ਲਈ ਭਾਰਾ ਪੈ ਸਕਦਾ ਸੀ। ਕਾਂਗਰਸ ਪਾਰਟੀ ਨੇ ਰਾਜਾ ਵੜਿੰਗ ਦੇ ਨਾਲ ਸੁਖਵਿੰਦਰ ਸਿੰਘ ਡੈਨੀ ਤੇ ਰਾਜ ਕੁਮਾਰ ਵੇਰਕਾ ਦੋਵੇਂ ਪੱਟੀਦਰ ਜਾਤੀਆਂ ਅਤੇ ਸੰਗਤ ਸਿੰਘ ਗਿਲਜੀਆਂ ਪਛੜੀਆਂ ਸ਼੍ਰੇਣੀਆਂ ਵਿੱਚੋਂ ਤਿੰਨ ਵਰਕਿੰਗ ਪ੍ਰੈਜੀਡੈਂਟ ਬਣਾਕੇ ਇਨ੍ਹਾਂ ਸ਼੍ਰੇਣੀਆਂ ਨੂੰ ਬਰਾਬਰ ਦੀ ਪ੍ਰਤੀਨਿਧਤਾ ਦੇਣ ਦੀ ਕੋਸਿਸ਼ ਕੀਤੀ ਹੈ, ਪ੍ਰੰਤੂ ਉਥੇ ਹੀ ਇਨ੍ਹਾਂ ਦੇ ਬਣਨ ਨਾਲ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਹਿਮੀਅਤ ਵੀ ਘਟਾ ਦਿੱਤੀ ਹੈ। ਰਾਮਦਾਸੀਆ ਅਤੇ ਬਾਲਮੀਕ ਭਾਈਚਾਰੇ ਨੂੰ ਵੀ ਸੰਤੁਸ਼ਟ ਕੀਤਾ ਗਿਆ ਹੈ। ਕਾਂਗਰਸ ਹਾਈ ਕਮਾਂਡ ਕਿਸੇ ਲੋਕ ਸਭਾ ਦੇ ਮੈਂਬਰ ਨੂੰ ਵਿਧਾਨ ਸਭਾ ਦੀ ਚੋਣ ਲੜਾਉਣ ਦਾ ਹੌਸਲਾ ਨਹੀਂ ਕਰੇਗੀ ਕਿਉਂਕਿ ਸਾਂਝੇ ਗੱਠ ਜੋੜ ਦੇ ਮੈਂਬਰਾਂ ਦੀ ਗਿਣਤੀ ਘਟਾ ਦੇਵੇਗੀ। ਇਸਦਾ ਅਰਥ ਇਹ ਹੋਇਆ ਕਿ ਮੁੱਖ ਮੰਤਰੀ ਦੀ ਕੁਰਸੀ ਦੇ ਮੋਹਰੀ ਚਾਹਵਾਨ ਮੁੱਖ ਮੰਤਰੀ ਦੀ ਦੌੜ ਵਿੱਚੋਂ ਆਪਣੇ ਆਪ ਬਾਹਰ ਹੋ ਗਏ ਹਨ।



ਕਾਂਗਰਸ ਪਾਰਟੀ ਨੇ 2022 ਦੀਆਂ ਵਿਧਾਨ ਸਭਾ ਚੋਣਾ ਤੋਂ ਸਿਰਫ਼ ਤਿੰਨ ਮਹੀਨੇ ਪਹਿਲਾਂ ਅਨੁਸੂਚਿਤ ਜਾਤੀਆਂ ਦੀਆਂ ਵੋਟਾਂ ਵਟੋਰਨ ਦੇ ਇਰਾਦੇ ਨਾਲ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆ ਸੀ, ਪ੍ਰੰਤੂ ਉਹ ਤਜਰਬਾ ਵੀ ਫੇਲ੍ਹ ਹੋ ਗਿਆ ਸੀ, ਕਾਂਗਰਸ ਪਾਰਟੀ ਕਿਉਂਕਿ ਬੁਰੀ ਤਰ੍ਹਾਂ ਹਾਰ ਤਾਂ ਗਈ ਹੀ ਸੀ, ਪ੍ਰੰਤੂ ਚਰਨਜੀਤ ਸਿੰਘ ਚੰਨੀ ਦੋਵੇਂ ਵਿਧਾਨ ਸਭਾ ਹਲਕਿਆਂ ਚਮਕੌਰ ਸਾਹਿਬ ਅਤੇ ਭਦੌੜ ਵਿੱਚੋਂ ਹਾਰੇ ਹੀ ਨਹੀਂ ਸਗੋਂ ਜ਼ਮਨਾਤਾਂ ਵੀ ਜ਼ਬਤ ਹੋ ਗਈਆਂ ਸਨ। ਨਵੇਂ ਫਾਰਮੂਲੇ ਵਿੱਚ ਕਾਂਗਰਸ ਪਾਰਟੀ ਨੇ ਪੰਜਾਬ ਕਾਂਗਰਸ ਦੇ ਸਾਰੇ ਧੜਿਆਂ ਨੂੰ ਨੁਮਾਇੰਦਗੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਜੇ ਇਹ ਕਹਿ ਲਿਆ ਜਾਵੇ ਕਿ ਇਹ ਫਾਰਮੂਲਾ ਬੈਲੈਂਸ ਹੈ ਤਾਂ ਵੀ ਠੀਕ ਹੋਵੇਗਾ, ਕਿਉਂਕਿ ਸਾਰੇ ਵਰਗਾਂ ਸਮੁਦਾਇ ਅਤੇ ਜਾਤਾਂ ਨੂੰ ਪ੍ਰਤੀਨਿਧਤਾ ਦਿੱਤੀ ਗਈ ਹੈ। ਨਵੇਂ ਫਾਰਮੂਲੇ ਵਿੱਚ ਚਰਨਜੀਤ ਸਿੰਘ ਚੰਨੀ ਨੂੰ ਕੰਪੇਨ ਕਮੇਟੀ ਦਾ ਚੇਅਰਮੈਨ, ਸੁਖਵਿੰਦਰ ਸਿੰਘ ਡੈਨੀ ਤੇ ਰਾਜ ਕੁਮਾਰ ਵੇਰਕਾ ਨੂੰ ਵਰਕਿੰਗ ਪ੍ਰੈਜੀਡੈਂਟ ਅਤੇ ਡਾ ਅਮਰ ਸਿੰਘ ਨੂੰ ਚੋਣ ਮੈਨੀਫੈਸਟੋ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ ਹੈ, ਇਹ ਚਾਰੇ ਅਨੁਸੂਚਿਤ ਜਾਤੀ ਨਾਲ ਸੰਬੰਧਤ ਹਨ। ਵਿਜੇ ਇੰਦਰ ਸਿੰਗਲਾ ਜੋ ਬਾਣੀਆਂ ਸਮੁਦਾਇ ਨਾਲ ਸੰਬੰਧਤ ਹਨ, ਉਸਨੂੰ ਇਲੈਕਸ਼ਨ ਮੈਨੇਜਮੈਂਟ ਤੇ ਕੋਆਰਡੀਨੇਸ਼ਨ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ ਹੈ। ਬ੍ਰਾਹਮਣ ਭਾਈਚਾਰੇ ਵਿੱਚੋਂ ਭਰਤ ਭੂਸ਼ਣ ਆਸ਼ੂ, ਓ ਪੀ ਸੋਨੀ ਅਤੇ ਡਾ ਧਰਮਵੀਰ ਗਾਂਧੀ ਨੂੰ ਸਹਿ ਚੇਅਰਮੈਨ ਬਣਾਇਆ ਗਿਆ ਹੈ। ਜੱਟ ਸਿੱਖਾਂ ਵਿੱਚੋਂ ਸੁਖਜਿੰਦਰ ਸਿੰਘ ਰੰਧਾਵਾ ਨੂੰ ਕੋਰ ਕਮੇਟੀ ਦਾ ਚੇਅਰਮੈਨ, ਸੁਖਪਾਲਸਿੰਘ ਖਹਿਰਾ, ਰਾਣਾ ਗੁਰਜੀਤ ਸਿੰਘ, ਕੁਲਜੀਤ ਸਿੰਘ ਨਾਗਰਾ, ਗੁਰਜੀਤ ਸਿੰਘ ਔਜਲਾ, ਪ੍ਰਗਟ ਸਿੰਘ ਅਤੇ ਸੁਖਬਿੰਦਰ ਸਿੰਘ ਸਰਕਾਰੀਆ ਨੂੰ ਵੱਖ ਵੱਖ ਕਮੇਟੀਆਂ ਦੇ ਸਹਿ ਚੇਅਰਮੈਨ ਬਣਾਇਆ ਗਿਆ ਹੈ। ਪੰਜਾਬ ਕਾਂਗਰਸ ਦੇ ਵੱਡੇ ਨੇਤਾਵਾਂ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮੋਹਰੀ ਦੀ ਭੂਮਿਕਾ ਨਿਭਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ ਤਾਂ ਜੋ ਕਿਸੇ ਕਿਸਮ ਦਾ ਵਾਦਵਿਵਾਦ ਨਾ ਹੋਵੇ ਤੇ ਧੜੇਬੰਦੀ ਖ਼ਤਮ ਕੀਤੀ ਜਾ ਸਕੇ। ਇਸ ਫਾਰਮੂਲੇ ਵਿੱਚ ਪੰਜਾਬ ਵਿੱਚੋਂ ਲੋਕ ਸਭਾ ਦੇ ਚੁਣੇ ਹੋਏ ਇੱਕ ਐਮ ਪੀ ਸ਼ੇਰ ਸਿੰਘ ਘੁਬਾਇਆ ਨੂੰ ਛੱਡਕੇ ਬਾਕੀ ਸੱਤ ਮੈਂਬਰਾਂ ਨੂੰ ਵੀ ਅਡਜਸਟ ਕਰ ਲਿਆ ਹੈ। ਇਸ ਫਾਰਮੂਲੇ ਵਿੱਚ ਪੰਜਾਬ ਦੇ ਤਿੰਨੋ ਇਲਾਕੇ ਮਾਝਾ ਮਾਲਵਾ ਅਤੇ ਦੁਆਬਾ ਦੀ ਆਬਾਦੀ ਅਨੁਸਾਰ ਅਹੁਦੇ ਦਿੱਤੇ ਗਏ ਹਨ। ਮਾਲਵੇ ਵਿੱਚੋਂ ਸਭ ਤੋਂ ਵੱਧ ਅੱਠ, ਦੁਆਬੇ ਵਿੱਚੋਂ ਪੰਜ ਅਤੇ ਮਾਝੇ ਵਿੱਚੋਂ ਛੇ ਮੈਂਬਰ ਲਏ ਗਏ ਹਨ। ਭਾਰਤ ਭੂਸ਼ਣ ਆਸ਼ੂ ਸਾਬਕਾ ਵਰਕਿੰਗ ਪ੍ਰਧਾਨ ਜਿਹੜਾ ਲੁਧਿਆਣਾ ਪੱਛਮੀ ਦੀ ਉਪ ਚੋਣ ਵਿੱਚ ਹਾਰਨ ਅਤੇ ਆਪਣੇ ਅੱਖੜ ਸੁਭਾਅ ਕਰਕੇ ਹਾਸ਼ੀਏ 'ਤੇ ਕਰ ਦਿੱਤਾ ਗਿਆ ਸੀ, ਮੁੜ ਮੁੱਖ ਧਾਰਾ ਵਿੱਚ ਆ ਗਿਆ ਹੈ। ਇਹ ਵੀ ਚੰਗਾ ਫ਼ੈਸਲਾ ਹੈ ਕਿ ਇਸ ਫਾਰਮੂਲੇ ਵਿੱਚ ਕਿਸੇ ਇੱਕ ਨੇਤਾ ਨੂੰ ਸਿਰਮੌਰ ਨੇਤਾ ਸਾਬਤ ਕਰਕੇ ਮੁੱਖ ਮੰਤਰੀ ਦਾ ਦਾਅਵੇਦਾਰ ਨਹੀਂ ਬਣਨ ਦਿੱਤਾ ਗਿਆ। ਹੁਣ ਸਾਰੇ ਨੇਤਾਵਾਂ ਨੂੰ ਲਾਲੀਪਾਪ ਫੜ੍ਹਾ ਦਿੱਤੇ ਹਨ ਤਾਂ ਜੋ ਉਹ ਜ਼ੋਰ ਸ਼ੋਰ ਨਾਲ ਚੋਣਾਂ ਜਿੱਤਣ ਲਈ ਕੰਮ ਕਰਦੇ ਰਹਿਣ। ਚਾਰੇ ਕਮੇਟੀਆਂ ਦਾ ਕੋਈ ਵੀ ਮੈਂਬਰ ਨਹੀਂ ਬਣਾਇਆ, ਸਗੋਂ ਚੇਅਰਮੈਨ ਦੇ ਨਾਲ ਬਾਕੀ ਸਾਰਿਆਂ ਨੂੰ ਸਹਿ ਚੇਅਰਮੈਨ ਦੇ ਅਹੁਦੇ ਦੇ ਕੇ ਉਨ੍ਹਾਂ ਦੀ ਈਗੋ ਸੈਟਸਫਾਈ ਕੀਤੀ ਗਈ ਹੈ। ਇਹ ਕਾਂਗਰਸ ਦਾ ਅੰਦਰੂਨੀ ਕਲੇਸ਼ ਖ਼ਤਮ ਕਰਨ ਦੀ ਕੋਸ਼ਿਸ਼ ਹੈ। ਹਿੰਦੂ ਨੇਤਾਵਾਂ ਵਿਜੇ ਇੰਦਰ ਸਿੰਗਲਾ, ਭਾਰਤ ਭੂਸ਼ਣ ਆਸ਼ੂ, ਡਾ ਧਰਮਵੀਰ ਗਾਂਧੀ ਅਤੇ ਓ ਪੀ ਸੋਨੀ, ਪਛੜੀਆਂ ਸ਼੍ਰੇਣੀਆਂ ਵਿੱਚੋਂ ਸੰਗਤ ਸਿੰਘ ਗਿਲਜੀਆਂ, ਅੰਗਦ ਸਿੰਘ ਸੈਣੀ ਅਤੇ ਹਰਦਿਆਲ ਸਿੰਘ ਕੰਬੋਜ ਅਤੇ ਮੁਸਲਮਾਨ ਸਮੁਦਾਇ ਵਿੱਚੋਂ ਰਜੀਆ ਸੁਲਤਾਨਾ ਸ਼ਾਮਲ ਕੀਤੇ ਗਏ ਹਨ। ਇਹ ਨੇਤਾ ਇੱਕ ਦੋ ਨੂੰ ਛੱਡਕੇ ਵੱਡੀ ਉਮਰ ਦੇ ਨਹੀਂ ਹਨ, ਜਿਹੜੇ ਪਾਰਟੀ ਦੀ ਸਫ਼ਲਤਾ ਲਈ ਭੱਜ ਨੱਠ ਕਰਕੇ ਚੋਣ ਮੁਹਿੰਮ ਨੂੰ ਹੁਲਾਰਾ ਦੇ ਸਕਣਗੇ। ਇਨ੍ਹਾਂ ਵਿੱਚੋਂ ਕੁਝ ਕੁ ਤਾਂ 50 ਸਾਲ ਤੋਂ ਵੀ ਘੱਟ ਹਨ। ਇਸਤਰੀਆਂ ਨੂੰ ਵਧੇਰੇ ਅਧਿਕਾਰਾਂ ਦੀ ਗੱਲ ਕਾਂਗਰਸ ਪਾਰਟੀ ਬਹੁਤ ਕਰਦੀ ਰਹਿੰਦੀ ਹੈ, ਪ੍ਰੰਤੂ ਇਨ੍ਹਾਂ 19 ਨੇਤਾਵਾਂ ਵਿੱਚ ਸਿਰਫ ਇੱਕ ਇਸਤਰੀ ਰਜੀਆ ਸੁਲਤਾਨਾ ਨੂੰ ਹੀ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਨੇਤਾਵਾਂ ਵਿੱਚ ਅੱਧ ਤੋਂ ਵੀ ਘੱਟ ਟਕਸਾਲੀ ਕਾਂਗਰਸੀ ਹਨ, ਪ੍ਰੰਤੂ ਬਾਕੀ ਦੂਜੀਆਂ ਪਾਰਟੀਆਂ ਵਿੱਚੋਂ ਆਏ ਹੋਏ ਹਨ। ਇਸ ਫਾਰਮੂਲੇ ਨੂੰ ਦੇਰ ਆਏ ਦਰੁਸਤ ਆਏ ਕਿਹਾ ਜਾ ਸਕਦਾ ਹੈ। ਵੇਖਣ ਵਾਲੀ ਗੱਲ ਤਾਂ ਇਹ ਹੋਵੇਗੀ ਇਸ ਫਾਰਮੂਲੇ ਨਾਲ ਪੰਜਾਬ ਕਾਂਗਰਸ ਵਿੱਚ ਧੜੇਬੰਦੀ ਖ਼ਤਮ ਹੋਵੇਗੀ ਕਿ ਨਹੀਂ।

ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com